PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

15th - 22nd May 2025 • Issue No. 3080 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਇੰਗਲੈਂਡ ਦੇ 2025 ਕਬੱਡੀ ਸੀਜ਼ਨ ਦੀ ਹੇਜ਼ ਦੇ ਸ਼ਾਨਦਾਰ ਕਬੱਡੀ ਟੂਰਨਾਮੈਂਟ ਤੋਂ ਹੋਈ ਸ਼ੁਰੂਆਤ

## ਪਹਿਲਾ ਟੂਰਨਾਮੈਂਟ ਟੈਲਫੋਰਡ ਨੇ ਜਿੱਤਿਆ ਅਤੇ ਗ੍ਰੇਵਜ਼ੈਂਡ ਬਾਰਕਿੰਗ ਰਨਰ ਅੱਪ ਰਹੀ

ਇਸ ਸਾਲ ਦੇ ਸਾਰੇ ਕਬੱਡੀ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਮਰਹੂਮ ਪ੍ਰਧਾਨ ਸ: ਹਰਭਜਨ ਸਿੰਘ ਪੱਡਾ ਖੀਰਾਂਵਾਲੀ ਨੂੰ ਸਮਰਪਿਤ ਹਨ



ਪੂਰੀ ਖ਼ਬਰ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ:









ਭਜੀ ਪੱਡਾ



## ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਦਾ ਕਹਿਰ 23 ਮੌਤਾਂ ਨੇ ਝੰਜੋੜਿਆ ਪੰਜਾਬ



ਅੰਮ੍ਰਿਤਸਰ-ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਬਲਾਕ ਵਿੱਚ ਜ਼ਹਿਰੀਲੀ ਸ਼ਰਾਬ ਦੇ ਕਾਰਨ ਹੋਈਆਂ ਮੌਤਾਂ ਨੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹੁਣ ਤੱਕ ਇਸ ਘਟਨਾ ਵਿੱਚ 23 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 10 ਹੋਰ ਵਿਅਕਤੀ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਹੇ ਹਨ। ਪੰਜ ਵਿਅਕਤੀਆਂ ਦੀ ਹਾਲਤ ਬਹੁਤ ਗੰਭੀਰ ਹੈ, ਅਤੇ ਡਾਕਟਰਾਂ ਦੀ ਟੀਮ ਉਨ੍ਹਾਂ ਨੂੰ ਬਚਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ। ਇਸ ਘਟਨਾ ਨੇ ਨਾ ਸਿਰਫ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ 'ਤੇ ਸਵਾਲ ਖੜ੍ਹੇ ਕੀਤੇ ਹਨ, ਸਗੋਂ ਪੁਲਿਸ, ਆਬਕਾਰੀ ਵਿਭਾਗ ਅਤੇ ਸਿਆਸੀ ਅਮਲੇ ਦੀ ਮਿਲੀਭੁਗਤ ਦੀਆਂ ਅਟਕਲਾਂ ਨੂੰ ਵੀ ਹਵਾ ਦਿੱਤੀ ਹੈ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਜ਼ਹਿਰੀਲੀ ਸ਼ਰਾਬ ਦੇ ਧੰਦੇ ਨੂੰ ਰੋਕਣ ਲਈ ਸਖ਼ਤ ਨਿਗਰਾਨੀ, ਮੀਥੇਨੌਲ ਦੀ ਸਪਲਾਈ 'ਤੇ ਪਾਬੰਦੀ ਅਤੇ ਗੈਰ-ਕਾਨੂੰਨੀ ਸ਼ਰਾਬ ਦੀਆਂ ਫੈਕਟਰੀਆਂ 'ਤੇ ਨਕੇਲ ਕੱਸਣ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਪ੍ਰਭਾਵੀ ਕਰਨ ਅਤੇ ਪੀੜਤ ਪਰਿਵਾਰਾਂ ਦੇ ਪੁਨਰਵਾਸ ਲਈ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ। ਪੂਰੀ ਖ਼ਬਰ ਅੰਦਰ:

## ਕੈਨੇਡਾ ਦੀ ਕਾਰਨੀ ਵਜ਼ਾਰਤ ਵਿੱਚ ਚਾਰ ਪੰਜਾਬੀ ਸ਼ਾਮਲ



ਵੈਨਕੂਵਰ-ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫ਼ਤੇ ਮਗਰੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਵਜ਼ਾਰਤ ਦਾ ਗਠਿਨ ਕੀਤਾ ਹੈ ਜਿਸ ਵਿੱਚ ਚਾਰ ਪੰਜਾਬੀਆਂ ਮਨਿੰਦਰ ਸਿਧੂ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ ਤੇ ਅਨੀਤਾ ਆਨੰਦ ਨੂੰ ਥਾਂ ਮਿਲੀ ਹੈ। ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੇ ਕਾਰਜਕਾਲ ਤੋਂ ਬਾਅਦ ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਬਣਾਇਆ ਗਿਆ ਹੈ। ਕਾਰਨੀ ਨੇ ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਸੰਸਦ ਮੈਂਬਰ ਬਣੇ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ (ਪੱਗੜੀਧਾਰੀ) (ਰਾਜ ਮੰਤਰੀ ਕੌਮਾਂਤਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਸੰਸਦ ਮੈਂਬਰ ਮਨਿੰਦਰ ਸਿੱਧੂ (ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਅਪਰਾਧ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਟਰਾਂਸਪੋਰਟ ਤੇ ਵਪਾਰ ਵਿਭਾਗ ਦਿੱਤਾ ਗਿਆ ਹੈ।

ਓਂਟਾਰੀਓ ਦੇ ਟੋਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਥਾਂ ਮਿਲੀ ਹੈ। ਇਸ ਦੌਰਾਨ ਰਿਡਿਊ ਹਾਲ ਦੇ ਮੁੱਖ ਹਾਲ ਵਿੱਚ ਹਲਫ਼ਦਾਰੀ ਸਮਾਗਮ ਹੋਇਆ। ਹਰੇਕ ਮੰਤਰੀ ਹਲਫ਼ ਲੈਣ ਮਗਰੋਂ ਅਹਿਦਨਾਮੇ 'ਤੇ ਦਸਤਖਤ ਕਰਕੇ ਆਪਣੀਆਂ ਸੀਟਾਂ 'ਤੇ ਬੈਠਦੇ ਰਹੇ। 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੌਲੀ ਤੇ ਸੀਆਨ ਫਰੇਜ਼ਰ ਮੁੜ ਮੰਤਰੀ ਬਣੇ ਹਨ। ਇੰਦਰਾ ਅਨੀਤਾ ਅਨੰਦ ਨੂੰ ਮੁੜ ਵਿਦੇਸ਼ ਵਿਭਾਗ ਸੌਂਪਿਆ ਗਿਆ ਹੈ। ਡੇਵਿਡ ਜੋਸਫ਼ ਨੂੰ ਰੱਖਿਆ ਮੰਤਰਾਲਾ ਦਿੱਤਾ ਗਿਆ ਹੈ।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਨਵੀਂ ਕਮੇਟੀ ਚੁਣੀ ਗਈ

## ਨਵੀਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਤਿੰਦਰ ਸਿੰਘ ਅਤੇ ਕਮੇਟੀ ਨੂੰ ਸਮੂਹ ਸੰਗਤ ਵੱਲੋਂ ਵਧਾਈਆਂ

## ਭਾਈ ਜਤਿੰਦਰ ਸਿੰਘ ਅਤੇ ਕਮੇਟੀ ਵੱਲੋਂ ਸੰਗਤਾਂ ਦਾ ਹਾਰਦਿਕ ਧੰਨਵਾਦ





ਪ੍ਰਧਾਨ ਭਾਈ ਜਤਿੰਦਰ ਸਿੰਘ

ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ 4 ਮਈ, 2025 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਕਿਰਪਾ ਨਾਲ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਕੀਤੀ ਗਈ। ਨਵੀਂ ਕਮੇਟੀ ਦੇ ਪ੍ਰਧਾਨ ਸ: ਜਤਿੰਦਰ ਸਿੰਘ ਅਤੇ ਸਮੂਹ ਕਮੇਟੀ ਮੈਂਬਰ ਗੁਰੂ ਸਾਹਿਬ ਅਤੇ ਸਾਧ ਸੰਗਤ ਦਾ ਇਸ ਸੇਵਾ ਅਤੇ ਜ਼ਿੰਮੇਵਾਰੀ ਦੇਣ ਲਈ ਹਾਰਦਿਕ ਧੰਨਵਾਦ ਕਰਦੇ ਹਾਂ। ਅਸੀਂ ਸਮੂਹ ਕਮੇਟੀ ਮੈਂਬਰ ਪੰਥ ਦੀ ਏਕਤਾ, ਸਮਰਪਣ ਅਤੇ ਚੜ੍ਹਦੀ ਕਲਾ ਵਿੱਚ ਸੇਵਾ ਨਿਭਾਉਣ ਲਈ ਅਰਦਾਸ ਕਰਦੇ ਹਾਂ। ਅਸੀਂ ਗੁਰੂ ਪੰਥ ਦੀ ਚੜਦੀ ਕਲ੍ਹਾ ਅਤੇ ਖਾਲਿਸਤਾਨ ਦੀ ਪ੍ਰਾਪਤੀ ਨੂੰ ਸਮਰਪਿਤ ਹਾਂ – ਜਤਿੰਦਰ ਸਿੰਘ



## ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਨਵੀਂ ਪ੍ਰਬੰਧਕ ਕਮੇਟੀ

ਪ੍ਰਧਾਨ: ਜਤਿੰਦਰ ਸਿੰਘ
ਉਪ-ਪ੍ਰਧਾਨ: ਪਰਵਿੰਦਰ ਕੌਰ
ਜਨਰਲ ਸਕੱਤਰ: ਪਰਮਜੀਤ ਸਿੰਘ ਢਿੱਲੋਂ
ਉਪ-ਜਨਰਲ ਸਕੱਤਰ: ਇਕਬਾਲ ਸਿੰਘ

ਖਜ਼ਾਨਚੀ: ਤਰਸੇਮ ਸਿੰਘ ਸ਼ੋਕਰ
ਉਪ-ਖਜ਼ਾਨਚੀ: ਜਸਵਿੰਦਰ ਸਿੰਘ ਬਾਂਕਾ
ਸਟੇਜ ਸਕੱਤਰ: ਨਰਿੰਦਰ ਸਿੰਘ
ਸਿੱਖਿਆ: ਕੁਲਦੀਪ ਸਿੰਘ ਦਿਓਲ

ਲੰਗਰ ਜਥੇਦਾਰ: ਜਸਵੀਰ ਸਿੰਘ
ਲੰਗਰ ਮੈਂਬਰ: ਮੋਹਿੰਦਰ ਸਿੰਘ ਨਾਗਰਾ,
ਲੰਗਰ ਮੈਂਬਰ: ਸਾਧੂ ਸਿੰਘ
ਸਪੋਰਟਸ ਸਕੱਤਰ: ਜਗਜੀਵਨ ਸਿੰਘ
ਵਿਆਹ ਰਜਿਸਟਰਾਰ: ਬਲਬੀਰ ਸਿੰਘ

ਕਮੇਟੀ ਮੈਂਬਰ: ਸਰਬਜੀਤ ਸਿੰਘ, ਕੁਲਜਿੰਦਰ ਕੌਰ, ਰੇਸ਼ਮ ਕੌਰ, ਭਰਵਿੰਦਰ ਸਿੰਘ, ਹਰਵਿੰਦਰ ਸਿੰਘ ਹੀਰਾ, ਕਮਰਾਜ ਸਿੰਘ, ਹਮਰਾਜ ਸਿੰਘ, ਰਾਜਦੀਪ ਸਿੰਘ

## GURU NANAK GURDWARA SMETHWICK

128-130 HIGH STREET, SMETHWICK, WEST MIDLANDS B66 3AP TEL: 0121 558 2527 FAX: 0121 555 5926

ਜਾਰੀ ਕਰਤਾ : ਭਾਈ ਜਤਿੰਦਰ ਸਿੰਘ ਪ੍ਰਧਾਨ, ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਨਾਨਕ ਗੁਰਦੁਆਰਾ ਸਮੈਦਿਕ

# ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਦਾ ਕਹਿਰ, 23 ਮੌਤਾਂ ਨੇ ਝੰਜੋੜਿਆ ਪੰਜਾਬ

## ✪ ਪੰਜਾਬ ਸਰਕਾਰ ਦੀ ਸਖ਼ਤ ਕਾਰਵਾਈ, ਮੁਲਜ਼ਮ ਗ੍ਰਿਫਤਾਰ, ਅਧਿਕਾਰੀ ਮੁਅੱਤਲ
## ✪ ਮੀਥੇਨੌਲ ਦੀ ਵਰਤੋਂ ਨੇ ਖਤਮ ਕੀਤੀਆਂ ਜਾਨਾਂ, ਪੁਲਿਸ ਨੇ ਛਾਪੇਮਾਰੀ ਤੇਜ਼ ਕੀਤੀ







ਅੰਮ੍ਰਿਤਸਰ-ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਬਲਾਕ ਵਿੱਚ ਜ਼ਹਿਰੀਲੀ ਸ਼ਰਾਬ ਦੇ ਕਾਰਨ ਹੋਈਆਂ ਮੌਤਾਂ ਨੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹੁਣ ਤੱਕ ਇਸ ਘਟਨਾ ਵਿੱਚ 23 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 10 ਹੋਰ ਵਿਅਕਤੀ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਹੇ ਹਨ। ਪੰਜ ਵਿਅਕਤੀਆਂ ਦੀ ਹਾਲਤ ਬਹੁਤ ਗੰਭੀਰ ਹੈ, ਅਤੇ ਡਾਕਟਰਾਂ ਦੀ ਟੀਮ ਉਨ੍ਹਾਂ ਨੂੰ ਬਚਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ। ਇਸ ਘਟਨਾ ਨੇ ਨਾ ਸਿਰਫ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ 'ਤੇ ਸਵਾਲ ਖੜ੍ਹੇ ਕੀਤੇ ਹਨ, ਸਗੋਂ ਪੁਲਿਸ, ਆਬਕਾਰੀ ਵਿਭਾਗ ਅਤੇ ਸਿਆਸੀ ਅਮਲੇ ਦੀ ਮਿਲੀਭੁਗਤ ਦੀਆਂ ਅਟਕਲਾਂ ਨੂੰ ਵੀ ਹਵਾ ਦਿੱਤੀ ਹੈ।

### ਘਟਨਾ ਦਾ ਵੇਰਵਾ

ਮਜੀਠਾ ਬਲਾਕ ਦੇ ਪਿੰਡਾਂ ਭੰਗਾਲੀ ਕਲਾਂ, ਮਰਾੜੀ ਕਲਾਂ, ਪਤਾਲਪੁਰੀ, ਥਰੀਏਵਾਲ, ਤਲਵੰਡੀ ਖੁੰਮਣ ਅਤੇ ਕਰਨਾਲਾ ਵਿੱਚ ਬੀਤੇ ਸੋਮਵਾਰ ਰਾਤ ਨੂੰ ਜ਼ਹਿਰੀਲੀ ਸ਼ਰਾਬ ਪੀਣ ਤੋਂ ਬਾਅਦ ਅਚਾਨਕ ਲੋਕਾਂ ਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ। ਪੀੜਤਾਂ ਨੂੰ ਉਲਟੀਆਂ, ਸਾਹ ਲੈਣ ਵਿੱਚ ਮੁਸ਼ਕਿਲ ਅਤੇ ਅੱਖਾਂ ਦੀ ਰੋਸ਼ਨੀ ਜਾਣ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਜਾਂਚ ਵਿੱਚ ਪਤਾ ਲੱਗਿਆ ਹੈ ਕਿ ਇਸ ਸ਼ਰਾਬ ਨੂੰ ਤਿਆਰ ਕਰਨ ਲਈ ਜ਼ਹਿਰੀਲੇ ਰਸਾਇਣ ਮੀਥੇਨੌਲ ਦੀ ਵਰਤੋਂ ਕੀਤੀ ਗਈ ਸੀ, ਜੋ ਸਨਅਤੀ ਕੰਮਾਂ ਲਈ ਵਰਤਿਆ ਜਾਂਦਾ ਹੈ ਅਤੇ ਮਨੁੱਖੀ ਸਰੀਰ ਲਈ ਅਤਿ ਖਤਰਨਾਕ ਹੈ। ਮੀਥੇਨੌਲ ਦੀ ਮਾਤਰਾ ਸ਼ਰਾਬ ਵਿੱਚ ਜ਼ਿਆਦਾ ਹੋਣ ਕਾਰਨ ਇਹ ਮੌਤਾਂ ਦਾ ਕਾਰਨ ਬਣੀ।

### ਸਰਕਾਰੀ ਕਾਰਵਾਈ ਅਤੇ ਗ੍ਰਿਫਤਾਰੀਆਂ

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਦੇ ਹੁਕਮ ਜਾਰੀ ਕੀਤੇ। ਪੁਲਿਸ ਨੇ 24 ਘੰਟਿਆਂ ਦੇ ਅੰਦਰ 14 ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲਿਆ, ਜਿਨ੍ਹਾਂ ਵਿੱਚੋਂ 10 ਦੀ ਗ੍ਰਿਫਤਾਰੀ ਦੀ ਪੁਸ਼ਟੀ ਹੋ ਚੁੱਕੀ ਹੈ। ਗ੍ਰਿਫਤਾਰ ਮੁਲਜ਼ਮਾਂ ਵਿੱਚ ਮੁੱਖ ਸਪਲਾਇਰ ਪ੍ਰਭਜੀਤ ਸਿੰਘ, ਉਸ ਦਾ ਭਰਾ ਕੁਲਬੀਰ ਸਿੰਘ, ਸਾਹਿਬ ਸਿੰਘ, ਗੁਰਜੰਟ ਸਿੰਘ ਅਤੇ ਇੱਕ ਮਹਿਲਾ ਮੁਲਜ਼ਮ ਨਿੰਦਰ ਕੌਰ ਸ਼ਾਮਲ ਹਨ। ਪੁਲਿਸ ਨੇ ਮੁੱਢਲੀ ਜਾਂਚ ਵਿੱਚ ਪਤਾ ਲਗਾਇਆ ਹੈ ਕਿ ਨਕਲੀ ਸ਼ਰਾਬ ਤਿਆਰ ਕਰਨ ਲਈ ਆਨਲਾਈਨ ਖਰੀਦਿਆ ਗਿਆ ਮੀਥੇਨੌਲ ਵਰਤਿਆ ਗਿਆ ਸੀ। ਮੁੱਖ ਸਪਲਾਇਰ ਪ੍ਰਭਜੀਤ ਸਿੰਘ ਅਤੇ ਸਾਹਿਬ ਸਿੰਘ ਨੂੰ ਮੁੱਖ ਕਿੰਗਪਿਨ ਮੰਨਿਆ ਜਾ ਰਿਹਾ ਹੈ, ਅਤੇ ਪੁਲਿਸ ਨੇ ਉਨ੍ਹਾਂ ਦੇ ਨੈੱਟਵਰਕ ਨੂੰ ਤੋੜਨ ਲਈ ਛਾਪੇਮਾਰੀ ਤੇਜ਼ ਕਰ ਦਿੱਤੀ ਹੈ। ਪੁਲਿਸ ਨੇ ਦੋ ਐਫਆਈਆਰ ਦਰਜ ਕੀਤੀਆਂ ਹਨ, ਜਿਨ੍ਹਾਂ ਵਿੱਚ ਕਤਲ ਦੀਆਂ ਧਾਰਾਵਾਂ ਸ਼ਾਮਲ ਹਨ।



**❛ ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਜ਼ਹਿਰੀਲੀ ਸ਼ਰਾਬ ਦੇ ਧੰਦੇ ਨੂੰ ਰੋਕਣ ਲਈ ਸਖ਼ਤ ਨਿਗਰਾਨੀ, ਮੀਥੇਨੌਲ ਦੀ ਸਪਲਾਈ 'ਤੇ ਪਾਬੰਦੀ ਅਤੇ ਗੈਰ-ਕਾਨੂੰਨੀ ਸ਼ਰਾਬ ਦੀਆਂ ਫੈਕਟਰੀਆਂ 'ਤੇ ਨਕੇਲ ਕੱਸਣ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਪ੍ਰਭਾਵੀ ਕਰਨ ਅਤੇ ਪੀੜਤ ਪਰਿਵਾਰਾਂ ਦੇ ਪੁਨਰਵਾਸ ਲਈ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ। ਇਹ ਘਟਨਾ ਪੰਜਾਬ ਦੇ ਸਮਾਜਿਕ ਅਤੇ ਪ੍ਰਸ਼ਾਸਨਿਕ ਢਾਂਚੇ ਲਈ ਇੱਕ ਵੱਡੀ ਚੁਣੌਤੀ ਹੈ। ਸਰਕਾਰ ਦੀਆਂ ਕਾਰਵਾਈਆਂ ਅਤੇ ਜਾਂਚ ਦੇ ਨਤੀਜਿਆਂ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹਨ, ਜੋ ਇਸ ਖਤਰਨਾਕ ਧੰਦੇ ਨੂੰ ਰੋਕਣ ਦੀ ਸਰਕਾਰ ਦੀ ਇੱਛਾ-ਸ਼ਕਤੀ ਨੂੰ ਪਰਖਣਗੀਆਂ।**

### ਸਰਕਾਰ ਦੇ ਉਪਰਾਲੇ

ਮੁੱਖ ਮੰਤਰੀ ਭਗਵੰਤ ਮਾਨ ਨੇ ਮਜੀਠਾ ਦਾ ਦੌਰਾ ਕਰਕੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਹਰ ਮ੍ਰਿਤਕ ਦੇ ਪਰਿਵਾਰ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਅਫਸੋਸ ਪ੍ਰਗਟ ਕੀਤਾ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦਾ ਭਰੋਸਾ ਦਿੱਤਾ। ਯਾਦ ਰਹੇ ਕਿ ਪੰਜਾਬ ਸਰਕਾਰ ਨੇ ਪਹਿਲਾਂ ਵੀ ਜ਼ਹਿਰੀਲੀ ਸ਼ਰਾਬ ਦੇ ਮਾਮਲਿਆਂ ਨੂੰ ਰੋਕਣ ਲਈ ਆਬਕਾਰੀ ਕਾਨੂੰਨ ਵਿੱਚ ਸੋਧ ਕੀਤੀ ਸੀ, ਜਿਸ ਵਿੱਚ ਜ਼ਹਿਰੀਲੇ ਪਦਾਰਥਾਂ ਦੀ ਵਰਤੋਂ ਦੇ ਮਾਮਲਿਆਂ ਵਿੱਚ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ ਹੈ।

### ਪਿਛਲੇ ਛੇ ਸਾਲਾਂ ਵਿੱਚ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਨਾਲ 158 ਮੌਤਾਂ ਹੋ ਚੁਕੀਆਂ ਨੇ

ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 23 ਮੌਤਾਂ ਨੇ ਸੂਬੇ ਦੇ ਸਿਆਸੀ ਅਤੇ ਸਮਾਜਿਕ ਮਾਹੌਲ ਨੂੰ ਗਰਮਾ ਦਿੱਤਾ ਹੈ। ਪਿਛਲੇ ਛੇ ਸਾਲਾਂ ਵਿੱਚ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਨਾਲ 158 ਮੌਤਾਂ ਹੋ ਚੁੱਕੀਆਂ ਹਨ, ਜਦਕਿ ਦਰਜਨਾਂ ਲੋਕਾਂ ਦੀ ਅੱਖਾਂ ਦੀ ਰੋਸ਼ਨੀ ਚਲੀ ਗਈ ਹੈ। 2020 ਵਿੱਚ ਤਰਨ ਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ 120 ਮੌਤਾਂ ਅਤੇ 2024 ਵਿੱਚ ਸੰਗਰੂਰ ਵਿੱਚ 21 ਮੌਤਾਂ ਦੀਆਂ ਘਟਨਾਵਾਂ ਨੇ ਸਰਕਾਰੀ ਅਮਲੇ ਦੀ ਨਾਕਾਮੀ ਨੂੰ ਉਜਾਗਰ ਕੀਤਾ ਹੈ।

ਪੀੜਤ ਪਰਿਵਾਰਾਂ ਦੀ ਦੁਰਦਸ਼ਾ ਨੇ ਸਮਾਜਿਕ ਸੰਵੇਦਨਾਵਾਂ ਨੂੰ ਝੰਜੋੜਿਆ ਹੈ। ਮ੍ਰਿਤਕ ਜੋਗਿੰਦਰ ਸਿੰਘ ਦੀ ਭੈਣ ਮਨਜੀਤ ਕੌਰ ਨੇ ਦੱਸਿਆ ਕਿ ਜੋਗਿੰਦਰ (40 ਸਾਲ) ਉਸ ਦੇ ਪਰਿਵਾਰ ਦਾ ਇਕੱਲਾ ਕਮਾਊ ਮੈਂਬਰ ਸੀ। ਉਸ ਦੀ ਪਤਨੀ ਪਹਿਲਾਂ ਹੀ ਕੈਂਸਰ ਨਾਲ ਮਰ ਚੁੱਕੀ ਹੈ, ਅਤੇ ਉਸ ਦੇ ਦੋ ਬੱਚਿਆਂ ਦੀ ਦਾਦੀ ਵੀ ਨਹੀਂ ਰਹੀ। ਮਨਜੀਤ ਨੇ ਸਰਕਾਰ ਤੋਂ ਮੰਗ ਕੀਤੀ ਕਿ ਜ਼ਹਿਰੀਲੀ ਸ਼ਰਾਬ ਦੇ ਵਪਾਰੀਆਂ ਦੇ ਘਰ ਢਾਹੇ ਜਾਣ ਅਤੇ ਬੱਚਿਆਂ ਦੇ ਭਵਿੱਖ ਦਾ ਪ੍ਰਬੰਧ ਕੀਤਾ ਜਾਵੇ। ਜੋਗਿੰਦਰ ਦੀ ਭਤੀਜੀ ਸ਼ਿਖਾ ਨੇ ਵੀ ਸਰਕਾਰ ਨੂੰ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਦੀ ਅਪੀਲ ਕੀਤੀ

### ਸਿਆਸੀ ਵਿਰੋਧ ਅਤੇ ਸਵਾਲ

ਇਸ ਘਟਨਾ ਨੇ ਸਿਆਸੀ ਮਾਹੌਲ ਨੂੰ ਵੀ ਗਰਮਾ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਦੀ ਅਸਫਲਤਾ 'ਤੇ ਸਵਾਲ ਉਠਾਏ, ਜਦਕਿ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਨੂੰ ਸਿੱਧੇ ਜ਼ਿੰਮੇਵਾਰ ਠਹਿਰਾਇਆ। ਭਾਜਪਾ ਦੇ ਸੁਨੀਲ ਜਾਖੜ ਨੇ ਰਾਜਪਾਲ ਨੂੰ ਮਿਲ ਕੇ ਨਿਰਪੱਖ ਜਾਂਚ ਦੀ ਮੰਗ ਕੀਤੀ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸਮਸ਼ੇਰ ਸਿੰਘ ਦੂਲੋਂ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਜ਼ਹਿਰੀਲੀ ਸ਼ਰਾਬ ਦੇ ਧੰਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ, ਪਰ ਕੋਈ ਜਵਾਬ ਨਹੀਂ ਮਿਲਿਆ।

# ਚੀਨ ਨੂੰ ਨਹੀਂ ਭਾਇਆ ਅਮਰੀਕਾ ਦੀ ਐਂਟਰੀ ਕਾਰਣ ਭਾਰਤ-ਪਾਕਿ ਦਾ ਸੀਜ਼ਫਾਇਰ

## ✪ ਕੀ ਭਾਰਤੀ ਮੀਡੀਆ ਦੀ ਖਬਰ ਸੱਚੀ ਹੈ ?



ਬੀਜਿੰਗ/ਨਵੀਂ ਦਿੱਲੀ-ਭਾਰਤ ਅਤੇ ਪਾਕਿਸਤਾਨ ਵਿਚਕਾਰ 10 ਮਈ ਨੂੰ ਹੋਏ ਸੀਜ਼ਫਾਇਰ ਨੂੰ ਕਈ ਦਿਨ ਬੀਤ ਚੁੱਕੇ ਹਨ, ਪਰ ਇਸ ਦੇ ਪਿੱਛੇ ਦੀਆਂ ਅਟਕਲਾਂ ਅਤੇ ਦਾਅਵਿਆਂ ਦਾ ਸਿਲਸਿਲਾ ਜਾਰੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ’ਤੇ ਸਭ ਤੋਂ ਪਹਿਲਾਂ ਸੀਜ਼ਫਾਇਰ ਦੀ ਘੋਸ਼ਣਾ ਕੀਤੀ ਅਤੇ ਇਸ ਦਾ ਸਿਹਰਾ ਆਪਣੇ ਪ੍ਰਸ਼ਾਸਨ ਨੂੰ ਦਿੱਤਾ ਸੀ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਵੀ ਟਰੰਪ ਦਾ ਸਮਰਥਨ ਕਰਦਿਆਂ ਉਸ ਦਾ ਧੰਨਵਾਦ ਕੀਤਾ ਸੀ। ਪਰ ਇਸ ਸੀਜ਼ਫਾਇਰ ਨੂੰ ਲੈ ਕੇ ਪਾਕਿਸਤਾਨ ਦਾ ਸਭ ਤੋਂ ਨਜ਼ਦੀਕੀ ਸਹਿਯੋਗੀ ਚੀਨ ਹੈ। ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਇਹ ਸੀਜ਼ਫਾਇਰ ਦੋਹਾਂ ਦੇਸ਼ਾਂ ਦੇ ਡੀਜੀਐਮਓ (ਡਾਇਰੈਕਟਰ ਜਨਰਲ ਮਿਲਟਰੀ ਓਪਰੇਸ਼ਨਜ਼) ਵਿਚਕਾਰ ਗੱਲਬਾਤ ਦਾ ਨਤੀਜਾ ਸੀ। ਦੂਜੇ ਪਾਸੇ ਭਾਰਤੀ ਮੀਡੀਆ ਐਨਡੀਟੀਵੀ ਦੀ ਰਿਪੋਰਟ ਮੁਤਾਬਕ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੀਜ਼ਫਾਇਰ ਦੀ ਘੋਸ਼ਣਾ ਅਤੇ ਅਮਰੀਕਾ ਦੁਆਰਾ ਇਸ ਦਾ ਸਿਹਰਾ ਲੈਣ ਨੇ ਚੀਨ ਨੂੰ ਨਾਰਾਜ਼ ਕਰ ਦਿੱਤਾ। ਚੀਨ ਇਸ ਮਾਮਲੇ ਵਿੱਚ ਅਗਵਾਈ ਕਰਕੇ ਖੁਦ ਨੂੰ ਵਿਸ਼ਵ ਸ਼ਾਂਤੀ ਦੇ ਮਸੀਹੇ ਵਜੋਂ ਪੇਸ਼ ਕਰਨਾ ਚਾਹੁੰਦਾ ਸੀ, ਪਰ ਅਮਰੀਕਾ ਦੀ ਐਂਟਰੀ ਨੇ ਉਸ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ। ਰਿਪੋਰਟ ਵਿੱਚ ਰੱਖਿਆ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਚੀਨ ਇਸ ਗੱਲ ਤੋਂ ਨਾਰਾਜ਼ ਸੀ ਕਿ ਸੰਕਟ ਦੇ ਸਮੇਂ ਪਾਕਿਸਤਾਨ ਨੇ ਬੀਜਿੰਗ ਨਾਲ ਸੰਪਰਕ ਕਰਨ ਦੀ ਬਜਾਏ ਵਾਸ਼ਿੰਗਟਨ ਨਾਲ ਸੰਪਰਕ ਕੀਤਾ। ਅਮਰੀਕਾ ਅਤੇ ਚੀਨ ਦੋਵੇਂ ਇਸ ਖੇਤਰ ਵਿੱਚ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਵਿੱਚ ਹਨ, ਅਤੇ ਅਮਰੀਕਾ ਦਾ ਪ੍ਰਭਾਵ ਵਧਣਾ ਚੀਨ ਨੂੰ ਪਸੰਦ ਨਹੀਂ ਆਇਆ।

ਚੀਨੀ ਮੀਡੀਆ, ਜਿਵੇਂ ਕਿ ਚਾਈਨਾ ਡੇਲੀ ਅਤੇ ਗਲੋਬਲ ਟਾਈਮਜ਼, ਨੇ ਸੀਜ਼ਫਾਇਰ ਦੀ ਸਮਰਥਨ ਕੀਤਾ ਸੀ ਅਤੇ ਭਾਰਤ ਤੇ ਪਾਕਿਸਤਾਨ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਸੀ। ਚੀਨ ਦੀ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ 12 ਮਈ ਨੂੰ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਦੇ ਹਵਾਲੇ ਨਾਲ ਕਿਹਾ ਕਿ ਚੀਨ ਸੀਜ਼ਫਾਇਰ ਦੀ ਸਮਰਥਨ ਕਰਦਾ ਹੈ ਅਤੇ ਭਾਰਤ-ਪਾਕਿਸਤਾਨ ਨੂੰ ਸੰਵਾਦ ਰਾਹੀਂ ਮੁੱਦਿਆਂ ਨੂੰ ਹੱਲ ਕਰਨ ਦੀ ਸਲਾਹ ਦਿੱਤੀ।

ਚੀਨੀ ਮੀਡੀਆ ਵਿੱਚ ਪਾਕਿਸਤਾਨ ਦੀ ਅਮਰੀਕਾ ਨਾਲ ਸੰਪਰਕ ਬਾਰੇ ਸਿੱਧੀ ਨਾਰਾਜ਼ਗੀ ਦੀ ਕੋਈ ਰਿਪੋਰਟ ਨਹੀਂ ਮਿਲੀ, ਪਰ ਰੱਖਿਆ ਹਲਕਿਆਂ ਦੇ ਹਵਾਲੇ ਨਾਲ ਐਨਡੀਟੀਵੀ ਦੀ ਰਿਪੋਰਟ ਨੇ ਇਸ ਸੰਭਾਵਨਾ ਨੂੰ ਉਜਾਗਰ ਕੀਤਾ ਹੈ।

ਚੀਨ ਨੇ ਸੀਜ਼ਫਾਇਰ ਤੋਂ ਬਾਅਦ ਪਾਕਿਸਤਾਨ ਅਤੇ ਭਾਰਤ ਨਾਲ ਸੰਜਮ ਰੱਖਣ ਦੀ ਅਪੀਲ ਕੀਤੀ। ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਫੋਨ ’ਤੇ ਗੱਲਬਾਤ ਕੀਤੀ, ਜਿਸ ਵਿੱਚ ਸੀਜ਼ਫਾਇਰ ਨੂੰ ਜਾਰੀ ਰੱਖਣ ਅਤੇ ਸੰਵਾਦ ਨਾਲ ਮੁੱਦਿਆਂ ਨੂੰ ਹੱਲ ਕਰਨ ਦੀ ਗੱਲ ਕਹੀ।

ਚੀਨ ਦਾ ਪ੍ਰਤੀਕਰਮ ਸੰਜਮੀ ਅਤੇ ਸੁਰੱਖਿਅਤ ਰਿਹਾ ਹੈ, ਕਿਉਂਕਿ ਉਹ ਭਾਰਤ ਨਾਲ ਵੀ ਆਪਣੇ ਸਬੰਧਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ। ਚੀਨ ਦੀ ਪਾਕਿਸਤਾਨ ਨਾਲ “ਗੂੜ੍ਹੀ ਦੋਸਤੀ” ਜਾਰੀ ਹੈ, ਪਰ ਅਮਰੀਕਾ ਦੀ ਭੂਮਿਕਾ ਨੇ ਚੀਨ ਨੂੰ ਇਸ ਖੇਤਰ ਵਿੱਚ ਆਪਣੀ ਰਣਨੀਤੀ ’ਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋ ਸਕਦਾ ਹੈ। ਭਵਿੱਖ ਵਿੱਚ, ਚੀਨ ਸੰਭਾਵਤ ਤੌਰ ’ਤੇ ਪਾਕਿਸਤਾਨ ਨੂੰ ਅਮਰੀਕਾ ਦੀ ਬਜਾਏ ਬੀਜਿੰਗ ਨਾਲ ਨਜ਼ਦੀਕੀ ਸੰਪਰਕ ਰੱਖਣ ਲਈ ਦਬਾਅ ਪਾ ਸਕਦਾ ਹੈ, ਖਾਸਕਰ ਸੀਪੀਈਸੀ (ਚੀਨ-ਪਾਕਿਸਤਾਨ ਆਰਥਿਕ ਰਾਹਦਾਰੀ) ਵਰਗੇ ਪ੍ਰੋਜੈਕਟਾਂ ਦੇ ਮੱਦੇਨਜ਼ਰ।

ਭਾਰਤੀ ਮੀਡੀਆ ਦਾ ਮੰਨਣਾ ਹੈ ਕਿ ਸੀਜ਼ਫਾਇਰ ਦੀ ਸਫਲਤਾ ਭਾਰਤ-ਪਾਕਿਸਤਾਨ ਸੰਵਾਦ ’ਤੇ ਨਿਰਭਰ ਕਰੇਗੀ, ਪਰ ਚੀਨ ਦੀ ਨਾਰਾਜ਼ਗੀ ਅਤੇ ਅਮਰੀਕਾ ਦੀ ਦਖਲਅੰਦਾਜ਼ੀ ਨੇ ਇਸ ਖੇਤਰੀ ਗਤੀਸ਼ੀਲਤਾ ਨੂੰ ਹੋਰ ਜਟਿਲ ਕਰ ਦਿੱਤਾ ਹੈ।

# ਸ਼੍ਰੋਮਣੀ ਕਮੇਟੀ ਗੋਲੀਬਾਰੀ ਵਿਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦੀ ਸਹਾਇਤਾ ਦੇਵੇਗੀ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਪਾਕਿਸਤਾਨ ਜੰਗ ਦੌਰਾਨ ਜੰਮੂ ਦੇ ਪੁਣਛ ਖੇਤਰ ਵਿੱਚ ਮਾਰੇ ਗਏ ਚਾਰ ਸਿੱਖ ਵਿਅਕਤੀਆਂ ਦੇ ਪਰਿਵਾਰਾਂ ਨੂੰ ਪੰਜ ਪੰਜ ਲੱਖ ਰੁਪਏ ਦੀ ਮਾਇਕ ਮਦਦ ਦਿੱਤੀ ਜਾਵੇਗੀ। ਇਹ ਫੈਸਲਾ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ ਹੈ ਜਿਸ ਦਾ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਆਖਿਆ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਨੂੰ ਆਪਸੀ ਮਸਲੇ ਗੱਲਬਾਤ ਰਾਹੀਂ ਹੱਲ ਕਰਨੇ ਚਾਹੀਦੇ ਹਨ।

ਪਾਕਿਸਤਾਨ ਵੱਲੋਂ ਕੀਤੀ ਗਈ ਗੋਲੀਬਾਰੀ ਕਾਰਨ ਪੁਣਛ ਇਲਾਕੇ ਵਿੱਚ ਮਾਰੇ ਗਏ ਚਾਰ ਸਿੱਖ ਵਿਅਕਤੀਆਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪੰਜ ਲੱਖ ਰੁਪਏ ਦੀ ਮਾਇਕ ਮਦਦ ਦੇਣ ਦਾ ਫੈਸਲਾ ਕੀਤਾ ਗਿਆ ਹੈ। ਦੋ ਜ਼ਖਮੀ ਵਿਅਕਤੀ ਇੱਥੇ ਅੰਮ੍ਰਿਤਸਰ ਵਿੱਚ ਇਲਾਜ ਅਧੀਨ ਹਨ ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਹਸਪਤਾਲ ਵਿੱਚ ਇਲਾਜ ਦੀ ਪੇਸ਼ਕਸ਼ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਡਾਕਟਰ ਮਨਮੋਹਨ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਸਵਰਗੀ ਗਿਆਨੀ ਮੋਹਨ ਸਿੰਘ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਲਗਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਵੀ ਵਿਚਾਰਿਆ ਗਿਆ ਅਤੇ ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਸਬੰਧ ਵਿੱਚ ਕਾਨੂੰਨੀ ਮਾਹਿਰਾਂ ਦੀ ਇੱਕ ਮੀਟਿੰਗ ਚੰਡੀਗੜ੍ਹ ਵਿੱਚ ਕੀਤੀ ਜਾਵੇਗੀ। ਉਨ੍ਹਾਂ ਇਸ ਸਬੰਧ ਵਿੱਚ ਵੱਧ ਤੋਂ ਵੱਧ ਸਿੱਖ ਸੰਗਤ ਕੋਲੋਂ ਸੁਝਾਅ ਮੰਗੇ ਹਨ।

# ਬਰਤਾਨੀਆਂ ਵਿੱਚ ਭਾਰਤੀ ਰਾਜਦੂਤ ਨੇ ਪਾਕਿਸਤਾਨ ਨੂੰ ਤਣਾਅ ਘਟਾਉਣ ਲਈ 'ਰਵੱਈਆ ਬਦਲਣ' ਲਈ ਕਿਹਾ



ਵਿਕਰਮ ਦੋਰਾਏਸਵਾਮੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਏਸਵਾਮੀ ਨੇ ਕਿਹਾ ਕਿ ਪਹਿਲਗਾਮ ਵਿੱਚ ਪਿਛਲੇ ਮਹੀਨੇ ਹੋਏ ਅੱਤਵਾਦੀ ਹਮਲਿਆਂ ਪ੍ਰਤੀ ਭਾਰਤ ਦਾ ਜਵਾਬ "ਸਹੀ, ਨਿਸ਼ਾਨਾ ਬਣਾਇਆ" ਸੀ ਅਤੇ ਪੂਰੀ ਤਰ੍ਹਾਂ ਅੱਤਵਾਦੀ ਢਾਂਚੇ 'ਤੇ ਕੇਂਦ੍ਰਿਤ ਸੀ ਪਰ ਪਾਕਿਸਤਾਨ ਨੇ ਸੰਕਟ ਨੂੰ ਖਤਮ ਕਰਨ ਲਈ ਟਕਰਾਅ ਤੋਂ ਬਚਣ ਦੀ ਬਜਾਏ ਮਾਮਲੇ ਨੂੰ ਵਧਾਇਆ ਹੈ।

ਵੀਰਵਾਰ ਨੂੰ ਕਈ ਬਰਤਾਨਵੀ ਮੀਡੀਆ ਸੰਗਠਨਾਂ ਨੇ ਦੋਰਾਏਸਵਾਮੀ ਨਾਲ ਮੁਲਾਕਾਤਾਂ ਕੀਤੀਆਂ ਤਾਂ ਜੋ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧ ਰਹੇ ਤਣਾਅ 'ਤੇ ਭਾਰਤ ਦਾ ਨਜ਼ਰੀਆ ਪੇਸ਼ ਕੀਤਾ ਜਾ ਸਕੇ। ਉਹਨਾਂ ਸਕਾਈ ਨਿਊਜ਼ ਨੂੰ ਦੱਸਿਆ ਕਿ ਅੰਤਰਰਾਸ਼ਟਰੀ ਭਾਈਚਾਰਾ ਪਾਕਿਸਤਾਨ ਨੂੰ ਟਕਰਾਅ ਨੂੰ ਟਾਲਣ ਦਾ ਵਿਕਲਪ ਦੇ ਕੇ ਦਖਲ ਦੇ ਸਕਦਾ ਹੈ।ਉਹਨਾਂ ਲਾਈਵ ਟੈਲੀਕਾਸਟ ਦੌਰਾਨ 'ਆਪ੍ਰੇਸ਼ਨ ਸਿੰਦੂਰ' ਵਿੱਚ ਮਾਰੇ ਗਏ ਅੱਤਵਾਦੀਆਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਵਾਲੇ ਅਮਰੀਕਾ ਦੁਆਰਾ ਨਾਮਜ਼ਦ ਅੱਤਵਾਦੀ ਅਬਦੁਲ ਰਊਫ ਦੀ ਇੱਕ ਫੋਟੋ ਤਸਵੀਰ ਵੀ ਦਿਖਾਈ, ਜੋ ਕਿ ਨਵੀਂ ਦਿੱਲੀ ਵਿੱਚ ਵਿਦੇਸ਼ ਰਾਜ ਮੰਤਰੀ ਵਿਕਰਮ ਮਿਸਤਰੀ ਦੇ ਮੀਡੀਆ ਬਿਆਨ ਦੌਰਾਨ ਵੀ ਦਿਖਾਈ ਸੀ। ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਏਸਵਾਮੀ ਨੇ ਕਿਹਾ ਕਿ "ਹਰ ਕੋਈ ਜਾਣਦਾ ਹੈ ਕਿ ਪਿਛਲੇ 30 ਸਾਲਾਂ ਤੋਂ ਪਾਕਿਸਤਾਨ ਨੇ ਅੱਤਵਾਦ ਨੂੰ ਭਾਰਤ ਵਿਰੁੱਧ 'ਸਬ-ਕ੍ਰਿਟੀਕਲ' ਜੰਗ ਵਜੋਂ ਵਰਤਿਆ ਹੈ।" 'ਸਬ-ਕ੍ਰਿਟੀਕਲ' ਯੁੱਧ ਤੋਂ ਭਾਵ ਹਥਿਆਰਬੰਦ ਟਕਰਾਅ ਹੈ ਜੋ ਰਵਾਇਤੀ ਯੁੱਧ ਦੀ ਹੱਦ ਤੋਂ ਥੋੜ੍ਹਾ ਘੱਟ ਹੁੰਦੇ ਹਨ, ਜਿਸ ਵਿੱਚ ਬਗਾਵਤ, ਪ੍ਰੌਕਸੀ ਯੁੱਧ ਅਤੇ ਅੱਤਵਾਦ ਵਰਗੀਆਂ ਰਣਨੀਤੀਆਂ ਸ਼ਾਮਲ ਹੁੰਦੀਆਂ ਹਨ। ਉਹਨਾਂ ਕਿਹਾ ਕਿ "ਜੇਕਰ ਅੰਤਰਰਾਸ਼ਟਰੀ ਭਾਈਚਾਰਾ ਸੱਚਮੁੱਚ ਇਸ ਵੱਲ ਦੇਖਣਾ ਚਾਹੁੰਦਾ ਹੈ ਅਤੇ ਇਸਦੀ ਪਰਵਾਹ ਕਰਦਾ ਹੈ, ਤਾਂ ਇਸਦਾ ਸੌਖਾ ਹੱਲ ਇਹ ਹੈ ਕਿ ਪਾਕਿਸਤਾਨ ਨੂੰ ਦੱਸਿਆ ਜਾਵੇ ਕਿ ਉਸ ਕੋਲ ਇਹ ਇੱਕ ਮੌਕਾ ਹੈ। ਇਹ ਉਹ ਚੀਜ਼ਾਂ ਹਨ ਜੋ ਦੁਨੀਆ ਨੂੰ 30 ਸਾਲ ਪਹਿਲਾਂ ਪਾਕਿਸਤਾਨ ਨੂੰ ਕਰਨ ਲਈ ਮਜਬੂਰ ਕਰਨਾ ਚਾਹੀਦਾ ਸੀ, ਅਤੇ ਉਨ੍ਹਾਂ ਨੂੰ ਇਸ ਬੁਨਿਆਦੀ ਢਾਂਚੇ ਨੂੰ ਹਟਾਉਣ ਦੇ ਆਪਣੇ ਵਾਅਦਿਆਂ ਨੂੰ ਲਾਗੂ ਕਰਨ ਲਈ ਮਜਬੂਰ ਕਰਨਾ ਚਾਹੀਦਾ ਸੀ, ਜੋ ਉਸ ਨੇ ਨਹੀਂ ਕੀਤਾ। ਇਹ ਪੁੱਛੇ ਜਾਣ 'ਤੇ ਕਿ ਕੀ ਭਾਰਤ ਨੂੰ ਖੇਤਰ ਵਿੱਚ ਟਕਰਾਅ ਦੇ ਹੋਰ ਵਧਣ ਦਾ ਡਰ ਹੈ, ਤਾਂ ਹਾਈਕਮਿਸ਼ਨਰ ਵਿਕਰਮ ਦੋਰਾਏਸਵਾਮੀ ਨੇ ਕਿਹਾ ਕਿ "ਅਸਲੀ ਤਣਾਅ" 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਪਾਕਿਸਤਾਨ-ਪ੍ਰਯੋਜਿਤ ਅੱਤਵਾਦੀ ਸਮੂਹਾਂ ਦੁਆਰਾ ਨਾਗਰਿਕਾਂ 'ਤੇ ਹਮਲੇ ਅਤੇ ਗੋਲੀਬਾਰੀ ਕਾਰਨ ਹੋਇਆ ਹੈ।

# ਭਾਰਤ-ਪਾਕਿ ਝੜਪਾਂ ਦੌਰਾਨ ਸਰਹੱਦੀ ਪੰਜਾਬੀਆਂ ਨੂੰ ਕਿਹੜੇ ਖਤਰਿਆਂ ਦਾ ਸਾਹਮਣਾ ਕਰਨਾ ਪਿਆ

**ਵਿਸ਼ੇਸ਼ ਰਿਪੋਟ**

## ✪ ਪੰਜਾਬ ਦੇ ਪਿੰਡਾਂ ਵਿਚ ਮਿਲੀਆਂ ਰਾਕੇਟਨੁਮਾ ਚੀਜ਼ਾਂ, ਸਹਿਮ ਦਾ ਮਾਹੌਲ ਬਣਿਆ ✪ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਦੇ ਤਾਲਮੇਲ ਨਾਲ ਹੀ ਪੰਜਾਬ ਦੇ ਨਾਗਰਿਕਾਂ ਨੂੰ ਇਸ ਜੋਖਮ ਤੋਂ ਬਚਾਏ











ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਬਠਿੰਡਾ ਅਤੇ ਮੋਗਾ ਦੇ ਕਈ ਪਿੰਡਾਂ ਵਿੱਚ ਬੀਤੀ ਰਾਤ ਧਮਾਕਿਆਂ ਦੀਆਂ ਆਵਾਜ਼ਾਂ ਅਤੇ ਰਾਕੇਟਨੁਮਾ ਚੀਜ਼ਾਂ ਮਿਲਣ ਦੀਆਂ ਘਟਨਾਵਾਂ ਨੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਪਿੰਡ ਵਾਸੀਆਂ ਅਨੁਸਾਰ ਰਾਤੀਂ ਤੇਜ਼ ਖੜਾਕ ਅਤੇ ਅੱਗ ਦੀਆਂ ਲਪਟਾਂ ਦੇਖਣ ਨੂੰ ਮਿਲੀਆਂ, ਜਿਸ ਨਾਲ ਉਨ੍ਹਾਂ ਦੇ ਮਨਾਂ ਵਿੱਚ ਡਰ ਪੈਦਾ ਹੋ ਗਿਆ। ਜਦਕਿ ਭਾਰਤ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਵੱਲੋਂ ਕੀਤੇ ਗਏ ਮਿਜ਼ਾਈਲ ਅਤੇ ਰਾਕੇਟ ਹਮਲਿਆਂ ਨੂੰ ਸਫਲਤਾਪੂਰਵਕ ਰੋਕਿਆ ਗਿਆ।

### ਅੰਮ੍ਰਿਤਸਰ ਦੇ ਜੇਠੂਵਾਲ ’ਚ ਡਰ ਦਾ ਮਾਹੌਲ

ਜੇਠੂਵਾਲ ਪਿੰਡ ਦੇ ਵਸਨੀਕ ਦਿਲਦਾਰ ਸਿੰਘ ਨੇ ਪੰਜਾਬ ਟਾਈਮਜ ਨੂੰ ਦੱਸਿਆ ਕਿ “ਰਾਤੀਂ ਲਗਪਗ 1 ਵਜੇ ਤੇਜ਼ ਧਮਾਕਿਆਂ ਨੇ ਸਾਰੇ ਪਿੰਡ ਨੂੰ ਜਗਾ ਦਿੱਤਾ। ਸਵੇਰੇ ਪਿੰਡ ਵਿੱਚ ਰੌਲਾ ਪੈ ਗਿਆ ਕਿ ਖੇਤਾਂ ਵਿਚ ਮਿਜ਼ਾਈਲ ਡਿੱਗੀ ਹੈ। ਅਸੀਂ ਖੇਤਾਂ ’ਚ ਜਾ ਕੇ ਦੇਖਿਆ ਤਾਂ ਇੱਕ 6-7 ਫੁੱਟ ਲੰਬੀ ਰਾਕੇਟ ਵਰਗੀ ਚੀਜ਼ ਸੀ,” ਉਨ੍ਹਾਂ ਨੇ ਕਿਹਾ। ਪਿੰਡ ਵਾਸੀ ਲਵਪ੍ਰੀਤ ਸਿੰਘ ਨੇ ਵੀ ਰਾਤ ਨੂੰ ਅਸਮਾਨ ਵਿੱਚ ਪਲੇਨ ਵਰਗੀ ਰੌਸ਼ਨੀ ਅਤੇ ਧਮਾਕਿਆਂ ਦੀਆਂ ਆਵਾਜ਼ਾਂ ਸੁਣਨ ਦੀ ਪੁਸ਼ਟੀ ਕੀਤੀ। ਪੁਲਿਸ ਨੇ ਇਨ੍ਹਾਂ ਸ਼ੱਕੀ ਚੀਜ਼ਾਂ ਨੂੰ ਕਬਜ਼ੇ ’ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਗੁਰਦਾਸਪੁਰ ਦੇ ਪੰਧੇਰ ’ਚ ਅੱਗ ਅਤੇ ਮਲਬਾ

ਗੁਰਦਾਸਪੁਰ ਦੇ ਪੰਧੇਰ ਪਿੰਡ ਦੇ ਰਛਪਾਲ ਸਿੰਘ ਨੇ ਦੱਸਿਆ ਕਿ ਰਾਤ 1:20 ਵਜੇ ਦੇ ਕਰੀਬ ਇੱਕ ਜ਼ੋਰਦਾਰ ਖੜਾਕ ਨੇ ਉਨ੍ਹਾਂ ਨੂੰ ਹਿਲਾ ਦਿੱਤਾ। “ਕੋਠੇ ’ਤੇ ਚੜ੍ਹ ਕੇ ਦੇਖਿਆ ਤਾਂ ਖੇਤਾਂ ’ਚ ਅੱਗ ਲੱਗੀ ਸੀ। ਸਵੇਰੇ ਵਿਹੜੇ ’ਚ ਅਤੇ ਗੁਆਂਢੀਆਂ ਦੇ ਘਰਾਂ ’ਚ ਬੰਬ ਵਰਗੇ ਪੁਰਜੇ ਮਿਲੇ,” ਉਨ੍ਹਾਂ ਨੇ ਕਿਹਾ। ਰਛਪਾਲ ਸਿੰਘਤੇ ਹੋਰ ਗਵਾਂਢੀਆਂ ਦਾ ਕਹਿਣਾ ਸੀ ਕਿ “ਸਾਨੂੰ ਲੜਾਈ ਨਹੀਂ ਚਾਹੀਦੀ।” ਪੰਜਾਬ ਪੁਲਿਸ ਅਤੇ ਫੌਜ ਨੇ ਮੌਕੇ ’ਤੇ ਪਹੁੰਚ ਕੇ ਮਲਬੇ ਨੂੰ ਕਬਜ਼ੇ ’ਚ ਲੈ ਲਿਆ ਸੀ।

### ਮੋਗਾ ਵਿਚ ਵੀ ਸ਼ੱਕੀ ਚੀਜ਼ਾਂ ਮਿਲੀਆਂ

ਮੋਗਾ ਦੇ ਪਿੰਡ ਸੰਧੂਆਂ ਵਾਲਾ ’ਚ ਇੱਕ ਘਰ ਦੇ ਪਸ਼ੂਆਂ ਵਾਲੇ ਸ਼ੈੱਡ ’ਤੇ ਅਸਮਾਨ ਤੋਂ ਲੋਹੇ ਦੀ ਭਾਰੀ ਚੀਜ਼ ਡਿੱਗੀ। ਇਸੇ ਤਰ੍ਹਾਂ, ਤਲਵੰਡੀ ਭੰਗੇਰੀਆਂ ਨੇੜੇ ਖੇਤਾਂ ਵਿਚ ਵੀ ਅਜਿਹੀ ਹੀ ਚੀਜ਼ ਮਿਲੀ। ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਨੂੰ ਕਬਜ਼ੇ ’ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਕਿ ਇਹ ਚੀਜ਼ਾਂ ਕੀ ਹਨ। ਇਸ ਤਰ੍ਹਾਂ ਇਹਨਾਂ ਝੜਪਾਂ ਦੌਰਾਨ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਡਰ, ਜਾਇਦਾਦ ਦਾ ਨੁਕਸਾਨ ਅਤੇ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪਿਆ ਸੀ। ਅਜਿਹੀਆਂ ਘਟਨਾਵਾਂ ਨੇ ਖੇਤੀਬਾੜੀ ਅਤੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਪਿਛਲੇ ਸਮੇਂ ਵਿੱਚ 1965 ਅਤੇ 1971 ਦੀਆਂ ਜੰਗਾਂ ਵਰਗੀਆਂ ਘਟਨਾਵਾਂ ਨੇ ਵੀ ਸਰਹੱਦੀ ਖੇਤਰਾਂ ’ਚ ਤਣਾਅ ਵਧਾਇਆ ਸੀ, ਅਤੇ ਹੁਣ ਵਸਨੀਕ ਸਿਰਫ ਅਮਨ ਦੀ ਮੰਗ ਕਰ ਰਹੇ ਹਨ।

### ਪੰਜਾਬ ’ਚ ਡਰੋਨ ਵਾਰਫੇਅਰ ਦਾ ਖ਼ਤਰਾ

ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲੀਆ ਤਣਾਅ ਨੇ ਪੰਜਾਬ ਦੇ ਸਰਹੱਦੀ ਇਲਾਕਿਆਂ ਨੂੰ ਡਰੋਨ ਵਾਰਫੇਅਰ ਦਾ ਮੈਦਾਨ ਬਣਾ ਦਿੱਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਵੱਲੋਂ ਡਰੋਨਜ਼ ਦੀ ਵਰਤੋਂ ਦਾ ਖ਼ਤਰਾ ਨਾ ਸਿਰਫ਼ ਮੌਜੂਦਾ ਸਮੇਂ ਵਿੱਚ ਹੈ, ਸਗੋਂ ਭਵਿੱਖ ਵਿੱਚ ਵੀ ਬਰਕਰਾਰ ਰਹਿ ਸਕਦਾ ਹੈ। ਇਸ ਦੇ ਨਾਲ ਹੀ, ਪੰਜਾਬ ਦੀ ਸੰਘਣੀ ਆਬਾਦੀ ਅਤੇ ਸਰਹੱਦ ਨਾਲ ਨੇੜਤਾ ਇਸ ਖ਼ਤਰੇ ਨੂੰ ਹੋਰ ਵਧਾਉਂਦੀ ਹੈ।ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਜਿਵੇਂ ਕਿ ਫਿਰੋਜ਼ਪੁਰ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ, ਅਤੇ ਪਠਾਨਕੋਟ ਵਿੱਚ ਡਰੋਨਜ਼ ਦੀਆਂ ਘਟਨਾਵਾਂ ਨੇ ਚਿੰਤਾ ਵਧਾਈ ਹੈ। ਫਿਰੋਜ਼ਪੁਰ ਵਿੱਚ ਡਰੋਨ ਡਿੱਗਣ ਕਾਰਨ ਇੱਕ ਪਰਿਵਾਰ ਦੇ ਤਿੰਨ ਮੈਂਬਰ ਝੁਲਸ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ। ਗੁਰਦਾਸਪੁਰ ਦੇ ਪਿੰਡ ਛਿੱਛਰਾ ਵਿੱਚ ਮਲਬੇ ਨੇ ਕਈ ਫੁੱਟ ਡੂੰਘਾ ਟੋਆ ਬਣਾ ਦਿੱਤਾ। ਇਹ ਘਟਨਾਵਾਂ ਸਰਹੱਦੀ ਖੇਤਰਾਂ ਵਿੱਚ ਡਰੋਨਜ਼ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦੀਆਂ ਹਨ।

ਸਾਬਕਾ ਲੈਫਟੀਨੈਂਟ ਕਰਨਲ ਜੇਐਸ ਸੋਢੀ ਦੱਸਦੇ ਹਨ ਕਿ ਆਧੁਨਿਕ ਜੰਗਾਂ ਹੁਣ ਸਿਰਫ ਜ਼ਮੀਨ, ਸਮੁੰਦਰ, ਅਤੇ ਹਵਾ ਤੱਕ ਸੀਮਤ ਨਹੀਂ, ਸਗੋਂ ਸਾਈਬਰ, ਸਪੇਸ, ਅਤੇ ਇਲੈਕਟ੍ਰੋਮੈਗਨੈਟਿਕ ਸਪੈਕਟ੍ਰਮ ’ਤੇ ਵੀ ਲੜੀਆਂ ਜਾ ਰਹੀਆਂ ਹਨ।

ਉਨ੍ਹਾਂ ਨੇ ਕਿਹਾ ਕਿ “7 ਮਈ ਤੋਂ 10 ਮਈ 2025 ਦੇ ਸੰਘਰਸ਼ ਵਿੱਚ ਪੰਜਾਬ, ਜੰਮੂ-ਕਸ਼ਮੀਰ, ਅਤੇ ਰਾਜਸਥਾਨ ਪ੍ਰਭਾਵਿਤ ਹੋਏ, ਜਿਸ ਵਿੱਚ ਡਰੋਨਜ਼ ਦੀ ਵਰਤੋਂ ਸਪੱਸ਼ਟ ਸੀ। 2020 ਦੀ ਆਰਮੀਨੀਆ-ਅਜ਼ਰਬਾਈਜਾਨ ਜੰਗ ਵਿੱਚ ਵੀ ਡਰੋਨਜ਼ ਦੀ ਵਰਤੋਂ ਨੇ ਇਸ ਤਕਨੀਕ ਦੀ ਮਾਰਕ ਸਮਰੱਥਾ ਨੂੰ ਸਾਹਮਣੇ ਲਿਆਂਦਾ। ਸੁਰੱਖਿਆ ਪ੍ਰਣਾਲੀਆਂ ਦੀਆਂ ਸੀਮਾਵਾਂਮਾਹਰ ਰਾਹੁਲ ਬੇਦੀ ਮੁਤਾਬਕ, ਭਾਰਤ ਕੋਲ ਸ਼-400 ਸਮੇਤ 3-4 ਟੀਅਰ ਰੱਖਿਆ ਪ੍ਰਣਾਲੀਆਂ ਹਨ, ਪਰ ਕੋਈ ਵੀ ਸਿਸਟਮ 100% ਸੁਰੱਖਿਆ ਦੀ ਗਾਰੰਟੀ ਨਹੀਂ ਦਿੰਦਾ। ਡਰੋਨਜ਼ ਦਾ ਰਡਾਰ ਸਿਗਨੇਚਰ ਬਹੁਤ ਛੋਟਾ ਹੁੰਦਾ ਹੈ, ਜਿਸ ਕਾਰਨ ਇਨ੍ਹਾਂ ਨੂੰ ਖੋਜਣਾ ਮੁਸ਼ਕਿਲ ਹੈ। ਇਜ਼ਰਾਈਲ ਦੇ ‘ਆਇਰਨ ਡੋਮ’ ਨੂੰ ਵੀ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ। ਇੱਕ ਰੱਖਿਆ ਅਧਿਕਾਰੀ ਨੇ ਦੱਸਿਆ ਕਿ ਛੋਟੇ ਡਰੋਨਜ਼ ‘ਏਸਿਮੈਟ੍ਰਿਕ ਵਾਰਫੇਅਰ’ ਦਾ ਹਿੱਸਾ ਹਨ ਅਤੇ ਇਹ ਜਾਸੂਸੀ ਜਾਂ ਹਥਿਆਰ ਲਿਜਾਣ ਲਈ ਵਰਤੇ ਜਾ ਸਕਦੇ ਹਨ, ਜੋ ਲੋਕਾਂ ਵਿੱਚ ਘਬਰਾਹਟ ਪੈਦਾ ਕਰਦੇ ਹਨ।”

### ਪੰਜਾਬ ਦੀ ਸੰਘਣੀ ਆਬਾਦੀ ਅਤੇ ਜੋਖਮ

ਗੁਜਰਾਤ ਅਤੇ ਰਾਜਸਥਾਨ ਦੇ ਮੁਕਾਬਲੇ, ਪੰਜਾਬ ਅਤੇ ਜੰਮੂ-ਕਸ਼ਮੀਰ ਦੀ ਸੰਘਣੀ ਆਬਾਦੀ ਡਰੋਨ ਹਮਲਿਆਂ ਦੇ ਜੋਖਮ ਨੂੰ ਵਧਾਉਂਦੀ ਹੈ। ਫਿਰੋਜ਼ਪੁਰ ਅਤੇ ਗੁਰਦਾਸਪੁਰ ਵਰਗੀਆਂ ਘਟਨਾਵਾਂ ਨੇ ਇਹ ਸਪੱਸ਼ਟ ਕੀਤਾ ਹੈ ਕਿ ਡਰੋਨਜ਼ ਸਿਰਫ ਫੌਜੀ ਨਿਸ਼ਾਨਿਆਂ ਨੂੰ ਹੀ ਨਹੀਂ, ਸਗੋਂ ਆਮ ਨਾਗਰਿਕਾਂ ਨੂੰ ਵੀ ਖਤਰੇ ਵਿੱਚ ਪਾ ਸਕਦੇ ਹਨ। ਸਾਬਕਾ ਕੈਪਟਨ ਰਾਜੀਵ ਨਾਰੰਗ ਨੇ ਸੁਝਾਅ ਦਿੱਤਾ ਕਿ ਪੰਜਾਬ ਨੂੰ ਮਨੁੱਖ ਰਹਿਤ ਟ੍ਰੈਫਿਕ ਮੈਨੇਜਮੈਂਟ ਸਿਸਟਮ, ਡਰੋਨ ਵਿਰੋਧੀ ਸਿਸਟਮ, ਅਤੇ ਏਅਰ ਡਿਫੈਂਸ ਸਿਸਟਮ ਨਾਲ ਜੋੜਨ ਦੀ ਲੋੜ ਹੈ। ਬੀਐਸਐਫ ਅਤੇ ਪੁਲਿਸ ਵਿੱਚ ਤਾਲਮੇਲ ਜ਼ਰੂਰੀ ਹੈ, ਨਾ ਸਿਰਫ ਜੰਗ ਦੇ ਸਮੇਂ ਸਗੋਂ ਸ਼ਾਂਤੀ ਵੇਲੇ ਵੀ। ਉਨ੍ਹਾਂ ਨੇ ਭਾਰਤ ਵਿੱਚ ਸਸਤੀ ਅਤੇ ਪ੍ਰਭਾਵੀ ਡਰੋਨ ਵਿਰੋਧੀ ਤਕਨੀਕ ਵਿਕਸਿਤ ਕਰਨ ਦੀ ਮੰਗ ਕੀਤੀ।

### ਸਰਕਾਰੀ ਉਪਰਾਲੇ

ਪੰਜਾਬ ਸਰਕਾਰ ਨੇ 51.41 ਕਰੋੜ ਰੁਪਏ ਦੀ ਲਾਗਤ ਨਾਲ 9 ਐਂਟੀ-ਡਰੋਨ ਸਿਸਟਮ ਲਗਾਉਣ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ, ਜੋ 532 ਕਿਲੋਮੀਟਰ ਲੰਬੀ ਸਰਹੱਦ ’ਤੇ ਸਥਾਪਤ ਕੀਤੇ ਜਾਣਗੇ। ਇਹ ਸਿਸਟਮ ਸਰਹੱਦ ਪਾਰੋਂ ਹਥਿਆਰ, ਧਮਾਕਾਖੇਜ਼ ਸਮੱਗਰੀ, ਅਤੇ ਨਸ਼ਿਆਂ ਦੀ ਸਪਲਾਈ ਰੋਕਣ ਵਿੱਚ ਸਹਾਇਕ ਹੋਣਗੇ। ਕਈ ਜ਼ਿਲ੍ਹਿਆਂ ਵਿੱਚ ਡਰੋਨ ਉਡਾਉਣ ’ਤੇ ਪਾਬੰਦੀ ਵੀ ਲਗਾਈ ਗਈ ਹੈ।ਪੰਜਾਬ ਟਾਈਮਜ ਅਨੁਸਾਰ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਦੇ ਤਾਲਮੇਲ ਨਾਲ ਹੀ ਪੰਜਾਬ ਦੇ ਨਾਗਰਿਕਾਂ ਨੂੰ ਇਸ ਨਵੇਂ ਜੋਖਮ ਤੋਂ ਬਚਾਇਆ ਜਾ ਸਕਦਾ ਹੈ।

# ਪੁੰਛ ਵਿੱਚ ਪਾਕਿਸਤਾਨੀ ਹਮਲਿਆਂ ਦੌਰਾਨ ਸਿਖਾਂ ਦਾ ਹੋਇਆ ਸੀ ਨੁਕਸਾਨ

## ✪ ਪੁੰਛ ਦੇ ਗੁਰਦੁਆਰੇ ’ਤੇ ਡਿਗੇ ਸਨ ਗੋਲੇ, ਗੁਰੂ ਗ੍ਰੰਥ ਸਾਹਿਬ ਸੁਰੱਖਿਅਤ, ਪਰ ਇਮਾਰਤ ਨੂੰ ਨੁਕਸਾਨ







**ਖਾਸ ਖਬਰ**

ਪੁੰਛ, ਜੋ ਕਦੇ ‘ਮਿੰਨੀ ਕਸ਼ਮੀਰ’ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਹੁਣ ਪਾਕਿਸਤਾਨ ਵੱਲੋਂ ਕੀਤੀ ਗੋਲਾਬਾਰੀ ਦੀ ਤਬਾਹੀ ਦਾ ਸ਼ਿਕਾਰ ਹੋ ਚੁੱਕਿਆ ਹੈ। 6 ਅਤੇ 7 ਮਈ ਦੀ ਰਾਤ ਨੂੰ, ਭਾਰਤ ਦੇ ਓਪਰੇਸ਼ਨ ਸਿੰਦੂਰ ਦੇ ਜਵਾਬ ਵਿੱਚ, ਪਾਕਿਸਤਾਨ ਨੇ ਕੰਟਰੋਲ ਰੇਖਾ (ਐੱਲ.ਓ.ਸੀ.) ’ਤੇ ਡਰੋਨ, ਗੋਲੇ ਅਤੇ ਹੋਰ ਹਥਿਆਰਾਂ ਨਾਲ ਹਮਲੇ ਕੀਤੇ। ਇਨ੍ਹਾਂ ਹਮਲਿਆਂ ਨੇ ਪੁੰਛ ਦੇ ਗੁਰਦੁਆਰੇ, ਮਦਰੱਸੇ, ਕੈਥੋਲਿਕ ਸਕੂਲ ਅਤੇ ਤਿੰਨ ਦਰਜਨ ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਾਇਆ।

### ਗੁਰਦੁਆਰੇ ’ਤੇ ਹਮਲਾ

7 ਮਈ ਦੀ ਸਵੇਰ ਨੂੰ, ਜਦੋਂ ਸਬਰ ਸਿੰਘ ਗੁਰਦੁਆਰਾ ਸਾਹਿਬ ਦਾ ਦਰਵਾਜ਼ਾ ਬੰਦ ਕਰ ਰਹੇ ਸਨ, ਤਾਂ ਪਿਛਲੀ ਕੰਧ ’ਤੇ ਇੱਕ ਗੋਲਾ ਆ ਕੇ ਵੱਜਿਆ। ਸਬਰ ਸਿੰਘ ਨੇ ਪਹਿਲਾਂ ਪਵਿੱਤਰ ਗੁਰੂ ਗ੍ਰੰਥ ਸਾਹਿਬ ਨੂੰ ਸੁਰੱਖਿਅਤ ਕੀਤਾ। ਦਰਵਾਜ਼ੇ, ਖਿੜਕੀਆਂ ਅਤੇ ਪਿਛਲੀ ਕੰਧ ਮਲਬੇ ਵਿੱਚ ਤਬਦੀਲ ਹੋ ਗਈ, ਪਰ ਵਾਹਿਗੁਰੂ ਦੀ ਕਿਰਪਾ ਨਾਲ ਗੁਰੂ ਗ੍ਰੰਥ ਸਾਹਿਬ ਦੀ ਥਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਸਬਰ ਸਿੰਘ ਨੇ ਕਿਹਾ, “ਸਭ ਕੁਝ ਧੂੰਏਂ ਨਾਲ ਭਰਿਆ ਹੋਇਆ ਸੀ, ਪਰ ਗੁਰੂ ਜੀ ਦੀ ਥਾਂ ਸੁਰਖਿਅਤ ਰਹੀ।”

### ਕਸ਼ਮੀਰ ਵਿੱਚ ਸਿੱਖਾਂ ਨੂੰ ਹੋਇਆ ਨੁਕਸਾਨ

ਸਭ ਤੋਂ ਵੱਧ ਨੁਕਸਾਨ ਪੁੰਛ ਦੇ ਗੁਰਦੁਆਰਾ ਸਾਹਿਬ ਨੂੰ ਹੋਇਆ, ਜਿੱਥੇ ਪਿਛਲੀ ਕੰਧ, ਦਰਵਾਜ਼ੇ ਅਤੇ ਖਿੜਕੀਆਂ ਤਬਾਹ ਹੋ ਗਈਆਂ। ਸਬਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੁਰਦੁਆਰੇ ਦੀ ਸੰਭਾਲ ਲਈ ਰੁਕੇ ਹੋਏ ਸਨ, ਜਦਕਿ ਉਨ੍ਹਾਂ ਦਾ ਪਰਿਵਾਰ ਜੰਮੂ ਚਲਾ ਗਿਆ ਸੀ। ਖਬਰਾਂ ਮੁਤਾਬਕ, ਪੁੰਛ ਦੇ ਆਸ-ਪਾਸ ਦੇ ਸਿੱਖ ਪਰਿਵਾਰਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਵੀ ਨੁਕਸਾਨ ਪਹੁੰਚਿਆ। ਕਈ ਸਿੱਖ ਪਰਿਵਾਰ ਸੁਰੱਖਿਅਤ ਥਾਵਾਂ ’ਤੇ ਚਲੇ ਗਏ, ਪਰ ਕੁਝ ਅਜੇ ਵੀ ਆਪਣੀ ਜਾਇਦਾਦ ਦੀ ਰਾਖੀ ਲਈ ਰੁਕੇ ਹੋਏ ਹਨ। ਸਿੱਖ ਭਾਈਚਾਰੇ ਦੀਆਂ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਵੀ ਭਾਰੀ ਨੁਕਸਾਨ ਹੋਇਆ, ਜਿਸ ਕਾਰਨ ਕਈ ਪਰਿਵਾਰਾਂ ਦੀ ਰੋਜ਼ੀ-ਰੋਟੀ ’ਤੇ ਅਸਰ ਪਿਆ।

### ਮਦਰੱਸੇ ਅਤੇ ਸਕੂਲ ਦੀ ਤਬਾਹੀ

ਜਾਮੀਆ ਜ਼ਿਆ-ਉਲ-ਉਲੂਮ ਮਦਰੱਸੇ ਵਿੱਚ ਇੱਕ ਗੋਲੇ ਨੇ ਛੱਤ ਨੂੰ ਚੀਰ ਦਿੱਤਾ, ਜਿਸ ਵਿੱਚ ਉਸਤਾਦ ਮੁਹੰਮਦ ਕਾਰੀ ਦੀ ਮੌਤ ਹੋ ਗਈ ਅਤੇ ਪੰਜ ਬੱਚੇ ਜ਼ਖਮੀ ਹੋਏ। ਕ੍ਰਾਈਸਟ ਸਕੂਲ ਦਾ ਇੱਕ ਹਿੱਸਾ ਵੀ ਮਲਬੇ ਵਿੱਚ ਤਬਦੀਲ ਹੋ ਗਿਆ, ਜਿੱਥੇ 13 ਸਾਲ ਦੇ ਜੁੜਵਾਂ ਭੈਣ-ਭਰਾ ਦੀ ਮੌਤ ਹੋ ਗਈ ਅਤੇ ਕਈ ਵਿਦਿਆਰਥੀ ਜ਼ਖਮੀ ਹੋਏ।

### ਸ਼ਹਿਰ ਦਾ ਹਾਲ

10 ਮਈ ਨੂੰ ਸੰਘਰਸ਼ ਵਿਰਾਮ ਦੀ ਘੋਸ਼ਣਾ ਤੋਂ ਪਹਿਲਾਂ ਪੁੰਛ ਸ਼ਹਿਰ ਤਬਾਹ ਹੋ ਚੁੱਕਿਆ ਸੀ। ਜ਼ਿਆਦਾਤਰ ਨਿਵਾਸੀ, ਸੈਲਾਨੀ ਅਤੇ ਪ੍ਰਵਾਸੀ ਮਜ਼ਦੂਰ ਸੁਰੱਖਿਅਤ ਥਾਵਾਂ ’ਤੇ ਚਲੇ ਗਏ। ਸ਼ਹਿਰ ਵਿੱਚ ਸੰਨਾਟਾ ਪਸਰਿਆ ਹੋਇਆ ਹੈ, ਅਤੇ ਪੁੰਛ ਨਦੀ ਦੀ ਆਵਾਜ਼ ਹੀ ਇਸ ਸ਼ਾਂਤੀ ਨੂੰ ਤੋੜਦੀ ਹੈ।

ਬਲਬੀਰ ਸਿੰਘ, ਜਿਨ੍ਹਾਂ ਦੇ ਘਰ ’ਤੇ ਤਿੰਨ ਗੋਲੇ ਵੱਜੇ, ਨੇ ਕਿਹਾ, “ਸਾਡਾ ਵਕਤ ਅਜੇ ਨਹੀਂ ਆਇਆ ਸੀ।” ਉਹ ਅਤੇ ਹੋਰ ਨਿਵਾਸੀ ਸ਼ਾਂਤੀ ਦੀ ਉਡੀਕ ਕਰ ਰਹੇ ਹਨ, ਪਰ ਉਨ੍ਹਾਂ ਨੂੰ ਡਰ ਹੈ ਕਿ ਮੁੜ ਗੋਲਾਬਾਰੀ ਸ਼ੁਰੂ ਨਾ ਹੋ ਜਾਵੇ।

ਪੁੰਛ ਦੀ ਹਰ ਗਲੀ ਵਿੱਚ ਇਸ ਜੰਗ ਦੇ ਨਿਸ਼ਾਨ ਮੌਜੂਦ ਹਨ। ਨਿਵਾਸੀਆਂ ਦਾ ਕਹਿਣਾ ਹੈ ਕਿ ਇਸ ਆਘਾਤ ਤੋਂ ਉੱਭਰਨ ਵਿੱਚ ਸਾਲਾਂ ਲੱਗ ਜਾਣਗੇ। ਸਿੱਖ ਭਾਈਚਾਰੇ ਸਮੇਤ ਸਾਰੇ ਸ਼ਹਿਰ ਨੂੰ ਮੁੜ ਉਸਾਰਨ ਲਈ ਸਰਕਾਰੀ ਅਤੇ ਸਮਾਜਿਕ ਸਹਾਇਤਾ ਦੀ ਸਖ਼ਤ ਲੋੜ ਹੈ।

# ਸੁਖਬੀਰ ਬਾਦਲ ਨੇ ਪ੍ਰਧਾਨ ਮੰਤਰੀ ਮੋਦੀ ਦੀ ਸ਼ਲਾਘਾ ਕੀਤੀ

## ✪ ‘ਆਪ੍ਰੇਸ਼ਨ ਸਿੰਦੂਰ’ ਦੀ ਸਫਲਤਾ ’ਤੇ ਵਧਾਈ



ਚੰਡੀਗੜ੍ਹ-ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ‘ਆਪ੍ਰੇਸ਼ਨ ਸਿੰਦੂਰ’ ਦੀ ਸਫਲਤਾ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੂਟਨੀਤਕ ਸਮਰੱਥਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੋਦੀ ਦੀ ਮਜ਼ਬੂਤ ਰਣਨੀਤੀ ਕਾਰਨ ਪਾਕਿਸਤਾਨ ਨੂੰ ਜੰਗਬੰਦੀ ਲਈ ਵਾਸ਼ਿੰਗਟਨ ਜਾਣਾ ਪਿਆ। ਸੁਖਬੀਰ ਨੇ ਹਥਿਆਰਬੰਦ ਬਲਾਂ ਨੂੰ ਵਧਾਈ ਦਿੱਤੀ ਅਤੇ ਜੰਗਬੰਦੀ ਦੀ ਆਲੋਚਨਾ ਕਰਨ ਵਾਲੇ ਸਿਆਸਤਦਾਨਾਂ ’ਤੇ ਨਿਸ਼ਾਨਾ ਸਾਧਿਆ, ਕਹਿੰਦਿਆਂ ਕਿ ਪੰਜਾਬ ਨੇ ਪਾਕਿਸਤਾਨ ਨਾਲ ਜੰਗਾਂ ਵਿੱਚ ਸਭ ਤੋਂ ਵੱਧ ਨੁਕਸਾਨ ਝੱਲਿਆ ਹੈ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀ ਦੇਸ਼ ਪ੍ਰਤੀ ਵਫ਼ਾਦਾਰੀ ਦੀ ਸ਼ਲਾਘਾ ਕੀਤੀ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ‘ਆਪ੍ਰੇਸ਼ਨ ਸਿੰਦੂਰ’ ਅਤੇ ਜੰਗਬੰਦੀ ’ਤੇ ਚਰਚਾ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ।

# ਪੰਜਾਬ-ਹਰਿਆਣਾ ਜਲ ਵਿਵਾਦ : ਹਾਈ ਕੋਰਟ ਨੇ ਕੇਂਦਰ, ਹਰਿਆਣਾ ਅਤੇ ਬੀਬੀਐਮਬੀ ਨੂੰ ਭੇਜਿਆ ਨੋਟਿਸ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਵਿਚਕਾਰ ਚੱਲ ਰਹੇ ਪਾਣੀ ਦੇ ਵਿਵਾਦ ਵਿੱਚ ਪੰਜਾਬ ਸਰਕਾਰ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਪੰਜਾਬ ਸਰਕਾਰ ਵੱਲੋਂ ਦਾਇਰ ਸਮੀਖਿਆ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ, ਹਰਿਆਣਾ ਸਰਕਾਰ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਦੇ ਬਦਲੇ ਸਟੈਂਡ ’ਤੇ ਵੀ ਸਪੱਸ਼ਟੀਕਰਨ ਮੰਗਿਆ ਅਤੇ ਹਰਿਆਣਾ ਨੂੰ ਵਾਧੂ ਪਾਣੀ ਦੀ ਲੋੜ ਦਾ ਕਾਰਨ ਪੁੱਛਿਆ। ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ। ਇਸ ਦੌਰਾਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਮਹੱਤਵਪੂਰਨ ਮੀਟਿੰਗ, ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਇੰਜੀਨੀਅਰ ਸ਼ਾਮਲ ਹੋਣੇ ਸਨ, ਨੋਟਿਸ ਮਿਲਣ ਤੋਂ ਬਾਅਦ ਮੁਲਤਵੀ ਕਰ ਦਿੱਤੀ ਗਈ। ਪੰਜਾਬ ਸਰਕਾਰ ਦੀ ਇਸ ਕੂਟਨੀਤਕ ਸਫਲਤਾ ਨੂੰ ਪਾਣੀ ਦੇ ਹੱਕਾਂ ਦੀ ਲੜਾਈ ਵਿੱਚ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ।

# ਅੱਤਵਾਦੀਆਂ ਦੇ 9 ਟਿਕਾਣਿਆਂ ਨੂੰ ਤਬਾਹ ਕੀਤਾ ਤੇ 100 ਤੋਂ ਵੱਧ ਅੱਤਵਾਦੀਆਂ ਨੂੰ ਮਾਰਿਆ

## ✪ ਪ੍ਰਧਾਨ ਮੰਤਰੀ ਮੋਦੀ ਵਲੋਂ ਆਦਮਪੁਰ ਏਅਰਬੇਸ ਦੌਰਾ



ਆਦਮਪੁਰ-ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੇ ਆਦਮਪੁਰ ਏਅਰਬੇਸ ਪਹੁੰਚੇ, ਜਿੱਥੇ ਉਨ੍ਹਾਂ ਨੇ ਭਾਰਤੀ ਫੌਜ ਦੇ ਜਵਾਨਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸੰਬੋਧਨ ਕਰਦਿਆਂ ‘ਆਪ੍ਰੇਸ਼ਨ ਸਿੰਦੂਰ’ ਦੀਆਂ ਪ੍ਰਾਪਤੀਆਂ ਅਤੇ ਭਾਰਤ ਦੀ ਸੁਰੱਖਿਆ ਨੀਤੀ ਬਾਰੇ ਵਿਸਥਾਰ ਨਾਲ ਗੱਲ ਕੀਤੀ। ਪੀਐਮ ਮੋਦੀ ਨੇ ਕਿਹਾ ਕਿ ‘ਆਪ੍ਰੇਸ਼ਨ ਸਿੰਦੂਰ’ ਨੂੰ ਫਿਲਹਾਲ ਮੁਲਤਵੀ ਕੀਤਾ ਗਿਆ ਹੈ, ਪਰ ਪਾਕਿਸਤਾਨ ਦੀਆਂ ਕਿਸੇ ਵੀ ਨਾਪਾਕ ਹਰਕਤਾਂ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਨੇ ਜਵਾਨਾਂ ਦੀ ਬਹਾਦਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਾਰਤ ਨੇ ਅੱਤਵਾਦੀਆਂ ਦੇ 9 ਟਿਕਾਣਿਆਂ ਨੂੰ ਤਬਾਹ ਕੀਤਾ ਅਤੇ 100 ਤੋਂ ਵੱਧ ਅੱਤਵਾਦੀਆਂ ਨੂੰ ਮਾਰਿਆ। ਮੋਦੀ ਨੇ ਕਿਹਾ, “ਪਾਕਿਸਤਾਨ ਨੇ ਕਈ ਵਾਰ ਸਾਡੇ ਏਅਰਬੇਸਾਂ ’ਤੇ ਹਮਲੇ ਦੀਆਂ ਕੋਸ਼ਿਸ਼ਾਂ ਕੀਤੀਆਂ, ਪਰ ਸਾਡੀ ਮਜ਼ਬੂਤ ਹਵਾਈ ਰੱਖਿਆ ਪ੍ਰਣਾਲੀ, ਜਿਸ ਨੂੰ ਐਸ-400 ਵਰਗੇ ਸਿਸਟਮ ਨੇ ਹੋਰ ਮਜ਼ਬੂਤ ਕੀਤਾ, ਨੇ ਹਰ ਵਾਰ ਉਸ ਦੇ ਨਾਪਾਕ ਇਰਾਦਿਆਂ ਨੂੰ ਨਾਕਾਮ ਕੀਤਾ।” ਪ੍ਰਧਾਨ ਮੰਤਰੀ ਨੇ ‘ਆਪ੍ਰੇਸ਼ਨ ਸਿੰਦੂਰ’ ਨੂੰ ਨੀਤੀ, ਨੀਤ ਅਤੇ ਫੈਸਲਾਕੁੰਨ ਸਮਰੱਥਾ ਦੀ ਤ੍ਰਿਵੇਣੀ ਦੱਸਿਆ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ, “ਸਵਾ ਲਾਖ ਸੇ ਏਕ ਲੜਾਊਂ,” ਦਾ ਜ਼ਿਕਰ ਕਰਦਿਆਂ ਕਿਹਾ ਕਿ ਅਧਰਮ ਦੇ ਨਾਸ਼ ਅਤੇ ਧਰਮ ਦੀ ਸਥਾਪਨਾ ਲਈ ਸ਼ਸਤਰ ਚੁੱਕਣਾ ਸਾਡੀ ਪਰੰਪਰਾ ਹੈ। ਉਨ੍ਹਾਂ ਨੇ ਭਾਰਤੀ ਫੌਜ, ਖੁਫੀਆ ਏਜੰਸੀਆਂ ਅਤੇ ਵਿਗਿਆਨੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਆਪ੍ਰੇਸ਼ਨ ਵਿੱਚ ਮਨੁੱਖੀ ਸ਼ਕਤੀ ਅਤੇ ਮਸ਼ੀਨਾਂ ਦਾ ਸ਼ਾਨਦਾਰ ਤਾਲਮੇਲ ਸੀ। ਪੀਐਮ ਮੋਦੀ ਨੇ ਜਵਾਨਾਂ ਦੀ ਬਹਾਦਰੀ ਨੂੰ ਦੇਸ਼ ਦੀਆਂ ਮਾਵਾਂ ਅਤੇ ਭੈਣਾਂ ਨੂੰ ਸਮਰਪਿਤ ਕਰਦਿਆਂ ਕਿਹਾ ਕਿ ‘ਆਪ੍ਰੇਸ਼ਨ ਸਿੰਦੂਰ’ ਨਿਆਂ ਦਾ ਵਾਅਦਾ ਹੈ। ਉਨ੍ਹਾਂ ਨੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਕਿ ਉਸ ਦੇ ਹਰ ਕਦਮ ਨੂੰ ਸਖਤੀ ਨਾਲ ਪਰਖਿਆ ਜਾਵੇਗਾ।

# ਆਪ੍ਰੇਸ਼ਨ ਸਿੰਦੂਰ - ਭਾਰਤ ਦੀ ਜਵਾਬੀ ਕਾਰਵਾਈ ਨੇ ਪਾਕਿਸਤਾਨ ਦੇ ਏਅਰਬੇਸਾਂ ਨੂੰ ਕੀਤਾ ਤਬਾਹ

## ✪ ਤਸਵੀਰਾਂ ਆਈਆਂ ਸਾਹਮਣੇ, ਇੰਟਰਨੈਸ਼ਨਲ ਮੀਡੀਆ ਨੇ ਵੀ ਪੁਸ਼ਟੀ ਕੀਤੀ



ਨਵੀਂ ਦਿੱਲੀ-ਭਾਰਤ ਨੇ 'ਆਪ੍ਰੇਸ਼ਨ ਸਿੰਦੂਰ' ਦੇ ਤਹਿਤ ਪਾਕਿਸਤਾਨ ਦੇ ਕਈ ਮੁੱਖ ਏਅਰਬੇਸਾਂ 'ਤੇ ਸਟੀਕ ਹਮਲੇ ਕਰਕੇ ਪਾਕਿਸਤਾਨੀ ਹਵਾਈ ਸੈਨਾ ਦੀ ਰੀੜ੍ਹ ਦੀ ਹੱਡੀ ਨੂੰ ਤੋੜ ਦਿੱਤਾ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਪਾਕਿਸਤਾਨ-ਪ੍ਰਯੋਜਿਤ ਅੱਤਵਾਦੀ ਹਮਲੇ ਵਿੱਚ 26 ਨਿਰਦੋਸ਼ ਲੋਕਾਂ ਦੀ ਮੌਤ ਦੇ ਜਵਾਬ ਵਿੱਚ, ਭਾਰਤ ਨੇ 7 ਮਈ ਨੂੰ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ, ਜਿਸ ਵਿੱਚ ਪਾਕਿਸਤਾਨ ਅਤੇ ਪਾਕਿਸਤਾਨ-ਕਬਜ਼ੇ ਵਾਲੇ ਕਸ਼ਮੀਰ ਵਿੱਚ 9 ਅੱਤਵਾਦੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਕਾਰਵਾਈ ਵਿੱਚ 100 ਤੋਂ ਵੱਧ ਅੱਤਵਾਦੀ ਮਾਰੇ ਗਏ, ਜਿਨ੍ਹਾਂ ਵਿੱਚ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਦੇ ਪੰਜ ਪ੍ਰਮੁੱਖ ਅੱਤਵਾਦੀ ਸ਼ਾਮਲ ਸਨ, ਜੋ 1999 ਦੇ ਆਈਸੀ-814 ਹਾਈਜੈਕ ਅਤੇ 2019 ਦੇ ਪੁਲਵਾਮਾ ਹਮਲੇ ਵਿੱਚ ਸ਼ਾਮਲ ਸਨ।ਪਾਕਿਸਤਾਨ ਨੇ ਇਸ ਦੇ ਜਵਾਬ ਵਿੱਚ ਘਬਰਾਹਟ ਵਿੱਚ ਭਾਰਤ 'ਤੇ 400 ਤੋਂ ਵੱਧ ਡਰੋਨ ਅਤੇ ਮਿਜ਼ਾਈਲ ਹਮਲੇ ਕੀਤੇ, ਪਰ ਭਾਰਤੀ ਹਵਾਈ ਰੱਖਿਆ ਪ੍ਰਣਾਲੀ ਨੇ ਇਨ੍ਹਾਂ ਨੂੰ ਨਾਕਾਮ ਕਰ ਦਿੱਤਾ।

10 ਮਈ ਨੂੰ, ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨ ਦੇ 11 ਏਅਰਬੇਸਾਂ, ਜਿਨ੍ਹਾਂ ਵਿੱਚ ਨੂਰ ਖਾਨ, ਰਹੀਮ ਯਾਰ ਖਾਨ, ਸੁੱਕਰ, ਭੋਲਾਰੀ, ਅਤੇ ਸ਼ਾਹਬਾਜ਼ ਸ਼ਾਮਲ ਸਨ, 'ਤੇ ਸਟੀਕ ਹਮਲੇ ਕੀਤੇ। ਸੈਟੇਲਾਈਟ ਤਸਵੀਰਾਂ, ਜੋ ਮੈਕਸਰ ਟੈਕਨਾਲੋਜੀਜ਼ ਅਤੇ ਹੋਰ ਸਰੋਤਾਂ ਦੁਆਰਾ ਜਾਰੀ ਕੀਤੀਆਂ ਗਈਆਂ, ਨੇ ਇਨ੍ਹਾਂ ਏਅਰਬੇਸਾਂ 'ਤੇ ਵੱਡੇ ਪੱਧਰ 'ਤੇ ਨੁਕਸਾਨ ਦੀ ਪੁਸ਼ਟੀ ਕੀਤੀ, ਜਿਸ ਵਿੱਚ ਰਨਵੇਆਂ 'ਤੇ ਵੱਡੇ ਗਰਟਰ, ਹੈਂਗਰਾਂ ਦੀ ਤਬਾਹੀ, ਅਤੇ 20% ਪਾਕਿਸਤਾਨੀ ਹਵਾਈ ਸੈਨਾ ਦੀ ਸੰਪਤੀ ਦਾ ਨੁਕਸਾਨ ਸ਼ਾਮਲ ਹੈ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 12 ਮਈ ਨੂੰ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਨੂੰ ਅੱਤਵਾਦ ਦਾ ਸਮਰਥਨ ਬੰਦ ਕਰਨ ਦੀ ਚੇਤਾਵਨੀ ਦਿੱਤੀ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਭਾਰਤ ਨੇ ਪਾਕਿਸਤਾਨ ਦੇ ਕਿਰਾਨਾ ਹਿੱਲਜ਼, ਜਿੱਥੇ ਕਥਿਤ ਤੌਰ 'ਤੇ ਪਰਮਾਣੂ ਸਹੂਲਤ ਹੈ, 'ਤੇ ਹਮਲਾ ਨਹੀਂ ਕੀਤਾ। ਭਾਰਤੀ ਵਿਦੇਸ਼ ਮੰਤਰਾਲੇ ਨੇ ਵੀ ਪਰਮਾਣੂ ਹਮਲਿਆਂ ਦੀਆਂ ਅਫਵਾਹਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਸਾਰੀਆਂ ਕਾਰਵਾਈਆਂ ਪਰੰਪਰਾਗਤ ਸੀਮਾਵਾਂ ਵਿੱਚ ਸਨ। ਪਾਕਿਸਤਾਨ ਨੇ ਆਪਣੀ ਹਵਾਈ ਸੈਨਾ ਦੇ 11 ਜਵਾਨਾਂ ਦੀ ਮੌਤ ਅਤੇ 78 ਦੇ ਜ਼ਖਮੀ ਹੋਣ ਦੀ ਪੁਸ਼ਟੀ ਕੀਤੀ, ਜਦਕਿ ਭਾਰਤ ਨੇ ਦਾਅਵਾ ਕੀਤਾ ਕਿ 35-40 ਪਾਕਿਸਤਾਨੀ ਸੈਨਿਕ ਵੀ ਮਾਰੇ ਗਏ ਸਨ।

### ਖਬਰ ਦਾ ਸੱਚ ਅਤੇ ਪ੍ਰਮਾਣਿਕਤਾ

ਭਾਰਤੀ ਦਾਅਵਿਆਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਵੱਖ-ਵੱਖ ਸਰੋਤਾਂ ਤੋਂ ਹੋਈ ਹੈ। ਮੈਕਸਰ ਟੈਕਨਾਲੋਜੀਜ਼ ਅਤੇ ਚੀਨੀ ਸੈਟੇਲਾਈਟ ਕੰਪਨੀ ਮਿਜ਼ਾਜ਼ਵਿਜ਼ਨ ਦੁਆਰਾ ਜਾਰੀ ਕੀਤੀਆਂ ਸੈਟੇਲਾਈਟ ਤਸਵੀਰਾਂ ਵਿੱਚ ਨੂਰ ਖਾਨ, ਰਹੀਮ ਯਾਰ ਖਾਨ, ਸੁੱਕਰ, ਅਤੇ ਸ਼ਾਹਬਾਜ਼ ਏਅਰਬੇਸਾਂ 'ਤੇ ਵੱਡੇ ਗਰਟਰ ਅਤੇ ਢਾਂਚਾਗਤ ਨੁਕਸਾਨ ਸਾਫ ਦਿਖਾਈ ਦਿੰਦੇ ਹਨ। ਭਾਰਤੀ ਹਵਾਈ ਸੈਨਾ ਦੇ ਡਾਇਰੈਕਟਰ ਜਨਰਲ ਏਅਰ ਆਪ੍ਰੇਸ਼ਨਜ਼ ਏਅਰ ਮਾਰਸ਼ਲ ਏਕੇ ਭਾਰਤੀ ਨੇ ਪ੍ਰੈਸ ਕਾਨਫਰੰਸ ਵਿੱਚ ਸਪੱਸ਼ਟ ਕੀਤਾ ਕਿ ਹਮਲੇ ਸਿਰਫ ਅੱਤਵਾਦੀ ਠਿਕਾਣਿਆਂ ਅਤੇ ਸੈਨਿਕ ਸਹੂਲਤਾਂ 'ਤੇ ਕੀਤੇ ਗਏ, ਨਾ ਕਿ ਕਿਰਾਨਾ ਹਿੱਲਜ਼ ਵਰਗੀਆਂ ਪਰਮਾਣੂ ਸਹੂਲਤਾਂ 'ਤੇ।ਹਾਲਾਂਕਿ, ਪਾਕਿਸਤਾਨ ਨੇ ਦਾਅਵਾ ਕੀਤਾ ਕਿ ਭਾਰਤ ਨੇ ਸਿਵਿਲ ਏਅਰਪੋਰਟਾਂ 'ਤੇ ਹਮਲਾ ਕੀਤਾ, ਜਿਵੇਂ ਕਿ ਰਹੀਮ ਯਾਰ ਖਾਨ ਦਾ ਸ਼ੇਖ ਜ਼ਯਾਦ ਅੰਤਰਰਾਸ਼ਟਰੀ ਹਵਾਈ ਅੱਡਾ, ਜਿਸ ਨੂੰ ਮਿਜ਼ਾਈਲ ਅਤੇ ਡਰੋਨ ਨਾਲ ਨਿਸ਼ਾਨਾ ਬਣਾਇਆ ਗਿਆ। ਪਾਕਿਸਤਾਨ ਦੀ ਪ੍ਰਚਾਰ ਮਸ਼ੀਨਰੀ ਨੇ ਭਾਰਤੀ ਨੁਕਸਾਨ ਦੀਆਂ ਜਾਅਲੀ ਖਬਰਾਂ ਵੀ ਫੈਲਾਈਆਂ, ਜਿਵੇਂ ਕਿ ਉਧਮਪੁਰ ਏਅਰਬੇਸ 'ਤੇ ਹਮਲੇ ਦੀਆਂ ਤਸਵੀਰਾਂ, ਜੋ ਬਾਅਦ ਵਿੱਚ ਗਲਤ ਸਾਬਤ ਹੋਈਆਂ।

ਅਲ ਜਜ਼ੀਰਾ ਨੇ ਲਿਖਿਆ ਕਿ 'ਆਪ੍ਰੇਸ਼ਨ ਸਿੰਦੂਰ' ਨੇ ਪੁਰਾਣੀਆਂ ਸੀਮਾਵਾਂ ਨੂੰ ਤੋੜ ਦਿੱਤਾ ਅਤੇ ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਢਾਂਚੇ 'ਤੇ ਸਿੱਧਾ ਹਮਲਾ ਕੀਤਾ।

ਨਿਊਜ਼ਵੀਕ ਨੇ ਵੀ ਸੈਟੇਲਾਈਟ ਤਸਵੀਰਾਂ ਦੇ ਹਵਾਲੇ ਨਾਲ ਪਾਕਿਸਤਾਨੀ ਏਅਰਬੇਸਾਂ 'ਤੇ ਨੁਕਸਾਨ ਦੀ ਪੁਸ਼ਟੀ ਕੀਤੀ।

ਪਾਕਿਸਤਾਨੀ ਮੀਡੀਆ ਨੇ ਦਾਅਵਾ ਕੀਤਾ ਕਿ ਭਾਰਤ ਨੇ ਸਿਵਿਲ ਟਾਰਗੇਟਸ 'ਤੇ ਹਮਲਾ ਕੀਤਾ, ਅਤੇ ਰਹੀਮ ਯਾਰ ਖਾਨ ਦੇ ਸ਼ੇਖ ਜ਼ਯਾਦ ਏਅਰਪੋਰਟ ਦੀ ਰਨਵੇ ਨੂੰ ਨੁਕਸਾਨ ਪਹੁੰਚਾਇਆ। ਪਾਕਿਸਤਾਨੀ ਫੌਜ ਨੇ 11 ਜਵਾਨਾਂ ਦੀ ਮੌਤ ਦੀ ਪੁਸ਼ਟੀ ਕੀਤੀ, ਪਰ ਭਾਰਤ ਦੇ 35-40 ਸੈਨਿਕਾਂ ਦੀ ਮੌਤ ਦੇ ਦਾਅਵੇ ਨੂੰ ਖਾਰਜ ਕੀਤਾ।

### ਮਾਮਲਾ ਸਾਊਦੀ ਰੈਸਟੋਰੈਂਟ ਵਿਚ ਦਰਬਾਰ ਸਾਹਿਬ ਦੀਆਂ ਤਸਵੀਰਾਂ 'ਤੇ ਵਿਵਾਦ ਦਾ

## ਸ਼੍ਰੋਮਣੀ ਕਮੇਟੀ ਨੇ ਤਸਵੀਰਾਂ ਹਟਾਉਣ ਦੀ ਮੰਗ ਰਖੀ




ਅੰਮ੍ਰਿਤਸਰ-ਸਾਊਦੀ ਅਰਬ ਦੇ ਰਿਆਧ ਵਿਚ ਇੱਕ ਰੈਸਟੋਰੈਂਟ ਵਿਚ ਸ੍ਰੀ ਦਰਬਾਰ ਸਾਹਿਬ ਦੀਆਂ ਤਸਵੀਰਾਂ ਦੀ ਵਪਾਰਕ ਵਰਤੋਂ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁਜਣ ਕਾਰਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤੀ ਸਫਾਰਤਖਾਨੇ ਨੂੰ ਪੱਤਰ ਲਿਖ ਕੇ ਮਾਮਲਾ ਸਾਊਦੀ ਅਧਿਕਾਰੀਆਂ ਕੋਲ ਉਠਾਉਣ ਅਤੇ ਤਸਵੀਰਾਂ ਹਟਾਉਣ ਦੀ ਅਪੀਲ ਕੀਤੀ,

ਕਿਉਂਕਿ ਰੈਸਟੋਰੈਂਟ 'ਚ ਮੀਟ ਅਤੇ ਸ਼ਰਾਬ ਸਰਵ ਕੀਤੇ ਜਾਂਦੇ ਹਨ।

### *-ਮਾਮਲਾ ਪੁਲਿਸ ਸਟੇਸ਼ਨ ਨੂੰ ਉਡਾਉਣ ਦੀ ਸਾਜ਼ਿਸ਼ ਰਚਣ ਦਾ -*

## ਬੱਬਰ ਖ਼ਾਲਸਾ ਦਾ ਤੀਜਾ ਸਾਥੀ ਗ੍ਰਿ.ਫਤਾਰ

ਚੰਡੀਗੜ੍ਹ-ਚੰਡੀਗੜ੍ਹ ਵਿੱਚ ਬਰਾਮਦ ਹੋਏ ਆਈਈਡੀ ਨਾਲ ਪੁਲਿਸ ਸਟੇਸ਼ਨ ਨੂੰ ਉਡਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਸੀ। ਇਹ ਸਾਜ਼ਿਸ਼ ਹੈਪੀ ਪਸੀਆ, ਮੰਨੂ ਅਗਵਾਹ, ਬਿੱਲਾ 420, ਗੋਪੀ ਨਨਵਾਸਰੀਆ ਅਤੇ ਪਾਕਿਸਤਾਨ ਸਥਿਤ ਗੈਂਗਸਟਰ ਹਰਿੰਦਰ ਸਿੰਘ ਰਿੰਦਾ ਦੁਆਰਾ ਰਚੀ ਜਾ ਰਹੀ ਸੀ। ਪੁਲਿਸ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ। ਕਰਾਈਮ ਬਰਾਂਚ ਟੀਮ ਵੱਲੋਂ ਗੈਂਗਸਟਰ ਹੈਪੀ ਪਸੀਆ ਗੈਂਗ ਨਾਲ ਸਬੰਧਤ ਮੁਲਜ਼ਮ ਜੋਬਨਜੀਤ ਸਿੰਘ ਬਿੱਲਾ ਅਤੇ ਸੁਮਨਦੀਪ ਸਿੰਮਾ ਦੀ ਗ੍ਰਿ.ਫਤਾਰੀ ਤੋਂ ਬਾਅਦ, ਬੱਬਰ ਖ਼ਾਲਸਾ ਗਿਰੋਹ ਦੇ ਤੀਜੇ ਸਾਥੀ ਹਰਵੰਤ ਸਿੰਘ ਹੈਰੀ ਨੂੰ ਇਕ ਪਿਸਤੌਲ ਅਤੇ 3 ਜ਼ਿੰਦਾ ਕਾਰਤੂਸਾਂ ਨਾਲ ਗ੍ਰਿ.ਫਤਾਰ ਕੀਤਾ ਗਿਆ ਹੈ। ਹਰਵੰਤ ਸਿੰਘ ਹੈਰੀ ਪਿੰਡ ਹਰਦੋ ਪੁਤਾਲੀ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ। ਮੁਲਜ਼ਮ ਖ਼ਿਲਾ.ਫ ਪੰਜਾਬ ਵਿੱਚ 5 ਅਪਰਾਧਿਕ ਮਾਮਲੇ ਦਰਜ ਹਨ। ਪੁਲਿਸ ਅਨੁਸਾਰ ਗ੍ਰਿ.ਫਤਾਰ ਮੁਲਜ਼ਮ ਪੈਸੇ ਲਈ ਕੰਮ ਕਰਦਾ ਸੀ।

ਉਨ੍ਹਾਂ ਨੂੰ ਸੁਨੇਹੇ ਮਿਲਦੇ ਸਨ ਕਿ ਆਈਈਡੀ, ਪਿਸਤੌਲ ਜਾਂ ਹੋਰ ਚੀਜ਼ਾਂ ਕਿੱਥੋਂ ਚੁੱਕਣੀਆਂ ਹਨ ਅਤੇ ਉਹ ਉਨ੍ਹਾਂ ਨੂੰ ਉੱਥੋਂ ਚੁੱਕ ਲੈਂਦੇ ਸਨ। ਇਸੇ ਤਰ੍ਹਾਂ, ਉਨ੍ਹਾਂ ਨੂੰ ਇਕ ਪੁਲਿਸ ਸਟੇਸ਼ਨ ਨੂੰ ਉਡਾਉਣ ਲਈ ਕਿਹਾ ਗਿਆ ਸੀ। ਹਾਲਾਂਕਿ, ਅਜੇ ਤਕ ਇਹ ਖ਼ੁਲਾਸਾ ਨਹੀਂ ਹੋਇਆ ਹੈ ਕਿ ਚੰਡੀਗੜ੍ਹ ਜਾਂ ਪੰਜਾਬ ਦੇ ਕਿਹੜੇ ਪੁਲਿਸ ਸਟੇਸ਼ਨ ਨੂੰ ਉਡਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ।

## ਅਕਾਲੀ ਦਲ ਅੰਮ੍ਰਿਤਸਰ ਨੇ ਟਰੰਪ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਦੇਣ ਲਈ ਮੁਹਿੰਮ ਛੇੜੀ



ਅੰਮ੍ਰਿਤਸਰ-ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ-ਪਾਕਿਸਤਾਨ ਵਿਚਕਾਰ ਹਾਲੀਆ ਤਣਾਅ ਅਤੇ ਸੰਭਾਵਿਤ ਪ੍ਰਮਾਣੂ ਜੰਗ ਨੂੰ ਰੋਕਣ ਵਿਚ ਅਹਿਮ ਯੋਗਦਾਨ ਪਾਇਆ। ਉਹਨਾਂ ਨੂੰ ਇਸ ਵਰ੍ਹੇ ਦਾ ਨੋਬੇਲ ਸ਼ਾਂਤੀ ਪੁਰਸਕਾਰ ਮਿਲਣਾ ਚਾਹੀਦਾ। ਇਸ ਮਕਸਦ ਲਈ ਦਲ ਵੱਲੋਂ ਮੁਹਿੰਮ ਸ਼ੁਰੂ ਕੀਤੀ ਜਾਵੇਗੀ।

**ਵਿਚਾਰ :–** ਦੁਨੀਆਂ ਦਾ ਸਭ ਤੋਂ ਬਲਵਾਨ ਮਨੁੱਖ ਉਹ ਹੈ ਜੋ ਇਕੱਲਿਆਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਸਮਰੱਥਾ ਰੱਖਦਾ ਹੈ। – (ਹੈਨਰਿਕ ਇਬਸਨ)



ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਮੁੱਦਾ, ਸੂਬੇ ਦੀ ਆਰਥਿਕਤਾ, ਬਨਾਮ ਪੰਜਾਬ ਸਰਕਾਰ

ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਮੁੱਦਾ ਸੂਬੇ ਦੀ ਆਰਥਿਕਤਾ, ਸਮਾਜਿਕ ਸਥਿਰਤਾ ਅਤੇ ਸਿਆਸੀ ਪਛਾਣ ਦਾ ਕੇਂਦਰੀ ਮਸਲਾ ਹੈ। ਇਹ ਸਿਰਫ਼ ਪਾਣੀ ਦੀ ਵੰਡ ਦਾ ਸਵਾਲ ਨਹੀਂ, ਸਗੋਂ ਪੰਜਾਬ ਦੀ ਖੇਤੀਬਾੜੀ, ਜੀਵਨ-ਜਾਚ ਅਤੇ ਭਵਿੱਖ ਦੀ ਸੁਰੱਖਿਆ ਨਾਲ ਜੁੜਿਆ ਮੁੱਦਾ ਹੈ। ਪੰਜਾਬ ਸਰਕਾਰ ਨੂੰ ਇਸ ਸੰਵੇਦਨਸ਼ੀਲ ਮਸਲੇ 'ਤੇ ਇੱਕ ਵਿਆਪਕ, ਪਾਰਦਰਸ਼ੀ ਅਤੇ ਉਚਿਤ ਨੀਤੀ ਅਪਣਾਉਣ ਦੀ ਲੋੜ ਹੈ, ਜੋ ਨਾ ਸਿਰਫ਼ ਸੂਬੇ ਦੇ ਹਿੱਤਾਂ ਦੀ ਰਾਖੀ ਕਰੇ, ਸਗੋਂ ਰਾਸ਼ਟਰੀ ਸੰਦਰਭ ਵਿੱਚ ਵੀ ਸੰਤੁਲਨ ਬਣਾਈ ਰੱਖੇ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਵਿਵਾਦ ਚੱਲ ਰਹੇ ਹਨ, ਖ਼ਾਸਕਰ ਸਤਲੁਜ-ਯਮੁਨਾ ਲਿੰਕ ਨਹਿਰ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫੈਸਲਿਆਂ ਨੂੰ ਲੈ ਕੇ ਪੰਜਾਬ ਸਰਕਾਰ ਦਾ ਹਾਲੀਆ ਕਦਮ, ਜਿਸ ਵਿੱਚ ਉਸ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ 4500 ਕਿਊਸਿਕ ਵਾਧੂ ਪਾਣੀ ਹਰਿਆਣਾ ਨੂੰ ਦੇਣ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ, ਸੂਬੇ ਦੇ ਹਿੱਤਾਂ ਦੀ ਰਾਖੀ ਦੀ ਦਿਸ਼ਾ ਵਿੱਚ ਇੱਕ ਸਕਾਰਾਤਮਕ ਪਹਿਲਕਦਮੀ ਹੈ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਇਹ ਫੈਸਲਾ "ਗੈਰਕਾਨੂੰਨੀ" ਹੈ ਅਤੇ ਇਸ ਦੇ ਪਿੱਛੇ ਕੇਂਦਰੀ ਭਾਜਪਾ ਸਰਕਾਰ ਦਾ ਹੱਥ ਹੈ।

ਇਸ ਤੋਂ ਇਲਾਵਾ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਨੰਗਲ ਡੈਮ 'ਤੇ ਲੋਕਾਂ ਦੇ ਧਰਨੇ ਨੇ ਵੀ ਸਰਕਾਰ ਦੀ ਸਰਗਰਮੀ ਨੂੰ ਦਰਸਾਇਆ। ਪਰ, ਸਿਰਫ਼ ਅਦਾਲਤੀ ਅਤੇ ਜਨਤਕ ਪ੍ਰਦਰਸ਼ਨਾਂ 'ਤੇ ਨਿਰਭਰ ਰਹਿਣਾ ਕਾਫ਼ੀ ਨਹੀਂ। ਪੰਜਾਬ ਸਰਕਾਰ ਨੂੰ ਇੱਕ ਲੰਮੇ ਸਮੇਂ ਦੀ, ਸੁਚਾਰੂ ਅਤੇ ਵਿਗਿਆਨਕ ਨੀਤੀ ਅਪਣਾਉਣ ਦੀ ਲੋੜ ਹੈ। ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਮੁੱਦਾ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮੁੱਚੇ ਪੰਜਾਬੀ ਭਾਈਚਾਰੇ ਦਾ ਸਵਾਲ ਹੈ। ਸਰਕਾਰ ਨੂੰ ਕਿਸਾਨ ਜਥੇਬੰਦੀਆਂ, ਸਿਆਸੀ ਪਾਰਟੀਆਂ, ਵਾਤਾਵਰਣ ਮਾਹਿਰਾਂ ਅਤੇ ਸਿਵਲ ਸੁਸਾਇਟੀ ਨਾਲ ਖੁੱਲ੍ਹ ਕੇ ਸੰਵਾਦ ਕਰਨਾ ਚਾਹੀਦਾ। ਇਸ ਸੰਵਾਦ ਦਾ ਉਦੇਸ਼ ਸਾਂਝੀ ਰਣਨੀਤੀ ਤਿਆਰ ਕਰਨਾ ਹੋਣਾ ਚਾਹੀਦਾ, ਜੋ ਪੰਜਾਬ ਦੇ ਹਿੱਤਾਂ ਨੂੰ ਪਹਿਲ ਦੇਵੇ। ਅਜਿਹੀ ਪਹੁੰਚ ਨਾਲ ਸਰਕਾਰ ਨੂੰ ਸਿਆਸੀ ਅਤੇ ਸਮਾਜਿਕ ਸਮਰਥਨ ਮਿਲੇਗਾ, ਜੋ ਅਦਾਲਤੀ ਲੜਾਈਆਂ ਵਿੱਚ ਵੀ ਮਦਦਗਾਰ ਸਾਬਤ ਹੋ ਸਕਦਾ ਹੈ।

ਸੁਪਰੀਮ ਕੋਰਟ ਵਿੱਚ ਮੁੜ ਵਿਚਾਰ ਪਟੀਸ਼ਨ ਦਾਇਰ ਕਰਨਾ ਸਰਕਾਰ ਦਾ ਸਹੀ ਕਦਮ ਹੈ, ਪਰ ਇਸ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਵਕੀਲਾਂ ਦੀ ਇੱਕ ਮਜ਼ਬੂਤ ਟੀਮ ਤਿਆਰ ਕਰਨੀ ਚਾਹੀਦੀ, ਜੋ ਵਿਗਿਆਨਕ ਅੰਕੜਿਆਂ, ਇਤਿਹਾਸਕ ਸਮਝੌਤਿਆਂ ਅਤੇ ਸੰਵਿਧਾਨਕ ਅਧਿਕਾਰਾਂ ਦੇ ਆਧਾਰ 'ਤੇ ਪੰਜਾਬ ਦਾ ਕੇਸ ਪੇਸ਼ ਕਰੇ। ਸਰਕਾਰ ਨੇ ਦੋਸ਼ ਲਾਇਆ ਹੈ ਕਿ ਬੀਬੀਐਮਬੀ ਨੇ 2 ਮਈ ਦੀ ਬੈਠਕ ਦੇ ਅਧਾਰ 'ਤੇ ਗੈਰਕਾਨੂੰਨੀ ਫੈਸਲਾ ਲਿਆ, ਜਿਸ ਦੇ ਮਿਨਟਸ ਜਾਰੀ ਨਹੀਂ ਹੋਏ। ਇਸ ਤਰ੍ਹਾਂ ਦੇ ਦਾਅਵਿਆਂ ਨੂੰ ਅੰਕੜਿਆਂ ਅਤੇ ਸਬੂਤਾਂ ਨਾਲ ਪੁਖ਼ਤਾ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇ। ਨਾਲ ਹੀ, ਪੰਜਾਬ ਦੇ ਭੂਮੀਗਤ ਪਾਣੀ ਦੀ ਘਟਦੀ ਮਾਤਰਾ ਅਤੇ ਖੇਤੀਬਾੜੀ ਦੀਆਂ ਜ਼ਰੂਰਤਾਂ 'ਤੇ ਵਿਸਤਾਰ ਨਾਲ ਤੱਥ ਰੱਖੇ ਜਾਣ।

ਪੰਜਾਬ ਦੇ ਭੂਮੀਗਤ ਪਾਣੀ ਦਾ ਪੱਧਰ ਤੇਜ਼ੀ ਨਾਲ ਘਟ ਰਿਹਾ ਹੈ, ਜੋ ਸੂਬੇ ਦੀ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਗੰਭੀਰ ਖ਼ਤਰਾ ਹੈ। ਸਰਕਾਰ ਨੂੰ ਇੱਕ ਵਿਗਿਆਨਕ ਅਤੇ ਪਾਰਦਰਸ਼ੀ ਸਰਵੇਖਣ ਕਰਵਾਉਣਾ ਚਾਹੀਦਾ, ਜਿਸ ਵਿੱਚ ਭੂਮੀਗਤ ਪਾਣੀ ਦੀ ਮੌਜੂਦਾ ਸਥਿਤੀ, ਖੇਤੀਬਾੜੀ ਦੀਆਂ ਜ਼ਰੂਰਤਾਂ ਅਤੇ ਭਵਿੱਖੀ ਯੋਜਨਾਬੰਦੀ ਦਾ ਵਿਸਤਾਰ ਨਾਲ ਜ਼ਿਕਰ ਹੋਵੇ। ਇਸ ਸਰਵੇਖਣ ਦੇ ਨਤੀਜਿਆਂ ਨੂੰ ਜਨਤਕ ਕਰਕੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ। ਇਸ ਦੇ ਨਾਲ ਹੀ, ਅੰਤਰਰਾਜੀ ਪਾਣੀ ਵੰਡ ਸਮਝੌਤਿਆਂ, ਜਿਵੇਂ ਕਿ 1981 ਦੇ ਸਮਝੌਤੇ, ਦਾ ਨਵੇਂ ਸਿਰੇ ਤੋਂ ਜਾਇਜ਼ਾ ਲਿਆ ਜਾਵੇ, ਕਿਉਂਕਿ ਹੁਣ ਪਾਣੀ ਦੀ ਉਪਲਬਧਤਾ ਅਤੇ ਮੰਗ ਵਿੱਚ ਵੱਡਾ ਬਦਲਾਅ ਆ ਚੁੱਕਿਆ ਹੈ। ਪਾਣੀ ਦੀ ਰਾਖੀ ਦਾ ਮੁੱਦਾ ਸਿਰਫ਼ ਸਰਕਾਰੀ ਜਾਂ ਅਦਾਲਤੀ ਪੱਧਰ 'ਤੇ ਨਹੀਂ, ਸਗੋਂ ਜਨਤਕ ਪੱਧਰ 'ਤੇ ਵੀ ਲੜਿਆ ਜਾਣਾ ਚਾਹੀਦਾ। ਪੰਜਾਬ ਸਰਕਾਰ ਨੂੰ ਇਸ ਮੁੱਦੇ ਨੂੰ ਲੋਕਾਂ ਦੀ ਲੜਾਈ ਬਣਾਉਣ ਲਈ ਜਾਗਰੂਕਤਾ ਮੁਹਿੰਮਾਂ ਸ਼ੁਰੂ ਕਰਨੀਆਂ ਚਾਹੀਦੀਆਂ। ਕਿਸਾਨ ਜਥੇਬੰਦੀਆਂ ਨੂੰ ਸਰਕਾਰ ਦੇ ਨਾਲ ਜੋੜ ਕੇ ਇੱਕ ਸਾਂਝੀ ਮੋਰਚੇਬੰਦੀ ਕੀਤੀ ਜਾਵੇ। ਮੁੱਖ ਮੰਤਰੀ ਭਗਵੰਤ ਮਾਨ ਨੇ ਨੰਗਲ ਡੈਮ 'ਤੇ ਕਿਸਾਨ ਜਥੇਬੰਦੀਆਂ ਦੀ ਚੁੱਪ 'ਤੇ ਸਵਾਲ ਉਠਾਏ, ਪਰ ਇਸ ਦੀ ਬਜਾਏ ਸਰਕਾਰ ਨੂੰ ਉਨ੍ਹਾਂ ਨੂੰ ਸੰਵਾਦ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ। ਕਿਰਤੀ ਕਿਸਾਨ ਯੂਨੀਅਨ ਵਰਗੀਆਂ ਜਥੇਬੰਦੀਆਂ ਨੇ ਪਹਿਲਾਂ ਵੀ ਪਾਣੀ ਦੇ ਮੁੱਦੇ 'ਤੇ ਮੁਜ਼ਾਹਰੇ ਕੀਤੇ ਹਨ, ਅਤੇ ਉਨ੍ਹਾਂ ਦੀ ਸਰਗਰਮੀ ਨੂੰ ਸਰਕਾਰ ਦੇ ਸਮਰਥਨ ਨਾਲ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਨੂੰ ਪਾਣੀ ਦੀ ਸੰਭਾਲ ਲਈ ਆਧੁਨਿਕ ਤਕਨੀਕਾਂ ਅਤੇ ਪ੍ਰਬੰਧਨ ਨੀਤੀਆਂ ਅਪਣਾਉਣੀਆਂ ਚਾਹੀਦੀਆਂ। ਡਰਿੱਪ ਇਰੀਗੇਸ਼ਨ, ਸਪਰਿੰਕਲਰ ਸਿੰਚਾਈ ਅਤੇ ਵਰਖਾ ਪਾਣੀ ਦੀ ਸੰਭਾਲ ਵਰਗੀਆਂ ਤਕਨੀਕਾਂ ਨੂੰ ਪ੍ਰੋਤਸਾਹਨ ਦਿੱਤਾ ਜਾਵੇ। ਨਾਲ ਹੀ, ਸਰਕਾਰ ਨੂੰ ਖੇਤੀਬਾੜੀ ਵਿੱਚ ਪਾਣੀ ਦੀ ਵਰਤੋਂ ਨੂੰ ਨਿਯਮਤ ਕਰਨ ਲਈ ਨੀਤੀਆਂ ਬਣਾਉਣੀਆਂ ਚਾਹੀਦੀਆਂ, ਜਿਵੇਂ ਕਿ ਘੱਟ ਪਾਣੀ ਵਾਲੀਆਂ ਫਸਲਾਂ ਨੂੰ ਉਤਸ਼ਾਹਿਤ ਕਰਨਾ। ਪੰਜਾਬ ਦੇ ਕਈ ਖੇਤਰਾਂ ਵਿੱਚ ਭੂਮੀਗਤ ਪਾਣੀ ਦੀ ਸਥਿਤੀ ਗੰਭੀਰ ਹੋ ਚੁੱਕੀ ਹੈ। ਸਰਕਾਰ ਨੂੰ ਇਸ ਦੀ ਸੰਭਾਲ ਲਈ ਇੱਕ ਵਿਸਤ੍ਰਿਤ ਯੋਜਨਾ ਤਿਆਰ ਕਰਨੀ ਚਾਹੀਦੀ।

ਪੰਜਾਬ ਸਰਕਾਰ ਨੂੰ ਰਾਸ਼ਟਰੀ ਪੱਧਰ 'ਤੇ ਵੀ ਆਪਣੀ ਗੱਲ ਮਜ਼ਬੂਤੀ ਨਾਲ ਰੱਖਣ ਦੀ ਲੋੜ ਹੈ। ਹਰਿਆਣਾ, ਰਾਜਸਥਾਨ ਅਤੇ ਹੋਰ ਰਾਜਾਂ ਨਾਲ ਸੰਵਾਦ ਦੇ ਰਾਹ ਖੋਲ੍ਹੇ ਜਾਣ, ਪਰ ਇਸ ਦੌਰਾਨ ਪੰਜਾਬ ਦੇ ਹਿੱਤਾਂ ਨੂੰ ਕਿਸੇ ਵੀ ਕੀਮਤ 'ਤੇ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਕੇਂਦਰ ਸਰਕਾਰ ਨੂੰ ਵੀ ਇਸ ਮੁੱਦੇ 'ਤੇ ਨਿਰਪੱਖ ਰੁਖ ਅਪਣਾਉਣ ਲਈ ਮਜਬੂਰ ਕੀਤਾ ਜਾਵੇ। ਪੰਜਾਬ ਸਰਕਾਰ ਨੂੰ ਅੰਤਰਰਾਸ਼ਟਰੀ ਪਾਣੀ ਸੰਭਾਲ ਮਾਡਲਾਂ, ਜਿਵੇਂ ਕਿ ਇਜ਼ਰਾਈਲ ਅਤੇ ਆਸਟਰੇਲੀਆ ਦੀਆਂ ਨੀਤੀਆਂ, ਦਾ ਅਧਿਐਨ ਕਰਕੇ ਸਥਾਨਕ ਸਥਿਤੀਆਂ ਅਨੁਸਾਰ ਉਨ੍ਹਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ। ਸਰਕਾਰ ਨੂੰ ਇਸ ਮੁੱਦੇ 'ਤੇ ਡਟ ਕੇ ਲੜਨਾ ਚਾਹੀਦਾ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਕਿ ਪੰਜਾਬ ਦੇ ਹਕਾਂ ਦੀ ਕੋਈ ਅਣਦੇਖੀ ਨਾ ਹੋਵੇ। **-ਰਜਿੰਦਰ ਸਿੰਘ ਪੁਰੇਵਾਲ**

## NEWS & VIEWS

# INDIA-UK TRADE DEAL AND HUMAN RIGHTS ISSUES



Gurmukh Singh OBE

*International agreements entered into by the United Kingdom have the potential to impact on the protection of human rights in the UK and on the rights of others throughout the world.* (Northern Ireland Human Rights Commission in evidence to Parliamentary Joint select committee on Human Rights).

**The policy of a country is set with reference to international standards and agreements and deals done in such agreements can impact on human rights nationally and globally.**

**It follows that these agreements require close scrutiny by our Parliament. Regrettably, according to a Parliamentary Joint select committee report, that has not always been the case in the UK. The government has been reluctant to submit international agreements to the scrutiny of the Parliament.**

**Recent trade agreement between the UK and India, gives the UK Parliament the opportunity, with government co-operation, to scrutinize the deal from human rights and other angles.**

**After the start of the US tariffs-based global trade war, the trade deal between UK and India is most timely for showing world trade *a new direction*. Prime Minister Keir Starmer called the deal *a new era for trade*. The deal shows that countries do have *bilateral trade choices at much lower or no tariffs* to mutually benefit from natural resources of each other. They do not compete but complement each other in trade terms. That was the underlying idea of multilateral trade agreements first through the GATT forum started in 1946 and later, the World Trade Organisation based at Geneva in 1986. Arrival of President Trump with his nationalist (*America first*) trade policies, has been a major setback for the growth of multi-lateral world trade.**

**We are informed that UK trade deal with India will cover *a number of high-growth sectors including advanced manufacturing – incorporating the aerospace and automotive industries – along with clean energy, life sciences, and the creative and services sectors.***

**As economic compulsions push Western democracies towards such comprehensive trade deals, there is also a danger that human rights records of trade partners can take lower priority or are just ignored. According to those who know the background to UK-India trade talks, the *turmoil caused by trade uncertainty* had *sharpened the focus to get a deal done.* Yet, clauses relating to human rights, fair wages and working condition are necessary in such agreements because the agreements do impact on all these aspects, especially in developing countries or countries lower down in the democracy index leaning towards authoritarianism. Workers in these latter countries have hardly any organised (unionised) bargaining power. As noted in a Parliamentary report: *International agreements entered into by the United Kingdom have the potential to impact on the protection of human rights in the UK and on the rights of others throughout the world.***

**Reports by UK Parliamentary select committee have recommended that UK international agreements should protect human rights and the government should set up internal processes to ensure that, and, that the government should provide information to the Parliament about *human rights protections in international agreements to enable adequate parliamentary scrutiny.***

**A report by the Foreign Affairs Committee, *Global Britain: Human Rights and the Rule of Law*, recommended: *The Government will face conflicting priorities between human rights and other Government policies, especially trade deals. This may create short term conflicts, but the prioritisation of human rights is in the UK's long-term commercial, as well as moral, interest.***

**British Sikhs would strongly support this recommendation.**

**Gurmukh Singh OBE**, Ret'd Principal Civil Servant (UK) sewauk2005@yahoo.co.uk

# ਜਾਤ ਅਧਾਰਿਤ ਮਰਦਮਸ਼ੁਮਾਰੀ ਪੰਜਾਬ ਦੇ ਸਿੱਖ ਸਮਾਜ 'ਤੇ ਕੀ ਪ੍ਰਭਾਵ ਪਾਵੇਗੀ ?

ਨਿਊਜ਼ ਵਿਸ਼ਲੇਸ਼ਣ

## ✪ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਇਸ ਮੌਕੇ ਪੰਥ ਨੂੰ ਕੀ ਸੇਧ ਦੇਣ ? ਕੀ ਨੀਤੀ ਘੜਨ ?

ਕੇਂਦਰ ਸਰਕਾਰ ਨੇ ਅਗਲੀ ਮਰਦਮਸ਼ੁਮਾਰੀ ਦੇ ਨਾਲ-ਨਾਲ ਜਾਤ ਅਧਾਰਿਤ ਜਨਗਣਨਾ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨੇ ਸਿਆਸੀ ਅਤੇ ਸਮਾਜਿਕ ਚਰਚਾਵਾਂ ਨੂੰ ਜਨਮ ਦਿੱਤਾ ਹੈ, ਖਾਸਕਰ ਪੰਜਾਬ ਵਰਗੇ ਸੂਬੇ ਵਿੱਚ, ਜਿੱਥੇ ਸਿੱਖ ਧਰਮ ਅਤੇ ਜਾਤੀ ਸਮੀਕਰਨਾਂ ਦਾ ਇੱਕ ਵਿਲੱਖਣ ਮਿਸ਼ਰਣ ਮੌਜੂਦ ਹੈ। ਸਿੱਖ ਧਰਮ ਜਾਤ-ਪਾਤ ਦੀ ਵੰਡ ਨੂੰ ਨਕਾਰਦਾ ਹੈ, ਪਰ ਸਮਾਜਿਕ ਹਕੀਕਤਾਂ ਵਿੱਚ ਜਾਤੀ ਅਜੇ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਪੰਜਾਬ ਵਿੱਚ ਸਿੱਖ ਧਰਮ ਦੀ ਬਹੁਗਿਣਤੀ ਹੈ, ਪਰ ਜਾਤੀ ਅਧਾਰਿਤ ਵੰਡ ਸਮਾਜਿਕ ਅਤੇ ਸਿਆਸੀ ਜੀਵਨ ਵਿੱਚ ਸਪੱਸ਼ਟ ਦਿਖਾਈ ਦਿੰਦੀ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ, ਪੰਜਾਬ ਦੀ 27% ਅਬਾਦੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸੀ, ਜਿਨ੍ਹਾਂ ਵਿੱਚ ਬਾਲਮੀਕੀ, ਮਜ਼ਹਬੀ ਸਿੱਖ, ਅਤੇ ਰਾਏ ਸਿੱਖ ਸ਼ਾਮਲ ਹਨ। ਜਾਤੀ ਜਨਗਣਨਾ ਇਨ੍ਹਾਂ ਸਮੂਹਾਂ ਦੀ ਸਹੀ ਅਬਾਦੀ ਅਤੇ ਆਰਥਿਕ ਸਥਿਤੀ ਨੂੰ ਸਾਹਮਣੇ ਲਿਆ ਸਕਦੀ ਹੈ, ਜਿਸ ਨਾਲ ਸਮਾਜਿਕ ਭਲਾਈ ਸਕੀਮਾਂ ਨੂੰ ਵਧੇਰੇ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ। ਪਰ, ਮਾਹਿਰਾਂ ਜਿਵੇਂ ਪ੍ਰੋਫੈਸਰ ਸੁਰਿੰਦਰ ਜੋਧਕਾ ਦਾ ਮੰਨਣਾ ਹੈ ਕਿ ਜੇਕਰ ਧਰਮ ਪਰਿਵਰਤਨ (ਖਾਸਕਰ ਇਸਾਈ ਧਰਮ ਵੱਲ) ਦੀਆਂ ਖਬਰਾਂ ਸੱਚ ਹਨ, ਤਾਂ ਜਨਗਣਨਾ ਵਿੱਚ ਅਨੁਸੂਚਿਤ ਜਾਤੀਆਂ ਅਤੇ ਓਬੀਸੀ ਵਰਗਾਂ ਦੀ ਪ੍ਰਤੀਸ਼ਤਤਾ ਵਿੱਚ ਬਦਲਾਅ ਸਿਆਸੀ ਸਮੀਕਰਨਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਨਾਲ ਸਿੱਖ ਸਮਾਜ ਦੀ ਏਕਤਾ ਤੇ ਇਕਮੁਠਤਾ'ਤੇ ਵੀ ਸਵਾਲ ਉੱਠ ਸਕਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਨੂੰ ਇਸ ਮੁੱਦੇ 'ਤੇ ਸਪੱਸ਼ਟ ਨੀਤੀ ਬਣਾਉਣ ਦੀ ਲੋੜ ਹੈ। ਕੁਝ ਪੰਥਕ ਆਗੂ ਸੁਝਾਅ ਦਿੰਦੇ ਹਨ ਕਿ ਸਿੱਖਾਂ ਨੂੰ ਜਾਤੀ ਦੀ ਥਾਂ ਸਿਰਫ "ਸਿੱਖ" ਵਜੋਂ ਰਜਿਸਟਰ ਕਰਵਾਉਣਾ ਚਾਹੀਦਾ ਹੈ, ਜਿਸ ਨਾਲ ਸਿੱਖੀ ਦੇ ਸਮਾਨਤਾ ਦੇ ਸਿਧਾਂਤ ਨੂੰ ਮਜ਼ਬੂਤੀ ਮਿਲੇ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ, "ਜਾਤੀ ਜਨਗਣਨਾ ਸਿੱਖ ਸਮਾਜ ਵਿੱਚ ਵੰਡ ਪੈਦਾ ਕਰ ਸਕਦੀ ਹੈ। ਸਾਨੂੰ ਸਿੱਖ ਪਛਾਣ ਨੂੰ ਪਹਿਲ ਦੇਣੀ ਚਾਹੀਦੀ ਹੈ, ਨਾ ਕਿ ਜਾਤੀ ਨੂੰ।" ਅਕਾਲ ਤਖਤ ਨੂੰ ਵੀ ਇਸ ਸਬੰਧ ਵਿੱਚ ਸੰਗਤ ਨੂੰ ਮਾਰਗਦਰਸ਼ਨ ਜਾਰੀ ਕਰਨ ਦੀ ਮੰਗ ਉੱਠ ਰਹੀ ਹੈ।

### ਜਾਤੀ ਜਨਗਣਨਾ ਦੇ ਪੱਖ ਅਤੇ ਵਿਰੋਧ ਵਿੱਚ ਆਵਾਜ਼ਾਂ

ਪੰਜਾਬ ਦੀਆਂ ਪੰਥਕ ਜਥੇਬੰਦੀਆਂ ਅਤੇ ਦਲਿਤ ਸੰਗਠਨਾਂ ਵਿੱਚ ਜਾਤੀ ਜਨਗਣਨਾ ਨੂੰ ਲੈ ਕੇ ਵੱਖ-ਵੱਖ ਰਾਏ ਹੈ। ਕੁਝ ਦਲਿਤ ਸੰਗਠਨ, ਜਿਵੇਂ ਕਿ ਬਾਬਾ ਸਾਹਿਬ ਅੰਬੇਦਕਰ ਮਿਸ਼ਨ, ਜਨਗਣਨਾ ਦਾ ਸਮਰਥਨ ਕਰਦੇ ਹਨ, ਕਿਉਂਕਿ ਇਹ ਅਨੁਸੂਚਿਤ ਜਾਤੀਆਂ ਅਤੇ ਪਿੱਛੜੇ ਵਰਗਾਂ ਦੀ ਸਹੀ ਅਬਾਦੀ ਨੂੰ ਸਾਹਮਣੇ



ਲਿਆਵੇਗਾ। ਇਸ ਨਾਲ ਸਰਕਾਰੀ ਸਕੀਮਾਂ ਅਤੇ ਰਾਖਵੇਂਕਰਨ ਦਾ ਲਾਭ ਸਹੀ ਲੋਕਾਂ ਤੱਕ ਪਹੁੰਚ ਸਕਦਾ ਹੈ। ਦੂਜੇ ਪਾਸੇ, ਪੰਥਕ ਜਥੇਬੰਦੀਆਂ ਜਿਵੇਂ ਦਮਦਮੀ ਟਕਸਾਲ, ਅਖੰਡ ਕੀਰਤਨੀ ਜੱਥਾ ਅਤੇ ਸਿੱਖ ਯੂਥ ਫੈਡਰੇਸ਼ਨ ਦਾ ਮੰਨਣਾ ਹੈ ਕਿ ਜਾਤੀ ਜਨਗਣਨਾ ਸਿੱਖ ਸਮਾਜ 'ਚ "ਕਬੀਲਾਵਾਦ" ਅਤੇ ਵੰਡ ਨੂੰ ਉਤਸ਼ਾਹਿਤ ਕਰੇਗੀ। ਉਹ ਚਿੰਤਾ ਜ਼ਾਹਰ ਕਰਦੇ ਹਨ ਕਿ ਇਹ ਸਿੱਖ ਪਛਾਣ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਸਿਆਸੀ ਪਾਰਟੀਆਂ ਨੂੰ ਜਾਤੀ ਅਧਾਰਿਤ ਵੋਟਬੈਂਕ ਦੀ ਸਿਆਸਤ ਲਈ ਮੌਕਾ ਦੇਵੇਗੀ।

ਸਿੱਖ ਸਮਾਜ ਲਈ ਇਹ ਮੌਕਾ ਹੈ ਕਿ ਉਹ ਜਾਤੀ ਦੀ ਥਾਂ ਸਿੱਖੀ ਦੀ ਸਮਾਨਤਾ ਦੇ ਸਿਧਾਂਤ ਨੂੰ ਅੱਗੇ ਵਧਾਵੇ। ਪੰਥਕ ਸੰਸਥਾਵਾਂ ਨੂੰ ਸੰਗਤ ਵਿੱਚ ਜਾਗਰੂਕਤਾ ਫੈਲਾਉਣ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ।

### ਜਥੇਦਾਰ ਅਕਾਲ ਤਖਤ ਕੀ ਨੀਤੀ ਅਪਨਾਉਣ

ਜਥੇਦਾਰ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਲਿਤ ਸਮਾਜ ਨੂੰ ਸਿੱਖੀ ਦੇ ਨੇੜੇ ਲਿਆਉਣ ਅਤੇ ਜਾਤੀਵਾਦ ਮਿਟਾਉਣ ਲਈ ਠੋਸ ਅਤੇ ਵਿਹਾਰਕ ਉਪਰਾਲੇ ਕਰਨ ਦੀ ਲੋੜ ਹੈ। ਸਿੱਖ ਧਰਮ ਦੇ ਸਿਧਾਂਤ, ਜਿਵੇਂ ਕਿ ਸਮਾਨਤਾ, ਸੇਵਾ, ਅਤੇ ਸਰਬੱਤ ਦਾ ਭਲਾ, ਜਾਤੀਵਾਦ ਦੇ ਖਾਤਮੇ ਅਤੇ ਸਮਾਜਿਕ ਨਿਆਂ ਦੀ ਸਥਾਪਨਾ ਦਾ ਅਧਾਰ ਪ੍ਰਦਾਨ ਕਰਦੇ ਹਨ। ਜਥੇਦਾਰ ਅਕਾਲ ਤਖਤ ਨੂੰ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਜਿਵੇਂ "ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ," ਨੂੰ ਗੁਰਦੁਆਰਿਆਂ, ਸਮਾਗਮਾਂ, ਅਤੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰਨ ਦੀ ਮੁਹਿੰਮ ਚਲਾਉਣੀ ਚਾਹੀਦੀ। ਇਸ ਵਿੱਚ ਜਾਤੀਵਾਦ ਦੀ ਨਿਖੇਧੀ ਅਤੇ ਸਮਾਨਤਾ ਦੇ ਸੁਨੇਹੇ ਨੂੰ ਸਰਲ ਭਾਸ਼ਾ ਵਿੱਚ ਪੇਸ਼ ਕਰਨਾ ਸ਼ਾਮਲ ਹੋਵੇ। ਸ਼੍ਰੋਮਣੀ ਕਮੇਟੀ ਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਦਲਿਤ ਭਾਈਚਾਰਿਆਂ ਨਾਲ ਸਿੱਧੇ ਸੰਪਰਕ ਵਿੱਚ ਆਉਣ ਲਈ ਸਮਾਜਿਕ ਸੁਧਾਰ ਮੁਹਿੰਮਾਂ ਸ਼ੁਰੂ ਕਰਨੀਆਂ ਚਾਹੀਦੀਆਂ। ਇਨ੍ਹਾਂ ਮੁਹਿੰਮਾਂ ਵਿੱਚ ਸਿੱਖੀ ਦੇ ਸਿਧਾਂਤਾਂ ਨੂੰ ਸਮਝਾਉਣ ਅਤੇ ਜਾਤੀਵਾਦੀ ਮਾਨਸਿਕਤਾ ਨੂੰ ਚੁਣੌਤੀ ਦੇਣ ਵਾਲੇ ਸੈਮੀਨਾਰ, ਵਰਕਸ਼ਾਪਾਂ, ਅਤੇ ਸੱਭਿਆਚਾਰਕ ਪ੍ਰੋਗਰਾਮ ਸ਼ਾਮਲ ਹੋਣ। ਗੁਰਦੁਆਰਿਆਂ ਵਿੱਚ ਸੇਵਾ ਅਤੇ ਲੰਗਰ ਦੀ ਪ੍ਰਕਿਰਿਆ ਵਿੱਚ ਦਲਿਤ ਸਮਾਜ ਦੀ ਸਰਗਰਮ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਜਥੇਦਾਰ ਸਾਹਿਬ ਨੂੰ ਇਹ ਹੁਕਮ ਜਾਰੀ ਕਰਨਾ ਚਾਹੀਦਾ ਕਿ ਕਿਸੇ ਵੀ ਗੁਰਦੁਆਰੇ ਵਿੱਚ ਜਾਤੀ ਦੇ ਅਧਾਰ 'ਤੇ ਵਿਤਕਰਾ ਨਹੀਂ ਹੋਣਾ ਚਾਹੀਦਾ। ਜਾਤੀਵਾਦ ਦੇ ਮੁੱਦੇ 'ਤੇ ਸਰਬੱਤ ਖਾਲਸਾ ਵਰਗੀ ਪੰਥਕ ਇਕੱਤਰਤਾ ਬੁਲਾਈ ਜਾਵੇ, ਜਿਸ ਵਿੱਚ ਦਲਿਤ ਸਿੱਖ ਸੰਗਠਨਾਂ ਅਤੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ, ਤਾਂ ਜੋ ਸਮੁੱਚੇ ਸਿੱਖ ਪੰਥ ਦੀ ਸਹਿਮਤੀ ਨਾਲ ਇੱਕ ਨੀਤੀ ਬਣਾਈ ਜਾ ਸਕੇ।

ਸ਼੍ਰੋਮਣੀ ਕਮੇਟੀ ਨੂੰ ਦਲਿਤ ਬਹੁਗਿਣਤੀ ਵਾਲੇ ਖੇਤਰਾਂ ਵਿੱਚ ਧਰਮ ਪ੍ਰਚਾਰ ਲਈ ਵਿਸ਼ੇਸ਼ ਟੀਮਾਂ ਗਠਿਤ ਕਰਨੀਆਂ ਚਾਹੀਦੀਆਂ। ਇਹ ਟੀਮਾਂ ਸਿੱਖ ਇਤਿਹਾਸ, ਗੁਰਬਾਣੀ ਅਤੇ ਸਿੱਖੀ ਦੀ ਸਾਂਝੀਵਾਲਤਾ ਦੇ ਫ਼ਲਸਫ਼ੇ ਨੂੰ ਸਥਾਨਕ ਭਾਸ਼ਾਵਾਂ ਅਤੇ ਸੱਭਿਆਚਾਰਕ ਸੰਦਰਭ ਵਿੱਚ ਪੇਸ਼ ਕਰਨ। ਉਦਾਹਰਨ ਵਜੋਂ, ਭਗਤ ਰਵਿਦਾਸ ਜੀ ਅਤੇ ਭਾਈ ਮਰਦਾਨਾ ਜੀ ਦੀਆਂ ਸਿੱਖੀ ਵਿੱਚ ਸੇਵਾਵਾਂ ਨੂੰ ਉਜਾਗਰ ਕੀਤਾ ਜਾਵੇ।

ਦਲਿਤ ਨੌਜਵਾਨਾਂ ਲਈ ਗੁਰਮਤਿ ਸਿਖਲਾਈ ਕੇਂਦਰ ਸਥਾਪਿਤ ਕੀਤੇ ਜਾਣ, ਜਿੱਥੇ ਉਹ ਗੁਰਬਾਣੀ, ਸਿੱਖ ਇਤਿਹਾਸ, ਅਤੇ ਗੁਰਮਤਿ ਸੰਗੀਤ ਸਿੱਖ ਸਕਣ। ਇਹ ਕੇਂਦਰ ਮੁਫਤ ਸਿੱਖਿਆ ਅਤੇ ਰਹਿਣ-ਸਹਿਣ ਦੀ ਸਹੂਲਤ ਪ੍ਰਦਾਨ ਕਰਨ।

ਸ਼੍ਰੋਮਣੀ ਕਮੇਟੀ ਨੂੰ ਦਲਿਤ ਵਿਦਿਆਰਥੀਆਂ ਲਈ ਮੁਫਤ ਸਿੱਖਿਆ ਸਕੀਮਾਂ ਸ਼ੁਰੂ ਕਰਨੀਆਂ ਚਾਹੀਦੀਆਂ, ਜਿਨ੍ਹਾਂ ਵਿੱਚ ਸਕੂਲੀ, ਕਾਲਜ, ਅਤੇ ਵਜ਼ੀਫ਼ੇ ਸ਼ਾਮਲ ਹੋਣ। ਕ੍ਰੌਮ ਦੇ ਅਧੀਨ ਸਕੂਲਾਂ ਅਤੇ ਕਾਲਜਾਂ ਵਿੱਚ ਦਲਿਤ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਅਤੇ ਵਜ਼ੀਫ਼ਿਆਂ ਦੀ ਵਿਵਸਥਾ ਕੀਤੀ ਜਾਵੇ। ਦਲਿਤ ਨੌਜਵਾਨਾਂ ਨੂੰ ਰੁਜ਼ਗਾਰਯੋਗ ਬਣਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਆਈ.ਟੀ., ਇੰਜਨੀਅਰਿੰਗ, ਅਤੇ ਹੋਰ ਵੋਕੇਸ਼ਨਲ ਕੋਰਸਾਂ ਦੀ ਸਿਖਲਾਈ ਦੇਣ ਵਾਲੇ ਅਦਾਰੇ ਸਥਾਪਿਤ ਕਰਨੇ ਚਾਹੀਦੇ। ਇਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਨਾਲ ਸਾਂਝੇਦਾਰੀ ਕੀਤੀ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿੱਚ ਗੁਰਮਤਿ ਅਤੇ ਸਮਾਜਿਕ ਨਿਆਂ 'ਤੇ ਅਧਾਰਿਤ ਵਿਸ਼ੇ ਸ਼ਾਮਲ ਕੀਤੇ ਜਾਣ। ਇਹ ਪਾਠਕ੍ਰਮ ਜਾਤੀਵਾਦ ਦੇ ਇਤਿਹਾਸਕ ਅਤੇ ਸਮਾਜਿਕ ਪਹਿਲੂਆਂ ਨੂੰ ਸਮਝਾਉਣ ਅਤੇ ਸਿੱਖੀ ਦੇ ਸਮਾਨਤਾਵਾਦੀ ਸਿਧਾਂਤਾਂ ਨੂੰ ਉਜਾਗਰ ਕਰਨ। ਸਕੂਲਾਂ ਅਤੇ ਕਾਲਜਾਂ ਵਿੱਚ ਜਾਤੀਵਾਦ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣ, ਜਿਨ੍ਹਾਂ ਵਿੱਚ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਭਗਤ ਰਵਿਦਾਸ ਜੀ, ਭਗਤ ਕਬੀਰ ਜੀ,ਸੰਤ ਨਾਮਦੇਵ ਜੀ ਆਦਿ ਵਰਗੇ ਸੰਤਾਂ ਦੇ ਯੋਗਦਾਨ ਨੂੰ ਸ਼ਾਮਲ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਨੂੰ ਦਲਿਤ ਬਹੁਗਿਣਤੀ ਵਾਲੇ ਖੇਤਰਾਂ ਵਿੱਚ ਮੁਫਤ ਮੈਡੀਕਲ ਕੈਂਪ ਅਤੇ ਮੋਬਾਈਲ ਹਸਪਤਾਲ ਸ਼ੁਰੂ ਕਰਨੇ ਚਾਹੀਦੇ। ਇਨ੍ਹਾਂ ਕੈਂਪਾਂ ਵਿੱਚ ਮੁਫਤ ਦਵਾਈਆਂ, ਜਾਂਚ, ਅਤੇ ਛੋਟੀਆਂ ਸਰਜਰੀਆਂ ਦੀ ਸਹੂਲਤ ਹੋਵੇ। ਸ਼੍ਰੋਮਣੀ ਕਮੇਟੀ ਦੇ ਅਧੀਨ ਚੱਲ ਰਹੇ ਹਸਪਤਾਲਾਂ ਵਿੱਚ ਦਲਿਤ ਮਰੀਜ਼ਾਂ ਲਈ ਮੁਫਤ ਜਾਂ ਰਿਆਇਤੀ ਇਲਾਜ ਦੀ ਵਿਵਸਥਾ ਕੀਤੀ ਜਾਵੇ। ਨਵੇਂ ਹਸਪਤਾਲ ਜਾਂ ਡਿਸਪੈਂਸਰੀਆਂ ਸਥਾਪਿਤ ਕਰਨ ਦਾ ਫੋਕਸ ਦਲਿਤ ਅਤੇ ਪਛੜੇ ਖੇਤਰਾਂ 'ਤੇ ਹੋਵੇ। ਸ਼੍ਰੋਮਣੀ ਕਮੇਟੀ ਨੂੰ ਮੈਡੀਕਲ ਅਤੇ ਪੈਰਾ-ਮੈਡੀਕਲ ਕੋਰਸਾਂ (ਨਰਸਿੰਗ, ਫਾਰਮੇਸੀ, ਲੈਬ ਟੈਕਨੀਸ਼ੀਅਨ) ਲਈ ਸਕਾਲਰਸ਼ਿਪ ਅਤੇ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ। ਦਲਿਤ ਨੌਜਵਾਨਾਂ ਨੂੰ ਮੈਡੀਕਲ ਖੇਤਰ ਵਿੱਚ ਕਰੀਅਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ। ਸਿਹਤ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣ, ਜਿਨ੍ਹਾਂ ਵਿੱਚ ਪੋਸ਼ਣ, ਸਫਾਈ, ਅਤੇ ਬਿਮਾਰੀਆਂ ਤੋਂ ਬਚਾਅ 'ਤੇ ਜ਼ੋਰ ਹੋਵੇ। ਇਹ ਪ੍ਰੋਗਰਾਮ ਸਥਾਨਕ ਭਾਸ਼ਾਵਾਂ ਵਿੱਚ ਅਤੇ ਸਰਲ ਢੰਗ ਨਾਲ ਪੇਸ਼ ਕੀਤੇ ਜਾਣ।

ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਨੂੰ ਆਪਣੀਆਂ ਸੰਗਠਨਾਤਮਕ ਨੀਤੀਆਂ ਵਿੱਚ ਸਮਾਵੇਸ਼ ਨੂੰ ਉਤਸ਼ਾਹਿਤ ਕਰਨਾ ਚਾਹੀਦਾ। ਇਸ ਵਿੱਚ ਦਲਿਤ ਸਮਾਜ ਦੇ ਨੁਮਾਇੰਦਿਆਂ ਨੂੰ ਕਮੇਟੀਆਂ ਅਤੇ ਫੈਸਲਾ ਲੈਣ ਵਾਲੀਆਂ ਸੰਸਥਾਵਾਂ ਵਿੱਚ ਸ਼ਾਮਲ ਕਰਨਾ ਸ਼ਾਮਲ ਹੈ।

ਸ਼੍ਰੋਮਣੀ ਕਮੇਟੀ ਨੂੰ ਸਰਕਾਰੀ ਸਕੀਮਾਂ, ਜਿਵੇਂ ਕਿ ਸਕਾਲਰਸ਼ਿਪ, ਸਿਹਤ ਸਹੂਲਤਾਂ, ਅਤੇ ਸਮਾਜਿਕ ਸੁਧਾਰ ਪ੍ਰੋਗਰਾਮਾਂ ਦਾ ਲਾਭ ਦਲਿਤ ਸਮਾਜ ਤੱਕ ਪਹੁੰਚਾਉਣ ਲਈ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ। ਜਥੇਦਾਰ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਨੂੰ ਜਾਤੀਵਾਦ ਮਿਟਾਉਣ ਅਤੇ ਦਲਿਤ ਸਮਾਜ ਨੂੰ ਸਿੱਖੀ ਨਾਲ ਜੋੜਨ ਲਈ ਧਾਰਮਿਕ, ਸਮਾਜਿਕ, ਵਿਦਿਅਕ, ਅਤੇ ਮੈਡੀਕਲ ਖੇਤਰਾਂ ਵਿੱਚ ਸੰਜੀਦਾ ਯਤਨ ਕਰਨ ਦੀ ਲੋੜ ਹੈ। ਇਹ ਉਪਰਾਲੇ ਸਿੱਖੀ ਦੇ ਸਮਾਨਤਾਵਾਦੀ ਸਿਧਾਂਤਾਂ ਨੂੰ ਵਿਹਾਰਕ ਰੂਪ ਦੇਣਗੇ ਅਤੇ ਸਮਾਜ ਵਿੱਚ ਸਦਭਾਵਨਾ ਨੂੰ ਵਧਾਉਣਗੇ। ਇਸ ਲਈ, ਸਮੁੱਚੇ ਸਿੱਖ ਪੰਥ ਦੀ ਸਹਿਮਤੀ ਅਤੇ ਸਰਗਰਮ ਸ਼ਮੂਲੀਅਤ ਨਾਲ ਇੱਕ ਵਿਆਪਕ ਨੀਤੀ ਬਣਾਉਣੀ ਚਾਹੀਦੀ।

# ਤਾਮਿਲਨਾਡੂ ਤੇ ਮਹਾਂਰਾਸ਼ਟਰ ਵਿਚ ਭਾਜਪਾ ਦੀ ਹਿੰਦੀ ਭਾਸ਼ਾ ਨੂੰ ਥੋਪਣ ਦੀ ਕੋਸ਼ਿਸ਼ ਨੂੰ ਝਟਕਾ

**✪ ਤਾਮਿਲਨਾਡੂ ਵਿੱਚ ਹਿੰਦੀ ਨੂੰ ਲਾਜ਼ਮੀ ਕਰਨ ਦੀ ਭਾਜਪਾ ਦੀ ਕੋਸ਼ਿਸ਼ ਨੂੰ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ✪ ਪੰਜਾਬ ਵਿੱਚ ਪੰਜਾਬੀ ਦੇ ਹਿੰਦੀ ਦੇ ਮੁਕਾਬਲੇ ਘਟਣ ਦੀਆਂ ਚਿੰਤਾਵਾਂ ਵਧੀਆਂ ✪ ਮੁੱਦਾ, ਜਨਤਕ ਬਹਿਸ ਤੇ ਰਾਜਨੀਤੀ ਵਿਚੋਂ ਗਾਇਬ ਕਿਉਂ ?**

## ਵਿਸ਼ੇਸ਼ ਰਿਪੋਟ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) ਅਧੀਨ ਹਿੰਦੀ ਨੂੰ ਲਾਜ਼ਮੀ ਭਾਸ਼ਾ ਬਣਾਉਣ ਦੀ ਯੋਜਨਾ ਨੂੰ ਹੁਣੇ ਜਿਹੇ ਤਾਮਿਲਨਾਡੂ ਅਤੇ ਮਹਾਰਾਸ਼ਟਰ ਵਿੱਚ ਵੱਡੇ ਝਟਕੇ ਲੱਗੇ ਹਨ, ਜਦਕਿ ਪੰਜਾਬ ਵਿੱਚ ਪੰਜਾਬੀ ਦੇ ਹਿੰਦੀ ਦੇ ਮੁਕਾਬਲੇ ਘਟਣ ਦੀਆਂ ਚਿੰਤਾਵਾਂ ਵਧ ਰਹੀਆਂ ਹਨ। ਇਹ ਮੁੱਦਾ, ਜੋ ਕਦੇ ਰਾਜਨੀਤਕ ਚਰਚਾ ਦਾ ਕੇਂਦਰ ਸੀ, ਹੁਣ ਜਨਤਕ ਬਹਿਸ ਤੋਂ ਗਾਇਬ ਹੋ ਗਿਆ ਹੈ। ਇਸ ਨਾਲ ਭਾਜਪਾ ਦੇ ਇਰਾਦਿਆਂ, ਤਾਮਿਲਨਾਡੂ ਵਿੱਚ ਉਸ ਦੀ ਨਾਕਾਮੀ ਅਤੇ ਪੰਜਾਬ ਦੀਆਂ ਭਾਸ਼ਾਈ ਚੁਣੌਤੀਆਂ ਬਾਰੇ ਸਵਾਲ ਉੱਠ ਰਹੇ ਹਨ। ਭਾਜਪਾ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਕਿਉਂ ਬਣਾਉਣਾ ਚਾਹੁੰਦੀ ਹੈ ?

ਭਾਜਪਾ ਦੀ ਹਿੰਦੀ ਨੂੰ "ਰਾਸ਼ਟਰੀ ਭਾਸ਼ਾ" ਵਜੋਂ ਪ੍ਰਮੋਟ ਕਰਨ ਦੀ ਵਕਾਲਤ ਦਾ ਮਕਸਦ ਭਾਰਤ ਦੀ ਵਿਭਿੰਨ ਭਾਸ਼ਾਈ ਤਸਵੀਰ ਵਿੱਚ ਸਭਿਆਚਾਰਕ ਅਤੇ ਪ੍ਰਸ਼ਾਸਨਿਕ ਏਕਤਾ ਲਿਆਉਣਾ ਹੈ। ਪਾਰਟੀ ਦਾ ਦਾਅਵਾ ਹੈ ਕਿ ਹਿੰਦੀ, ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੋਣ ਕਰਕੇ, ਸੰਪਰਕ ਦਾ ਸਾਧਨ ਬਣ ਸਕਦੀ ਹੈ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰ ਸਕਦੀ ਹੈ। ਇਹ ਭਾਜਪਾ ਦੀ ਵਿਆਪਕ ਵਿਚਾਰਧਾਰਾ ਨਾਲ ਜੁੜਦਾ ਹੈ, ਜੋ ਹਿੰਦੁਤਵ 'ਤੇ ਅਧਾਰਿਤ ਇਕਸਾਰ ਸਭਿਆਚਾਰਕ ਪਛਾਣ ਨੂੰ ਉਤਸ਼ਾਹਿਤ ਕਰਦੀ ਹੈ।

ਐਨਈਪੀ ਦੇ ਸ਼ੁਰੂਆਤੀ ਮਸੌਦੇ ਵਿੱਚ ਹਿੰਦੀ ਸਿੱਖਿਆ ਨੂੰ ਲਾਜ਼ਮੀ ਕਰਨ ਦਾ ਪ੍ਰਸਤਾਵ ਇਸੇ ਦਿਸ਼ਾ ਵਿੱਚ ਸੀ। ਹਾਲਾਂਕਿ, ਆਲੋਚਕਾਂ ਦਾ ਮੰਨਣਾ ਹੈ ਕਿ ਇਹ ਨੀਤੀ ਖੇਤਰੀ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕਦੀ ਹੈ ਅਤੇ ਭਾਰਤ ਦੀ ਭਾਸ਼ਾਈ ਵਿਭਿੰਨਤਾ ਅਤੇ ਸੰਘੀ ਢਾਂਚੇ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਤਾਮਿਲਨਾਡੂ ਵਿੱਚ ਭਾਜਪਾ ਕਿਉਂ ਨਾਕਾਮ ਹੋਈ ?-ਤਾਮਿਲਨਾਡੂ ਵਿੱਚ, ਹਿੰਦੀ ਨੂੰ ਲਾਜ਼ਮੀ ਕਰਨ ਦੀ ਭਾਜਪਾ ਦੀ ਕੋਸ਼ਿਸ਼ ਨੂੰ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਹ ਵਿਰੋਧ ਸੂਬੇ ਦੀ ਮਜ਼ਬੂਤ ਭਾਸ਼ਾਈ ਹੋਂਦ ਅਤੇ 1960 ਦੇ ਦਹਾਕੇ ਤੋਂ ਚੱਲੇ ਆ ਰਹੇ ਹਿੰਦੀ ਵਿਰੋਧੀ ਅੰਦੋਲਨਾਂ ਵਿੱਚ ਜੜ੍ਹਿਆ ਹੋਇਆ ਹੈ। ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਅਤੇ ਹੋਰ ਖੇਤਰੀ ਪਾਰਟੀਆਂ ਨੇ ਹਿੰਦੀ ਨੂੰ ਜ਼ਬਰਦਸਤੀ ਥੋਪਣ ਨੂੰ ਤਾਮਿਲ ਪਛਾਣ 'ਤੇ ਹਮਲਾ ਕਰਾਰ ਦਿੱਤਾ, ਜਿਸ ਨਾਲ ਜਨਤਕ ਜਜ਼ਬਾਤ ਭੜਕ ਉੱਠੇ। ਭਾਜਪਾ ਦੇ ਸਹਿਯੋਗੀ, ਅਖਿਲ ਭਾਰਤੀ ਅੰਨਾ ਦ੍ਰਵਿੜ ਮੁਨੇਤਰ ਕੜਗਮ (ਏਆਈਏਡੀਐਮਕੇ) ਅਤੇ ਪੱਟਾਲੀ ਮੱਕਲ ਕਛੀ (ਪੀਐਮਕੇ), ਜੋ ਹਿੰਦੀ ਦੇ ਵਿਰੋਧੀ ਹਨ, ਨੇ ਵੀ ਦਬਾਅ ਪਾਇਆ। ਸਹਿਯੋਗੀਆਂ ਦੇ ਦਬਾਅ ਅਤੇ ਵਿਆਪਕ ਵਿਰੋਧ ਪ੍ਰਦਰਸ਼ਨਾਂ ਦੇ ਸਾਹਮਣੇ, ਭਾਜਪਾ ਨੂੰ ਪਿੱਛੇ ਹਟਣਾ ਪਿਆ। ਹੁਣ ਇਹ ਮੁੱਦਾ ਠੰਢਾ ਪੈ ਗਿਆ ਹੈ ਅਤੇ 2026 ਦੀਆਂ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿੱਚ ਇਸ ਦੇ ਹਾਵੀ ਹੋਣ ਦੀ ਸੰਭਾਵਨਾ ਘੱਟ ਹੈ।

### ਕੀ ਦੇਸ ਨੂੰ ਕੌਮੀ ਭਾਸ਼ਾ ਦੀ ਲੋੜ ਹੈ

ਡਾ. ਜੋਗਾ ਸਿੰਘ ਦਾ ਕਹਿਣਾ ਹੈ, "ਇਹ ਦਲੀਲ ਹੀ ਬੜੀ ਖ਼ਤਰਨਾਕ ਹੈ ਕਿ ਭਾਰਤ ਦੀ ਕੋਈ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ। ਭਾਰਤ ਦੀ ਸੰਵਿਧਾਨਿਕ ਰਾਸ਼ਟਰ ਭਾਸ਼ਾ ਨਹੀਂ ਹੈ। ਦਰਅਸਲ ਪਹਿਲਾਂ ਰਾਸ਼ਟਰ ਭਾਸ਼ਾ ਹੁੰਦੀ ਹੈ, ਫਿਰ ਉਸ ਦੇ ਆਧਾਰ 'ਤੇ ਰਾਸ਼ਟਰ ਬਣਦੇ ਹਨ। ਜਰਮਨੀ ਭਾਸ਼ਾ ਦੇ ਆਧਾਰ 'ਤੇ ਜਰਮਨੀ ਦੇਸ ਬਣ ਗਿਆ, ਫਰਾਂਸਿਸੀ ਬੋਲਣ ਵਾਲੇ ਇਲਾਕੇ ਵਿੱਚ ਫਰਾਂਸ ਬਣ ਗਿਆ।" ਜੇ ਅਸੀਂ ਕਹਿ ਰਹੇ ਹਾਂ ਕਿ ਭਾਰਤ ਦੀ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ ਤਾਂ ਮਤਲਬ ਇਹ ਹੈ ਕਿ ਅਸੀਂ ਮੰਨਦੇ ਹਾਂ ਭਾਰਤ ਅਜੇ ਰਾਸ਼ਟਰ ਨਹੀਂ ਬਣਿਆ। ਭਾਰਤ ਵਿੱਚ ਸਾਰੀਆਂ ਭਾਸ਼ਾਵਾਂ ਦੀ ਸਮਾਨਤਾ ਸੰਵਿਧਾਨਕ ਤੌਰ 'ਤੇ ਹੈ ਤੇ ਹਰ ਭਾਸ਼ਾ ਦੀ ਸਮਾਨਤਾ ਸਥਾਪਤ ਹੋਣੀ ਚਾਹੀਦੀ ਹੈ।

ਪੰਜਾਬ ਕਿਉਂ ਬਣ ਰਿਹਾ ਹੈ "ਹਿੰਦੀ ਸੂਬਾ" ?-ਪੰਜਾਬ ਵਿੱਚ, ਇਹ ਚਿੰਤਾ ਵਧ ਰਹੀ ਹੈ ਕਿ ਪੰਜਾਬੀ ਦੀ ਥਾਂ ਹਿੰਦੀ ਹਾਵੀ ਹੋ ਰਹੀ ਹੈ, ਅਤੇ ਸੂਬਾ ਹੌਲੀ-ਹੌਲੀ "ਹਿੰਦੀ ਸੂਬਾ" ਬਣਦਾ ਜਾ ਰਿਹਾ ਹੈ। ਇਸ ਦੇ ਕਈ ਕਾਰਨ ਹਨ। ਪੰਜਾਬ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾਇਆ ਜਾਂਦਾ, ਖ਼ਾਸਕਰ ਸ਼ਹਿਰੀ ਨਿੱਜੀ ਸਕੂਲਾਂ ਵਿੱਚ, ਜਿੱਥੇ ਹਿੰਦੀ ਅਤੇ ਅੰਗਰੇਜ਼ੀ ਦਾ ਦਬਦਬਾ ਹੈ। ਕੁਝ ਸਕੂਲਾਂ ਵਿੱਚ ਪੰਜਾਬੀ ਬੋਲਣ 'ਤੇ ਮਨਾਹੀ ਹੈ, ਜਿਸ ਨਾਲ ਨੌਜਵਾਨ ਪੀੜ੍ਹੀ ਸਭਿਆਚਾਰਕ ਤੌਰ 'ਤੇ ਕੱਟੀ ਜਾ ਰਹੀ ਹੈ। ਹਿੰਦੀ ਬੋਲਣ ਵਾਲੇ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਅਤੇ ਸ਼ਹਿਰੀ ਪੰਜਾਬ ਵਿੱਚ ਹਿੰਦੀ ਮੀਡੀਆ ਦੇ ਵਧਦੇ ਪ੍ਰਭਾਵ ਨੇ ਭਾਸ਼ਾਈ ਤਰਜੀਹਾਂ ਨੂੰ ਬਦਲਿਆ ਹੈ, ਖ਼ਾਸਕਰ ਨੌਜਵਾਨਾਂ ਵਿੱਚ। ਪੰਜਾਬ ਸਕੂਲ ਸਿੱਖਿਆ ਬੋਰਡ ਪੰਜਾਬੀ ਨੂੰ ਲਾਜ਼ਮੀ ਮੰਨਦਾ ਹੈ, ਪਰ ਇਸ ਦੀ ਪਾਲਣਾ ਕਮਜ਼ੋਰ ਹੈ, ਖ਼ਾਸਕਰ ਨਿੱਜੀ ਸਕੂਲਾਂ ਵਿੱਚ, ਜਿੱਥੇ ਹਿੰਦੀ ਅਤੇ ਅੰਗਰੇਜ਼ੀ ਨੂੰ "ਖਾਸ" ਭਾਸ਼ਾਵਾਂ ਮੰਨਿਆ ਜਾਂਦਾ ਹੈ।

ਸਰਕਾਰੀ ਸਕੂਲਾਂ ਵਿਚ ਯੋਗ ਪੰਜਾਬੀ ਅਧਿਆਪਕਾਂ ਦੀ ਕਮੀ ਹੈ ਅਤੇ ਸਕੂਲ ਇਸ ਨੂੰ ਨਿਯੁਕਤ ਕਰਨ ਨੂੰ ਤਰਜੀਹ ਨਹੀਂ ਦਿੰਦੇ। ਇਸੇ ਕਰਕੇ ਬਹੁਤ ਸਾਰੇ ਮਾਪੇ ਹਿੰਦੀ ਅਤੇ ਅੰਗਰੇਜ਼ੀ ਨੂੰ ਬਿਹਤਰ ਕਰੀਅਰ ਦੇ ਮੌਕਿਆਂ ਦਾ ਰਾਹ ਸਮਝਦੇ ਹਨ, ਜਿਸ ਕਰਕੇ ਪੰਜਾਬੀ ਨੂੰ "ਖੇਤਰੀ" ਭਾਸ਼ਾ ਵਜੋਂ ਹਾਸ਼ੀਏ 'ਤੇ ਧੱਕਿਆ ਜਾਂਦਾ ਹੈ।

ਪੰਜਾਬ ਸਰਕਾਰ ਨੇ ਪੰਜਾਬੀ ਨੂੰ ਅਧਿਕਾਰਕ ਭਾਸ਼ਾ ਬਣਾਉਣ ਦੇ ਬਾਵਜੂਦ, ਜ਼ਮੀਨੀ ਪੱਧਰ 'ਤੇ ਪੂਰਾ ਲਾਗੂ ਨਹੀਂ ਕੀਤਾ। ਸਰਕਾਰੀ ਦਫਤਰਾਂ, ਅਦਾਲਤਾਂ ਅਤੇ ਨਿਯਮਾਂ ਵਿੱਚ ਪੰਜਾਬੀ ਦੀ ਵਰਤੋਂ ਘੱਟ ਹੈ।

ਪੰਜਾਬੀ ਕਾਰਕੁੰਨਾਂ ਦਾ ਕਹਿਣਾ ਹੈ ਕਿ ਸਰਕਾਰੀ ਇਸ਼ਤਿਹਾਰਾਂ, ਵਿਧਾਨ ਸਭਾ ਦੀ ਕਾਰਵਾਈ ਅਤੇ ਜਨਤਕ ਸੰਚਾਰ ਵਿੱਚ ਹਿੰਦੀ ਦੀ ਵਰਤੋਂ ਵਧ ਰਹੀ ਹੈ, ਭਾਵੇਂ ਪੰਜਾਬੀ ਸਰਕਾਰੀ ਭਾਸ਼ਾ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਹਿੰਦੀ ਇਸ਼ਤਿਹਾਰਾਂ 'ਤੇ ਕਰੋੜਾਂ ਖ਼ਰਚ ਕੀਤੇ, ਜਦਕਿ ਪੰਜਾਬੀ ਯੂਨੀਵਰਸਿਟੀ ਨੂੰ ਭਾਸ਼ਾ ਪ੍ਰਮੋਸ਼ਨ ਲਈ ਫੰਡ ਨਹੀਂ ਮਿਲੇ।

ਪੰਜਾਬੀ ਪਖੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬੀਆਂ ਵਿੱਚ ਆਪਣੀ ਭਾਸ਼ਾ ਨੂੰ ਬਚਾਉਣ ਦੀ ਸਮੂਹਿਕ ਇੱਛਾ ਦੀ ਕਮੀ ਹੈ, ਕਿਉਂਕਿ ਸ਼ਹਿਰੀ ਉਚ ਵਰਗ ਸਮਾਜਕ ਉੱਨਤੀ ਲਈ ਹਿੰਦੀ ਅਤੇ ਅੰਗਰੇਜ਼ੀ ਨੂੰ ਅਪਣਾ ਰਿਹਾ ਹੈ। ਦੂਸਰੇ ਰਾਜਨੀਤਕ ਨੇਤਾ ਮੌਕਾਪ੍ਰਸਤੀ ਨੂੰ ਪਹਿਲ ਦਿੰਦੇ ਹਨ, ਉਨ੍ਹਾਂ ਕੋਲ ਪੰਜਾਬ ਦੀ ਖੁਦਮੁਖਤਿਆਰੀ ਤੇ ਭਾਸ਼ਾ ਬਾਰੇ ਵਿਜਨ ਨਹੀਂ ਹੈ। ਉਹ ਸਭਿਆਚਾਰਕ ਤੇ ਭਾਸ਼ਾ ਸੰਭਾਲ ਨਾਲੋਂ ਚੋਣ ਜਿੱਤਣ ਨੂੰ ਤਰਜੀਹ ਦਿੰਦੇ ਹਨ। ਹਿੰਦੋਸਤਾਨ ਦੀ ਭਾਸ਼ਾਈ ਨੀਤੀ ਵਿੱਚ ਹਿੰਦੀ ਅਤੇ ਅੰਗਰੇਜ਼ੀ ਨੂੰ ਤਰਜੀਹ ਮਿਲਦੀ ਹੈ, ਜਦਕਿ ਪੰਜਾਬੀ ਵਰਗੀਆਂ ਭਾਸ਼ਾਵਾਂ ਹਾਸ਼ੀਏ 'ਤੇ ਚਲੀ ਜਾਂਦੀਆਂ ਹਨ। ਪੰਜਾਬੀ ਨੂੰ ਰਾਸ਼ਟਰੀ ਪੱਧਰ ਤੇ ਨੁਕਸਾਨ ਪਹੁੰਚਾਉਣ ਵਾਲੀਆਂ ਨੀਤੀਆਂ ਬਣਾਈਆਂ ਜਾਂ ਉਨ੍ਹਾਂ ਨੂੰ ਲਾਗੂ ਕੀਤਾ (ਜਿਵੇਂ ਕਿ ਯਪੀਐਸਸੀ ਜਾਂ ਹੋਰ ਪ੍ਰੀਖਿਆਵਾਂ ਵਿਚ ਪੰਜਾਬੀ ਦੀ ਘੱਟ ਮਹੱਤਤਾ)। ਪੰਜਾਬ ਸਰਕਾਰ ਕਾਨੂੰਨੀ ਤੌਰ ਤੇ ਪੰਜਾਬੀ ਨੂੰ ਮਜ਼ਬੂਤ ਕਰਨ ਵਿੱਚ ਨਾਕਾਮ ਰਹੀ। "ਪੰਜਾਬੀ ਨੂੰ ਲਾਜ਼ਮੀ ਕਰਨ" ਦੇ ਨਾਅਰੇ ਸਿਰਫ਼ ਕਾਗ਼ਜ਼ੀ ਰਹਿ ਗਏ ਹਨ। ਤਾਮਿਲਨਾਡੂ ਦੀ ਤਰ੍ਹਾਂ ਇਕਸੁਰ ਅੰਦੋਲਨ ਦੀ ਗੈਰਹਾਜ਼ਰੀ ਨੇ ਹਿੰਦੀ ਦੇ ਪ੍ਰਭਾਵ ਨੂੰ ਬੇਰੋਕ ਵਧਣ ਦਿੱਤਾ ਹੈ।

ਪੰਜਾਬ ਸਰਕਾਰ ਅਤੇ ਪੰਜਾਬੀਆਂ ਨੂੰ ਕੀ ਕਰਨਾ ਚਾਹੀਦਾ ?-ਪੰਜਾਬ ਸਰਕਾਰ ਨੂੰ ਪੰਜਾਬ ਅਧਿਕਾਰਤ ਭਾਸ਼ਾ ਐਕਟ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ, ਜਿਸ ਨਾਲ ਪ੍ਰਸ਼ਾਸਨ, ਸਿੱਖਿਆ ਅਤੇ ਜਨਤਕ ਸੰਕੇਤਾਂ ਵਿੱਚ ਪੰਜਾਬੀ ਦੀ ਵਰਤੋਂ ਯਕੀਨੀ ਹੋਵੇ। ਪੰਜਾਬੀ ਸਾਹਿਤ, ਅਧਿਆਪਕ ਸਿਖਲਾਈ ਅਤੇ ਡਿਜੀਟਲ ਸਮੱਗਰੀ ਲਈ ਫੰਡ ਮੁਹੱਈਆ ਕਰਨੇ ਚਾਹੀਦੇ। ਸਾਰੇ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਬਣਾਇਆ ਜਾਵੇ ਅਤੇ ਨਿਯਮਤ ਨਿਰੀਖਣ ਨਾਲ ਪਾਲਣਾ ਯਕੀਨੀ ਕੀਤੀ ਜਾਵੇ। ਪੰਜਾਬੀ ਸਭਿਆਚਾਰ ਅਤੇ ਇਤਿਹਾਸ ਨੂੰ ਉਜਾਗਰ ਕਰਨ ਵਾਲੇ ਆਕਰਸ਼ਕ ਪਾਠਕ੍ਰਮ ਤਿਆਰ ਕੀਤੇ ਜਾਣ। ਪੰਜਾਬੀਆਂ ਨੂੰ ਸਭਿਆਚਾਰਕ ਤਿਉਹਾਰਾਂ, ਸਾਹਿਤ ਅਤੇ ਮੀਡੀਆ ਰਾਹੀਂ ਆਪਣੀ ਭਾਸ਼ਾ 'ਤੇ ਮਾਣ ਪੈਦਾ ਕਰਨਾ ਚਾਹੀਦਾ। ਤਾਮਿਲਨਾਡੂ ਵਰਗੇ ਜਨਤਕ ਅੰਦੋਲਨ ਜਨ ਸਮਰਥਨ ਜੁਟਾ ਸਕਦੇ ਹਨ। ਸੋਸ਼ਲ ਮੀਡੀਆ ਅਤੇ ਟੈਕਨਾਲੋਜੀ ਦੀ ਵਰਤੋਂ ਨਾਲ ਨੌਜਵਾਨਾਂ ਲਈ ਪੰਜਾਬੀ ਨੂੰ ਆਕਰਸ਼ਕ ਬਣਾਇਆ ਜਾਵੇ, ਜਿਵੇਂ ਕਿ ਐਪਸ, ਸੰਗੀਤ ਅਤੇ ਆਨਲਾਈਨ ਸਮੱਗਰੀ ਰਾਹੀਂ।

ਕੀ ਪੰਜਾਬ ਵਿੱਚ ਪੰਜਾਬੀ ਮਰ ਜਾਵੇਗੀ ?-ਹਾਲਾਂਕਿ ਪੰਜਾਬੀ ਨੂੰ ਤੁਰੰਤ ਖ਼ਤਮ ਹੋਣ ਦਾ ਖ਼ਤਰਾ ਨਹੀਂ ਹੈ, ਪਰ ਸੰਸਥਾਗਤ ਅਤੇ ਜਨਤਕ ਖੇਤਰਾਂ ਵਿੱਚ ਇਸ ਦਾ ਘਟਣਾ ਚਿੰਤਾਜਨਕ ਹੈ। ਦੁਨੀਆ ਭਰ ਵਿੱਚ 9.2 ਕਰੋੜ ਬੁਲਾਰਿਆਂ ਨਾਲ, ਪੰਜਾਬੀ ਜਿਉਂਦੀ-ਜਾਗਦੀ ਹੈ, ਖ਼ਾਸਕਰ ਪ੍ਰਵਾਸੀਆਂ ਅਤੇ ਪੇਂਡੂ ਪੰਜਾਬ ਵਿੱਚ। ਮਾਹਿਰਾਂ ਮੁਤਾਬਕ 13-14 ਕਰੋੜ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ। ਸਭ ਤੋਂ ਵੱਧ ਤਕਰੀਬਨ 10 ਕਰੋੜ ਪੰਜਾਬੀ ਬੋਲਣ ਵਾਲੇ ਪਾਕਿਸਤਾਨ ਵਿੱਚ ਹਨ। ਉਸ ਤੋਂ ਬਾਅਦ 3 ਕਰੋੜ ਦੇ ਕਰੀਬ ਭਾਰਤੀ ਪੰਜਾਬ ਅਤੇ ਕਰੀਬ ਇੱਕ ਕਰੋੜ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਸਕੇ ਵਸੇ ਹੋਏ ਹਨ।

ਭਾਸ਼ਾ ਮਾਹਿਰ ਡਾ. ਜੋਗਾ ਸਿੰਘ ਅਨੁਸਾਰ ਕਿ ਪੰਜਾਬੀ ਦੀਆਂ ਕੁੱਲ 28 ਬੋਲੀਆਂ ਹਨ, ਜਿਨ੍ਹਾਂ ਵਿੱਚ 8 ਜ਼ਿਆਦਾ ਪ੍ਰਚਲਿਤ ਹਨ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਖ਼ਤਰਾ ਹੋਣ ਦੀ ਗੱਲ ਵੀ ਕਹੀ।

ਡਾ. ਜੋਗਾ ਸਿੰਘ ਦਾ ਕਹਿਣਾ ਹੈ, "ਕਿਸੇ ਵੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ। ਸੰਸਕ੍ਰਿਤ, ਲਾਤੀਨੀ ਵਰਗੀਆਂ ਵੱਡੀਆਂ ਭਾਸ਼ਾਵਾਂ ਵੀ ਖ਼ਤਮ ਹੋ ਗਈਆਂ ਹਨ। ਭਾਰਤ ਵਿੱਚ ਸੰਸਕ੍ਰਿਤ ਬੋਲਣ ਵਾਲੇ 5-7 ਹਜ਼ਾਰ ਹੀ ਹਨ। ਭਾਸ਼ਾ ਉਦੋਂ ਖ਼ਤਮ ਹੋਣੀ ਹੁੰਦੀ ਹੈ ਜਦੋਂ ਉਸ ਦੀ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ ਖੁਰਨੀ ਸ਼ੁਰੂ ਹੋ ਜਾਂਦੀ ਹੈ। ਅੱਜ ਸਭ ਤੋਂ ਵੱਡਾ ਮਾਧਿਅਮ ਹੈ ਸਿੱਖਿਆ ਦਾ ਮਾਧਿਅਮ ਕਿਉਂਕਿ ਹਰੇਕ ਬੱਚਾ ਸਕੂਲ ਜਾ ਰਿਹਾ ਹੈ ਤੇ ਸਿੱਖਿਆ ਦਾ ਮਾਧਿਅਮ ਜੋ ਭਾਸ਼ਾ ਹੈ, ਉਹੀ ਉਸ ਦੀ ਪਹਿਲੀ ਭਾਸ਼ਾ ਹੈ। ਕਿਸੇ ਅਗਲੀ ਪੀੜ੍ਹੀ ਵਿੱਚ ਜਾ ਕੇ ਉਨ੍ਹਾਂ ਦੇ ਬੱਚਿਆਂ ਦੀ ਮਾਤ ਭਾਸ਼ਾ ਬਣ ਜਾਵੇਗੀ। ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਲੋਕਾਂ ਨੇ ਘਰਾਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਹੀ ਲਿਖੇ ਹੁੰਦੇ ਹਨ।"

ਪਰ, ਜੇ ਸਰਗਰਮ ਕਦਮ ਨਾ ਚੁੱਕੇ ਗਏ, ਤਾਂ ਇਹ ਸਿੱਖਿਆ, ਪ੍ਰਸ਼ਾਸਨ ਅਤੇ ਵਪਾਰ ਦਾ ਮਾਧਿਅਮ ਬਣਨ ਦੀ ਬਜਾਏ "ਘਰੇਲੂ ਭਾਸ਼ਾ" ਤੱਕ ਸੀਮਤ ਹੋ ਸਕਦੀ ਹੈ। ਤਾਮਿਲਨਾਡੂ ਦੇ ਹਿੰਦੀ ਵਿਰੋਧ ਦੀ ਸਫ਼ਲਤਾ ਦਰਸਾਉਂਦੀ ਹੈ ਕਿ ਮਜ਼ਬੂਤ ਰਾਜਨੀਤਕ ਇੱਛਾ ਅਤੇ ਜਨਤਕ ਏਕਤਾ ਭਾਸ਼ਾਈ ਪਛਾਣ ਨੂੰ ਬਚਾ ਸਕਦੀ ਹੈ। ਪੰਜਾਬ ਨੂੰ ਵੀ ਅਜਿਹੀ ਜਾਗਰੂਕਤਾ ਦੀ ਲੋੜ ਹੈ।

ਸਮੁਚੇ ਤੌਰ ਉਪਰ ਕਿਹਾ ਜਾ ਸਕਦਾ ਹੈ ਕਿ ਤਾਮਿਲਨਾਡੂ ਅਤੇ ਮਹਾਰਾਸ਼ਟਰ ਵਿੱਚ ਹਿੰਦੀ ਨੂੰ ਲਾਜ਼ਮੀ ਕਰਨ 'ਤੇ ਭਾਜਪਾ ਦਾ ਪਿੱਛੇ ਹਟਣਾ ਖੇਤਰੀ ਵਿਰੋਧ ਦੀ ਤਾਕਤ ਨੂੰ ਦਰਸਾਉਂਦਾ ਹੈ, ਪਰ ਪੰਜਾਬ ਦੀਆਂ ਭਾਸ਼ਾਈ ਚੁਣੌਤੀਆਂ ਇੱਕ ਡੂੰਘੇ ਸੰਕਟ ਨੂੰ ਉਜਾਗਰ ਕਰਦੀਆਂ ਹਨ। ਜਿੱਥੇ ਤਾਮਿਲਨਾਡੂ ਦੇ ਇਕਸੁਰ ਵਿਰੋਧ ਨੇ ਤਾਮਿਲ ਨੂੰ ਸੁਰੱਖਿਅਤ ਕੀਤਾ, ਉਥੇ ਪੰਜਾਬ ਦੇ ਖਿੰਡੇ-ਪੁੰਡੇ ਜਵਾਬ ਨੇ ਹਿੰਦੀ ਦੇ ਦਬਦਬੇ ਨੂੰ ਵਧਣ ਦਿੱਤਾ। ਪੰਜਾਬੀ ਨੂੰ ਸੰਭਾਲਣ ਲਈ ਸਰਕਾਰ, ਰਾਜਨੀਤਕ ਨੇਤਾਵਾਂ ਅਤੇ ਨਾਗਰਿਕਾਂ ਨੂੰ ਫ਼ੈਸਲਾਕੁੰਨ ਢੰਗ ਨਾਲ ਆਪਣੀ ਭਾਸ਼ਾਈ ਵਿਰਾਸਤ ਨੂੰ ਮੁੜ ਹਾਸਲ ਕਰਨਾ ਪਵੇਗਾ, ਨਹੀਂ ਤਾਂ ਪੰਜਾਬੀ ਭਾਸ਼ਾ ਅਸਪਸ਼ਟਤਾ ਵਿੱਚ ਗੁਆਚ ਸਕਦੀ ਹੈ।

# ਕੀ ਭਾਰਤ-ਪਾਕਿ ਜੰਗ ਰੁਕ ਗਈ ਹੈ, ਕੀ ਟਰੰਪ ਕਾਰਨ ਯੁੱਧ ਟਲਿਆ ?

**ਨਿਊਜ਼ ਵਿਸ਼ਲੇਸ਼ਣ**

✪ ਭਾਰਤ ਨੇ ਟਰੰਪ ਦਾ ਦਾਅਵਾ ਨਕਾਰਿਆ, ਕਿਹਾ ਜੰਗਬੰਦੀ ਸਿੱਧੀ ਗੱਲਬਾਤ ਦਾ ਨਤੀਜਾ ✪ ਪਰਮਾਣੂ ਬਲੈਕਮੇਲਿੰਗ ਬਰਦਾਸ਼ਤ ਨਹੀਂ ਕਰੇਗਾ ਭਾਰਤ-ਪ੍ਰਧਾਨ ਮੰਤਰੀ ਮੋਦੀ ✪ ਭਾਰਤੀ ਸੂਚਨਾ ਮੰਤਰਾਲੇ ਨੇ ਕਿਹਾ ਕਿ ਪਾਕਿ ਦੇ ਨਾਲ ਅੱਗੇ ਗੱਲਬਾਤ ਕਰਨ ਲਈ ਕੋਈ ਫ਼ੈਸਲਾ ਨਹੀਂ ਲਿਆ ਗਿਆ ✪ ਕਸ਼ਮੀਰ ਉਪਰ ਭਾਰਤ-ਪਾਕਿ ਦੀ ਸਹਿਮਤੀ ਬਣਨੀ ਮੁਸ਼ਕਲ



## ਅਮਰੀਕਾ ਵੱਲੋਂ ਭਾਰਤ-ਪਾਕਿ ਦੇ ਹਾਲਾਤ ਬਾਰੇ ਬਰਤਾਨੀਆ ਨਾਲ ਚਰਚਾ

ਨਿਊਯਾਰਕ/ਵਾਸ਼ਿੰਗਟਨ-ਅਮਰੀਕਾ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਹਾਲਾਤ ਬਾਰੇ ਬਰਤਾਨੀਆ ਨਾਲ ਗੱਲਬਾਤ ਕੀਤੀ ਅਤੇ ਦੋਵਾਂ ਗੁਆਂਢੀ ਮੁਲਕਾਂ ਵਿਚਕਾਰ ਜੰਗਬੰਦੀ ਸਮਝੌਤੇ ਨੂੰ ਕਾਇਮ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਬੀਤੇ ਐਤਵਾਰ ਨੂੰ ਬਰਤਾਨੀਆ ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨਾਲ ਗੱਲਬਾਤ ਕੀਤੀ। ਇਸ ਗੱਲਬਾਤ ਵਿੱਚ ਦੋਵਾਂ ਮੁਲਕਾਂ ਨੇ ਭਾਰਤ-ਪਾਕਿਸਤਾਨ ਵਿਚਕਾਰ ਜੰਗਬੰਦੀ ਨੂੰ ਜਾਰੀ ਰੱਖਣ ਅਤੇ ਸਿੱਧੀ ਗੱਲਬਾਤ ਨੂੰ ਹੁਲਾਰਾ ਦੇਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਅਮਰੀਕੀ ਵਿਦੇਸ਼ ਮੰਤਰੀ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਵਾਦ ਨੂੰ ਹੋਰ ਮਜ਼ਬੂਤ ਕਰਨ ਲਈ ਅਮਰੀਕਾ ਦੇ ਸਮਰਥਨ ਦਾ ਵਾਅਦਾ ਕੀਤਾ। ਰੂਬੀਓ ਨੇ ਰੂਸ-ਯੂਕਰੇਨ ਜੰਗ ਬਾਰੇ ਵੀ ਗੱਲ ਕਰਦਿਆਂ ਅਮਰੀਕਾ ਦੇ ਰੁਖ ਨੂੰ ਸਪੱਸ਼ਟ ਕੀਤਾ ਅਤੇ ਕਿਹਾ, "ਸਾਡੀ ਸਭ ਤੋਂ ਵੱਡੀ ਤਰਜੀਹ ਜੰਗ ਨੂੰ ਖਤਮ ਕਰਨਾ ਅਤੇ ਤੁਰੰਤ ਜੰਗਬੰਦੀ ਲਾਗੂ ਕਰਨਾ ਹੈ।"

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ-ਪਾਕਿਸਤਾਨ ਵਿਚਕਾਰ ਹਾਲੀਆ ਜੰਗਬੰਦੀ ਨੂੰ ਆਪਣੀ ਕੂਟਨੀਤਕ ਜਿੱਤ ਦੱਸਿਆ ਅਤੇ ਕਿਹਾ ਕਿ ਅਮਰੀਕੀ ਵਪਾਰਕ ਧਮਕੀਆਂ ਨੇ ਦੋਵਾਂ ਮੁਲਕਾਂ ਨੂੰ ਜੰਗ ਤੋਂ ਰੋਕਿਆ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁਥ ਸੋਸ਼ਲ 'ਤੇ ਪੋਸਟ ਕਰਦਿਆਂ ਦਾਅਵਾ ਕੀਤਾ ਕਿ ਅਮਰੀਕਾ ਨੇ "ਸਾਰੀ ਰਾਤ ਚੱਲੀ ਗੱਲਬਾਤ" ਵਿੱਚ ਵਿਚੋਲਗੀ ਕੀਤੀ, ਜਿਸ ਨਾਲ ਜੰਗਬੰਦੀ ਸੰਭਵ ਹੋਈ। ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਦੀ ਲੀਡਰਸ਼ਿਪ ਦੀ ਸ਼ਾਂਤੀ ਸਮਝੌਤੇ ਪ੍ਰਤੀ "ਅਡਿੱਗ" ਰਵੱਈਏ ਦੀ ਸ਼ਲਾਘਾ ਕੀਤੀ ਅਤੇ ਦੋਵਾਂ ਮੁਲਕਾਂ ਨੂੰ ਵਧਾਈ ਦਿੱਤੀ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਟਰੰਪ ਦੇ ਬਿਆਨ ਦੀ ਪੁਸ਼ਟੀ ਕਰਦਿਆਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ ਕਿ ਅਮਰੀਕਾ, ਸਾਊਦੀ ਅਰਬ, ਅਤੇ ਬ੍ਰਿਟੇਨ ਸਮੇਤ 30 ਤੋਂ ਵੱਧ ਮੁਲਕਾਂ ਨੇ ਇਸ ਜੰਗਬੰਦੀ ਲਈ ਕੂਟਨੀਤਕ ਯਤਨ ਕੀਤੇ।

ਪਰ ਭਾਰਤ ਨੇ ਟਰੰਪ ਦੇ ਇਸ ਦਾਅਵੇ ਨੂੰ ਸਿਰੇ ਤੋਂ ਨਕਾਰ ਦਿੱਤਾ। ਭਾਰਤੀ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸਪੱਸ਼ਟ ਕੀਤਾ ਕਿ ਜੰਗਬੰਦੀ ਭਾਰਤ ਅਤੇ ਪਾਕਿਸਤਾਨ ਦੀ ਫੌਜੀ ਅਧਿਕਾਰੀਆਂ ਦੀ ਸਿੱਧੀ ਗੱਲਬਾਤ ਦਾ ਨਤੀਜਾ ਸੀ, ਜਿਸ ਵਿੱਚ ਕਿਸੇ ਤੀਜੀ ਧਿਰ ਦੀ ਕੋਈ ਭੂਮਿਕਾ ਨਹੀਂ ਸੀ।

ਭਾਰਤੀ ਸੂਚਨਾ ਮੰਤਰਾਲੇ ਨੇ ਵੀ ਕਿਹਾ ਕਿ ਪਾਕਿਸਤਾਨ ਨਾਲ ਅਗਲੀ ਗੱਲਬਾਤ ਬਾਰੇ ਹਾਲੇ ਕੋਈ ਫੈਸਲਾ ਨਹੀਂ ਲਿਆ ਗਿਆ। ਸਾਬਕਾ ਭਾਰਤੀ ਰਾਜਦੂਤ ਅਤੇ ਕੌਮਾਂਤਰੀ ਮਾਮਲਿਆਂ ਦੇ ਮਾਹਿਰ ਰਾਜੀਵ ਭਾਟੀਆ ਨੇ ਕਿਹਾ ਕਿ ਅਮਰੀਕਾ ਨੇ ਵਿਚੋਲਗੀ ਨਹੀਂ ਕੀਤੀ, ਸਗੋਂ ਸਿਰਫ਼ ਗੱਲਬਾਤ ਨੂੰ ਸੰਭਵ ਕਰਨ ਵਿੱਚ ਮਦਦ ਕੀਤੀ। ਉਨ੍ਹਾਂ ਨੇ ਟਰੰਪ ਦੇ ਜੰਗਬੰਦੀ ਦੇ ਐਲਾਨ ਨੂੰ "ਵਧੀਕੀ" ਦੱਸਿਆ ਅਤੇ ਕਿਹਾ ਕਿ ਇਹ ਸਿਹਰਾ ਲੈਣ ਦੀ ਕੋਸ਼ਿਸ਼ ਹੋ ਸਕਦੀ ਹੈ। ਭਾਟੀਆ ਨੇ ਅੱਗੇ ਕਿਹਾ ਕਿ ਟਰੰਪ ਨੇ ਭਵਿੱਖ ਵਿੱਚ ਕਸ਼ਮੀਰ ਸਮੇਤ ਸਾਰੇ ਮੁੱਦਿਆਂ 'ਤੇ ਚਰਚਾ ਦੀ ਗੱਲ ਕੀਤੀ ਹੈ, ਪਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਅਜਿਹੀ ਕਿਸੇ ਗੱਲਬਾਤ ਲਈ ਸਹਿਮਤੀ ਬਣਨੀ ਮੁਸ਼ਕਲ ਲੱਗਦੀ ਹੈ।

### ਪਾਕਿਸਤਾਨ ਦਾ ਅਮਰੀਕੀ ਸਮਰਥਨ ਅਤੇ ਭਾਰਤ ਦੀ ਸਖ਼ਤ ਨੀਤੀ

ਪਾਕਿਸਤਾਨ ਨੇ ਟਰੰਪ ਦੇ ਬਿਆਨ ਦਾ ਸਵਾਗਤ ਕੀਤਾ ਅਤੇ ਅਮਰੀਕੀ ਦਖਲ ਦੀ ਸ਼ਲਾਘਾ ਕਰਦਿਆਂ ਕਸ਼ਮੀਰ ਨੂੰ "ਵਿਵਾਦ" ਦੱਸਿਆ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਸੰਯੁਕਤ ਰਾਸ਼ਟਰ ਦੇ ਮਤਿਆਂ ਅਨੁਸਾਰ ਕਸ਼ਮੀਰ ਮੁੱਦੇ ਦੇ ਹੱਲ ਦੀ ਮੰਗ ਕੀਤੀ ਅਤੇ ਅਮਰੀਕਾ ਨਾਲ ਵਪਾਰਕ ਸਹਿਯੋਗ ਵਧਾਉਣ ਦੀ ਉਮੀਦ ਜਤਾਈ। ਪਰ ਭਾਰਤ ਨੇ ਸ਼ਿਮਲਾ ਸਮਝੌਤੇ (1972) ਦੀ ਭਾਵਨਾ ਨੂੰ ਜਾਰੀ ਰੱਖਦਿਆਂ ਕਿਸੇ ਵੀ ਤੀਜੀ ਧਿਰ ਦੀ ਵਿਚੋਲਗੀ ਨੂੰ ਰੱਦ ਕਰ ਦਿੱਤਾ। ਸ਼ਿਮਲਾ ਸਮਝੌਤੇ ਅਨੁਸਾਰ, ਭਾਰਤ ਅਤੇ ਪਾਕਿਸਤਾਨ ਦੇ ਮੁੱਦਿਆਂ ਦਾ ਹੱਲ ਸਿੱਧੀ ਗੱਲਬਾਤ ਰਾਹੀਂ ਹੀ ਹੋਣਾ ਹੈ।

ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੱਸ਼ਟ ਕੀਤਾ ਕਿ ਅੱਤਵਾਦ ਵਿਰੁੱਧ ਸਖ਼ਤ ਰੁਖ ਜਾਰੀ ਰਹੇਗਾ ਅਤੇ ਕਸ਼ਮੀਰ 'ਤੇ ਭਾਰਤ ਦੀ ਸਥਿਤੀ ਅਡੋਲ ਹੈ। ਮੋਦੀ ਨੇ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਜੇਕਰ ਪਾਕਿਸਤਾਨ ਨੇ ਕੋਈ ਹਰਕਤ ਕੀਤੀ, ਤਾਂ ਜਵਾਬ ਵਿਨਾਸ਼ਕਾਰੀ ਹੋਵੇਗਾ।

### ਮੋਦੀ ਦਾ ਸਖ਼ਤ ਸੁਨੇਹਾ

ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਭਾਰਤ ਅੱਤਵਾਦ ਅਤੇ ਪ੍ਰਮਾਣੂ ਬਲੈਕਮੇਲਿੰਗ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਤਿੰਨ ਮੁੱਖ ਸ਼ਰਤਾਂ ਰੱਖੀਆਂ :

* ਜੇਕਰ ਭਾਰਤ 'ਤੇ ਕੋਈ ਅੱਤਵਾਦੀ ਹਮਲਾ ਹੁੰਦਾ ਹੈ, ਤਾਂ ਭਾਰਤ ਆਪਣੀਆਂ ਸ਼ਰਤਾਂ 'ਤੇ ਜਵਾਬ ਦੇਵੇਗਾ ਅਤੇ ਅੱਤਵਾਦ ਦੀਆਂ ਜੜ੍ਹਾਂ 'ਤੇ ਹਮਲਾ ਕਰੇਗਾ।
* ਭਾਰਤ ਹੁਣ ਪ੍ਰਮਾਣੂ ਧਮਕੀਆਂ ਨੂੰ ਸਹਿਣ ਨਹੀਂ ਕਰੇਗਾ ਅਤੇ ਅੱਤਵਾਦ ਨੂੰ ਪਾਕਿ ਸਰਕਾਰ ਤੋਂ ਵੱਖ ਨਹੀਂ ਮੰਨੇਗਾ।
* ਅੱਤਵਾਦ ਅਤੇ ਗੱਲਬਾਤ ਜਾਂ ਵਪਾਰ ਇਕੱਠੇ ਨਹੀਂ ਹੋ ਸਕਦੇ।

ਮੋਦੀ ਨੇ ਦੱਸਿਆ ਕਿ ਭਾਰਤੀ ਫੌਜ ਨੇ ਪਾਕਿਸਤਾਨ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ। ਪਹਿਲੇ ਤਿੰਨ ਦਿਨਾਂ ਵਿੱਚ ਭਾਰਤ ਨੇ ਪਾਕਿਸਤਾਨ ਨੂੰ ਇਸ ਹੱਦ ਤੱਕ ਨੁਕਸਾਨ ਪਹੁੰਚਾਇਆ ਕਿ ਉਸ ਦੀ ਕਲਪਨਾ ਤੋਂ ਵੀ ਪਰ੍ਹੇ ਸੀ। 10 ਮਈ ਦੀ ਦੁਪਹਿਰ ਨੂੰ ਪਾਕਿਸਤਾਨੀ ਫੌਜ ਨੇ ਭਾਰਤ ਦੇ ਡੀਜੀਐਮਓ ਨਾਲ ਸੰਪਰਕ ਕੀਤਾ

ਬਾਕੀ ਹਿਸਾ ਸਫਾ 12 ਤੇ ਪੜ੍ਹੋ

## ਕੀ ਕਹਿੰਦਾ ਹੈ ਭਾਰਤ ਪਾਕਿ ਜੰਗ ਬਾਰੇ ਅਮਰੀਕਨ ਮੀਡੀਆ ਸੀਐਨਐਨ ਦਾ ਵਿਸ਼ਲੇਸ਼ਣ

ਸੱਚਾਈ ਇਹ ਹੈ ਕਿ ਇਸ ਜੰਗ ਵਿਚ ਭਾਰਤ-ਪਾਕਿ ਵਿਚੋਂ ਕੋਈ ਸਪੱਸ਼ਟ ਜੇਤੂ ਨਹੀਂ। ਭਾਰਤ ਅਤੇ ਪਾਕਿਸਤਾਨ ਦੋਵੇਂ ਆਪਣੇ ਮੀਡੀਆ ਅਤੇ ਰਾਜਨੀਤਕ ਆਗੂਆਂ ਰਾਹੀਂ ਜਿੱਤ ਦੇ ਝੰਡੇ ਗੱਡ ਰਹੇ ਨੇ। ਭਾਰਤ ਦਾ ਮੀਡੀਆ "ਪਾਕਿਸਤਾਨ ਨੇ ਹਾਰ ਮੰਨੀ" ਵਰਗੀਆਂ ਸੁਰਖੀਆਂ ਲਾਉਂਦਾ ਹੈ, ਜਦਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਿਰਫ ਆਪਣੀ ਫੌਜ ਦੀ "ਤਾਰੀਖੀ" ਜਿੱਤ ਦੀ ਗੱਲ ਕਰਦੇ ਨੇ। ਪਰ ਇਹ ਸਾਰਾ ਪ੍ਰਚਾਰ ਰਾਜਨੀਤਕ ਅਤੇ ਕੌਮੀ ਹੰਕਾਰ ਨਾਲ ਭਰਿਆ ਹੈ। ਦੋਵੇਂ ਦੇਸ਼ ਆਪਣੇ ਨੁਕਸਾਨ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਨੇ, ਜਿਵੇਂ ਭਾਰਤ ਨੇ ਆਪਣੇ ਜਹਾਜ਼ਾਂ ਦੇ ਡਿੱਗਣ ਦੀ ਗੱਲ ਨੂੰ ਨਕਾਰਿਆ, ਭਾਵੇਂ ਪਾਕਿਸਤਾਨ ਨੇ ਪੰਜ ਜਹਾਜ਼ ਮਾਰਨ ਦਾ ਦਾਅਵਾ ਕੀਤਾ।

ਸੀਐਨਐਨ ਦੀ ਰਿਪੋਟ ਅਨੁਸਾਰ ਦੋਵਾਂ ਪਾਸਿਆਂ ਨੂੰ ਭਾਰੀ ਨੁਕਸਾਨ ਹੋਇਆ। ਪਾਕਿਸਤਾਨ ਨੇ ਭਾਰਤ ਦੇ ਜਹਾਜ਼ ਮਾਰਨ ਦੀ ਗੱਲ ਕੀਤੀ, ਜਿਸ ਵਿੱਚ ਫਰਾਂਸੀਸੀ ਰਾਫੇਲ ਜਹਾਜ਼ ਵੀ ਸ਼ਾਮਲ ਸਨ। ਉਧਰ, ਭਾਰਤ ਨੇ ਸੈਟੇਲਾਈਟ ਤਸਵੀਰਾਂ ਜਾਰੀ ਕਰਕੇ ਪਾਕਿਸਤਾਨ ਦੇ ਫੌਜੀ ਅੱਡਿਆਂ 'ਤੇ ਹਮਲਿਆਂ ਦਾ ਦਾਅਵਾ ਕੀਤਾ। ਇਸ ਤਰ੍ਹਾਂ, ਦੋਵੇਂ ਦੇਸ਼ਾਂ ਨੇ ਇੱਕ-ਦੂਜੇ ਨੂੰ ਨੁਕਸਾਨ ਪਹੁੰਚਾਇਆ, ਪਰ ਕੋਈ ਵੀ ਸਪੱਸ਼ਟ ਜਿੱਤ ਨਹੀਂ ਹਾਸਲ ਕਰ ਸਕਿਆ। ਜੰਗਬੰਦੀ ਵਿੱਚ ਅਮਰੀਕਾ ਦੀ ਭੂਮਿਕਾ ਮਹੱਤਵਪੂਰਨ ਸੀ, ਜਿਸ ਨੂੰ ਰਾਸ਼ਟਰਪਤੀ ਟਰੰਪ ਅਤੇ ਉਸ ਦੀ ਟੀਮ ਨੇ ਅੱਗੇ ਵਧਾਇਆ। ਪਾਕਿਸਤਾਨ ਨੇ ਇਸ ਦਖਲਅੰਦਾਜ਼ੀ ਦੀ ਸ਼ਲਾਘਾ ਕੀਤੀ, ਪਰ ਭਾਰਤ ਨੇ ਇਸ ਨੂੰ ਆਪਣੀ ਕੌਮੀ ਸੁਤੰਤਰਤਾ ਅਤੇ ਕਸ਼ਮੀਰ ਮੁੱਦੇ 'ਤੇ ਵਿਦੇਸ਼ੀ ਦਖਲ ਨੂੰ ਰੱਦ ਕਰਨ ਦੀ ਨੀਤੀ ਕਾਰਨ ਨਕਾਰਿਆ। ਇਹ ਭਾਰਤ ਦੀ ਰਾਜਨੀਤਕ ਰਣਨੀਤੀ ਨੂੰ ਦਰਸਾਉਂਦਾ ਹੈ, ਜਿੱਥੇ ਵਿਦੇਸ਼ੀ ਮਦਦ ਨੂੰ ਸਵੀਕਾਰ ਕਰਨਾ ਕਮਜ਼ੋਰੀ ਵਜੋਂ ਦੇਖਿਆ ਜਾਂਦਾ ਹੈ।

ਇਹ ਤਣਾਅ ਤੇ ਝੜਪਾਂ ਕਸ਼ਮੀਰ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਵਿਵਾਦ ਦੀ ਇੱਕ ਹੋਰ ਕੜੀ ਹੈ। ਟਰੰਪ ਦੀ ਕਸ਼ਮੀਰ ਮੁੱਦੇ 'ਤੇ ਸੁਲ੍ਹਾ ਕਰਵਾਉਣ ਦੀ ਪੇਸ਼ਕਸ਼ ਨੂੰ ਪਾਕਿਸਤਾਨ ਨੇ ਸਵੀਕਾਰ ਕੀਤਾ, ਪਰ ਭਾਰਤ ਨੇ ਰੱਦ ਕਰ ਦਿੱਤਾ। ਇਹ ਦਰਸਾਉਂਦਾ ਹੈ ਕਿ ਕਸ਼ਮੀਰ ਦਾ ਮਸਲਾ ਕਿੰਨਾ ਜਟਿਲ ਹੈ, ਜਿਸ ਨੂੰ ਜੰਗਬੰਦੀ ਵਰਗੇ ਆਰਜ਼ੀ ਹੱਲ ਨਾਲ ਨਹੀਂ ਸੁਲਝਾਇਆ ਜਾ ਸਕਦਾ। ਇਹ ਤਣਾਅ ਅਤੇ ਇਸ ਦੀ ਮੀਡੀਆ ਕਵਰੇਜ ਦਰਸਾਉਂਦੀ ਹੈ ਕਿ ਭਾਰਤ-ਪਾਕਿਸਤਾਨ ਰਿਸ਼ਤੇ ਅਜੇ ਵੀ ਬਹੁਤ ਨਾਜ਼ੁਕ ਨੇ। ਜੰਗਬੰਦੀ ਭਾਵੇਂ ਹੋ ਗਈ, ਪਰ ਕਸ਼ਮੀਰ ਦਾ ਮੁੱਦਾ ਜਿਉਂ ਦਾ ਤਿਉਂ ਹੈ। ਜਦੋਂ ਤੱਕ ਇਸ ਦਾ ਸਥਾਈ ਹੱਲ ਨਹੀਂ ਨਿਕਲਦਾ, ਅਜਿਹੇ ਕਾਂਡ, ਹਮਲੇ ਵਾਪਰਦੇ ਰਹਿਣਗੇ।

# ਭਾਰਤ-ਪਾਕਿ ਡੀਜੀਐਮਓ ਮੀਟਿੰਗ, ਸਰਹੱਦ 'ਤੇ ਫੌਜ ਘਟਾਉਣ ਲਈ ਹੋਈ ਸਹਿਮਤੀ

## ✪ ਭਾਰਤ ਨੇ ਕਿਹਾ ਕਿ ਉਸ ਨੇ ਪਾਕਿ ਦੀ ਪਰਮਾਣੂ ਸਹੂਲਤ ਵਾਲੀ ਕਿਰਾਨਾ ਪਹਾੜੀਆਂ 'ਤੇ ਹਮਲਾ ਨਹੀਂ ਕੀਤਾ

ਦਿੱਲੀ-ਆਪਰੇਸ਼ਨ ਸਿੰਦੂਰ ਦੀ ਸਫਲਤਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਨੇ ਸਰਹੱਦ 'ਤੇ ਤਣਾਅ ਘਟਾਉਣ ਲਈ ਵੱਡਾ ਕਦਮ ਚੁੱਕਿਆ। ਦੋਵਾਂ ਦੇਸ਼ਾਂ ਦੇ ਸੈਨਿਕ ਸੰਚਾਲਨ ਮਹਾਨਿਰਦੇਸ਼ਕਾਂ (ਡੀਜੀਐਮਓ) ਨੇ ਬੀਤੇ ਸੋਮਵਾਰ ਨੂੰ ਗੱਲਬਾਤ ਕੀਤੀ ਅਤੇ ਸਰਹੱਦ 'ਤੇ ਫੌਜ ਦੀ ਗਿਣਤੀ ਘਟਾਉਣ 'ਤੇ ਸਹਿਮਤੀ ਜਤਾਈ। ਭਾਰਤੀ ਡੀਜੀਐਮਓ ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਪਾਕਿਸਤਾਨੀ ਮੇਜਰ ਜਨਰਲ ਕਾਸ਼ਿਫ ਅਬਦੁੱਲਾ ਨਾਲ ਕੀਤੀ। ਇਹ ਸ਼ਨੀਵਾਰ ਤੋਂ ਬਾਅਦ ਦੂਜੀ ਵਾਰ ਸੀ ਜਦੋਂ ਦੋਵਾਂ ਨੇ ਜੰਗਬੰਦੀ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਭਾਰਤੀ ਫੌਜ ਨੇ ਕਿਹਾ ਕਿ ਦੋਵੇਂ ਧਿਰਾਂ ਨੇ ਗੋਲੀਬਾਰੀ ਰੋਕਣ ਅਤੇ ਕੋਈ ਵੀ ਹਮਲਾਵਰ ਕਾਰਵਾਈ ਨਾ ਕਰਨ ਦੀ ਵਚਨਬੱਧਤਾ ਦੁਹਰਾਈ। ਇਸ ਤੋਂ ਪਹਿਲਾਂ ਭਾਰਤ ਨੇ ਪਾਕਿਸਤਾਨ ਦੇ 13 ਸੈਨਿਕ ਟਿਕਾਣਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਸਬੂਤ ਜਾਰੀ ਕੀਤੇ। ਫੌਜ ਨੇ ਦੱਸਿਆ ਕਿ ਪਾਕਿਸਤਾਨ ਨੇ ਚੀਨੀ ਮਿਜ਼ਾਈਲਾਂ, ਤੁਰਕੀ ਦੇ ਡਰੋਨਾਂ ਅਤੇ ਹੋਰ ਹਥਿਆਰਾਂ ਨਾਲ ਭਾਰਤੀ ਟਿਕਾਣਿਆਂ 'ਤੇ ਹਮਲੇ ਦੀ ਕੋਸ਼ਿਸ਼ ਕੀਤੀ, ਪਰ ਮਜ਼ਬੂਤ ਹਵਾਈ ਰੱਖਿਆ ਪ੍ਰਣਾਲੀ ਨੇ ਇਨ੍ਹਾਂ ਨੂੰ ਨਾਕਾਮ ਕਰ ਦਿੱਤਾ। ਲੈਫਟੀਨੈਂਟ ਜਨਰਲ ਘਈ ਨੇ ਕਿਹਾ ਕਿ ਭਾਰਤ ਦੀ ਬਹੁ-ਪਰਤੀ ਰੱਖਿਆ ਪ੍ਰਣਾਲੀ ਨੇ ਪਾਕਿਸਤਾਨ ਦੇ ਹਮਲਿਆਂ ਨੂੰ ਰੋਕਿਆ। ਇਸ ਵਿੱਚ ਕਾਊਂਟਰ-ਡਰੋਨ ਸਿਸਟਮ, ਮਿਜ਼ਾਈਲਾਂ ਅਤੇ ਲੜਾਕੂ ਜਹਾਜ਼ ਸ਼ਾਮਲ ਸਨ। ਏਅਰ ਮਾਰਸ਼ਲ ਏਕੇ ਭਾਰਤੀ ਨੇ ਦੱਸਿਆ ਕਿ ਪਾਕਿਸਤਾਨ ਦੇ ਨੂਰ ਖਾਨ ਅਤੇ ਰਹੀਮ ਯਾਰ ਖਾਨ ਹਵਾਈ ਅੱਡਿਆਂ 'ਤੇ ਸਟੀਕ ਹਮਲੇ ਕੀਤੇ ਗਏ। ਭਾਰਤ ਨੇ ਸਪੱਸ਼ਟ ਕੀਤਾ ਕਿ ਉਸ ਨੇ ਪਾਕਿਸਤਾਨ ਦੀ ਪਰਮਾਣੂ ਸਹੂਲਤ ਵਾਲੀ ਕਿਰਾਨਾ ਪਹਾੜੀਆਂ 'ਤੇ ਹਮਲਾ ਨਹੀਂ ਕੀਤਾ।

11 ਸਫ਼ੇ ਦੀ ਬਾਕੀ

ਅਤੇ ਅਪੀਲ ਕੀਤੀ ਕਿ ਉਹ ਅੱਗੇ ਤੋਂ ਅੱਤਵਾਦੀ ਗਤੀਵਿਧੀਆਂ ਜਾਂ ਫੌਜੀ ਹਰਕਤਾਂ ਨਹੀਂ ਕਰੇਗੀ। ਮੋਦੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਢਾਂਚੇ ਨੂੰ ਵੱਡੇ ਪੱਧਰ 'ਤੇ ਤਬਾਹ ਕਰ ਦਿੱਤਾ ਸੀ, ਜਿਸ ਕਾਰਨ ਪਾਕਿਸਤਾਨ ਨੂੰ ਜੰਗਬੰਦੀ ਲਈ ਮਜਬੂਰ ਹੋਣਾ ਪਿਆ।

### ਪ੍ਰਮਾਣੂ ਖਤਰੇ ਦੀ ਪਿੱਠਭੂਮੀ

ਭਾਰਤ-ਪਾਕਿਸਤਾਨ ਵਿਚਕਾਰ ਤਣਾਅ ਉਸ ਸਮੇਂ ਵਧਿਆ ਜਦੋਂ ਪਾਕਿਸਤਾਨ ਨੇ 300-400 ਡਰੋਨਾਂ ਨਾਲ ਭਾਰਤੀ ਹਵਾਈ ਰੱਖਿਆ 'ਤੇ ਹਮਲਾ ਕੀਤਾ ਅਤੇ ਰਾਵਲਪਿੰਡੀ ਦੇ ਨੂਰ ਖਾਨ ਹਵਾਈ ਅੱਡੇ 'ਤੇ ਵਿਸਫੋਟ ਹੋਇਆ, ਜੋ ਪਾਕਿਸਤਾਨ ਦੀ ਪ੍ਰਮਾਣੂ ਨਿਗਰਾਨੀ ਇਕਾਈ ਦੇ ਨੇੜੇ ਸੀ।

ਪਾਕਿਸਤਾਨ ਨੇ ਇਸ ਨੂੰ ਪ੍ਰਮਾਣੂ ਕਮਾਨ 'ਤੇ ਹਮਲੇ ਦੀ ਚਿਤਾਵਨੀ ਮੰਨਿਆ, ਜਿਸ ਨਾਲ ਪ੍ਰਮਾਣੂ ਜੰਗ ਦਾ ਖਤਰਾ ਵਧ ਗਿਆ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ ਨੇ ਨੈਸ਼ਨਲ ਕਮਾਂਡ ਅਥਾਰਟੀ ਦੀ ਬੈਠਕ ਸੱਦੀ, ਜਦਕਿ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਪ੍ਰਮਾਣੂ ਜਵਾਬ ਨੂੰ "ਦੂਰ ਦੀ ਸੰਭਾਵਨਾ" ਦੱਸਿਆ। ਅਮਰੀਕੀ ਮੀਡੀਆ ਨੇ ਸਥਿਤੀ ਨੂੰ "ਖਤਰਨਾਕ" ਦੱਸਿਆ ਅਤੇ ਮਾਹਿਰਾਂ ਨੇ ਅਮਰੀਕੀ ਦਖਲ ਨੂੰ ਪ੍ਰਮਾਣੂ ਸੰਘਰਸ਼ ਦੇ ਡਰ ਨਾਲ ਜੋੜਿਆ।

### ਭਾਰਤ ਵਿਚ ਵਿਰੋਧੀ ਧਿਰ ਦੇ ਸਵਾਲ

ਟਰੰਪ ਦੇ ਇਸ ਬਿਆਨ ਕਿ ਉਹ ਕਸ਼ਮੀਰ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਨਾਲ ਮਿਲ ਕੇ ਕੰਮ ਕਰਨਾ ਚਾਹੁੰਦੇ ਹਨ, ਨੇ ਭਾਰਤ ਦੀਆਂ ਵਿਰੋਧੀ ਪਾਰਟੀਆਂ ਨੂੰ ਹਮਲਾਵਰ ਕਰ ਦਿੱਤਾ। ਕਾਂਗਰਸ ਦੇ ਜੈਰਾਮ ਰਮੇਸ਼ ਨੇ ਸਵਾਲ ਉਠਾਇਆ ਕਿ ਕੀ ਸ਼ਿਮਲਾ ਸਮਝੌਤੇ ਨੂੰ ਨਜ਼ਰਅੰਦਾਜ਼ ਕਰਕੇ ਤੀਜੀ ਧਿਰ ਦੀ ਦਖਲਅੰਦਾਜ਼ੀ ਨੂੰ ਸੱਦਾ ਦਿੱਤਾ ਗਿਆ। ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਸ਼ਿਮਲਾ ਸਮਝੌਤੇ ਵਿੱਚ ਸਪੱਸ਼ਟ ਹੈ ਕਿ ਭਾਰਤ-ਪਾਕਿਸਤਾਨ ਦੇ ਮੁੱਦਿਆਂ ਵਿੱਚ ਤੀਜੀ ਧਿਰ ਦਾ ਦਖਲ ਨਹੀਂ ਹੋਵੇਗਾ।

ਸ਼ਿਵ ਸੈਨਾ (ਯੂਬੀਟੀ) ਦੇ ਸੰਜੇ ਰਾਊਤ ਨੇ ਭਾਜਪਾ ਨੂੰ "ਡੁਪਲੀਕੇਟ ਚਾਣਕਿਆ" ਦੱਸਦਿਆਂ ਕਿਹਾ ਕਿ ਟਰੰਪ ਨੂੰ ਕਸ਼ਮੀਰ ਵਿੱਚ ਦਖਲ ਦਾ ਹੱਕ ਕਿਸ ਨੇ ਦਿੱਤਾ?


ਰਾਜਦ ਦੇ ਮਨੋਜ ਝਾਅ ਨੇ ਸੰਸਦ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਮੰਗ ਕੀਤੀ ਤਾਂ ਜੋ ਅਮਰੀਕਾ ਨੂੰ ਸਪੱਸ਼ਟ ਸੁਨੇਹਾ ਦਿੱਤਾ ਜਾਵੇ ਕਿ ਕਸ਼ਮੀਰ ਵਿੱਚ ਉਸ ਦੀ ਦਖਲਅੰਦਾਜ਼ੀ ਦੀ ਲੋੜ ਨਹੀਂ।

### ਕੀ ਭਾਰਤ ਕਸ਼ਮੀਰ ਵਿੱਚ ਦਖਲਅੰਦਾਜ਼ੀ ਪ੍ਰਵਾਨ ਕਰੇਗਾ?

ਭਾਰਤ ਦੀ ਸਥਿਤੀ ਸਪੱਸ਼ਟ ਹੈ ਕਿ ਕਸ਼ਮੀਰ ਮੁੱਦੇ 'ਤੇ ਕਿਸੇ ਵੀ ਤੀਜੀ ਧਿਰ ਦੀ ਵਿਚੋਲਗੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਸ਼ਿਮਲਾ ਸਮਝੌਤੇ ਦੀ ਭਾਵਨਾ ਅਨੁਸਾਰ, ਭਾਰਤ-ਪਾਕਿਸਤਾਨ ਦੇ ਮੁੱਦਿਆਂ ਦਾ ਹੱਲ ਸਿੱਧੀ ਗੱਲਬਾਤ ਰਾਹੀਂ ਹੀ ਹੋਣਾ ਹੈ। ਪ੍ਰਧਾਨ ਮੰਤਰੀ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਵਾਰ-ਵਾਰ ਸਪੱਸ਼ਟ ਕੀਤਾ ਹੈ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਅਤੇ ਇਸ ਮੁੱਦੇ 'ਤੇ ਕਿਸੇ ਵੀ ਬਾਹਰੀ ਦਖਲ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਮੋਦੀ ਦਾ ਸਖ਼ਤ ਰੁਖ, ਜਿਸ ਵਿੱਚ ਉਨ੍ਹਾਂ ਨੇ ਪ੍ਰਮਾਣੂ ਬਲੈਕਮੇਲਿੰਗ ਅਤੇ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ, ਸਪੱਸ਼ਟ ਕਰਦਾ ਹੈ ਕਿ ਭਾਰਤ ਕਸ਼ਮੀਰ ਜਾਂ ਕਿਸੇ ਹੋਰ ਮੁੱਦੇ 'ਤੇ ਤੀਜੀ ਧਿਰ ਦੀ ਦਖਲਅੰਦਾਜ਼ੀ ਨੂੰ ਪ੍ਰਵਾਨ ਨਹੀਂ ਕਰੇਗਾ। ਹਾਲਾਂ ਕਹਿਣਾ ਮੁਸ਼ਕਲ ਹੈ ਕਿ ਦੋਹਾਂ ਦੇਸਾਂ ਵਿਚ ਤਣਾਅ ਘੱਟ ਗਿਆ ਹੈ।

# ਰਬਿੰਦਰਨਾਥ ਟੈਗੋਰ ਦੀ 'ਬੰਦੀ ਬੀਰ' ਨੂੰ ਭਾਰਤੀ ਸਿਲੇਬਸਾਂ ਵਿਚ ਅਹਿਮੀਅਤ ਕਿਉਂ ਨਹੀਂ ਮਿਲੀ?

ਰਬਿੰਦਰਨਾਥ ਟੈਗੋਰ ਦੀ ਕਵਿਤਾ 'ਬੰਦੀ ਬੀਰ' (ਬੰਗਾਲੀ ਵਿੱਚ 'ਬੁੰਦੀ ਬੀਰ') ਬੰਦਾ ਸਿੰਘ ਬਹਾਦਰ ਦੀ ਵੀਰਤਾ ਅਤੇ ਸੰਘਰਸ਼ ਨੂੰ ਦਰਸਾਉਂਦੀ ਹੈ। ਇਹ ਕਵਿਤਾ, ਜੋ ਟੈਗੋਰ ਦੀ ਕਿਤਾਬ 'ਕਥਾ ਓ ਕਹਾਨੀ' ਦਾ ਹਿੱਸਾ ਹੈ, ਬੰਗਾਲੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਪੰਜਾਬੀ ਵਿੱਚ ਹਰਪਾਲ ਸਿੰਘ ਪੰਨੂ ਅਤੇ ਅੰਗਰੇਜ਼ੀ ਵਿੱਚ ਪ੍ਰੋਫੈਸਰ ਮੌਨੀਸ਼ ਆਰ ਚੈਟਰਜੀ ਵੱਲੋਂ ਕੀਤੇ ਅਨੁਵਾਦ ਨੇ ਇਸ ਦੀ ਅਹਿਮੀਅਤ ਵਧਾਈ ਹੈ। ਪੱਛਮੀ ਬੰਗਾਲ ਦੇ ਸਕੂਲੀ ਸਿਲੇਬਸ ਵਿੱਚ ਇਸ ਦੀ ਸਮੂਲੀਅਤ ਇਸ ਦੀ ਸਾਹਿਤਕ ਮਹੱਤਤਾ ਨੂੰ ਦਰਸਾਉਂਦੀ ਹੈ। ਇਹ ਕਵਿਤਾ ਬਾਬਾ ਬੰਦਾ ਸਿੰਘ ਬਹਾਦਰ ਦੀ ਮੁਗਲਾਂ ਵਿਰੁੱਧ ਜੰਗ, ਗ੍ਰਿਫਤਾਰੀ ਅਤੇ ਅਟੁੱਟ ਹਿੰਮਤ ਨੂੰ ਉਜਾਗਰ ਕਰਦੀ ਹੈ, ਜੋ ਸਿੱਖ ਵਿਰਾਸਤ ਦੀ ਨੀਂਹ ਨੂੰ ਮਜ਼ਬੂਤ ਕਰਦੀ ਹੈ।



### ਭਾਰਤੀ ਸਕੂਲੀ ਸਿਲੇਬਸ ਵਿੱਚ ਅਣਦੇਖੀ ਕਿਉਂ?

'ਬੰਦੀ ਬੀਰ' ਦੀ ਪ੍ਰਸਿੱਧੀ ਮੁੱਖ ਤੌਰ 'ਤੇ ਪੱਛਮੀ ਬੰਗਾਲ ਤੱਕ ਸੀਮਤ ਹੈ। ਭਾਰਤ ਸਰਕਾਰ ਨੇ ਇਸ ਨੂੰ ਰਾਸ਼ਟਰੀ ਪੱਧਰ 'ਤੇ ਸਕੂਲੀ ਸਿਲੇਬਸ ਵਿੱਚ ਸ਼ਾਮਲ ਨਹੀਂ ਕੀਤਾ, ਜਿਸ ਦਾ ਕਾਰਨ ਸੰਭਾਵੀ ਤੌਰ 'ਤੇ ਖੇਤਰੀ ਸਾਹਿਤਕ ਤਰਜੀਹਾਂ ਅਤੇ ਇਤਿਹਾਸਕ ਪਾਠਕ੍ਰਮਾਂ ਦੀ ਸੀਮਤ ਵਿਭਿੰਨਤਾ ਤੇ ਸਿਖ ਇਤਿਹਾਸ ਪ੍ਰਤੀ ਅਣਗਹਿਲੀ ਹੋ ਸਕਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਵੀਰਤਾ ਦੀਆਂ ਕਹਾਣੀਆਂ ਪੰਜਾਬ ਦੇ ਸਕੂਲੀ ਪਾਠਕ੍ਰਮ ਵਿੱਚ ਮੌਜੂਦ ਹਨ, ਪਰ ਟੈਗੋਰ ਦੀ ਇਸ ਕਵਿਤਾ ਨੂੰ ਵਿਸ਼ੇਸ਼ ਸਥਾਨ ਨਹੀਂ ਮਿਲਿਆ। ਸਿੱਖ ਇਤਿਹਾਸ ਦੇ ਪ੍ਰਸਾਰ ਲਈ ਸਰਕਾਰੀ ਪੱਧਰ 'ਤੇ ਹੋਰ ਯਤਨਾਂ ਦੀ ਲੋੜ ਹੈ, ਤਾਂ ਜੋ ਇਸ ਕਵਿਤਾ ਵਰਗੀਆਂ ਰਚਨਾਵਾਂ ਦੇਸ਼ ਭਰ ਦੇ ਵਿਦਿਆਰਥੀਆਂ ਤੱਕ ਪਹੁੰਚ ਸਕਣ।

### ਸ਼੍ਰੋਮਣੀ ਕਮੇਟੀ ਦੀ ਭੂਮਿਕਾ ਅਤੇ ਅਹਿਮੀਅਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸ ਅਤੇ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਪਰ 'ਬੰਦੀ ਬੀਰ' ਨੂੰ ਖਾਸ ਪ੍ਰਮੁੱਖਤਾ ਨਹੀਂ ਦਿੱਤੀ ਗਈ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਇਹ ਕਵਿਤਾ ਬੰਗਾਲੀ ਸਾਹਿਤ ਦਾ ਹਿੱਸਾ ਹੈ ਅਤੇ ਪੰਜਾਬੀ ਸਾਹਿਤਕ ਪਰੰਪਰਾ ਵਿੱਚ ਇਸ ਦੀ ਵਿਸ਼ੇਸ਼ ਚਰਚਾ ਨਹੀਂ ਹੋਈ।

ਸ਼੍ਰੋਮਣੀ ਕਮੇਟੀ ਦਾ ਜ਼ੋਰ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੇ ਸਿੱਧੇ ਸਰੋਤਾਂ 'ਤੇ ਰਿਹਾ ਹੈ। ਹਾਲਾਂਕਿ, ਇਸ ਕਵਿਤਾ ਨੂੰ ਸਿੱਖ ਯੁਵਾਵਾਂ ਤੱਕ ਪਹੁੰਚਾਉਣ ਲਈ ਸ਼੍ਰੋਮਣੀ ਵੱਲੋਂ ਅਨੁਵਾਦ ਅਤੇ ਪ੍ਰਕਾਸ਼ਨ ਦੇ ਯਤਨ ਕੀਤੇ ਜਾ ਸਕਦੇ ਹਨ। ਸਿੱਖ ਭਾਈਚਾਰਾ, ਸਿੱਖ ਇਤਿਹਾਸਕਾਰ ਅਤੇ ਸਾਹਿਤਕਾਰ ਬੀਰ ਬੰਦਾ ਦੀ ਥਾਂ 'ਬਾਬਾ ਬੰਦਾ ਸਿੰਘ ਬਹਾਦਰ' ਦੀ ਵਰਤੋਂ ਨੂੰ ਤਰਜੀਹ ਦਿੰਦੇ ਹਨ, ਜੋ ਉਨ੍ਹਾਂ ਦੀ ਪੂਰੀ ਪਛਾਣ ਨੂੰ ਸਤਿਕਾਰਦਾ ਹੈ। ਸ਼ਾਇਦ ਇਹੀ ਕਾਰਣ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਕਵਿਤਾ ਨੂੰ ਅਹਿਮੀਅਤ ਨਹੀਂ ਦਿਤੀ।

'ਬੰਦੀ ਬੀਰ' ਸਿਰਫ ਬੰਗਾਲੀ ਸਾਹਿਤ ਦਾ ਹਿੱਸਾ ਨਹੀਂ, ਸਗੋਂ ਸਿੱਖ ਵਿਰਾਸਤ ਦਾ ਵੀ ਮਾਣ ਹੈ। ਇਸ ਨੂੰ ਰਾਸ਼ਟਰੀ ਸਿਲੇਬਸ ਅਤੇ ਸਿੱਖ ਸੰਸਥਾਵਾਂ ਰਾਹੀਂ ਪ੍ਰਚਾਰਨ ਦੀ ਲੋੜ ਹੈ, ਤਾਂ ਜੋ ਬਾਬਾ ਬੰਦਾ ਸਿੰਘ ਬਹਾਦਰ ਦੀ ਵੀਰਤਾ ਅਤੇ ਟੈਗੋਰ ਦੀ ਸਾਹਿਤਕ ਸਮਰੱਥਾ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਮਿਲ ਸਕੇ।

# ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਦਰਜਨ ਤੋਂ ਵੱਧ ਲੋਕਾਂ ਦੀਆਂ ਹੋਈਆਂ ਮੌਤਾਂ

## ✪ ਪੰਜਾਬ ਸਰਕਾਰ ਵਲੋਂ ਸਖਤ ਕਾਰਵਾਈ! ਮਾਸਟਰਮਾਈਂਡ ਸਣੇ 5 ਗ੍ਰਿਫਤਾਰ

ਮਜੀਠਾ-ਹਲਕਾ ਮਜੀਠਾ ਵਿੱਚ ਬੀਤੇ ਦਿਨੀਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਦਰਜਨ ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਕੁੱਝ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਵੱਖ-ਵੱਖ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਭਰਤੀ ਕਰਵਾਇਆ ਗਿਆ। ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਇਸ ਨਕਲੀ ਸ਼ਰਾਬ ਦੇ ਰੈਕੇਟ 'ਤੇ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਵੱਡੀ ਕਾਰਵਾਈ ਕੀਤੀ ਹੈ। ਨਕਲੀ ਸ਼ਰਾਬ ਸਪਲਾਈ ਕਰਨ ਦਾ ਮਾਸਟਰਮਾਈਂਡ ਤੇ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਵਿਚ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਦਾ ਭਰਾ ਕੁਲਬੀਰ ਸਿੰਘ ਉਰਫ ਜੱਗੂ, ਸਾਹਿਬ ਸਿੰਘ ਉਰਫ ਸਰਾਏ, ਵਾਸੀ ਮੜੀ ਕਲਾਂ, ਗੁਰਜੰਟ ਸਿੰਘ, ਨਿੰਦਰ ਕੌਰ ਪਤਨੀ ਜੀਤਾ, ਵਾਸੀ ਥਰੇਨਵਾਲ ਸ਼ਾਮਲ ਹਨ।





MANAK
SOLICITORS
Jasdeep Singh Jandu
Conveyancing Director
Jas heads up our Property department and has developed a following of regular clients due to his calm nature, professional attitude and his practical knowledge of the areas in which he specialises.
Gravesend | Orpington | Sevenoaks | London
manaksolicitors.co.uk
0800 634 9726
Google
4.9/5 CUSTOMER REVIEWS
Lexcel
Legal Practice Quality Mark
Law Society Accredited
Rajbir Singh Manak MA (Hons)
Surinder Singh Manak LLB (Hons)

# ਸਮੈਦਿਕ ਸ਼ਹਿਰ ਦੇ ਖੁੱਲ੍ਹੇ ਮੈਦਾਨ ਵਿੱਚ ਵਿੱਚ ਹਜ਼ਾਰਾਂ ਲੋਕਾਂ ਨੇ ਵਿਸਾਖੀ ਮਨਾਈ



ਸਮੈਦਿਕ ਨਗਰ ਕੀਰਤਨ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਸ਼ਹਿਰ ਸਮੈਦਿਕ ਦੇ ਵਿਕਟੋਰੀਆ ਪਾਰਕ ਵਿੱਚ ਲੱਗਭੱਗ 50,000 ਤੋਂ ਵੱਧ ਲੋਕ ਵੈਸਾਖੀ ਸਮਾਗਮ ਵਿੱਚ ਪਹੁੰਚੇ। ਜੋ ਯੂ ਕੇ ਦਾ ਸਭ ਤੋਂ ਵੱਡਾ ਓਪਨ-ਏਅਰ ਵਿਸਾਖੀ ਸਮਾਗਮ ਸੀ।**

ਚਮਕਦੀ ਧੁੱਪ ਵਿੱਚ ਇਹ ਦਿਨ ਅਧਿਆਤਮਿਕਤਾ, ਸੱਭਿਆਚਾਰ ਅਤੇ ਏਕਤਾ ਦਾ ਪ੍ਰਤੀਕ ਸੀ, ਜਿਸ ਨੇ ਹਰ ਉਮਰ, ਪਿਛੋਕੜ ਅਤੇ ਹਰ ਧਰਮ ਦੇ ਲੋਕਾਂ ਨੂੰ ਇਕੱਠਾ ਕੀਤਾ। ਸਮਾਗਮਾਂ ਦੀ ਸ਼ੁਰੂਆਤ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਤੋਂ ਇੱਕ ਇਤਿਹਾਸਕ ਨਗਰ ਕੀਰਤਨ ਨਾਲ ਹੋਈ, ਜਿਸਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਨੇ ਕੀਤੀ, ਜੋ ਸੈਂਡਵਿਲ ਦੀਆਂ ਗਲੀਆਂ ਵਿੱਚੋਂ ਲੰਘਿਆ।

ਸਵੇਰੇ ਤੋਂ ਹੀ ਵਿਕਟੋਰੀਆ ਪਾਰਕ ਸੰਗਤਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ, ਜਿਹਨਾਂ ਨੂੰ ਵਿਸ਼ਵ-ਪ੍ਰਸਿੱਧ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਸੰਗਤਾਂ ਲਈ ਲੰਗਰਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਇਸ ਮੌਕੇ ਕਮਿਊਨਿਟੀ ਸਟਾਲਾਂ ਅਤੇ ਇੱਕ ਵਿਸ਼ੇਸ਼ ਤੌਰ 'ਤੇ ਬਣਾਏ ਗਏ ਕਲਾ ਪਿੰਡ ਦਾ ਆਨੰਦ ਮਾਣਿਆ, ਜੋ ਨੌਜਵਾਨਾਂ ਅਤੇ ਪੰਜਾਬੀ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਨੂੰ ਸਮਰਪਿਤ ਸੀ, ਪੰਜਾਬੀ ਭਾਸ਼ਾ ਵਰਕਸ਼ਾਪਾਂ ਨਾਲ ਨੌਜਵਾਨਾਂ ਨੂੰ ਪੰਜਾਬੀ ਬੋਲੀ ਨਾਲ ਜੋੜਨ ਦਾ ਪ੍ਰਚਾਰ ਕੀਤਾ।

ਸਥਾਨਿਕ ਗੁਰਦੁਆਰਾ, ਭਾਈਚਾਰਿਆਂ ਦੇ ਸਾਂਝੇ ਯਤਨਾਂ ਨਾਲ ਕਰਵਾਏ ਗਏ ਵਿਸਾਖੀ ਸਮਾਗਮ ਸਿੱਖ ਧਰਮ, ਵਿਰਸਾ ਅਤੇ ਸੱਭਿਆਚਾਰ ਦਾ ਸੁਮੇਲ ਸੀ, ਜਿਸ ਦਾ ਹਰ ਕਿਸੇ ਨੇ ਅਨੰਦ ਮਾਣਿਆ।

# ਓਸਾਰੀ ਕਾਮਿਆਂ ਨਾਲ ਗੱਲਬਾਤ ਕਰਦਿਆਂ ਮਹਾਰਾਜਾ ਚਾਰਲਸ ਨੇ ਪੰਜਾਬੀਆਂ ਨਾਲ ਕੀਤਾ ਹਾਸਾ ਠੱਠਾ



ਮਹਾਰਾਜਾ ਚਾਰਲਸ ਥੇਮਜ਼ ਟਾਈਡਵੇਅ ਸੁਰੰਗ ਦੇ ਕਾਮਿਆਂ ਅਮਰੀਕ ਸਿੰਘ, ਲਖਵੀਰ ਸਿੰਘ ਅਤੇ ਹੋਰਾਂ ਨਾਲ ਗੱਲਬਾਤ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਸਭ ਤੋਂ ਵੱਡੇ 10 ਸਾਲ ਚੱਲੇ ਥੇਮਜ਼ ਟਾਈਡਵੇਅ ਸੀਵਰੇਜ਼ ਪ੍ਰਾਜੈਕਟ ਦੇ ਮੁਕੰਮਲ ਹੋਣ ਤੇ ਬਰਤਾਨੀਆਂ ਦੇ ਮਹਾਰਾਜਾ ਚਾਰਲਸ ਬੀਤੇ ਕੱਲ ਥੇਮਜ਼ ਟਾਈਡਵੇਅ ਟਨਲ ਤੇ ਉਚੇਚੇ ਤੌਰ ਤੇ ਪਹੁੰਚੇ। ਇਸ ਸੁਰੰਗ ਨੂੰ ਪਿਛਲੇ ਸਾਲ ਅਗਸਤ ਵਿੱਚ ਚਾਲੂ ਕਰ ਦਿੱਤਾ ਗਿਆ ਸੀ ਜਿਸ ਨਾਲ ਅੱਧਾ ਮਿਲੀਅਨ ਸੀਵਰੇਜ ਥੇਮਸ ਨਦੀ ਵਿੱਚ ਪੈਣ ਤੋਂ ਰੋਕ ਦਿੱਤਾ ਗਿਆ ਹੈ। ਪ੍ਰੋਜੈਕਟ ਦੇ ਪਿੱਛੇ ਕੰਮ ਕਰਨ ਵਾਲੀ ਫਰਮ ਟਾਈਡਵੇਅ ਨੇ ਕਿਹਾ ਕਿ ਇਸ ਨਾਲ ਨਦੀ ਵਿੱਚ ਸੀਵਰੇਜ ਪ੍ਰਦੂਸ਼ਣ 95% ਘਟੇਗਾ।

25 ਕਿਲੋਮੀਟਰ ਲੰਬਾ ਇਹ ਸੀਵਰੇਜ ਪ੍ਰੋਜੈਕਟ ਨੂੰ ਬਣਾਉਣ ਲਈ 20,000 ਲੋਕਾਂ ਨੂੰ ਅੱਠ ਸਾਲ ਲੱਗੇ, ਇਸਦੀ ਲਾਗਤ 4.5 ਅਰਬ ਪੌਂਡ ਹੈ ਅਤੇ ਇਹ ਐਕਟਨ ਤੋਂ ਬੈਕਟਨ ਤੱਕ ਫੈਲਿਆ ਹੋਇਆ ਹੈ। ਜੋ ਲੰਡਨ ਦੇ ਸਭ ਤੋਂ ਵੱਡੇ ਇੰਜੀਨੀਅਰਿੰਗ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਇਸ ਸੁਰੰਗ ਦਾ ਵਿਆਸ 7.2 ਮੀਟਰ ਹੈ, ਜੋ ਕਿ ਲੰਡਨ ਦੀਆਂ ਤਿੰਨ ਡਬਲ-ਡੈਕਰ ਬੱਸਾਂ ਦੇ ਬਰਾਬਰ ਹੈ, ਅਤੇ ਮੁੱਖ ਪਾਈਪ ਦੀ ਖੁਦਾਈ ਲਈ ਚਾਰ ਵਿਸ਼ਾਲ ਸੁਰੰਗ ਬਣਾਉਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਗਈ। ਆਪਣੀ ਫੇਰੀ ਦੌਰਾਨ ਚਾਰਲਸ ਕਵੀ ਡੋਰੋਥੀਆ ਸਮਾਰਟ ਨੂੰ ਵੀ ਮਿਲੇ, ਜਿਸਦੀ ਥੇਮਜ਼ ਬਾਰੇ ਕਵਿਤਾ ਨੂੰ ਪ੍ਰਜੈਕਟ ਵਿੱਚ ਥਾਂ ਦਿੱਤੀ ਗਈ ਹੈ। ਮਹਾਰਾਜਾ ਚਾਰਲਸ ਨਾਲ ਹੋਈ ਮੁਲਾਕਾਤ ਬਾਰੇ ਅਮਰੀਕ ਸਿੰਘ ਜਵੰਦਾ ਨੇ ਕਿਹਾ ਕਿ ਇਹ ਬਹੁਤ ਹੀ ਯਾਦਗਰੀ ਮਿਲਣੀ ਸੀ, ਮਹਾਰਾਜਾ ਚਾਰਲਸ ਨੇ ਪੰਜਾਬੀਆਂ ਤੋਂ ਉਹਨਾਂ ਦੇ ਪਿਛੋਕੜ ਅਤੇ ਸ਼ਹਿਰਾਂ ਬਾਰੇ ਪੁੱਛਿਆ ਤਾਂ ਜਲੰਧਰ ਦਾ ਨਾਮ ਸੁਣ ਕੇ ਬਹੁਤ ਖੁਸ਼ ਹੋਏ।

# ਰੀਫੌਰਮ ਪਾਰਟੀ ਦੇ ਨੇਤਾ ਨਾਈਜ਼ੇਲ ਫੈਰਾਜ਼ ਵੱਲੋਂ ਭਾਰਤੀਆਂ ਬਾਰੇ ਕੀਤੀ ਟਿੱਪਣੀ ਦਾ ਭਾਰਤੀ ਭਾਈਚਾਰੇ ਵੱਲੋਂ ਵਿਰੋਧ



ਰਿਫੌਰਮ ਪਾਰਟੀ ਨੇਤਾ ਨਾਈਜ਼ੇਲ ਫੈਰਾਜ਼ ਅਤੇ ਕੌਂਸਲਰ ਰਾਜੂ ਸੰਸਾਰਪੁਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਇੰਮੀਗ੍ਰੇਸ਼ਨ ਨੂੰ ਲੈ ਕੇ ਹਮੇਸ਼ਾਂ ਚਰਚਾ ਵਿੱਚ ਰਹਿਣ ਵਾਲੇ ਰਿਫੌਰਮ ਪਾਰਟੀ ਦੇ ਨੇਤਾ ਨਾਈਜ਼ੇਲ ਫੈਰਾਜ਼ ਨੇ ਹੁਣ ਭਾਰਤ ਅਤੇ ਯੂ ਕੇ ਵਿਚਕਾਰ ਹੋਏ ਵਪਾਰਕ ਸਮਝੌਤੇ ਦਾ ਵਿਰੋਧ ਕਰਦਿਆਂ ਇਸ ਨੂੰ ਬਰਤਾਨਵੀ ਕਾਮਿਆਂ ਨਾਲ ਭੇਦਭਾਵ ਕਿਹਾ ਹੈ। ਉਹਨਾਂ ਕਿਹਾ ਕਿ ਇਹ ਵਪਾਰਕ ਸਮਝੌਤਾ ਬਰਤਾਨਵੀ ਕਾਮਿਆਂ ਨਾਲ ਵਿਤਕਰਾ ਕਰਦਾ ਹੈ, ਉਹਨਾਂ ਨਾਲ ਅਨਿਆਂ ਕਰਦਾ ਹੈ। ਕਿਉਂਕਿ ਇਸ ਸਮਝੌਤੇ ਤਹਿਤ ਯੂ ਕੇ ਵਿੱਚ ਭਾਰਤੀ ਕਾਮਿਆਂ ਨੂੰ ਤਿੰਨ ਸਾਲ ਲਈ ਰਾਸ਼ਟਰੀ ਬੀਮਾਂ ਭੁਗਤਾਨ ਕਰਨ ਤੋਂ ਛੋਟ ਦਿੰਦਾ ਹੈ। ਜਦ ਕਿ ਦੂਜੇ ਪਾਸੇ ਬਰਤਾਨਵੀ ਕਾਮਿਆਂ ਦਾ ਰਾਸ਼ਟਰੀ ਬੀਮਾ ਯੋਜਨਾਂ ਵਿੱਚ ਵਾਧਾ ਕੀਤਾ ਗਿਆ ਹੈ। ਉਹਨਾਂ ਇਥੋਂ ਤੱਕ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ 5 ਲੱਖ ਦੇ ਕਰੀਬ ਭਾਰਤੀ ਯੂ ਕੇ ਵਿੱਚ ਪੱਕੇ ਤੌਰ ਰਹਿਣ ਆਏ ਹਨ, ਉਹਨਾਂ ਵਿੱਚੋਂ ਬਹੁਤੇ ਕੰਮ ਨਹੀਂ ਕਰਦੇ ਅਤੇ ਸਰਕਾਰੀ ਭੱਤੇ ਪ੍ਰਾਪਤ ਕਰਦੇ ਹਨ। ਇਹ ਸਮਝੌਤਾ ਵਧੇਰੇ ਲੋਕਾਂ ਲਈ ਦਰਵਾਜ਼ੇ ਖੋਲ੍ਹੇਗਾ ਅਤੇ ਬਰਤਾਨਵੀ ਕਾਮਿਆਂ ਨਾਲੋਂ ਭਾਰਤੀ ਕਾਮਿਆਂ ਨੂੰ ਨੌਕਰੀ ਤੇ ਰੱਖਣਾ ਸਸਤਾ ਹੋਵੇਗਾ। ਉਹਨਾਂ ਕਿਹਾ ਕਿ ਇਹ ਗੁੰਮਰਾਹਕੁੰਨ ਹੈ ਕਿ ਯੂ ਕੇ ਵਿੱਚ ਨੌਕਰੀਆਂ ਲਈ ਅਰਜ਼ੀ ਦੇਣ ਵਾਲੇ ਜ਼ਿਆਦਾਤਰ ਭਾਰਤੀਆਂ ਨੂੰ ਕੋਈ ਲਾਭ ਹੋਵੇਗਾ। ਜਿਸ ਨਾਲ ਅਬਾਦੀ ਤੇ ਵੀ ਅਸਰ ਹੁੰਦਾ ਹੈ।ਜਦੋਂ ਕਿ ਵਪਾਰ ਮੰਤਰੀ ਜੋਨਾਥਨ ਰੇਨੋਲਡਜ਼ ਨੇ ਨਾਈਜ਼ੇਲ ਫੈਰਾਜ਼ ਦੇ ਦਾਅਵਿਆਂ ਨੂੰ ਗਲਤ ਕਿਹਾ ਹੈ। ਉਹਨਾਂ ਕਿਹਾ ਕਿ ਇਹ ਸੌਦਾ 15 ਸਾਲਾਂ ਦੇ ਅੰਦਰ 4.8 ਬਿਲੀਅਨ ਅਰਥ ਵਿਵਸਥਾ ਵਿੱਚ ਵਾਧਾ ਕਰੇਗਾ। ਜਿਸ ਨਾਲ ਹੋਰ ਨੌਕਰੀਆਂ ਪੈਦਾ ਹੋਣਗੀਆਂ। ਦੂਜੇ ਪਾਸੇ ਬ੍ਰਿਟਸ਼ ਇੰਡੀਅਨ ਕੌਂਸਲਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੌਂਸਲਰ ਰਾਜੂ ਸੰਸਾਰਪੁਰੀ ਨੇ ਕਿਹਾ ਹੈ ਕਿ ਭਾਰਤੀ ਮੇਹਨਤੀ ਲੋਕ ਹਨ ਅਤੇ ਉਹਨਾਂ ਦੀ ਸਰਕਾਰੀ ਭੱਤਾ ਲੈਣ ਦੀ ਹੋਰਾਂ ਭਾਈਚਾਰਿਆਂ ਮੁਤਾਬਿਕ ਅਨੁਪਾਤ ਨਾਂਹਮਾਤਰ ਹੈ। ਉਹਨਾਂ ਨਾਈਜ਼ੇਲ ਫੈਰਾਜ਼ ਵੱਲੋਂ ਕੀਤੀ ਗਈ ਟਿੱਪਣੀ ਦੀ ਸਖ਼ਤ ਨਿੰਦਾ ਕੀਤੀ ਹੈ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਬਰਤਾਨੀਆ ਸਰਕਾਰ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਵਿੱਚ ਵੱਡੀ ਤਬਦੀਲੀ ਹੁਣ 10 ਸਾਲ ਬਾਅਦ ਮਿਲੇਗੀ ਨਾਗਰਿਕਤਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਸਰਕਾਰ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਵਿੱਚ ਵੱਡੀ ਤਬਦੀਲੀ ਕੀਤੀ ਗਈ ਹੈ। ਪ੍ਰਵਾਸੀਆਂ ਦੀ ਗਿਣਤੀ ਘਟਾਉਣ ਲਈ ਸਰਕਾਰ ਨੇ ਸਖ਼ਤ ਫ਼ੈਸਲਾ ਲਿਆ ਹੈ। ਜਿਸ ਦੇ ਤਹਿਤ ਕਿਸੇ ਵੀ ਵਿਅਕਤੀ ਨੂੰ ਪੰਜ ਸਾਲ ਦੀ ਬਜਾਏ 10 ਸਾਲ ਬਾਅਦ ਬਰਤਾਨੀਆ ਦੀ ਨਾਗਰਿਕਤਾ ਮਿਲੇਗੀ। ਨਵੀਂ ਇਮੀਗ੍ਰੇਸ਼ਨ ਪ੍ਰਣਾਲੀ ਬਾਰੇ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਸਤੀ ਵਿਦੇਸ਼ੀ ਲੇਬਰ ਤੇ ਰੋਕ ਲਾਉਂਦਿਆਂ ਅੰਗਰੇਜ਼ੀ ਭਾਸ਼ਾ ਦੇ ਚੰਗੇ ਗਿਆਨ ਹੋਣ ਨੂੰ ਲਾਜ਼ਮੀ ਕਰ ਦਿੱਤਾ ਹੈ। ਸਰਕਾਰ ਨੂੰ ਅਨੁਮਾਨ ਹੈ ਕਿ ਇਹਨਾਂ ਨਿਯਮਾਂ ਨਾਲ ਮਾਈਗ੍ਰੇਸ਼ਨ ਅੰਕੜੇ ਘੱਟ** ਹੋਣਗੇ।

ਇਸ ਸਬੰਧ ਵਿੱਚ ਸਟਾਰਮਰ ਨੇ ਕਿਹਾ ਹੈ ਕਿ ਕੰਮ, ਪਰਿਵਾਰ ਅਤੇ ਪੜ੍ਹਾਈ ਨਾਲ ਸਬੰਧਤ ਹਰ ਇਮੀਗ੍ਰੇਸ਼ਨ ਸ਼੍ਰੇਣੀ ਵਿੱਚ ਸਖ਼ਤੀ ਲਾਗੂ ਕੀਤੀ ਜਾਵੇਗੀ। ਕਾਨੂੰਨ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ ਅਤੇ ਇਮੀਗ੍ਰੇਸ਼ਨ ਦੀ ਗਿਣਤੀ ਘਟੇਗੀ। ਉਨ੍ਹਾਂ ਕਿਹਾ ਕਿ ਅਸੀਂ ਇੱਕ ਨਿਯੰਤਰਿਤ, ਚੋਣਵੀਂ ਅਤੇ ਨਿਰਪੱਖ ਪ੍ਰਣਾਲੀ ਬਣਾਵਾਂਗੇ। ਇਸ ਦੌਰਾਨ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਕਿਹਾ ਕਿ ਸਰਕਾਰ ਹੁਣ ਕੋਈ ਨਵਾਂ ਇਮੀਗ੍ਰੇਸ਼ਨ ਟੀਚਾ ਨਿਰਧਾਰਤ ਨਹੀਂ ਕਰੇਗੀ। ਇਸ ਦੀ ਬਜਾਏ ਸਰਕਾਰ ਘੱਟ ਹੁਨਰਮੰਦ ਕਾਮਿਆਂ ਨੂੰ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ ਘਟਾ ਦੇਵੇਗੀ। ਉਨ੍ਹਾਂ ਕਿਹਾ ਕਿ 2025 ਵਿੱਚ ਅਜਿਹੇ ਵੀਜ਼ੇ 50,000 ਘਟਾ ਦਿੱਤੇ ਜਾਣਗੇ।

ਗੌਰਤਲਬ ਹੈ ਕਿ ਯੂਰਪੀਅਨ ਯੂਨੀਅਨ ਤੋਂ ਵੱਖ ਹੋਣ ਤੋਂ ਬਾਅਦ ਬਰਤਾਨੀਆ ਨੇ ਤੁਰੰਤ ਨਵੇਂ ਮੈਂਬਰ ਦੇਸ਼ਾਂ ਦੇ ਲੋਕਾਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ। ਉਦੋਂ ਤੋਂ ਲੱਖਾਂ ਪ੍ਰਵਾਸੀ ਬਰਤਾਨੀਆ ਆਏ ਹਨ। 2016 ਦੇ ਬ੍ਰੈਗਜ਼ਿਟ ਵੋਟ ਦਾ ਮੁੱਖ ਕਾਰਨ ਇਮੀਗ੍ਰੇਸ਼ਨ ਸੀ ਪਰ ਬ੍ਰੈਗਜ਼ਿਟ ਤੋਂ ਬਾਅਦ ਵੀ ਵੀਜ਼ਾ 'ਤੇ ਆਉਣ ਵਾਲੇ ਲੋਕਾਂ ਦੀ ਗਿਣਤੀ ਘੱਟ ਨਹੀਂ ਹੋਈ। ਜੇਕਰ ਅਸੀਂ ਮੌਜੂਦਾ ਸਥਿਤੀ ਬਾਰੇ ਗੱਲ ਕਰੀਏ ਤਾਂ ਜੂਨ 2024 ਤੱਕ ਸਾਲਾਨਾ ਸ਼ੁੱਧ ਇਮੀਗ੍ਰੇਸ਼ਨ (ਜਾਣ ਵਾਲਿਆਂ ਨੂੰ ਘਟਾ ਕੇ) 7,28,000 ਸੀ। ਇਹ ਅੰਕੜਾ ਪਿਛਲੇ ਸਾਲ ਨਾਲੋਂ 20% ਘੱਟ ਹੈ, ਪਰ ਫਿਰ ਵੀ 2010 ਵਿੱਚ ਨਿਰਧਾਰਤ 1 ਲੱਖ ਦੇ ਟੀਚੇ ਨਾਲੋਂ ਸੱਤ ਗੁਣਾ ਜ਼ਿਆਦਾ ਹੈ।

ਪਿਛਲੇ ਸਾਲ 37,000 ਲੋਕ ਛੋਟੀਆਂ ਕਿਸ਼ਤੀਆਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਇੰਗਲਿਸ਼ ਚੈਨਲ ਪਾਰ ਕਰਕੇ ਬਰਤਾਨੀਆ ਪਹੁੰਚੇ। ਜਿਸ ਤੋਂ ਬਾਅਦ ਸਰਕਾਰ ਨੇ ਵਧੇਰੇ ਸਖ਼ਤ ਰੁੱਖ ਅਖ਼ਤਿਆਰ ਕਰਨੇ ਸ਼ੁਰੂ ਕਰ ਦਿੱਤੇ।

## ਭਾਰਤ ਪਾਕਿਸਤਾਨ ਵਿਚਕਾਰ ਵੱਧ ਰਹੇ ਤਣਾਅ ਤੇ ਐਮ ਪੀ ਢੇਸੀ ਨੇ ਪ੍ਰਗਟਾਈ ਚਿੰਤਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਅਤੇ ਪਾਕਿਸਤਾਨ ਵਿੱ-ਚਕਾਰ ਵੱਧ ਰਹੇ ਤਣਾਅ ਤੇ ਆਪਣਾ ਪ੍ਰਤੀਕ੍ਰਮ ਦਿੰਦਿਆਂ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਬਰਤਾਨੀਆਂ ਦੀ ਸੰਸਦ ਵਿੱਚ ਅਵਾਜ਼ ਉਠਾਈ ਹੈ। ਉਹਨਾਂ ਦੋਵਾਂ ਦੇਸ਼ਾਂ ਵਿੱਚਕਾਰ ਸ਼ਾਂਤੀ ਅਤੇ ਸਥਿਤੀ ਸੁਖਾਵੀ ਬਣਾਉਣ ਲਈ ਸਰਕਾਰ ਨੂੰ ਅੱਗੇ ਆਉਣ ਲਈ ਕਿਹਾ ਹੈ। ਉਹਨਾਂ ਕਿਹਾ ਕਿ ਮੇਰੇ ਹਲਕੇ ਸਲੋਹ ਵਿੱਚ ਰਹਿੰਦੇ ਭਾਰਤ ਅਤੇ ਪਾਕਿਸਤਾਨੀ ਭਾਈਚਾਰੇ ਦੇ ਲੋਕ ਫਿਕਰਮੰਦ ਹਨ। ਉਹਨਾਂ ਕਿਹਾ ਕਿ ਖਾਸ ਤੌਰ ਤੇ ਪੰਜਾਬੀ ਅਤੇ ਕਸ਼ਮੀਰੀ ਆਪਣੇ ਅਜ਼ੀਜ਼ਾਂ ਦੀ ਸੁਰੱਖਿਆ ਨੂੰ ਲੈ ਕੇ ਵਧੇਰੇ ਚਿੰਤਤ ਹਨ। ਸਵਾਲ ਦੇ ਜਵਾਬ ਵਿੱਚ ਸਬੰਧਿਤ ਮੰਤਰੀ ਨੇ ਕਿਹਾ ਕਿ ਸਥਿਤੀ ਨੂੰ ਲੈ ਕੇ ਨਜ਼ਰ ਰੱਖੀ ਹੋਈ ਹੈ। ਉਹਨਾਂ ਯਾਤਰਾ ਸਲਾਹ ਵੱਲ ਵੀ ਸੰਸਦ ਮੈਂਬਰਾਂ ਨੂੰ ਨਜ਼ਰ ਰੱਖਣ ਲਈ ਕਿਹਾ ਹੈ।



ਐਮ ਪੀ ਤਨਮਨਜੀਤ ਸਿੰਘ ਢੇਸੀ

## ਗੁਰਪ੍ਰੀਤ ਕੌਰ ਗੈਦੂ ਨੂੰ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਵਲੋਂ ਐਸੋਸੀਏਟ ਮੈਂਬਰ ਨਾਮਜ਼ਦ ਕਰਨ ਤੇ ਯੂਰਪੀ ਪੰਜਾਬੀ ਲੇਖਕ ਭਾਈਚਾਰੇ ਵਲੋਂ ਖੁਸ਼ੀ ਦਾ ਪ੍ਰਗਟਾਵਾ



ਗੁਰਪ੍ਰੀਤ ਕੌਰ ਗੈਦੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਗ੍ਰੀਸ ਵੱਸਦੀ ਪੰਜਾਬੀ ਲੇਖਕਾ ਗੁਰਪ੍ਰੀਤ ਕੌਰ ਗੈਦੂ ਨੂੰ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦਾ ਐਸੋਸੀਏਟ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਵੱਲੋਂ ਪ੍ਰਧਾਨ ਡਾ ਆਤਮ ਸਿੰਘ ਰੰਧਾਵਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ, ਉਪ ਪ੍ਰਧਾਨ ਡਾ ਅਰਵਿੰਦਰ ਸਿੰਘ ਢਿੱਲੋਂ ਅਤੇ ਸਕੱਤਰ ਡਾ ਅਮਰਜੀਤ ਸਿੰਘ ਨੇ ਯੂਰਪੀ ਪੰਜਾਬੀ ਲੇਖਕਾਂ ਦੇ ਹਵਾਲੇ ਨਾਲ ਦੱਸਿਆ ਕੇ ਗੁਰਪ੍ਰੀਤ ਕੌਰ ਗੈਦੂ ਦੇ ਵਿਦੇਸ਼ ਰਹਿੰਦਿਆਂ ਆਪਣੀ ਬੋਲੀ, ਸਾਹਿਤ, ਸੱਭਿਆਚਾਰ ਅਤੇ ਸਮਾਜ ਪ੍ਰਤੀ ਪਾਏ ਜਾ ਰਹੇ ਯੋਗਦਾਨ ਨੂੰ ਮੁੱਖ ਰੱਖਦਿਆਂ ਇਹ ਨਾਮਜ਼ਦਗੀ ਕੀਤੀ ਗਈ ਹੈ ਜਿਨ੍ਹਾਂ ਤੋਂ ਭਵਿੱਖ ਵਿੱਚ ਬਹੁਤ ਉਮੀਦਾਂ ਹਨ। ਯੂਰਪੀ ਪੰਜਾਬੀ ਲੇਖਕ ਭਾਈਚਾਰੇ ਵਲੋਂ ਇਸ ਨਾਮਜ਼ਦਗੀ ਲਈ ਜਿੱਥੇ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ ਆਤਮ ਸਿੰਘ ਰੰਧਾਵਾ, ਡਾ ਅਰਵਿੰਦਰ ਸਿੰਘ ਢਿੱਲੋਂ ਤੇ ਸਕੱਤਰ ਡਾ ਅਮਰਜੀਤ ਸਿੰਘ ਦਾ ਧੰਨਵਾਦ ਕੀਤਾ ਗਿਆ ਉੱਥੇ ਗੁਰਪ੍ਰੀਤ ਕੌਰ ਨੂੰ ਵੀ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਇਸ ਨਿਯੁਕਤੀ ਅਤੇ ਗੁਰਪ੍ਰੀਤ ਕੌਰ ਦੀਆਂ ਕੋਸ਼ਿਸ਼ਾਂ ਗਰੀਕੀ ਅਤੇ ਪੰਜਾਬੀ ਸਾਹਿਤ ਵਿੱਚ ਪੁਲ ਦੇ ਰੂਪ ਵਿਚ ਕਾਰਜ ਕਰਦਿਆਂ ਵਡਮੁੱਲਾ ਯੋਗਦਾਨ ਪਾਉਣਗੇ। ਖੁਸ਼ੀ ਦਾ ਇਜ਼ਹਾਰ ਕਰਨ ਵਾਲਿਆਂ ਵਿੱਚ ਬਲਵਿੰਦਰ ਸਿੰਘ ਚਾਹਲ ਯੂ ਕੇ, ਦਲਜਿੰਦਰ ਸਿੰਘ ਰਹਿਲ ਇਟਲੀ, ਰੂਪ ਦਵਿੰਦਰ ਕੌਰ ਯੂ ਕੇ, ਕੁਲਵੰਤ ਕੌਰ ਢਿੱਲੋਂ ਯੂ ਕੇ, ਪ੍ਰੋ ਜਸਪਾਲ ਸਿੰਘ ਇਟਲੀ, ਅਮਜ਼ਦ ਆਰਫ਼ੀ ਜਰਮਨ, ਰਮਨਦੀਪ ਕੌਰ ਰੰਮੀ ਤੋਂ ਇਲਾਵਾ ਪੰਜਾਬੀ ਲਿਖਾਰੀ ਸਭਾ ਸਿਆਟਲ , ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਪੁੰਗਰਦੇ ਹਰਫ਼ ਵਿਸ਼ਵ ਸਾਹਿਤਿਕ ਮੰਚ ਆਦਿ ਸ਼ਾਮਿਲ ਹਨ।

## ਕੈਨੇਡਾ ਵਿਚ 20,245 ਵਿਦਿਆਰਥੀਆਂ ਨੇ ਮੰਗੀ ਪਨਾਹ

ਟੋਰਾਂਟੋ : ਕੈਨੇਡਾ ਪੜ੍ਹਨ ਆਏ ਹਜ਼ਾਰਾਂ ਪੰਜਾਬੀ ਮੁੰਡੇ-ਕੁੜੀਆਂ ਦਾ ਰੱਬ ਹੀ ਰਾਖਾ ਹੈ ਜਿਨ੍ਹਾਂ ਨੇ ਪਰਮਾਨੈਂਟ ਰੈਜ਼ੀਡੈਂਸੀ ਮਿਲਣ ਦੀ ਆਖਰੀ ਉਮੀਦ ਖਤਮ ਹੋਣ ਮਗਰੋਂ ਅਸਾਇਲਮ ਦੇ ਦਾਅਵੇ ਕਰ ਦਿਤੇ। ਜੀ ਹਾਂ, ਕੌਮਾਂਤਰੀ ਵਿਦਿਆਰਥੀਆਂ ਨੇ ਸਾਰੇ ਰਿਕਾਰਡ ਤੋੜਦਿਆਂ 2024 ਦੌਰਾਨ ਕੈਨੇਡਾ ਵਿਚ ਪਨਾਹ ਦੇ 20,245 ਦਾਅਵੇ ਦਾਖਲ ਕੀਤੇ ਅਤੇ ਇਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਕੈਨੇਡਾ ਸਰਕਾਰ ਵੱਲੋਂ ਸਟੱਡੀ ਵੀਜ਼ਿਆਂ ਦੀ ਗਿਣਤੀ ਘਟਾਏ ਜਾਣ ਦੇ ਬਾਵਜੂਦ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਮੌਜੂਦਾ ਵਰ੍ਹੇ ਦੌਰਾਨ ਇਹ ਅੰਕੜਾ 30 ਹਜ਼ਾਰ ਤੋਂ ਟੱਪ ਸਕਦਾ ਹੈ। 2025 ਦੇ ਪਹਿਲੇ ਤਿੰਨੇ ਮਹੀਨੇ ਦੌਰਾਨ ਸਾਢੇ ਪੰਜ ਹਜ਼ਾਰ ਤੋਂ ਵੱਧ ਕੌਮਾਂਤਰੀ ਵਿਦਿਆਰਥੀ ਅਸਾਲਿਮ ਦਾ ਦਾਅਵਾ ਦਾਖਲ ਕਰ ਚੁੱਕੇ ਹਨ ਅਤੇ 2024 ਦੇ ਪਹਿਲੇ ਤਿੰਨ ਮਹੀਨਿਆਂ ਦੇ ਮੁਕਾਬਲੇ ਇਹ ਗਿਣਤੀ 22 ਫੀ ਸਦੀ ਵੱਧ ਬਣਦੀ ਹੈ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਸੰਸਾਰ ਦੀ ਹਥਿਆਰਬੰਦ ਦੌੜ ਅਤੇ ਭਾਰਤ-ਪਾਕਿਸਤਾਨ ਦੀ ਜੰਗੀ ਤਾਕਤ: ਇੱਕ ਵਿਸ਼ਲੇਸ਼ਣ

## ✪ ਪਾਕਿਸਤਾਨ ਦੀ ਪਿੱਠ ਉਪਰ ਚੀਨ, ਭਾਰਤ ਦਾ ਸਹਾਰਾ ਅਮਰੀਕਾ ਬਣਿਆ ✪ ਭਾਰਤ ਤੇ ਪਾਕਿ ਵਿਚਾਲੇ ਹਥਿਆਰਾਂ ਦੀ ਦੌੜ ਨੇ ਸਮਾਜਿਕ ਤੇ ਆਰਥਿਕ ਖੇਤਰਾਂ 'ਤੇ ਵੀ ਭਾਰੀ ਅਸਰ ਪਾਇਆ ✪ ਪਾਵਰ ਇੰਡੈਕਸ 2025 ਅਨੁਸਾਰ ਭਾਰਤ ਵਿਸ਼ਵ ਦੀ ਚੌਥੀ ਸਭ ਤੋਂ ਤਾਕਤਵਰ ਸੈਨਿਕ ਸ਼ਕਤੀ

ਸੰਸਾਰ ਦੀ ਇਹ ਹਥਿਆਰਬੰਦ ਦੌੜ, ਜਿਸ ਵਿੱਚ ਸ਼ਕਤੀਸ਼ਾਲੀ ਮੁਲਕ ਅਰਬਾਂ-ਖਰਬਾਂ ਦੀ ਸੰਪਤੀ ਨੂੰ ਮੌਤ ਦੇ ਸੌਦਿਆਂ 'ਤੇ ਲੁਆ ਰਹੇ ਨੇ, ਜੋ ਕਿ ਮਨੁੱਖਤਾ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰਦੇ ਹਨ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੀ 2024 ਦੀ ਰਿਪੋਰਟ ਅਤੇ ਭਾਰਤ-ਪਾਕਿਸਤਾਨ ਦੇ ਵਧਦੇ ਸੈਨਿਕ ਤਣਾਅ ਦੀ ਖਬਰ ਸੰਸਾਰੀ ਸੱਤਾ-ਸੰਤੁਲਨ ਅਤੇ ਦੱਖਣੀ ਏਸ਼ੀਆ 'ਤੇ ਇਸ ਦੇ ਪ੍ਰਭਾਵ ਦਾ ਜ਼ਿਕਰ ਕਰਦੀ ਹੈ। ਇਹ ਰਿਪੋਰਟ ਸੰਸਾਰ ਦੀ ਹਥਿਆਰ ਦੌੜ ਨੂੰ ਉਜਾੜਾ ਦੱਸਦੀ ਹੈ, ਜਿਸ ਵਿੱਚ 2.72 ਟ੍ਰਿਲੀਅਨ ਡਾਲਰ ਸੁਆਹ ਹੋਏ, ਜੋ 2023 ਨਾਲੋਂ 9.4% ਵੱਧ ਹਨ। ਅਮਰੀਕਾ, 997 ਬਿਲੀਅਨ ਡਾਲਰ ਖਰਚ ਕਰਕੇ ਸੰਸਾਰੀ ਸੈਨਿਕ ਖਰਚ ਦਾ 37% ਆਪਣੀ ਝੋਲੀ ਪਾਉਂਦਾ ਹੈ। ਚੀਨ (314 ਬਿਲੀਅਨ ਡਾਲਰ), ਰੂਸ (149 ਬਿਲੀਅਨ ਡਾਲਰ), ਜਰਮਨੀ (88.5 ਬਿਲੀਅਨ ਡਾਲਰ) ਅਤੇ ਭਾਰਤ (86.1 ਬਿਲੀਅਨ ਡਾਲਰ) ਹਥਿਆਰਾਂ ਲਈ ਖਰਚਦੇ ਹਨ।

ਅਮਰੀਕਾ ਕੋਲ 2.1 ਮਿਲੀਅਨ ਸੈਨਿਕ, 12,000 ਜਹਾਜ਼, 13,000 ਟੈਂਕ, 5,277 ਪਰਮਾਣੂ ਹਥਿਆਰ ਹਨ ਜੋ ਸੰਸਾਰ ਦੀ ਵਡੀ ਫੌਜੀ ਤਾਕਤ ਹਨ । ਚੀਨ, ਸਾਈਬਰ ਵਾਰਫੇਅਰ ਅਤੇ ਨੇਵੀ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਅਮਰੀਕਾ ਨੂੰ ਟੱਕਰ ਦੇਣ ਦੀ ਕੋਸ਼ਿਸ਼ ਵਿਚ ਹੈ। ਰੂਸ, ਯੂਕਰੇਨ ਜੰਗ ਨਾਲ ਕਮਜ਼ੋਰ ਹੋਇਆ ਹੈ, ਪਰ ਰੂਸ 5,449 ਪਰਮਾਣੂ ਹਥਿਆਰਾਂ ਨਾਲ ਅਜੇ ਵੀ ਸ਼ਕਤੀਸ਼ਾਲੀ ਦੇਸ਼ ਹੈ। ਯੂਕਰੇਨ-ਰੂਸ ਜੰਗ, ਚੀਨ-ਤਾਈਵਾਨ ਮੁੱਦਾ ਅਤੇ ਮੱਧ ਪੂਰਬ ਦੀ ਅਸਥਿਰਤਾ ਨੇ ਸੈਨਿਕ ਖਰਚ ਨੂੰ ਅਸਮਾਨ 'ਤੇ ਪਹੁੰਚਾਇਆ ਹੈ। ਯੂਰਪ ਵਿੱਚ ਸੈਨਿਕ ਖਰਚ ਸ਼ੀਤ ਯੁੱਧ ਤੋਂ ਬਾਅਦ ਬਹੁਤ ਵਧਿਆ ਹੈ। ਯੂਕਰੇਨ ਨੇ 64.7 ਬਿਲੀਅਨ ਡਾਲਰ (ਰਾਜਸਵ ਦਾ 34%) ਹਥਿਆਰਾਂ 'ਤੇ ਖਰਚੇ ਸਨ। ਜਾਪਾਨ (55.3 ਬਿਲੀਅਨ ਡਾਲਰ) ਅਤੇ ਤਾਈਵਾਨ (16.5 ਬਿਲੀਅਨ ਡਾਲਰ) ਚੀਨ ਦੇ ਪ੍ਰਭਾਵ ਨੂੰ ਰੋਕਣ ਲਈ ਜੰਗੀ ਤਿਆਰੀਆਂ ਵਿੱਚ ਜੁਟੇ ਹਨ।

ਇਹ ਸਥਿਤੀ ਸੰਸਾਰ ਨੂੰ ਨਵੀਂ ਸ਼ੀਤ ਯੁੱਧ ਦੀ ਅਗਲੀ ਪੌੜੀ 'ਤੇ ਲੈ ਜਾ ਰਹੀ ਹੈ। ਸੈਨਿਕ ਖਰਚ ਦਾ ਵਧਣਾ ਸਿਰਫ ਜੰਗੀ ਤਾਕਤ ਦੀ ਦੌੜ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਖੇਤਰਾਂ 'ਤੇ ਵੀ ਭਾਰੀ ਅਸਰ ਪਾਉਂਦਾ ਹੈ। ਸਰਕਾਰਾਂ ਸਿੱਖਿਆ, ਸਿਹਤ ਅਤੇ ਗਰੀਬੀ ਨਿਵਾਰਣ ਵਰਗੇ ਖੇਤਰਾਂ ਨੂੰ ਨਜ਼ਰਅੰਦਾਜ਼ ਕਰਕੇ ਹਥਿਆਰਾਂ ਨੂੰ ਤਰਜੀਹ ਦਿੰਦੀਆਂ ਨੇ, ਜੋ ਸਮਾਜ ਦੀ ਮੁਢਲੀ ਲੋੜਾਂ 'ਤੇ ਘਾਤਕ ਸੱਟ ਮਾਰਦਾ ਹੈ।

ਭਾਰਤ ਅਤੇ ਪਾਕਿਸਤਾਨ, ਜੋ ਇਤਿਹਾਸਕ ਵੈਰ ਅਤੇ ਸਰਹੱਦੀ ਝਗੜਿਆਂ ਕਾਰਣ ਆਪਸੀ ਟਕਰਾਅ ਵਿਚ ਰਹਿੰਦੇ ਨੇ ਤੇ ਦੋਵੇਂ ਸੈਨਿਕ ਸਮਰੱਥਾ ਵਿੱਚ ਇੱਕ ਦੂਜੇ ਨੂੰ ਮਾਤ ਦੇਣ ਦੀ ਹੋੜ ਵਿੱਚ ਹਨ। ਸਿਪਰੀ ਅਨੁਸਾਰ, ਭਾਰਤ ਦਾ ਸੈਨਿਕ ਖਰਚ 86.1 ਬਿਲੀਅਨ ਡਾਲਰ (ਵਿਸ਼ਵ ਵਿੱਚ 5ਵਾਂ) ਅਤੇ ਪਾਕਿਸਤਾਨ ਦਾ 10.2 ਬਿਲੀਅਨ ਡਾਲਰ (29ਵਾਂ) ਹੈ। ਪਾਵਰ ਇੰਡੈਕਸ 2025 ਅਨੁਸਾਰ ਭਾਰਤ ਵਿਸ਼ਵ ਦੀ ਚੌਥੀ ਸਭ ਤੋਂ ਤਾਕਤਵਰ ਸੈਨਿਕ ਸ਼ਕਤੀ ਹੈ,ਜੋ 1.4 ਮਿਲੀਅਨ ਸੈਨਿਕ, 2,200 ਜਹਾਜ਼, 4,600 ਟੈਂਕ ਅਤੇ 180 ਪਰਮਾਣੂ ਹਥਿਆਰਾਂ ਨਾਲ ਲੈਸ ਹੈ। ਸਵਦੇਸ਼ੀ ਤਕਨੀਕ-ਬ੍ਰਹਮੋਸ ਮਿਸਾਈਲ, ਅਗਨੀ ਸੀਰੀਜ਼, ਡੀਆਰਡੀਓ-ਅਤੇ ਵਿਦੇਸ਼ੀ ਸਪਲਾਈ (ਰੂਸ 36%, ਫਰਾਂਸ, ਅਮਰੀਕਾ, ਇਜ਼ਰਾਈਲ) ਨੇ ਭਾਰਤ ਨੂੰ ਸਰਹੱਦੀ ਸੁਰੱਖਿਆ ਵਿੱਚ ਅਜੇਤੂ ਬਣਾਇਆ ਹੈ। ਐਸ-400 ਮਿਸਾਈਲ ਡਿਫੈਂਸ ਸਿਸਟਮ, ਹੈਮਰ, ਸਕੈਲਪ ਅਤੇ ਮੀਟੀਅਰ ਮਿਸਾਈਲਾਂ ਨੇ ਭਾਰਤ ਦੀ ਸਟੀਕ ਹਮਲਿਆਂ ਦੀ ਸਮਰੱਥਾ ਨੂੰ ਵਧਾਇਆ।

ਪਾਕਿਸਤਾਨ, 6.5 ਲੱਖ ਸੈਨਿਕ, 1,400 ਜਹਾਜ਼, 3,700 ਟੈਂਕ ਅਤੇ 170 ਪਰਮਾਣੂ ਹਥਿਆਰਾਂ ਨਾਲ, ਭਾਰਤ ਨਾਲੋਂ ਕਈ ਗੁਣਾ ਪਿੱਛੇ ਹੈ। ਸਿਪਰੀ ਅਨੁਸਾਰ, ਉਸ ਦੇ 81% ਹਥਿਆਰ ਚੀਨ ਤੋਂ ਆਉਂਦੇ ਨੇ ਜਿਵੇਂ ਜੇ-10 ਸੀਈ ਜਹਾਜ਼, ਵੀਟੀ-4 ਟੈਂਕ, ਹੈਂਗੋਰ ਟੂ ਪਣਡੁੱਬੀਆਂ। ਚੀਨ 'ਤੇ ਨਿਰਭਰਤਾ, ਸਵਦੇਸ਼ੀ ਤਕਨੀਕ ਦੀ ਘਾਟ ਅਤੇ ਆਰਥਿਕ ਸੰਕਟ ਪਾਕਿਸਤਾਨ ਦੀ ਸਮਰੱਥਾ ਨੂੰ ਸੀਮਤ ਕਰਦੇ ਨੇ। ਭਾਰਤ ਦਾ ਸੈਨਿਕ ਖਰਚ ਅਤੇ ਸਮਰੱਥਾ ਪਾਕਿਸਤਾਨ ਨਾਲੋਂ 9 ਗੁਣਾ ਵੱਧ ਹੈ।

ਯਾਦ ਰਹੇ ਕਿ 6-7 ਮਈ 2025 ਦੀ ਰਾਤ ਨੂੰ ਪਾਕਿਸਤਾਨ ਵਿੱਚ ਭਾਰਤੀ ਸੈਨਾ ਦੀ ਕਾਰਵਾਈ ਅਤੇ 8-9 ਮਈ ਦੀ ਸਰਹੱਦੀ ਝੜਪ ਨੇ ਤਣਾਅ ਨੂੰ ਸਿਖਰ 'ਤੇ ਪਹੁੰਚਾ ਦਿਤਾ ਸੀ। ਭਾਰਤ ਦੇ ਸਟੀਕ ਹਮਲਿਆਂ (ਹੈਮਰ, ਸਕੈਲਪ, ਐਸ-400) ਅਤੇ ਪਾਕਿਸਤਾਨ ਦੀ ਚੀਨੀ ਸਹਾਇਤਾ ਨੇ ਇਸ ਜੰਗੀ ਮਾਹੌਲ ਨੂੰ ਹੋਰ ਭੜਕਾਇਆ ਸੀ। ਇਹ ਤਣਾਅ ਦਾ ਕਾਰਣ ਕਸ਼ਮੀਰ ਮੁੱਦਾ ਹੈ ਭਾਰਤ ਅਤੇ ਪਾਕਿਸਤਾਨ ਦੀ ਸੈਨਿਕ ਸਪਲਾਈ-ਭਾਰਤ ਦੀ ਪੱਛਮੀ ਅਤੇ ਰੂਸੀ ਨਿਰਭਰਤਾ, ਪਾਕਿਸਤਾਨ ਦੀ ਚੀਨ ਉਪਰ ਨਿਰਭਰਤਾ-ਸੰਸਾਰ ਦੀਆਂ ਵੱਡੀਆਂ ਸ਼ਕਤੀਆਂ (ਅਮਰੀਕਾ, ਰੂਸ, ਚੀਨ) ਦੀ ਪ੍ਰੌਕਸੀ ਜੰਗ ਦੀ ਸੰਭਾਵਨਾ ਨੂੰ ਜਨਮ ਦਿੰਦੀ ਹੈ।

ਭਾਰਤ ਦੀ ਹਥਿਆਰ ਸਪਲਾਈ ਵਿੱਚ ਵਿਭਿੰਨਤਾ (ਰੂਸ 36%, ਫਰਾਂਸ, ਅਮਰੀਕਾ, ਇਜ਼ਰਾਈਲ) ਉਸ ਦੀ ਸੁਤੰਤਰ ਰਣਨੀਤੀ ਨੂੰ ਦਰਸਾਉਂਦੀ ਹੈ। 2010 ਤੱਕ ਰੂਸ ਮੁੱਖ ਸਪਲਾਇਰ ਸੀ, ਪਰ ਹੁਣ ਪੱਛਮੀ ਦੇਸ਼ਾਂ ਦੀ ਹਿੱਸੇਦਾਰੀ ਵਧੀ ਹੈ।

ਪਾਕਿਸਤਾਨ ਦੇ 81% ਹਥਿਆਰ ਚੀਨ ਤੋਂ ਆਉਂਦੇ ਨੇ, ਜੋ ਉਸ ਦੀ ਆਰਥਿਕ ਅਤੇ ਸੈਨਿਕ ਮਜਬੂਰੀ ਹਨ। ਚੀਨੀ ਸੈਨਿਕ ਸਹਾਇਤਾ ਨੇ ਪਾਕਿਸਤਾਨ ਨੂੰ ਚੀਨ ਦੀ ਪ੍ਰੌਕਸੀ ਸ਼ਕਤੀ ਵਜੋਂ ਵਰਤਣ ਦੀ ਸੰਭਾਵਨਾ ਵਧਾਈ ਹੈ। ਪਰ, ਅੰਦਰੂਨੀ ਅਸਥਿਰਤਾ ਅਤੇ ਆਰਥਿਕ ਸੰਕਟ ਪਾਕਿਸਤਾਨ ਦੀ ਸਮਰੱਥਾ ਨੂੰ ਖੋਰਾ ਲਾ ਰਹੇ ਨੇ।

ਅਮਰੀਕਾ, ਰੂਸ ਅਤੇ ਚੀਨ ਹਥਿਆਰ ਵੇਚ ਕੇ ਅਰਬਾਂ ਕਮਾਉਂਦੇ ਨੇ, ਜੋ ਸ਼ਾਂਤੀ ਦੀ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਸੰਯੁਕਤ ਰਾਸ਼ਟਰ ਕੋਲ ਸ਼ਕਤੀਸ਼ਾਲੀ ਮੁਲਕਾਂ 'ਤੇ ਸਿੱਧੀ ਪਾਬੰਦੀ ਲਗਾਉਣ ਦੀ ਸਮਰੱਥਾ ਨਹੀਂ ਹੈ। ਸੰਧੀਆਂ (ਐਨਪੀਟੀ, ਸੀਟੀਬੀਟੀ) ਦੀ ਪਾਲਣਾ ਸਵੈ-ਇੱਛਤ ਹੈ, ਜਿਸ ਨੂੰ ਵੱਡੀਆਂ ਸ਼ਕਤੀਆਂ ਨਜ਼ਰਅੰਦਾਜ਼ ਕਰਦੀਆਂ ਹਨ। ਹਥਿਆਰਬੰਦ ਦੌੜ ਨੂੰ ਰੋਕਣ ਲਈ ਸਾਰੇ ਮੁਲਕਾਂ ਵਿੱਚ ਸਹਿਮਤੀ ਅਤੇ ਵਿਸ਼ਵਾਸ ਦੀ ਲੋੜ ਹੈ, ਜੋ ਮੌਜੂਦਾ ਤਣਾਅ (ਯੂਕਰੇਨ -ਰੂਸ, ਚੀਨ-ਤਾਈਵਾਨ, ਭਾਰਤ-ਪਾਕਿਸਤਾਨ) ਵਿੱਚ ਅਸੰਭਵ ਹੈ।

ਕੁਲ ਮਿਲਾਕੇ ਭਾਰਤ, ਆਪਣੀ ਵਿਭਿੰਨ ਸੈਨਿਕ ਸਮਰੱਥਾ ਅਤੇ ਸਵਦੇਸ਼ੀ ਤਕਨੀਕ ਨਾਲ, ਪਾਕਿਸਤਾਨ ਨਾਲੋਂ ਕਈ ਗੁਣਾ ਅੱਗੇ ਹੈ, ਪਰ ਚੀਨ ਵਰਗੀ ਸ਼ਕਤੀ ਨਾਲ ਅਜੇ ਅੰਤਰ ਬਣਿਆ ਹੋਇਆ ਹੈ। ਪ੍ਰੌਕਸੀ ਜੰਗ ਦਾ ਕਿਲਾ ਪਰਛਾਵਾਂ ਕੁਝ ਹੱਦ ਤੱਕ ਸੱਚ ਹੈ, ਕਿਉਂਕਿ ਵੱਡੀਆਂ ਸ਼ਕਤੀਆਂ ਹਥਿਆਰ ਵੇਚਣ ਲਈ ਖੇਤਰੀ ਤਣਾਅ ਨੂੰ ਹਵਾ ਦਿੰਦੀਆਂ ਨੇ। ਪਰ, ਭਾਰਤ-ਪਾਕਿਸਤਾਨ ਦੀ ਅਸਲ ਦੁਸ਼ਮਣੀ ਸਰਹੱਦੀ ਅਤੇ ਇਤਿਹਾਸਕ ਜੜ੍ਹਾਂ 'ਤੇ ਟਿਕੀ ਹੈ। ਸੰਯੁਕਤ ਰਾਸ਼ਟਰ ਦੀ ਨਕਾਮਯਾਬੀ ਸ਼ਾਂਤੀ ਦੀਆਂ ਆਸਾਂ ਨੂੰ ਤਾਰ-ਤਾਰ ਕਰਦੀ ਹੈ। ਸੰਸਾਰ ਨੂੰ ਸ਼ਾਂਤੀ ਵੱਲ ਲਿਜਾਣ ਲਈ ਸਹਿਮਤੀ ਅਤੇ ਸਮਝੌਤਿਆਂ ਦੀ ਲੋੜ ਹੈ, ਜੋ ਅਜੇ ਦੂਰ ਦੀ ਗੱਲ ਹੈ।

ਮਾਮਲਾ 2025 ਜਾਤੀ ਜਨਗਣਨਾ ਦਾ

## ਸਿੱਖ ਸੰਸਥਾਵਾਂ ਵਲੋਂ ਦਬੇ ਕੁਚਲਿਆਂ ਫਿਰਕਿਆਂ ਨੂੰ ਸਿੱਖ ਵਜੋਂ ਪਛਾਣ ਕਰਨ ਦੀ ਅਪੀਲ

### ✪ ਮਹਾਰਾਸ਼ਟਰ ਵਿੱਚ ਸਿਕਲੀਗਰ ਭਾਈਚਾਰੇ ਦੀ ਚਿੰਤਾ ਲੱਗੀ

ਸਰਕਾਰ ਵੱਲੋਂ 2025 ਵਿੱਚ ਜਾਤੀ ਜਨਗਣਨਾ ਦੀ ਘੋਸ਼ਣਾ ਦੇ ਨਾਲ, ਸਿੱਖ ਸੰਸਥਾਵਾਂ ਨੇ ਖਾਸ ਤੌਰ 'ਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਛੋਟੇ ਫਿਰਕਿਆਂ ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਨਗਣਨਾ ਫਾਰਮਾਂ ਵਿੱਚ ਆਪਣਾ ਧਰਮ ਸਿੱਖ ਦੱਸਣ ਅਤੇ ਕਿਸੇ ਵੀ ਜਾਤੀ,ਕਬੀਲਾ ਨਾਮਕਰਣ ਤੋਂ ਬਚਣ। ਇਹ ਕਦਮ ਸਿੱਖ ਆਬਾਦੀ ਦੀ ਸਭਿਆਚਾਰਕ ਤੇ ਕੌਮੀ ਸਹੀ ਪਛਾਣ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ। ਨਵੀਂ ਮੁੰਬਈ ਗੁਰਦੁਆਰਿਆਂ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਸਿਕਲੀਗਰ, ਮੋਹਿਆਲ, ਸਿੰਧੀ, ਲੁਬਾਣਾ ਅਤੇ ਵਣਜਾਰਾ ਵਰਗੇ ਕਬੀਲੇ, ਜੋ ਗੁਰੂ ਨਾਨਕ ਦੀਆਂ ਸਿੱਖਿਆਵਾਂ ਦਾ ਪਾਲਣਾ ਕਰਦੇ ਹਨ, ਅਕਸਰ ਆਪਣਾ ਧਰਮ ਸਿੱਖੀ ਵਜੋਂ ਨਹੀਂ ਦਰਜ ਕਰਦੇ। ਜਾਣ ਬੁਝਕੇ ਭਾਰਤ ਵਿਚ ਸਿੱਖਾਂ ਦੀ ਗਿਣਤੀ ਘਟਾਈ ਜਾ ਰਹੀ ਹੈ। ਖਾਸ ਤੌਰ 'ਤੇ ਮਹਾਰਾਸ਼ਟਰ ਵਿੱਚ ਸਿਕਲੀਗਰ ਭਾਈਚਾਰੇ ਦੀ ਗਿਣਤੀ ਘੱਟ ਦਰਜ ਹੋਣ ਦੀ ਸਮੱਸਿਆ ਸਾਹਮਣੇ ਆਈ ਹੈ। ਸਿੱਧੂ ਨੇ ਕਿਹਾ ਕਿ ਇਹ ਲੋਕ ਸਤਿਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਹਨ ਅਤੇ ਗੁਰਦੁਆਰਿਆਂ ਵਿੱਚ ਜਾਂਦੇ ਹਨ। ਹੋਰ ਕਿਸੇ ਧਰਮ ਨੂੰ ਨਹੀਂ ਮੰਨਦੇ। ਜੋ ਵੀ ਗੁਰੂ ਦੀਆਂ ਸਿੱਖਿਆਵਾਂ ਮੰਨਦਾ ਹੈ, ਉਹ ਸਿੱਖ ਹੈ।

ਮਹਾਰਾਸ਼ਟਰ ਸਟੇਟ ਪੰਜਾਬੀ ਸਾਹਿਤ ਅਕਾਦਮੀ ਦੇ ਕਾਰਜਕਾਰੀ ਚੇਅਰਮੈਨ ਬਲ ਮਲਕੀਤ ਸਿੰਘ ਨੇ ਕਿਹਾ ਕਿ ਸਹੀ ਜਨਗਣਨਾ ਸਿੱਖ ਪੰਥ ਦੀ ਪਛਾਣ ਨੂੰ ਮਜ਼ਬੂਤ ਕਰੇਗੀ ਅਤੇ ਸਰਕਾਰੀ ਸਕੀਮਾਂ ਤੱਕ ਬਿਹਤਰ ਪਹੁੰਚ ਪ੍ਰਦਾਨ ਕਰੇਗੀ। ਉਨ੍ਹਾਂ ਨੇ ਜੈਨ ਭਾਈਚਾਰੇ ਵੱਲੋਂ ਕੀਤੀ ਗਈ ਸਮਾਨ ਅਪੀਲ ਦਾ ਹਵਾਲਾ ਦਿੰਦਿਆਂ ਕਿਹਾ ਕਿ "ਸਹੀ ਅੰਕੜੇ ਸਾਡੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਮਜ਼ਬੂਤੀ ਪ੍ਰਦਾਨ ਕਰਨਗੇ। ਮਹਾਰਾਸ਼ਟਰ ਸਿਕਲੀਗਰ ਸੰਗਠਨ ਦੇ ਸੂਬਾ ਮੁਖੀ ਤੇਜਾ ਸਿੰਘ ਬਾਵਰੀ ਦਾ ਕਹਿਣਾ ਸੀ ਕਿ ਮਹਾਰਾਸ਼ਟਰ ਵਿੱਚ ਸਿਕਲੀਗਰ ਭਾਈਚਾਰੇ ਦੀ ਆਬਾਦੀ ਲਗਭਗ 7,50,000 ਹੈ, ਪਰ ਇਹ ਵਿਮੁਕਤ ਜਾਤੀ ਘੁਮੱਕੜ ਜਨਜਾਤੀ ਵਜੋਂ ਸ਼੍ਰੇਣੀਬੱਧ ਹੋਣ ਕਾਰਨ ਅਜੇ ਵੀ ਵਿੱਦਿਅਕ ਤੌਰ 'ਤੇ ਪਛੜਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਕਈ ਪਰਿਵਾਰਾਂ ਕੋਲ 1961 ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਡੋਮਿਸਾਈਲ ਸਾਬਤ ਕਰਨ ਵਾਲੇ ਦਸਤਾਵੇਜ਼ ਨਹੀਂ ਹਨ, ਜਿਸ ਕਾਰਨ ਅਸੀਂ ਰਾਖਵੇਂਕਰਨ ਦਾ ਲਾਭ ਨਹੀਂ ਲੈ ਸਕਦੇ।" ਬਾਵਰੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਸਹਾਇਤਾ ਦੀ ਅਪੀਲ ਕੀਤੀ ਹੈ। ਬਲ ਮਲਕੀਤ ਸਿੰਘ ਨੇ ਪੰਜਾਬ ਵਿੱਚ ਸਿੱਖ ਆਬਾਦੀ ਦੇ ਘਟਣ ਅਤੇ ਈਸਾਈਅਤ ਵੱਲ ਧਰਮ ਪਰਿਵਰਤਨ ਦੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਮੁਤਾਬਕ, 2011 ਵਿੱਚ ਸਿੱਖ ਪੰਜਾਬ ਦੀ 58% ਆਬਾਦੀ ਸਨ, ਜੋ ਹੁਣ 55% ਹੋ ਸਕਦੀ ਹੈ ਅਤੇ 2030 ਤੱਕ 50% ਤੋਂ ਘੱਟ ਹੋਣ ਦਾ ਅੰਦਾਜ਼ਾ ਹੈ। ਸਿੰਘ ਨੇ ਜ਼ੋਰ ਦੇ ਕੇ ਕਿਹਾ, "ਸਿੱਖਾਂ ਵਜੋਂ ਸਾਡੀ ਪਛਾਣ ਨੂੰ ਕਾਇਮ ਰੱਖਣਾ ਸਾਡੀ ਜ਼ਿੰਮੇਵਾਰੀ ਹੈ।"

ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਦਾ ਇਸ ਵਲ ਧਿਆਨ ਨਹੀਂ ਕਿ ਸਰਕਾਰ ਸਿੱਖਾਂ ਦੀ ਗਿਣਤੀ ਕਿਵੇਂ ਘਟਾ ਰਹੀ ਹੈ। ਹਾਲੇ ਤਕ ਜਨਗਣਨਾ ਬਾਰੇ ਅਕਾਲ ਤਖਤ ਸਾਹਿਬ ਤੇ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਕਬੀਲਿਆਂ ਤੇ ਨਾਨਕਪੰਥੀਆਂ ਬਾਰੇ ਹਾਲੇ ਤੱਕ ਕੋਈ ਨੀਤੀ ਨਹੀਂ ਘੜੀ।

# ਕਸ਼ਮੀਰ ਦੇ ਐਲਓਸੀ ਨਾਲ ਸਿੱਖ ਅਤੇ ਗੁੱਜਰ-ਬਕਰਵਾਲਾਂ ਨੇ ਜੰਗ ਦੇ ਪਰਛਾਂਵੇ ਹੇਠ ਲੋਕਾਂ ਦੀ ਕੀਤੀ ਸੇਵਾ

**ਖਾਸ ਖਬਰ**

## ✪ ਬਾਰਾਮੂਲਾ, ਪੁੰਛ ਰਜੌਰੀ, ਉੜੀ, ਤੇ ਕੁਪਵਾੜਾ ਵਿੱਚ ਸੁਰੱਖਿਅਤ ਪਨਾਹ ਤੇ ਲੰਗਰ ਕੀਤੇ ਪ੍ਰਦਾਨ ✪ ਸ਼੍ਰੋਮਣੀ ਕਮੇਟੀ, ਖ਼ਾਲਸਾ ਏਡ ਲਗਾਤਾਰ ਰਹੇ ਸਰਗਰਮ ✪ ਪੰਜਾਬ ਦੇ ਸਰਹੱਦੀ ਖੇਤਰਾਂ ਵਿਚ ਸ਼੍ਰੋਮਣੀ ਕਮੇਟੀ ਨੇ ਸੇਵਾ ਨਿਭਾਈ

ਕਸ਼ਮੀਰ ਦੀ ਲਾਈਨ ਆਫ਼ ਕੰਟਰੋਲ (ਐਲਓਸੀ) ਨੇੜੇ ਪਾਕਿਸਤਾਨੀ ਗੋਲੀਬਾਰੀ ਅਤੇ ਡਰੋਨਾਂ ਨੇ ਸਰਹੱਦੀ ਖੇਤਰਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ। ਅਜਿਹੇ ਸੰਕਟਕਾਲੀ ਹਾਲਾਤ ਵਿੱਚ ਸਿੱਖ ਅਤੇ ਗੁੱਜਰ-ਬਕਰਵਾਲ ਭਾਈਚਾਰਿਆਂ ਨੇ ਮਨੁੱਖਤਾ ਦੀ ਸੇਵਾ ਦੀ ਅਦੁੱਤੀ ਮਿਸਾਲ ਪੇਸ਼ ਕੀਤੀ। ਬਾਰਾਮੂਲਾ, ਪੁੰਛ, ਰਜੌਰੀ, ਉੜੀ, ਅਤੇ ਕੁਪਵਾੜਾ ਵਰਗੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ, ਅਤੇ ਗੁੱਜਰ ਸੰਸਥਾਵਾਂ ਨੇ ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਪਨਾਹ, ਲੰਗਰ, ਮੈਡੀਕਲ ਸਹਾਇਤਾ, ਅਤੇ ਰੈਸਕਿਊ ਸੇਵਾਵਾਂ ਪ੍ਰਦਾਨ ਕੀਤੀਆਂ। ਇਹ ਸੇਵਾ ਸਿੱਖ ਧਰਮ ਦੀ ਸਰਬੱਤ ਦੇ ਭਲੇ ਦੀ ਭਾਵਨਾ ਅਤੇ ਗੁੱਜਰ-ਬਕਰਵਾਲ ਭਾਈਚਾਰੇ ਦੀ ਸਮਾਜ ਸੇਵਾ ਦੀ ਪਰੰਪਰਾ ਦਾ ਪ੍ਰਤੀਕ ਹੈ।

### ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਦੀ ਸੇਵਾ

ਕਸ਼ਮੀਰ ਅਤੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਨੇ ਸੰਕਟ ਦੌਰਾਨ ਮੋਰਚਾ ਸੰਭਾਲਿਆ। ਗੁਰਦੁਆਰਾ ਛੇਂਵੀ ਪਾਤਸ਼ਾਹੀ, ਬਾਰਾਮੂਲਾ ਨੇ ਸੇਵਾ ਦੀ ਅਗਵਾਈ ਕੀਤੀ। ਇਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ 7 ਮਈ, 2025 ਤੋਂ ਸਰਹੱਦੀ ਪਿੰਡਾਂ ਵਿੱਚ ਫਸੇ ਲੋਕਾਂ ਲਈ ਰੈਸਕਿਊ ਮੁਹਿੰਮ ਸ਼ੁਰੂ ਕੀਤੀ। ਅਮਨਜੀਤ ਸਿੰਘ ਵਰਗੇ ਵਲੰਟੀਅਰਾਂ ਨੇ ਉੜੀ ਅਤੇ ਕੁਪਵਾੜਾ ਵਰਗੇ ਖੇਤਰਾਂ ਤੋਂ 150 ਪਰਿਵਾਰਾਂ ਨੂੰ ਸੁਰੱਖਿਅਤ ਬਾਰਾਮੂਲਾ ਪਹੁੰਚਾਇਆ। ਗੁਰਦੁਆਰੇ ਵਿੱਚ ਰਿਹਾਇਸ਼, ਲੰਗਰ, ਅਤੇ ਮੁਫਤੀ ਮੈਡੀਕਲ ਸਹਾਇਤਾ ਦਾ ਪ੍ਰਬੰਧ ਕੀਤਾ ਗਿਆ। ਲੰਗਰ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਸ਼ਾਕਾਹਾਰੀ ਭੋਜਨ ਪਰੋਸਿਆ ਗਿਆ, ਜੋ ਸਿੱਖ ਧਰਮ ਦੀ ਸਮਾਨਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਅਮਨਜੀਤ ਨੇ ਕਿਹਾ ਕਿ ਸਾਡਾ ਧਰਮ ਸਾਨੂੰ ਮਨੁੱਖਤਾ ਦੀ ਸੇਵਾ ਸਿਖਾਉਂਦਾ ਹੈ, ਅਤੇ ਅਸੀਂ ਹਰ ਮੁਸ਼ਕਲ ਵਿੱਚ ਲੋਕਾਂ ਦੇ ਨਾਲ ਖੜ੍ਹਦੇ ਹਾਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ। ਐਸਜੀਪੀਸੀ ਨੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨਤਾਰਨ, ਅਤੇ ਫਿਰੋਜ਼ਪੁਰ ਵਿੱਚ ਗੁਰਦੁਆਰਿਆਂ ਨੂੰ ਸੇਵਾ ਕੇਂਦਰਾਂ ਵਜੋਂ ਵਰਤਿਆ। ਅੰਮ੍ਰਿਤਸਰ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਅਤੇ ਤਰਨਤਾਰਨ ਦੇ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਵਿੱਚ ਸਰਹੱਦੀ ਖੇਤਰਾਂ ਤੋਂ ਆਏ ਲੋਕਾਂ ਲਈ ਰਿਹਾਇਸ਼ ਅਤੇ ਲੰਗਰ ਦੀ ਵਿਵਸਥਾ ਕੀਤੀ ਗਈ। ਐਸਜੀਪੀਸੀ ਦੇ ਸੇਵਾਦਾਰਾਂ ਨੇ ਸਥਾਨਕ ਸਿੱਖ ਭਾਈਚਾਰਿਆਂ ਨਾਲ ਮਿਲ ਕੇ ਭੋਜਨ,





ਕੱਪੜੇ, ਅਤੇ ਮੈਡੀਕਲ ਸਹੂਲਤਾਂ ਪਹੁੰਚਾਈਆਂ। ਐਸਜੀਪੀਸੀ ਦੇ ਪ੍ਰਧਾਨ ਨੇ ਸੇਵਾ ਨੂੰ ਸਿੱਖ ਧਰਮ ਦੀ ਪਰੰਪਰਾ ਦਾ ਹਿੱਸਾ ਦੱਸਿਆ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੇ ਸੰਕਟਾਂ ਵਿੱਚ ਸੰਗਤ ਦੀ ਮਦਦ ਲਈ ਜਾਵੇ।

ਖ਼ਾਲਸਾ ਏਡ, ਇੱਕ ਅੰਤਰਰਾਸ਼ਟਰੀ ਸਿੱਖ ਸੰਸਥਾ, ਨੇ ਕਸ਼ਮੀਰ ਦੇ ਰਜੌਰੀ ਅਤੇ ਪੁੰਛ ਜ਼ਿਲ੍ਹਿਆਂ ਵਿੱਚ ਸੇਵਾ ਕਾਰਜ ਸੰਭਾਲੇ। ਖ਼ਾਲਸਾ ਏਡ ਦੀਆਂ ਟੀਮਾਂ ਨੇ ਸਰਹੱਦੀ ਪਿੰਡਾਂ ਵਿੱਚ ਫਸੇ ਲੋਕਾਂ ਨੂੰ ਭੋਜਨ, ਪੀਣ ਵਾਲਾ ਪਾਣੀ, ਅਤੇ ਅਸਥਾਈ ਪਨਾਹਗਾਹਾਂ ਪ੍ਰਦਾਨ ਕੀਤੀਆਂ। ਇਸ ਸੰਸਥਾ ਨੇ ਸਥਾਨਕ ਸਿੱਖ ਅਤੇ ਗੁੱਜਰ ਵਲੰਟੀਅਰਾਂ ਨਾਲ ਮਿਲ ਕੇ ਰੈਸਕਿਊ ਮੁਹਿੰਮਾਂ ਚਲਾਈਆਂ ਅਤੇ ਸਰਕਾਰੀ ਸਹਾਇਤਾ ਦੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਖ਼ਾਲਸਾ ਏਡ ਨੇ ਖਾਸ ਤੌਰ 'ਤੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ 'ਤੇ ਧਿਆਨ ਦਿੱਤਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਜੰਮੂ ਨੇ ਵੀ ਸਰਹੱਦੀ ਖੇਤਰਾਂ ਤੋਂ ਆਏ ਪਰਿਵਾਰਾਂ ਦੀ ਸਹਾਇਤਾ ਕੀਤੀ। ਇਸ ਗੁਰਦੁਆਰੇ ਨੇ ਰਜੌਰੀ ਅਤੇ ਪੁੰਛ ਤੋਂ ਆਏ ਲੋਕਾਂ ਲਈ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ। ਸਥਾਨਕ ਸਿੱਖ ਵਲੰਟੀਅਰਾਂ ਨੇ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਲੋਕਾਂ ਨੂੰ ਅਸਥਾਈ ਪਨਾਹ ਦਿੱਤੀ।

### ਗੁੱਜਰ-ਬਕਰਵਾਲ ਸੰਸਥਾਵਾਂ ਦੀ ਭੂਮਿਕਾ

ਸਰੀਮਸਤਾਨ ਟ੍ਰਾਈਬਲ ਗੁੱਜਰ ਵੈੱਲਫੇਅਰ ਫਾਊਂਡੇਸ਼ਨ, ਪੁੰਛ, ਨੇ ਗੁੱਜਰ-ਬਕਰਵਾਲ ਭਾਈਚਾਰੇ ਦੀ ਅਗਵਾਈ ਵਿੱਚ ਸਰਵ-ਧਰਮ ਸੇਵਾ ਕੀਤੀ। 7 ਮਈ, 2025 ਦੀ ਗੋਲੀਬਾਰੀ ਤੋਂ ਬਾਅਦ, ਇਸ ਸੰਸਥਾ ਨੇ 500-600 ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। 200 ਵਲੰਟੀਅਰਾਂ ਦੀ ਟੀਮ, ਜਿਸ ਵਿੱਚ ਡਰਾਈਵਰ, ਕਿਸਾਨ, ਅਤੇ ਅਧਿਆਪਕ ਸ਼ਾਮਲ ਸਨ, ਨੇ ਦੋ ਐਂਬੂਲੈਂਸਾਂ ਅਤੇ ਨਿੱਜੀ ਵਾਹਨਾਂ ਨਾਲ ਰਾਤ-ਦਿਨ ਕੰਮ ਕੀਤਾ। ਸੰਸਥਾ ਦੇ ਮੋਢੀ ਅਸਦ ਨੁਮਾਨੀ ਨੇ ਕਿਹਾ, "ਅਸੀਂ ਸਰਕਾਰੀ ਸਹਾਇਤਾ ਦੀ ਉਡੀਕ ਨਹੀਂ ਕਰਦੇ, ਸਾਡਾ ਫਰਜ਼ ਹੈ ਮਦਦ ਕਰਨਾ।" ਇਸ ਸੰਸਥਾ ਨੇ ਮੁਸਲਮਾਨ, ਸਿੱਖ, ਅਤੇ ਹਿੰਦੂ ਪਰਿਵਾਰਾਂ, ਜਿਨ੍ਹਾਂ ਵਿੱਚ ਜਲੰਧਰ ਅਤੇ ਬਿਹਾਰ ਦੇ ਮਜ਼ਦੂਰ ਸ਼ਾਮਲ ਸਨ, ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

### ਸੇਵਾ ਦੇ ਖੇਤਰ ਜਿਥੇ ਸੇਵਾ ਕਾਰਜ ਸੰਚਾਲਿਤ ਹੋਏ

ਬਾਰਾਮੂਲਾ : ਗੁਰਦੁਆਰਾ ਛੇਂਵੀ ਪਾਤਸ਼ਾਹੀ ਨੇ ਉੜੀ ਅਤੇ ਕੁਪਵਾੜਾ ਤੋਂ ਬਚਾਏ ਗਏ 150 ਪਰਿਵਾਰਾਂ ਨੂੰ ਪਨਾਹ, ਲੰਗਰ, ਅਤੇ ਮੈਡੀਕਲ ਸਹਾਇਤਾ ਦਿੱਤੀ। ਵਲੰਟੀਅਰਾਂ ਨੇ ਸਥਾਨਕ ਸਿੱਖ ਘਰਾਂ ਵਿੱਚ ਵੀ ਰਿਹਾਇਸ਼ ਦਾ ਪ੍ਰਬੰਧ ਕੀਤਾ।

ਪੁੰਛ : ਸਰੀਮਸਤਾਨ ਫਾਊਂਡੇਸ਼ਨ ਅਤੇ ਸਿੱਖ ਵਲੰਟੀਅਰਾਂ ਨੇ 500-600 ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ। ਸਥਾਨਕ ਮਸਜਿਦਾਂ ਅਤੇ ਗੁਰਦੁਆਰਿਆਂ ਨੂੰ ਅਸਥਾਈ ਪਨਾਹਗਾਹਾਂ ਵਜੋਂ ਵਰਤਿਆ ਗਿਆ।

ਰਜੌਰੀ : ਖ਼ਾਲਸਾ ਏਡ ਅਤੇ ਸਥਾਨਕ ਸਿੱਖ ਜਥੇਬੰਦੀਆਂ ਨੇ ਰਜੌਰੀ ਦੇ ਸਰਹੱਦੀ ਪਿੰਡਾਂ ਵਿੱਚ ਭੋਜਨ ਅਤੇ ਪਨਾਹ ਦੀ ਵਿਵਸਥਾ ਕੀਤੀ। ਸਿੱਖ ਵਲੰਟੀਅਰਾਂ ਨੇ ਰੈਸਕਿਊ ਮੁਹਿੰਮਾਂ ਵਿੱਚ ਹਿੱਸਾ ਲਿਆ।

ਉੜੀ ਅਤੇ ਕੁਪਵਾੜਾ : ਇਨ੍ਹਾਂ ਖੇਤਰਾਂ ਵਿੱਚ ਗੋਲੀਬਾਰੀ ਅਤੇ ਡਰੋਨ ਹਮਲਿਆਂ ਨੇ ਪਿੰਡ ਖਾਲੀ ਕਰਵਾ ਦਿੱਤੇ। ਸਿੱਖ ਅਤੇ ਗੁੱਜਰ ਵਲੰਟੀਅਰਾਂ ਨੇ ਪਿੱਛੇ ਰਹਿ ਗਏ ਲੋਕਾਂ ਨੂੰ ਬਚਾਇਆ ਅਤੇ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ।

### ਪੰਜਾਬ ਦੇ ਸਰਹੱਦੀ ਜ਼ਿਲ੍ਹੇ

ਅੰਮ੍ਰਿਤਸਰ, ਤਰਨਤਾਰਨ ਅਤੇ ਫਿਰੋਜ਼ਪੁਰ ਵਿੱਚ ਐਸਜੀਪੀਸੀ ਅਤੇ ਸਥਾਨਕ ਗੁਰਦੁਆਰਿਆਂ ਨੇ ਸਰਹੱਦੀ ਖੇਤਰਾਂ ਤੋਂ ਆਏ ਲੋਕਾਂ ਨੂੰ ਪਨਾਹ ਅਤੇ ਸਹਾਇਤਾ ਪ੍ਰਦਾਨ ਕੀਤੀ।

### ਭਾਰਤ ਸਰਕਾਰ ਦੀ ਜ਼ਿੰਮੇਵਾਰੀ ਨਿਭਾਵੇ

ਭਾਰਤ ਸਰਕਾਰ ਨੂੰ ਅਜਿਹੀਆਂ ਜਥੇਬੰਦੀਆਂ ਅਤੇ ਭਾਈਚਾਰਿਆਂ ਦੀ ਮਦਦ ਕਰਨੀ ਚਾਹੀਦੀ, ਕਿਉਂਕਿ ਇਹ ਸੰਸਥਾਵਾਂ ਸੰਕਟ ਸਮੇਂ ਸਰਕਾਰੀ ਢਾਂਚੇ ਦੀਆਂ ਕਮੀਆਂ ਨੂੰ ਪੂਰਾ ਕਰਦੀਆਂ ਹਨ।

ਸਰੀਮਸਤਾਨ ਫਾਊਂਡੇਸ਼ਨ ਦੇ ਅਸਦ ਨੁਮਾਨੀ ਦੇ ਬਿਆਨ, "ਅਸੀਂ ਸਰਕਾਰੀ ਸਹਾਇਤਾ ਦੀ ਉਡੀਕ ਨਹੀਂ ਕਰਦੇ," ਸਰਕਾਰੀ ਪ੍ਰਣਾਲੀ ਦੀ ਹੌਲੀ ਪ੍ਰਤੀਕਿਰਿਆ ਨੂੰ ਉਜਾਗਰ ਕਰਦਾ ਹੈ। ਸਰਕਾਰ ਨੂੰ ਸਿੱਖ ਅਤੇ ਗੁੱਜਰ ਸੰਸਥਾਵਾਂ ਨੂੰ ਰੈਸਕਿਊ ਅਤੇ ਰਾਹਤ ਕਾਰਜਾਂ ਲਈ ਫੰਡ ਮੁਹੱਈਆ ਕਰਵਾਉਣੇ ਚਾਹੀਦੇ। ਇਹ ਫੰਡ ਐਂਬੂਲੈਂਸਾਂ, ਵਾਹਨਾਂ, ਅਤੇ ਮੈਡੀਕਲ ਸਪਲਾਈਜ਼ ਲਈ ਵਰਤੇ ਜਾ ਸਕਦੇ ਹਨ। ਸਰਹੱਦੀ ਖੇਤਰਾਂ ਵਿੱਚ ਵਲੰਟੀਅਰਾਂ ਦੀ ਸੁਰੱਖਿਆ ਲਈ ਸੁਰੱਖਿਆ ਬਲ ਮੁਹੱਈਆ ਕਰਨੇ ਚਾਹੀਦੇ, ਤਾਂ ਜੋ ਰੈਸਕਿਊ ਕਾਰਜ ਸੁਰੱਖਿਅਤ ਹੋ ਸਕਣ।

ਸਰਕਾਰ ਨੂੰ ਸਥਾਨਕ ਜਥੇਬੰਦੀਆਂ ਨਾਲ ਸਹਿਯੋਗੀ ਢਾਂਚਾ ਸਥਾਪਿਤ ਕਰਨਾ ਚਾਹੀਦਾ, ਜਿਸ ਵਿੱਚ ਸੰਚਾਰ, ਸਮਨਵਯ, ਅਤੇ ਸਰੋਤ ਸਾਂਝੇ ਕਰਨ ਦੀ ਵਿਵਸਥਾ ਹੋਵੇ। ਵਲੰਟੀਅਰਾਂ ਨੂੰ ਰੈਸਕਿਊ, ਪਹਿਲੀ ਸਹਾਇਤਾ, ਅਤੇ ਸੰਕਟ ਪ੍ਰਬੰਧਨ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ, ਤਾਂ ਜੋ ਉਹ ਵਧੇਰੇ ਪ੍ਰਭਾਵੀ ਢੰਗ ਨਾਲ ਕੰਮ ਕਰ ਸਕਣ। ਸਰਕਾਰ ਦੀ ਸਹਾਇਤਾ ਨਾ ਸਿਰਫ਼ ਇਨ੍ਹਾਂ ਜਥੇਬੰਦੀਆਂ ਦੀ ਸਮਰੱਥਾ ਵਧਾਏਗੀ, ਸਗੋਂ ਸਰਹੱਦੀ ਖੇਤਰਾਂ ਵਿੱਚ ਸੰਕਟ ਪ੍ਰਬੰਧ ਨੂੰ ਵੀ ਮਜ਼ਬੂਤ ਕਰੇਗੀ।

ਕਸ਼ਮੀਰ ਅਤੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਸਿੱਖ ਜਥੇਬੰਦੀਆਂ ਜਿਵੇਂ ਕਿ ਗੁਰਦੁਆਰਾ ਛੇਂਵੀ ਪਾਤਸ਼ਾਹੀ, ਐਸਜੀਪੀਸੀ, ਖ਼ਾਲਸਾ ਏਡ, ਅਤੇ ਗੁੱਜਰ ਸੰਸਥਾਵਾਂ ਜਿਵੇਂ ਸਰੀਮਸਤਾਨ ਟ੍ਰਾਈਬਲ ਗੁੱਜਰ ਵੈੱਲਫੇਅਰ ਫਾਊਂਡੇਸ਼ਨ ਨੇ ਸੰਕਟਕਾਲੀ ਹਾਲਾਤ ਵਿੱਚ ਮਨੁੱਖਤਾ ਦੀ ਸੇਵਾ ਕਰਕੇ ਸਰਬੱਤ ਦੇ ਭਲੇ ਦੀ ਮਿਸਾਲ ਕਾਇਮ ਕੀਤੀ। ਇਹ ਸੇਵਾ ਨਾ ਸਿਰਫ਼ ਸਮਾਜਿਕ ਏਕਤਾ ਦਾ ਪ੍ਰਤੀਕ ਹੈ, ਸਗੋਂ ਸਰਕਾਰ ਅਤੇ ਸਮਾਜ ਦੇ ਸਹਿਯੋਗ ਨਾਲ ਸੰਕਟ ਪ੍ਰਬੰਧ ਦੀ ਨਵੀਂ ਦਿਸ਼ਾ ਵੀ ਪ੍ਰਦਾਨ ਕਰਦੀ ਹੈ।

# ਇੰਡੀਆ ਜਸਟਿਸ ਰਿਪੋਰਟ 2025: ਪੁਲਿਸ ਅਤੇ ਜੇਲ੍ਹਾਂ ਦਾ ਚਰਮਰਾ ਰਿਹਾ ਏ ਪ੍ਰਬੰਧ

**✪ ਪੰਜਾਬ ਵਿੱਚ ਪੁਲਿਸ ਸਟਾਫ ਦੀਆਂ 20% ਤੋਂ ਵੱਧ ਅਸਾਮੀਆਂ ਖਾਲੀ ✪ ਜੇਲ੍ਹਾਂ ਵਿੱਚ ਡਾਕਟਰਾਂ ਦੀ ਗਿਣਤੀ ਘੱਟ ਤੇ ਮਾਨਸਿਕ ਸਿਹਤ ਸੇਵਾਵਾਂ ਲਗਭਗ ਨਾ-ਮਾਤਰ**

ਇੰਡੀਆ ਜਸਟਿਸ ਰਿਪੋਰਟ 2025 ਨੇ ਭਾਰਤ ਦੀ ਪੁਲਿਸ ਅਤੇ ਜੇਲ੍ਹ ਵਿਵਸਥਾ ਦੀ ਬੁਰੀ ਹਾਲਤ ਨੂੰ ਬੇਨਕਾਬ ਕੀਤਾ ਹੈ। ਇਹ ਰਿਪੋਰਟ ਦੱਸਦੀ ਹੈ ਕਿ ਘੱਟ ਫੰਡਿੰਗ, ਸਟਾਫ ਦੀ ਕਮੀ, ਅਤੇ ਸਿਸਟਮ ਦੀ ਲਾਪਰਵਾਹੀ ਨੇ ਨਿਆਂ ਵਿਵਸਥਾ ਦੀ ਨੀਂਹ ਨੂੰ ਹਿਲਾ ਦਿੱਤਾ ਹੈ। ਇੰਡੀਆ ਜਸਟਿਸ ਰਿਪੋਰਟ ਮੁਤਾਬਕ, ਭਾਰਤ ਵਿੱਚ ਪੁਲਿਸ-ਜਨਸੰਖਿਆ ਅਨੁਪਾਤ ਕਾਫੀ ਘੱਟ ਹੈ-ਸਿਰਫ 155 ਪੁਲਿਸ ਮੁਲਾਜ਼ਮ ਪ੍ਰਤੀ ਲੱਖ ਵਸੋਂ ਹਨ। ਪੰਜਾਬ ਵਿੱਚ ਵੀ ਸਥਿਤੀ ਕੋਈ ਖਾਸ ਵਧੀਆ ਨਹੀਂ। ਸੂਬੇ ਵਿੱਚ ਪੁਲਿਸ ਸਟਾਫ ਦੀ 20% ਤੋਂ ਵੱਧ ਅਸਾਮੀਆਂ ਖਾਲੀ ਹਨ, ਜਿਸ ਕਾਰਨ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਚੁਣੌਤੀ ਪੂਰਨ ਹੈ। ਨਵੀਂ ਭਰਤੀਆਂ ਦੀ ਘਾਟ ਅਤੇ ਅਣਉਚਿਤ ਟ੍ਰੇਨਿੰਗ ਨੇ ਪੁਲਿਸ ਦੀ ਕਾਰਜਕੁਸ਼ਲਤਾ ਨੂੰ ਹੋਰ ਘਟਾਇਆ ਹੈ।

ਪੰਜਾਬ ਵਿੱਚ ਪੁਲਿਸ ਟ੍ਰੇਨਿੰਗ ਲਈ ਬਜਟ ਦਾ ਸਿਰਫ 1.5% ਹਿੱਸਾ ਵਰਤਿਆ ਜਾਂਦਾ ਹੈ, ਜੋ ਕਿ ਲੋੜੀਂਦੇ ਮਿਆਰ ਤੋਂ ਬਹੁਤ ਘੱਟ ਹੈ। ਸਾਈਬਰ ਕ੍ਰਾਈਮ, ਲਿੰਗ ਸੰਵੇਦਨਸ਼ੀਲਤਾ, ਅਤੇ ਫੋਰੈਂਸਿਕ ਜਾਂਚ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਵਿਸ਼ੇਸ਼ ਟ੍ਰੇਨਿੰਗ ਦੀ ਕਮੀ ਹੈ। ਫੋਰੈਂਸਿਕ ਸਟਾਫ ਦੀ 50% ਤੋਂ ਵੱਧ ਅਸਾਮੀਆਂ ਖਾਲੀ ਹਨ, ਜਿਸ ਕਾਰਨ ਜਾਂਚ ਪ੍ਰਕਿਰਿਆਵਾਂ ਲੜਖੜਾ ਰਹੀਆਂ ਹਨ।



ਪੰਜਾਬ ਪੁਲਿਸ ਵਿੱਚ ਮਹਿਲਾ ਅਧਿਕਾਰੀਆਂ ਦੀ ਸੰਖਿਆ ਸਿਰਫ 10% ਹੈ, ਜੋ ਕਿ 33% ਦੇ ਟੀਚੇ ਤੋਂ ਬਹੁਤ ਪਿੱਛੇ ਹੈ। ਇਸੇ ਤਰ੍ਹਾਂ, ਅਨੁਸੂਚਿਤ ਜਾਤੀ ਅਤੇ ਹੋਰ ਪਛੜੀਆਂ ਜਾਤੀਆਂ ਦੀ ਪ੍ਰਤੀਨਿਧਤਾ ਵੀ ਨਾਕਾਫੀ ਹੈ। ਪੰਜਾਬ ਨੇ ਐਸ ਸੀ ਕਾਂਸਟੇਬਲ ਲੈਵਲ 'ਤੇ ਆਪਣਾ ਕੋਟਾ ਪੂਰਾ ਕੀਤਾ ਹੈ, ਪਰ ਅਧਿਕਾਰੀ ਰੈਂਕ ਵਿੱਚ ਅਜੇ ਵੀ ਕਮੀ ਹੈ।

### ਪੰਜਾਬ ਵਿੱਚ ਸੁਧਾਰ ਦੀਆਂ ਕੋਸ਼ਿਸ਼ਾਂ

ਪੰਜਾਬ ਸਰਕਾਰ ਨੇ ਪੁਲਿਸ ਨੂੰ ਆਧੁਨਿਕ ਬਣਾਉਣ ਲਈ ਕੁਝ ਕਦਮ ਚੁੱਕੇ ਹਨ, ਜਿਵੇਂ ਕਿ ਸੀਸੀਟੀਵੀ ਕੈਮਰਿਆਂ ਦੀ ਸਥਾਪਨਾ ਅਤੇ ਸਾਈਬਰ ਕ੍ਰਾਈਮ ਸੈੱਲ ਦਾ ਵਿਸਥਾਰ। ਪਰ, ਇਹ ਯਤਨ ਅਜੇ ਵੀ ਅਧੂਰੇ ਹਨ। ਪੇਂਡੂ ਖੇਤਰਾਂ ਵਿੱਚ ਪੁਲਿਸ ਸਟੇਸ਼ਨਾਂ ਦੀ ਗਿਣਤੀ ਘਟਣ ਨਾਲ ਨਾਗਰਿਕਾਂ ਦੀ ਪੁਲਿਸ ਸਹੂਲਤਾਂ ਤੱਕ ਪਹੁੰਚ ਸੀਮਤ ਹੋ ਗਈ ਹੈ।

### ਪੰਜਾਬ ਦੀਆਂ ਜੇਲ੍ਹਾਂ ਵਿਚ ਭੀੜ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ

ਪੰਜਾਬ ਦੀਆਂ ਜੇਲ੍ਹਾਂ ਵਿੱਚ ਭੀੜਭਾੜ ਇੱਕ ਵੱਡੀ ਸਮੱਸਿਆ ਹੈ। ਰਿਪੋਰਟ ਮੁਤਾਬਕ, ਸੂਬੇ ਦੀਆਂ ਜੇਲ੍ਹਾਂ ਵਿੱਚ ਸਮਰੱਥਾ 120% ਤੋਂ ਵੱਧ ਹੈ, ਅਤੇ ਕੁਝ ਜੇਲ੍ਹਾਂ ਵਿੱਚ ਸਮਰੱਥਾ ਦੇ ਦੁੱਗਣੇ ਤੋਂ ਵੀ ਵੱਧ ਕੈਦੀ ਹਨ। ਅੰਮ੍ਰਿਤਸਰ, ਲੁਧਿਆਣਾ, ਅਤੇ ਫਿਰੋਜ਼ਪੁਰ ਵਰਗੀਆਂ ਵੱਡੀਆਂ ਜੇਲ੍ਹਾਂ ਵਿੱਚ ਸਥਿਤੀ ਵਿਗੜ ਚੁੱਕੀ ਹੈ। 70% ਤੋਂ ਵੱਧ ਕੈਦੀ ਵਿਚਾਰਧੀਨ ਹਨ, ਜਿਨ੍ਹਾਂ ਨੂੰ ਅਜੇ ਦੋਸ਼ੀ ਨਹੀਂ ਠਹਿਰਾਇਆ ਗਿਆ। ਇਨ੍ਹਾਂ ਵਿੱਚੋਂ ਬਹੁਤ ਸਾਰੇ ਕੈਦੀ ਪੁਲਿਸ ਜਾਂਚ ਦੀ ਦੇਰੀ ਜਾਂ ਜਮਾਨਤ ਦੀਆਂ ਅੜਚਣਾਂ ਕਾਰਨ ਜੇਲ੍ਹ ਵਿੱਚ ਬੰਦ ਹਨ।

ਪੰਜਾਬ ਦੀਆਂ ਜੇਲਾਂ ਵਿੱਚ ਸਿਹਤ ਸਹੂਲਤਾਂ ਬਹੁਤ ਹੀ ਨਾਕਾਫੀ ਹਨ। ਜੇਲ੍ਹਾਂ ਵਿੱਚ ਡਾਕਟਰਾਂ ਦੀ ਗਿਣਤੀ ਘੱਟ ਹੈ, ਅਤੇ ਮਾਨਸਿਕ ਸਿਹਤ ਸੇਵਾਵਾਂ ਲਗਭਗ ਨਾ-ਮਾਤਰ ਹਨ। 300 ਕੈਦੀਆਂ ਲਈ ਇੱਕ ਡਾਕਟਰ ਦੇ ਮਿਆਰ ਦੀ ਥਾਂ, ਕਈ ਜੇਲ੍ਹਾਂ ਵਿੱਚ ਸੈਂਕੜੇ ਕੈਦੀਆਂ ਲਈ ਸਿਰਫ ਇੱਕ ਡਾਕਟਰ ਹੈ। ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੇ ਬਾਵਜੂਦ, 30% ਤੋਂ ਵੱਧ ਕੈਦੀਆਂ ਨੂੰ ਸੌਣ ਲਈ ਢੁਕਵੀਂ ਜਗ੍ਹਾ ਵੀ ਨਹੀਂ ਮਿਲਦੀ।

### ਜੇਲ੍ਹਾਂ ਵਿਚ ਸਟਾਫ ਦੀ ਕਮੀ

ਪੰਜਾਬ ਦੀਆਂ ਜੇਲ੍ਹਾਂ ਵਿੱਚ 30% ਤੋਂ ਵੱਧ ਸਟਾਫ ਅਸਾਮੀਆਂ ਖਾਲੀ ਹਨ। ਗਾਰਡ-ਕੈਦੀ ਅਨੁਪਾਤ 1:6 ਦੀ ਥਾਂ 1:80 ਤੋਂ 1:100 ਹੈ, ਜਿਸ ਨਾਲ ਸੁਰੱਖਿਆ ਅਤੇ ਵਿਵਸਥਾ ਨੂੰ ਖਤਰਾ ਹੈ। ਮਹਿਲਾ ਕੈਦੀਆਂ ਲਈ ਸਹੂਲਤਾਂ ਦੀ ਕਮੀ ਹੋਰ ਵੀ ਗੰਭੀਰ ਹੈ। ਮਾਤ੍ਰੀ ਸੰਭਾਲ, ਨਿੱਜੀ ਕਾਊਂਸਲਿੰਗ, ਅਤੇ ਮਹਿਲਾ ਸਟਾਫ ਦੀ ਘਾਟ ਨੇ ਮਹਿਲਾ ਕੈਦੀਆਂ ਦੀ ਸਥਿਤੀ ਨੂੰ ਦਯਨੀਯ ਬਣਾਇਆ ਹੈ।

**-ਮਾਮਲਾ ਨਾਭਾ ਜੇਲ੍ਹ ਬਰੇਕ ਕਾਂਡ ਦਾ-**

# ਨੌਂ ਸਾਲ ਪਹਿਲਾਂ ਫਰਾਰ ਹੋਇਆ ਕਸ਼ਮੀਰ ਸਿੰਘ ਗ੍ਰਿਫ਼ਤਾਰ

**✪ ਕਸ਼ਮੀਰ ਸਿੰਘ ਦੀ ਸੂਹ ਦੇਣ ਵਾਲੇ ਨੂੰ 10 ਲੱਖ ਦੇ ਇਨਾਮ ਦੀ ਘੋਸ਼ਣਾ ਵੀ ਕੀਤੀ ਸੀ ਐਨਆਈਏ ਨੇ**

ਨਾਭਾ-ਨਾਭਾ ਜੇਲ੍ਹ ਬਰੇਕ 2016 ਦੌਰਾਨ ਫਰਾਰ ਹੋਇਆ ਖਾਲਿਸਤਾਨ ਲਿਬਰੇਸ਼ਨ ਫੈਡਰੇਸ਼ਨ ਦਾ ਆਗੂ ਕਸ਼ਮੀਰ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਨਾਭਾ ਦੇ ਡੀਐਸਪੀ ਮਨਦੀਪ ਕੌਰ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਕਸ਼ਮੀਰ ਸਿੰਘ ਨੂੰ ਐਨਆਈਏ ਨੇ ਨੇਪਾਲ ਬਾਰਡਰ ਕੋਲੋਂ ਫੜਿਆ ਹੈ। ਕਸ਼ਮੀਰ ਸਿੰਘ ਵੱਖ ਵੱਖ ਇਲਾਕਿਆਂ ਵਿੱਚ ਕਈ ਕੇਸਾਂ ਵਿੱਚ ਲੋੜੀਂਦਾ ਸੀ ਤੇ ਉਸ ਨੂੰ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਨਾਭਾ ਵੀ ਲਿਆਂਦਾ ਜਾਵੇਗਾ।

ਜਾਣਕਾਰੀ ਅਨੁਸਾਰ 2023 ਵਿੱਚ ਐਨਆਈਏ ਨੇ ਕਸ਼ਮੀਰ ਸਿੰਘ ਦੀ ਸੂਹ ਦੇਣ ਵਾਲੇ ਨੂੰ 10 ਲੱਖ ਦੇ ਇਨਾਮ ਦੀ ਘੋਸ਼ਣਾ ਵੀ ਕੀਤੀ ਸੀ। 2022 ਵਿੱਚ ਮੁਹਾਲੀ ਪੁਲੀਸ ਹੈਡਕੁਆਰਟਰ ਉੱਪਰ ਹੋਏ ਗ੍ਰਨੇਡ ਹਮਲੇ ਦੇ ਦੋਸ਼ੀਆਂ ਦੀ ਮਦਦ ਕਰਨ ਵਾਲਿਆਂ ਵਿੱਚ ਵੀ



ਕਸ਼ਮੀਰ ਸਿੰਘ ਦਾ ਨਾਮ ਦੱਸਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ 2016 ਵਿੱਚ ਲਗਪਗ ਦੋ ਦਰਜਨ ਜਣਿਆਂ ਵਲੋਂ ਨਾਭਾ ਜੇਲ੍ਹ ਉੱਪਰ ਹਮਲਾ ਕਰਕੇ ਛੇ ਕੈਦੀ ਛੁਡਵਾ ਲਏ ਗਏ ਸਨ ਜਿਨ੍ਹਾਂ ਵਿੱਚ ਚਾਰ ਗੈਂਗਸਟਰ ਤੇ ਕਸ਼ਮੀਰ ਸਿੰਘ ਸਮੇਤ ਦੋ ਕੇਐਲਐੱਫ ਆਗੂ ਸ਼ਾਮਲ ਸਨ।

ਬਾਕੀ ਪੰਜ ਫਰਾਰ ਕੈਦੀਆਂ ਵਿੱਚੋ ਚਾਰ ਪੁਲੀਸ ਨੇ ਮੁੜ ਗ੍ਰਿਫਤਾਰ ਕਰ ਲਏ ਸਨ ਤੇ ਇੱਕ ਗੈਂਗਸਟਰ ਵਿੱਕੀ ਗੌਂਡਰ ਦੀ ਐਨਕਾਊਂਟਰ ਵਿਚ ਮੌਤ ਹੋ ਗਈ ਸੀ। ਦੂਜਾ ਕੇਐਲਐੱਫ ਆਗੂ ਹਰਮਿੰਦਰ ਸਿੰਘ ਮਿੰਟੂ ਦੀ ਜੇਲ੍ਹ ਵਿੱਚ ਮੌਤ ਹੋ ਗਈ ਸੀ ਤੇ ਕਸ਼ਮੀਰ ਸਿੰਘ ਦੀ 2016 ਤੋਂ ਭਾਲ ਜਾਰੀ ਸੀ। ਹਾਲਾਂਕਿ ਜੇਲ ਬ੍ਰੇਕ ਮਾਮਲੇ ਵਿੱਚ ਦੋ ਜੇਲ੍ਹ ਅਧਿਕਾਰੀਆਂ ਅਤੇ 3 ਫਰਾਰ ਕੈਦੀਆਂ ਸਮੇਤ 22 ਨੂੰ ਅਦਾਲਤ ਵੱਲੋ ਸਜ਼ਾ ਸੁਣਾਈ ਜਾ ਚੁੱਕੀ ਹੈ।

# ਸਾਬਕਾ ਸਰਪੰਚ ਦੇ ਘਰ 'ਤੇ ਫਿਰੌਤੀ ਨਾ ਦੇਣ ਕਾਰਨ ਚਲਾਈਆਂ ਗੋਲੀਆਂ

ਜੰਡਿਆਲਾ ਮੰਜਕੀ-ਇੱਥੇ ਪੁਲੀਸ ਥਾਣਾ ਨੂਰਮਹਿਲ ਅਧੀਨ ਆਉਂਦੇ ਪਿੰਡ ਉੱਪਲ ਜਗੀਰ ਵਿੱਚ ਫਿਰੌਤੀ ਨਾਂ ਦੇਣ ਉੱਤੇ ਸਾਬਕਾ ਸਰਪੰਚ ਦੇ ਘਰ 'ਤੇ ਗੋਲੀਆਂ ਚਲਾ ਦਿੱਤੀਆਂ। ਸਾਬਕਾ ਸਰਪੰਚ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਉਸ ਨੂੰ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਸੀ। ਇਸ ਦੌਰਾਨ ਦੋ ਲੱਖ ਰੁਪਏ ਦੀ ਮੰਗ ਕੀਤੀ ਗਈ ਸੀ ਅਤੇ ਪੈਸੇ ਨਾ ਦੇਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਇਸ ਫੋਨ ਮਗਰੋਂ ਦੋ ਦਿਨ ਬੀਤ ਜਾਣ ਤੋਂ ਬਾਅਦ ਰਾਤ ਸਮੇਂ ਫਿਰ ਫੋਨ ਆਇਆ ਅਤੇ ਪੈਸਿਆਂ ਦੀ ਮੰਗ ਕੀਤੀ ਗਈ। ਜਦੋਂ ਉਸ ਨੇ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਘਰ ਦੇ 'ਤੇ ਦੋ ਫਾਇਰ ਕਰ ਦਿੱਤੇ। ਥਾਣਾ ਮੁਖੀ ਕ੍ਰਿਸ਼ਨ ਗੋਪਾਲ ਨੇਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਜ਼ੀਰਕਪੁਰ ਵਿੱਚੋਂ ਸ਼ੱਕੀ ਵਿਅਕਤੀ ਹਵਾਈ ਸੈਨਾ ਦੇ ਪਾਇਲਟ ਦੀ ਵਰਦੀ ਵਿੱਚ ਗ੍ਰਿਫ਼ਤਾਰ



ਜ਼ੀਰਕਪੁਰ-ਭਾਰਤ ਤੇ ਪਾਕਿਸਤਾਨ ਵਿਚਾਲੇ ਚਲ ਰਹੇ ਤਣਾਅ ਦੌਰਾਨ ਬੀਤੇ ਦਿਨੀਂ ਏਅਰ ਫੋਰਸ ਸਟੇਸ਼ਨ ਚੰਡੀਗੜ੍ਹ ਦੇ ਅਧਿਕਾਰੀਆਂ ਨੇ ਜ਼ੀਰਕਪੁਰ ਵਿੱਚੋਂ ਸ਼ੱਕੀ ਵਿਅਕਤੀ ਨੂੰ ਹਵਾਈ ਸੈਨਾ ਦੇ ਪਾਇਲਟ ਦੀ ਵਰਦੀ ਵਿੱਚ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਸੁਖਪ੍ਰੀਤ ਸਿੰਘ ਵਾਸੀ ਆਸ਼ੀਆਨਾ ਕੰਪਲੈਕਸ ਦੇ ਤੌਰ 'ਤੇ ਹੋਈ ਹੈ। ਪੁਲੀਸ ਨੇ ਦੱਸਿਆ ਕਿ ਮੁਲਜ਼ਮ ਨਸ਼ਾ ਕਰਨ ਦਾ ਆਦੀ ਹੈ ਜਿਸ ਖ਼ਿਲਾਫ਼ ਪਹਿਲਾਂ ਵੀ ਚੋਰੀ ਅਤੇ ਲੁੱਟ-ਖੋਹ ਦੇ ਕਈ ਕੇਸ ਦਰਜ ਹਨ। ਥਾਣਾ ਮੁਖੀ ਗਗਨਦੀਪ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## 2 ਵਿਅਕਤੀਆਂ ਨੂੰ ਕੈਨੇਡਾ ਭੇਜਣ ਦੇ ਨਾਂ 'ਤੇ 19.64 ਲੱਖ ਦੀ ਠੱਗੀ ਮਾਰੀ

ਬਠਿੰਡਾ-2 ਵਿਅਕਤੀਆਂ ਹਰਮਨਪ੍ਰੀਤ ਸਿੰਘ ਵਾਸੀ ਸੀਗੋ ਅਤੇ ਹਰਮਨਪ੍ਰੀਤ ਸਿੰਘ ਨੂੰ ਕੈਨੇਡਾ ਭੇਜਣ ਦੇ ਨਾਂ 'ਤੇ 19.64 ਲੱਖ ਦੀ ਠੱਗੀ ਮਾਰਨ ਵਾਲੇ ਇਕ ਵਿਅਕਤੀ ਮੁਕਲ ਕੁਮਾਰ ਖਿਲਾਫ਼ ਸਿਵਲ ਲਾਈਨ ਪੁਲਸ ਵਲੋਂ ਮਾਮਲਾ ਦਰਜ ਕੀਤਾ ਗਿਆ ਹੈ।

# ਕੀ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਸਰਕਾਰੀ ਜੰਗ ਢਿੱਲੀ ਪਈ

## ✪ ਬੁਨਿਆਦੀ ਢਾਂਚੇ, ਡਾਕਟਰਾਂ ਅਤੇ ਡੇਟਾ ਦੀ ਘਾਟ ਨੇ ਵਧਾਈਆਂ ਸਰਕਾਰ ਦੀਆਂ ਮੁਸ਼ਕਲਾਂ ✪ ਵੱਡੇ ਨਸ਼ਾ ਸਰਗਨਾ ਪੰਜਾਬ ਪੁਲਿਸ ਦੀ ਪਹੁੰਚ ਤੋਂ ਬਾਹਰ



### // ਕਵਰ ਸਟੋਰੀ //

ਪੰਜਾਬ ਵਿੱਚ ਨਸ਼ਾ ਮੁਕਤੀ ਮੁਹਿੰਮ ਨੂੰ ਸਫਲ ਕਰਨ ਲਈ ਜ਼ਰੂਰੀ ਬੁਨਿਆਦੀ ਢਾਂਚੇ ਅਤੇ ਮਨੁੱਖੀ ਸਰੋਤਾਂ ਦੀ ਭਾਰੀ ਕਮੀ ਹੈ। ਸਰਕਾਰੀ ਨਸ਼ਾ ਮੁਕਤੀ ਕੇਂਦਰਾਂ ਵਿੱਚ ਸਿਰਫ 660 ਬਿਸਤਰਿਆਂ ਦੀ ਸਮਰੱਥਾ ਹੈ, ਜਦਕਿ 36 ਕੇਂਦਰ ਸੂਬੇ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰ ਸਕਦੇ। ਸੂਬੇ ਵਿੱਚ ਸਿਰਫ 51 ਸਾਈਕੇਟਰਿਸਟ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਵੱਡੇ ਸ਼ਹਿਰਾਂ ਜਿਵੇਂ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਹਨ। ਛੋਟੇ ਜ਼ਿਲ੍ਹਿਆਂ ਜਿਵੇਂ ਤਰਨਤਾਰਨ, ਗੁਰਦਾਸਪੁਰ ਅਤੇ ਫਰੀਦਕੋਟ ਵਿੱਚ ਸਿਰਫ ਇੱਕ ਸਾਈਕੇਟਰਿਸਟ ਸਾਰੇ ਮਰੀਜ਼ਾਂ ਨੂੰ ਸੰਭਾਲਦਾ ਹੈ। ਓਓਏਟੀ ਕਲੀਨਿਕਾਂ ਵਿੱਚ ਮੈਡੀਕਲ ਅਫਸਰਾਂ, ਨਰਸਾਂ ਤੇ ਕਾਊਂਸਲਰਾਂ ਦੀਆਂ 80-100% ਅਸਾਮੀਆਂ ਖਾਲੀ ਹਨ।

### ਨਸ਼ਾ ਮੁਕਤੀ ਪ੍ਰਣਾਲੀ ਵਿੱਚ ਡੇਟਾ ਦੀ ਕਮੀ ਵੱਡੀ ਸਮੱਸਿਆ

ਸਰਕਾਰੀ ਪੋਰਟਲ ਅਕਸਰ ਬੰਦ ਹੋ ਜਾਂਦਾ ਹੈ, ਜਿਸ ਕਾਰਨ ਮਰੀਜ਼ਾਂ ਦੇ ਰਿਕਾਰਡ ਰੱਖਣਾ ਮੁਸ਼ਕਲ ਹੋ ਜਾਂਦਾ ਹੈ। ਇਸ ਰਿਕਾਰਡ ਨੂੰ ਟਰੈਕ ਕਰਨ ਲਈ ਕੋਈ ਮਜ਼ਬੂਤ ਸਿਸਟਮ ਨਹੀਂ ਹੈ। ਬੁਪਰੇਨੋਰਫਿਨ ਵਰਗੀਆਂ ਦਵਾਈਆਂ ਦੇ ਦੁਬਾਰਾ ਲਤ ਲੱਗਣ ਦੀ ਸੰਭਾਵਨਾ ਬਾਰੇ ਵੀ ਡਾਕਟਰ ਚਿੰਤਤ ਹਨ। ਸਾਬਕਾ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਅਨੁਸਾਰ ਡੇਟਾ ਦੀ ਘਾਟ ਕਾਰਗਰ ਨੀਤੀਆਂ ਬਣਾਉਣ ਵਿੱਚ ਰੁਕਾਵਟ ਹੈ।

### ਪੰਜਾਬ ਸਰਕਾਰ ਦੇ ਯਤਨ ਅਤੇ ਨਤੀਜੇ

ਭਗਵੰਤ ਮਾਨ ਸਰਕਾਰ ਨੇ 'ਯੁੱਧ ਨਸ਼ਿਆਂ ਦੇ ਵਿਰੁੱਧ' ਮੁਹਿੰਮ ਤਹਿਤ ਸਖਤ ਕਾਰਵਾਈ ਕੀਤੀ ਹੈ। ਮਾਰਚ 2025 ਵਿੱਚ ਪੰਜਾਬ ਪੁਲਿਸ ਨੇ 4,650 ਸਮਗਲਰਾਂ ਨੂੰ ਗ੍ਰਿਫਤਾਰ ਕੀਤਾ, 2,765 ਮੁਕੱਦਮੇ ਦਰਜ ਕੀਤੇ ਅਤੇ 185 ਕਿਲੋ ਹੈਰੋਇਨ, 89 ਕਿਲੋ ਅਫੀਮ ਸਮੇਤ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ। ਪਰ ਸਰਕਾਰੀ ਅਧਿਕਾਰੀ ਅਤੇ ਮਾਹਿਰ ਮੰਨਦੇ ਹਨ ਕਿ ਸਿਰਫ ਸਪਲਾਈ 'ਤੇ ਰੋਕ ਲਾਉਣ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ। ਮੰਗ ਨੂੰ ਘਟਾਉਣ ਅਤੇ ਸਮਾਜਿਕ ਸੁਧਾਰਾਂ 'ਤੇ ਧਿਆਨ ਦੇਣ ਦੀ ਲੋੜ ਹੈ। ਨਸ਼ਾ ਮੁਕਤੀ ਕੇਂਦਰਾਂ 'ਤੇ ਮਰੀਜ਼ਾਂ ਦੀ ਗਿਣਤੀ ਵੀ 23 ਫਰਵਰੀ ਤੋਂ 2 ਮਈ 2025 ਤੱਕ ਦੁੱਗਣੀ ਤੋਂ ਵੱਧ ਗਈ ਸੀ, ਜੋ ਸਿਸਟਮ 'ਤੇ ਵਾਧੂ ਦਬਾਅ ਪਾ ਰਹੀ ਹੈ।

ਪੰਜਾਬ ਦੇ ਮੁੱਖ ਮੰਤਰੀ ਅਨੁਸਾਰ '7 ਮਈ ਤੋਂ ਪੰਜਾਬ ਭਰ ਵਿਚ ਨਸ਼ਾ ਮੁਕਤੀ ਯਾਤਰਾ ਸ਼ੁਰੂ ਹੋ ਚੁਕੀ ਹੈ, ਜੋ ਕਿ ਹਰ ਰੋਜ਼ ਹਰੇਕ ਬਲਾਕ ਦੇ 3 ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਨਸ਼ੇ ਦੀ ਰੋਕਥਾਮ ਲਈ ਲਾਮਬੰਦ ਕਰੇਗੀ'। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੂਰੀ ਦ੍ਰਿੜਤਾ ਨਾਲ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਕੇ ਨਸ਼ੇ ਦੀ ਸਪਲਾਈ ਲਾਈਨ ਤੋੜਨ ਵਿਚ ਕਾਮਯਾਬ ਰਹੀ ਹੈ। ਉਨ੍ਹਾਂ ਕਿਹਾ ਕਿ 'ਨਸ਼ਾ ਤਸਕਰਾਂ ਵਲੋਂ ਕਾਲੀ ਕਮਾਈ ਨਾਲ ਬਣਾਏ ਮਹਿਲਾਂ ਨੂੰ ਢਾਹ ਢੇਰੀ ਕਰ ਦਿੱਤਾ ਜਾਵੇਗਾ'। ਖੁਰਾਕ ਤੇ ਸਿਵਲ ਸਪਲਾਈ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ 'ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਮਿਸਾਲੀ ਕਾਰਵਾਈ ਕਰਨ ਦੇ ਨਾਲ-ਨਾਲ 55000 ਨੌਜਵਾਨਾਂ ਨੂੰ ਮੈਰਿਟ ਦੇ ਅਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿਚ ਨਸ਼ਾ ਛੁਡਾਊ ਕੇਂਦਰਾਂ ਵਿਚ 5000 ਬੈਡਾਂ ਦੀ ਸਮਰੱਥਾ ਵਧਾਈ ਗਈ ਹੈ।

### ਵੱਡੇ ਸਮਗਲਰ ਅਜੇ ਵੀ ਪੁਲਿਸ ਦੀ ਪਹੁੰਚ ਤੋਂ ਬਾਹਰ

ਪੰਜਾਬ ਪੁਲਿਸ ਨੇ ਮਾਰਚ 2025 ਵਿੱਚ 4,650 ਸਮਗਲਰਾਂ ਨੂੰ ਗ੍ਰਿਫਤਾਰ ਕਰਕੇ ਅਤੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕਰਕੇ ਸਖਤੀ ਵਿਖਾਈ ਹੈ, ਪਰ ਵੱਡੇ ਸਮਗਲਰ ਅਤੇ ਨਸ਼ੀਲੇ ਪਦਾਰਥਾਂ ਦੇ ਨੈਟਵਰਕ ਦੇ ਮੁੱਖ ਸਰਗਨੇ ਅਜੇ ਵੀ ਪੁਲਿਸ ਦੀ ਪਕੜ ਤੋਂ ਬਾਹਰ ਹਨ। ਐਂਟੀ-ਨਾਰਕੋਟਿਕਸ ਟਾਸਕ ਫੋਰਸ ਨੇ 1,849 ਵੱਡੇ ਸਮਗਲਰਾਂ ਅਤੇ 755 ਨਸ਼ੀਲੇ ਪਦਾਰਥਾਂ ਦੇ ਹੌਟਸਪੌਟਸ ਦੀ ਸੂਚੀ ਜਾਰੀ ਕੀਤੀ ਹੈ, ਪਰ ਸੀਨੀਅਰ ਪੁਲਿਸ ਅਧਿਕਾਰੀ ਮੰਨਦੇ ਹਨ ਕਿ ਪੁਲਿਸ ਸਿਰਫ 10% ਨਸ਼ੀਲੇ ਪਦਾਰਥ ਜ਼ਬਤ ਕਰ ਸਕੀ ਹੈ। ਪਾਕਿਸਤਾਨ ਤੋਂ ਆਉਣ ਵਾਲੀ ਹੈਰੋਇਨ ਅਤੇ ਸਿੰਥੈਟਿਕ ਡਰੱਗਜ਼ ਦੇ ਵੱਡੇ ਨੈਟਵਰਕਾਂ ਨੂੰ ਤੋੜਨ ਵਿੱਚ ਸਰਕਾਰ ਅਸਫਲ ਰਹੀ ਹੈ। ਸੂਬੇ ਵਿੱਚ ਹਰ ਸਾਲ 1,200 ਕਿਲੋ ਹੈਰੋਇਨ ਜ਼ਬਤ ਹੁੰਦੀ ਹੈ, ਜੋ ਸਿਰਫ 40 ਦਿਨਾਂ ਦੀ ਖਪਤ ਦੇ ਬਰਾਬਰ ਹੈ।

### ਮੁਸ਼ਕਲਾਂ ਅਤੇ ਸੰਭਾਵਨਾਵਾਂ

ਸੂਬੇ ਵਿੱਚ ਨਸ਼ੀਲੇ ਪਦਾਰਥਾਂ ਦੀ ਮੰਗ ਅਤੇ ਸਪਲਾਈ, ਦੋਵੇਂ ਇੱਕ ਵੱਡੀ ਸਮੱਸਿਆ ਹਨ। ਸਰਕਾਰ ਦੀਆਂ ਕੋਸ਼ਿਸ਼ਾਂ ਸਪਲਾਈ 'ਤੇ ਰੋਕ ਲਾਉਣ 'ਤੇ ਜ਼ਿਆਦਾ ਕੇਂਦਰਿਤ ਹਨ, ਪਰ ਮੰਗ ਨੂੰ ਘਟਾਉਣ ਅਤੇ ਸਮਾਜਿਕ ਜਾਗਰੂਕਤਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਨਾਕਾਫੀ ਹਨ।

ਪੰਜਾਬ ਵਿੱਚ 529 ਓਓਏਟੀ ਕਲੀਨਿਕ ਅਤੇ 36 ਨਸ਼ਾ ਮੁਕਤੀ ਕੇਂਦਰ ਹਨ, ਪਰ ਇਹ ਸੂਬੇ ਦੀ 12 ਲੱਖ ਨਸ਼ਾ ਪੀੜਤ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ। ਜ਼ਿਆਦਾਤਰ ਕਲੀਨਿਕ ਪ੍ਰਾਇਮਰੀ ਸਿਹਤ ਕੇਂਦਰਾਂ ਦੇ ਇੱਕ ਕਮਰੇ ਵਿੱਚ ਚੱਲ ਰਹੇ ਹਨ, ਜਿੱਥੇ ਸਹੂਲਤਾਂ ਅਤੇ ਸੁਰੱਖਿਆ ਦੀ ਘਾਟ ਹੈ। ਸਰਕਾਰੀ ਅਧਿਕਾਰੀ ਦੱਸਦੇ ਹਨ ਕਿ ਮਰੀਜ਼ਾਂ ਦੀ ਵਧਦੀ ਗਿਣਤੀ ਨੂੰ ਸੰਭਾਲਣ ਲਈ ਨਾ ਤਾਂ ਕਾਫੀ ਬਿਸਤਰੇ ਹਨ ਅਤੇ ਨਾ ਹੀ ਸਟਾਫ। ਨਸ਼ਾ ਮੁਕਤੀ ਅਭਿਆਨ ਦੀ ਸਫਲਤਾ ਸਾਈਕੇਟਰਿਸਟਾਂ, ਮੈਡੀਕਲ ਅਫਸਰਾਂ ਅਤੇ ਕਾਊਂਸਲਰਾਂ 'ਤੇ ਨਿਰਭਰ ਕਰਦੀ ਹੈ, ਪਰ ਸੂਬੇ ਵਿੱਚ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਦੋ ਜ਼ਿਲ੍ਹਿਆਂ ਦੇ ਰਿਕਾਰਡ ਅਨੁਸਾਰ, 30 ਸਾਈਕੇਟਰਿਸਟਾਂ ਦੀ ਜ਼ਰੂਰਤ ਦੇ ਮੁਕਾਬਲੇ ਸਿਰਫ 2 ਹੀ ਕੰਮ ਕਰ ਰਹੇ ਹਨ। ਮੈਡੀਕਲ ਅਫਸਰਾਂ ਦੀਆਂ ਦੋ-ਤਿਹਾਈ ਅਸਾਮੀਆਂ ਖਾਲੀ ਹਨ। ਸਰਕਾਰ ਨੇ ਅਜੇ ਤੱਕ ਇਨ੍ਹਾਂ ਅਸਾਮੀਆਂ ਨੂੰ ਨਹੀਂ ਭਰਿਆ।

ਸਾਬਕਾ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਸੁਝਾਅ ਦਿੱਤਾ ਕਿ ਸਰਕਾਰ ਨੂੰ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਮਾਡਲ ਅਪਣਾਉਣਾ ਚਾਹੀਦਾ ਹੈ, ਜਿਸ ਵਿੱਚ ਨਿੱਜੀ ਨਸ਼ਾ ਮੁਕਤੀ ਕੇਂਦਰਾਂ ਨੂੰ ਪ੍ਰਦਰਸ਼ਨ ਆਧਾਰਿਤ ਭੁਗਤਾਨ ਦਿੱਤਾ ਜਾਵੇ। ਮਾਹਿਰ ਡਾ. ਅਤੁਲ ਅੰਬੇਕਰ ਦਾ ਕਹਿਣਾ ਹੈ ਕਿ ਓਓਏਟੀ ਕਲੀਨਿਕਾਂ ਦੀ ਸਫਲਤਾ ਨਸ਼ਾ ਮੁਕਤੀ ਮੁਹਿੰਮ ਦੀ ਕੁੰਜੀ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਇਨ੍ਹਾਂ ਕਲੀਨਿਕਾਂ ਦਾ ਵਿਗਿਆਨਕ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਸੁਧਾਰ ਕੀਤੇ ਜਾ ਸਕਣ। ਨਾਲ ਹੀ, ਪ੍ਰਾਕ੍ਰਿਤਕ ਨਸ਼ੀਲੇ ਪਦਾਰਥਾਂ ਜਿਵੇਂ ਅਫੀਮ ਅਤੇ ਮਾਰਿਜੁਆਨਾ ਨੂੰ ਕਾਨੂੰਨੀ ਕਰਨਾ ਚਾਹੀਦਾ ਹੈ, ਤਾਂ ਜੋ ਸਿੰਥੈਟਿਕ ਡਰੱਗਜ਼ ਦੀ ਵਰਤੋਂ ਘਟਾਈ ਜਾ ਸਕੇ।

ਪੰਜਾਬ ਵਿੱਚ ਨਸ਼ਿਆਂ ਵਿਰੁੱਧ ਜੰਗ ਜਿੱਤਣ ਲਈ ਸਰਕਾਰ ਨੂੰ ਸਪਲਾਈ ਅਤੇ ਮੰਗ ਦੋਵਾਂ 'ਤੇ ਸੰਤੁਲਿਤ ਰਣਨੀਤੀ ਅਪਣਾਉਣੀ ਪਵੇਗੀ। ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਮਨੁੱਖੀ ਸਰੋਤ ਵਧਾਉਣ, ਅਤੇ ਸਮਾਜਿਕ ਸੁਧਾਰਾਂ 'ਤੇ ਜ਼ੋਰ ਦੇਣ ਨਾਲ ਹੀ ਇਸ ਸਮੱਸਿਆ ਨੂੰ ਜੜ੍ਹੋਂ ਖਤਮ ਕੀਤਾ ਜਾ ਸਕਦਾ ਹੈ।

## ਨਸ਼ਿਆਂ ਦੀ ਦਲਦਲ ਤੋਂ ਨਿਕਲ ਮਨਪ੍ਰੀਤ ਬਣਿਆ ਪੰਜਾਬ ਦੀ ਨਸ਼ਾ ਵਿਰੋਧੀ ਮੁਹਿੰਮ ਦਾ ਪ੍ਰੇਰਕ

### ✪ 18 ਸਾਲ ਨਸ਼ਿਆਂ ਵਿਚ ਗੁਆਏ, ਹੁਣ ਨੌਜਵਾਨਾਂ ਨੂੰ ਜਾਗਰੂਕ ਕਰ ਰਿਹਾ



ਪੰਜਾਬ ਦੇ ਧਨੌਲਾ ਦਾ ਮਨਪ੍ਰੀਤ ਸਿੰਘ, ਜਿਸ ਨੇ 18 ਸਾਲ ਨਸ਼ਿਆਂ ਦੀ ਦਲਦਲ ਵਿਚ ਗੁਆ ਦਿੱਤੇ, ਅੱਜ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਪੋਸਟਰ ਬੁਆਏ ਹੈ। 70-80 ਲੱਖ ਰੁਪਏ ਨਸ਼ਿਆਂ 'ਤੇ ਖਰਚਣ ਵਾਲੇ ਮਨਪ੍ਰੀਤ ਨੇ ਹੁਣ ਜ਼ਿੰਦਗੀ ਨੂੰ ਨਵੀਂ ਦਿਸ਼ਾ ਦਿੱਤੀ ਅਤੇ ਸਕੂਲ-ਕਾਲਜਾਂ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦਾ ਹੈ। ਮਨਪ੍ਰੀਤ ਨੂੰ ਨਸ਼ਿਆਂ ਦੀ ਲਤ 8ਵੀਂ ਜਮਾਤ ਵਿਚ ਸਿਗਰਟ ਨਾਲ ਸ਼ੁਰੂ ਹੋਈ, ਜੋ ਕਾਲਜ ਤੱਕ ਸਮੈਕ, ਹੈਰੋਇਨ, ਅਫੀਮ ਤੇ ਮੈਡੀਕਲ ਡਰੱਗਜ਼ ਵਿਚ ਬਦਲ ਗਈ। 12 ਏਕੜ ਜ਼ਮੀਨ ਦੇ ਮਾਲਕ ਮਨਪ੍ਰੀਤ ਨੇ ਜ਼ਮੀਨ ਠੇਕੇ 'ਤੇ ਦੇ ਕੇ ਅਤੇ ਸਫੈਦੇ ਦੇ ਰੁੱਖ ਵੇਚ ਕੇ ਮਿਲੇ ਪੈਸੇ ਨਸ਼ਿਆਂ 'ਤੇ ਉਡਾਏ। ਨਸ਼ਿਆਂ ਲਈ ਪੈਸੇ ਨਾ ਮਿਲਣ 'ਤੇ ਉਸ ਨੇ ਘਰ 'ਚ ਭੰਨਤੋੜ ਕੀਤੀ ਅਤੇ ਦੋ ਵਾਰ ਜੀਵਨ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਦੋ ਸਾਲ ਪਹਿਲਾਂ ਮਨਪ੍ਰੀਤ ਨੇ ਅੰਮ੍ਰਿਤ ਛਕ ਕੇ ਨਸ਼ੇ ਛੱਡੇ। ਮਾਂ ਹਰਪਾਲ ਕੌਰ ਅਤੇ ਪਤਨੀ ਰਾਜਵਿੰਦਰ ਕੌਰ ਦੇ ਸਮਰਥਨ ਨਾਲ ਉਸ ਨੇ ਜ਼ਿੰਦਗੀ ਨੂੰ ਮੁੜ ਸੰਵਾਰਿਆ। ਅੱਜ ਉਹ ਖੇਤੀ ਕਰਦਾ ਹੈ, ਕਸਰਤ ਨਾਲ ਸਿਹਤ ਸੁਧਾਰਦਾ ਹੈ ਅਤੇ ਨਸ਼ਾ ਵਿਰੋਧੀ ਮੁਹਿੰਮ ਵਿਚ ਸਰਗਰਮ ਹੈ। ਹਰਪਾਲ ਕੌਰ ਕਹਿੰਦੀ ਹੈ, "ਪੁੱਤ ਦੀ ਨਸ਼ਿਆਂ ਦੀ ਆਦਤ ਨੇ ਘਰ ਨੂੰ ਤਬਾਹ ਕਰ ਦਿੱਤਾ ਸੀ, ਪਰ ਹੁਣ ਅਸੀਂ ਮਾਣ ਮਹਿਸੂਸ ਕਰਦੇ ਹਾਂ।" ਏਐਂਟੀਐਫ ਦੇ ਏਆਈਜੀ ਭੁਪਿੰਦਰ ਸਿੰਘ ਅਤੇ ਡਿਪਟੀ ਕਮਿਸ਼ਨਰ ਟੀ ਬੈਨਿਥ ਨੇ ਮਨਪ੍ਰੀਤ ਦੀ ਹਿੰਮਤ ਦੀ ਸਰਾਹਨਾ ਕੀਤੀ।

# ਸਿਗਰਟ ਨਾ ਪੀਣ ਵਾਲਿਆਂ 'ਚ ਵੀ ਫੇਫੜਿਆਂ ਦੇ ਕੈਂਸਰ ਦੇ ਮਾਮਲੇ ਵਧੇ

## ✪ 2025 ਦੀ ਖੋਜ ਵਿਚ ਹੋਇਆ ਖੁਲਾਸਾ, ਪ੍ਰਦੂਸ਼ਣ ਬਣਿਆ ਸਿਹਤ ਲਈ ਹਾਨੀਕਾਰਕ



ਵਾਸ਼ਿੰਗਟਨ-ਸਿਗਰਟ ਪੀਣ ਨਾਲ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ, ਇਹ ਗੱਲ ਸਾਰਿਆਂ ਨੂੰ ਪਤਾ ਹੈ। ਪਰ 2025 ਵਿਚ ਦਿ ਲੈਂਸੇਟ ਰੈਸਪੀਰੇਟਰੀ ਮੈਡੀਸਨ ਜਰਨਲ ਵਿਚ ਪ੍ਰਕਾਸ਼ਿਤ ਇਕ ਅਧਿਐਨ ਨੇ ਹੈਰਾਨਕੁਨ ਖੁਲਾਸਾ ਕੀਤਾ ਹੈ ਕਿ ਸਿਗਰਟ ਨਾ ਪੀਣ ਵਾਲਿਆਂ ਵਿਚ ਵੀ ਫੇਫੜਿਆਂ ਦੇ ਕੈਂਸਰ ਦੇ ਮਾਮਲੇ ਵਧ ਰਹੇ ਹਨ। ਖੋਜੀਆਂ ਨੇ ਹਵਾ ਪ੍ਰਦੂਸ਼ਣ ਨੂੰ ਇਸ ਦਾ ਮੁੱਖ ਕਾਰਨ ਦੱਸਿਆ ਹੈ। ਇਸ ਅਧਿਐਨ ਨੇ ਸਿਹਤ ਮਾਹਿਰਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਹਵਾ ਦੀ ਗੁਣਵੱਤਾ ਸੁਧਾਰਨ ਅਤੇ ਸਿਗਰਟ ਦੀ ਵਰਤੋਂ 'ਤੇ ਸਖ਼ਤੀ ਕਰਨ ਲਈ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ , ਜੋ ਵਿਸ਼ਵ ਸਿਹਤ ਸੰਗਠਨ ਦਾ ਹਿੱਸਾ ਹੈ, ਦੀ 2025 ਦੀ ਖੋਜ ਅਨੁਸਾਰ, ਸਿਗਰਟ ਨਾ ਪੀਣ ਵਾਲਿਆਂ ਵਿਚ ਫੇਫੜਿਆਂ ਦੇ ਕੈਂਸਰ ਦੀ ਸਭ ਤੋਂ ਪ੍ਰਚਲਿਤ ਕਿਸਮ ਐਡੇਨੋਕਾਰਸੀਨੋਮਾ ਹੈ। ਇਹ ਖਾਸ ਤੌਰ 'ਤੇ ਔਰਤਾਂ ਅਤੇ ਏਸ਼ਿਆਈ ਆਬਾਦੀ ਵਿਚ ਵੱਧ ਦੇਖਿਆ ਗਿਆ।

ਅਧਿਐਨ ਦੇ ਮੁੱਖ ਲੇਖਕ ਅਤੇ ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਦੀ ਕੈਂਸਰ ਨਿਗਰਾਨੀ ਸ਼ਾਖਾ ਦੇ ਮੁਖੀ ਫਰੈਡੀ ਬ੍ਰੇਅ ਨੇ ਕਿਹਾ, ਕਿ ਹਵਾ ਪ੍ਰਦੂਸ਼ਣ ਦੇ ਵਧਦੇ ਪੱਧਰ ਨੇ ਸਿਗਰਟ ਨਾ ਪੀਣ ਵਾਲਿਆਂ 'ਚ ਕੈਂਸਰ ਦੇ ਮਾਮਲਿਆਂ ਨੂੰ ਵਧਾ ਦਿੱਤਾ ਹੈ। ਪੀਐਮ 2.5 ਵਰਗੇ ਬਾਰੀਕ ਕਣ ਅਤੇ ਜ਼ਹਿਰੀਲੇ ਪਦਾਰਥ ਸਾਹ ਰਾਹੀਂ ਫੇਫੜਿਆਂ ਵਿਚ ਪਹੁੰਚ ਕੇ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜੋ ਕੈਂਸਰ ਦਾ ਕਾਰਨ ਬਣਦੇ ਹਨ।"

2025 ਦੀਆਂ ਖੋਜਾਂ ਮੁਤਾਬਕ, ਸਿਗਰਟਨੋਸ਼ੀ ਅਤੇ ਸੈਕੰਡ-ਹੈਂਡ ਸਮੋਕ (ਪੈਸਿਵ ਸਮੋਕਿੰਗ) ਸਿਹਤ ਲਈ ਗੰਭੀਰ ਖ਼ਤਰੇ ਹਨ। ਵਿਸ਼ਵ ਸਿਹਤ ਸੰਗਠਨ ਦੀ 2025 ਦੀ ਰਿਪੋਰਟ ਅਨੁਸਾਰ, ਸਿਗਰਟਨੋਸ਼ੀ ਕਾਰਨ ਹਰ ਸਾਲ ਲਗਪਗ 8 ਮਿਲੀਅਨ ਮੌਤਾਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ 1.2 ਮਿਲੀਅਨ ਮੌਤਾਂ ਸੈਕੰਡ-ਹੈਂਡ ਸਮੋਕ ਦੇ ਸੰਪਰਕ ਵਿਚ ਆਉਣ ਕਾਰਨ ਹੁੰਦੀਆਂ ਹਨ। ਸੈਕੰਡ-ਹੈਂਡ ਸਮੋਕ ਸਿਗਰਟ ਨਾ ਪੀਣ ਵਾਲਿਆਂ, ਖਾਸ ਤੌਰ 'ਤੇ ਬੱਚਿਆਂ ਅਤੇ ਗਰਭਵਤੀ ਔਰਤਾਂ 'ਚ, ਫੇਫੜਿਆਂ ਦੇ ਕੈਂਸਰ ਅਤੇ ਸਾਹ ਸਬੰਧੀ ਬਿਮਾਰੀਆਂ ਦਾ ਖ਼ਤਰਾ ਵਧਾਉਂਦਾ ਹੈ। ਇਸ ਤੋਂ ਇਲਾਵਾ, ਸਿਗਰਟਨੋਸ਼ੀ ਦਿਲ ਦੀਆਂ ਬਿਮਾਰੀਆਂ, ਸਟ੍ਰੋਕ ਅਤੇ ਫੇਫੜਿਆਂ ਦੀਆਂ ਗੰਭੀਰ ਸਮੱਸਿਆਵਾਂ ਦਾ ਵੀ ਮੁੱਖ ਕਾਰਨ ਹੈ।

2025 ਦੀ ਇਕ ਹੋਰ ਅਹਿਮ ਖੋਜ, ਜੋ ਅਮਰੀਕਾ ਦੀ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਨੇ ਪ੍ਰਕਾਸ਼ਿਤ ਕੀਤੀ, ਨੇ ਹਵਾ ਪ੍ਰਦੂਸ਼ਣ ਦੇ ਪ੍ਰਭਾਵਾਂ 'ਤੇ ਰੌਸ਼ਨੀ ਪਾਈ। ਰਿਪੋਰਟ ਮੁਤਾਬਕ, ਪੀਐਮ2.5, ਨਾਈਟ੍ਰੋਜਨ ਡਾਈਆਕਸਾਈਡ ਅਤੇ ਹੋਰ ਪ੍ਰਦੂਸ਼ਕ ਫੇਫੜਿਆਂ ਦੇ ਸੈੱਲਾਂ 'ਚ ਡੀਐਨਏ ਨੁਕਸਾਨ ਦਾ ਕਾਰਨ ਬਣਦੇ ਹਨ, ਜੋ ਕੈਂਸਰ ਦੇ ਜੋਖਮ ਨੂੰ ਵਧਾਉਂਦੇ ਹਨ। ਸ਼ਹਿਰੀ ਖੇਤਰਾਂ ਵਿਚ ਵਾਹਨਾਂ ਦਾ ਧੂੰਆ, ਉਦਯੋਗਿਕ ਪ੍ਰਦੂਸ਼ਣ ਅਤੇ ਜੰਗਲੀ ਅੱਗ ਦਾ ਧੂੰਆ ਹਵਾ ਦੀ ਗੁਣਵੱਤਾ ਨੂੰ ਗੰਭੀਰ ਰੂਪ 'ਚ ਪ੍ਰਭਾਵਿਤ ਕਰ ਰਿਹਾ ਹੈ। ਇਸ ਨੇ ਸਿਗਰਟ ਨਾ ਪੀਣ ਵਾਲਿਆਂ 'ਚ ਵੀ ਫੇਫੜਿਆਂ ਦੇ ਕੈਂਸਰ ਦੇ ਮਾਮਲਿਆਂ ਨੂੰ ਵਧਾਇਆ ਹੈ।ਇਸ ਅਧਿਐਨ ਨੇ ਸਪੱਸ਼ਟ ਕੀਤਾ ਹੈ ਕਿ ਸਿਗਰਟਨੋਸ਼ੀ ਤੋਂ ਇਲਾਵਾ ਹਵਾ ਪ੍ਰਦੂਸ਼ਣ ਵੀ ਫੇਫੜਿਆਂ ਦੇ ਕੈਂਸਰ ਦਾ ਵੱਡਾ ਕਾਰਨ ਬਣ ਰਿਹਾ ਹੈ। 2025 ਦੀ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ, ਵਿਸ਼ਵ ਦੀ ਜ਼ਿਆਦਾਤਰ ਆਬਾਦੀ ਅਜੇ ਵੀ ਅਜਿਹੇ ਖੇਤਰਾਂ ਵਿਚ ਰਹਿ ਰਹੀ ਹੈ, ਜਿੱਥੇ ਹਵਾ ਦੀ ਗੁਣਵੱਤਾ ਸਿਹਤ ਲਈ ਸੁਰੱਖਿਅਤ ਨਹੀਂ ਹੈ। ਮਾਹਿਰਾਂ ਨੇ ਸਰਕਾਰਾਂ ਨੂੰ ਸਾਫ਼ ਹਵਾ ਨੂੰ ਯਕੀਨੀ ਬਣਾਉਣ ਲਈ ਸਖ਼ਤ ਕਦਮ ਚੁੱਕਣ ਦੀ ਸਿਫ਼ਾਰਸ਼ ਕੀਤੀ ਹੈ। ਇਸ ਵਿਚ ਪ੍ਰਦੂਸ਼ਣ ਸਰੋਤਾਂ 'ਤੇ ਨਿਯੰਤਰਣ, ਹਰਿਆਲੀ ਨੂੰ ਉਤਸ਼ਾਹਿਤ ਕਰਨ ਅਤੇ ਜਨਤਕ ਜਾਗਰੂਕਤਾ ਮੁਹਿੰਮਾਂ ਸ਼ਾਮਲ ਹਨ। ਸਿਗਰਟਨੋਸ਼ੀ ਨੂੰ ਰੋਕਣ ਲਈ ਵੀ 2025 'ਚ ਕਈ ਮੁਲਕਾਂ ਨੇ ਸਖ਼ਤ ਨੀਤੀਆਂ ਅਪਣਾਈਆਂ ਹਨ। ਵਿਸ਼ਵ ਸਿਹਤ ਸੰਗਠਨ ਦੀ ਸਲਾਹ 'ਤੇ ਕਈ ਦੇਸ਼ਾਂ 'ਚ ਤੰਬਾਕੂ ਉਤਪਾਦਾਂ 'ਤੇ ਉੱਚ ਟੈਕਸ ਲਗਾਏ ਗਏ ਹਨ ਅਤੇ ਜਨਤਕ ਸਥਾਨਾਂ 'ਤੇ ਸਿਗਰਟ ਪੀਣ 'ਤੇ ਪਾਬੰਦੀਆਂ ਵਧਾਈਆਂ ਗਈਆਂ ਹਨ। ਇਸ ਦੇ ਨਾਲ ਹੀ, ਸਿਗਰਟ ਦੀ ਪੈਕਿੰਗ 'ਤੇ ਸਿਹਤ ਚੇਤਾਵਨੀਆਂ ਨੂੰ ਹੋਰ ਸਪੱਸ਼ਟ ਅਤੇ ਪ੍ਰਭਾਵੀ ਕੀਤਾ ਗਿਆ ਹੈ। ਇਹ ਅਧਿਐਨ ਸਿਹਤ ਸੰਭਾਲ ਦੇ ਖੇਤਰ 'ਚ ਇਕ ਅਹਿਮ ਮੀਲ ਪੱਥਰ ਸਾਬਤ ਹੋ ਸਕਦਾ ਹੈ। ਇਸ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸਿਗਰਟਨੋਸ਼ੀ ਅਤੇ ਹਵਾ ਪ੍ਰਦੂਸ਼ਣ ਦੋਵੇਂ ਫੇਫੜਿਆਂ ਦੇ ਕੈਂਸਰ ਦੇ ਵੱਡੇ ਜੋਖਮ ਹਨ।

# ਦਰਬਾਰ ਸਾਹਿਬ ਵਿਖੇ ਦਮਦਮੀ ਟਕਸਾਲ ਵੱਲੋਂ ਬਣਾਏ 'ਮੰਦਰਨੁਮਾ ਮੀਨਾਰ' ਹਟਾਏ

## ✪ ਸ਼੍ਰੋਮਣੀ ਕਮੇਟੀ ਨੇ ਕਿਹਾ 'ਸਿੱਖ ਵਿਰਾਸਤ ਤੇ ਸਿਧਾਂਤ ਨਾਲ ਮੇਲ ਨਹੀਂ ਖਾਂਦੇ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੇ ਅਹਾਤੇ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹੀਦੀ ਸਥਾਨ 'ਤੇ ਦਮਦਮੀ ਟਕਸਾਲ ਵੱਲੋਂ ਲਗਾਏ ਗਏ 'ਘੁਮਟੀਆਂ' ਜਾਂ 'ਕਿਓਸਕ ਮੀਨਾਰਾਂ' ਨੂੰ ਹਟਾ ਦਿੱਤਾ ਹੈ ਜੋ ਕਿ ਮੰਦਰਨੁਮਾ ਸਨ। ਇਹ ਮੀਨਾਰ ਸਿੱਖ ਸੰਸਥਾ ਦਮਦਮੀ ਟਕਸਾਲ ਨੇ ਮੁਰੰਮਤ ਅਤੇ ਸੁੰਦਰੀਕਰਨ ਦੇ ਕਾਰਜ ਦੌਰਾਨ ਉਸਾਰੇ ਸਨ।

ਦਾ ਇੰਡੀਅਨ ਐਕਸਪ੍ਰੈਸ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਨੇ ਦੱਸਿਆ ਕਿ ਇਹ ਮੀਨਾਰ ਸਿੱਖ ਇਮਾਰਤੀ ਢਾਂਚੇ ਤੇ ਵਿਰਾਸਤ ਨਾਲ ਮੇਲ ਨਹੀਂ ਖਾਂਦੇ ਸਨ, ਇਸ ਲਈ ਇਨ੍ਹਾਂ ਨੂੰ ਹਟਾਇਆ ਗਿਆ।1 ਨਵੰਬਰ 2024 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹੀਦੀ ਸਥਾਨ ਨੂੰ ਮੁਰੰਮਤ ਅਤੇ ਸੁੰਦਰੀਕਰਨ ਲਈ ਇੱਕ ਸਾਲ ਦੇ ਲਈ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਨੂੰ ਸੌਂਪਿਆ ਸੀ। ਧਾਮੀ ਨੇ ਕਿਹਾ ਸੀ ਕਿ ਇਸ ਸਥਾਨ ਨੂੰ ਇਸ ਦੇ ਮੂਲ ਰੂਪ ਵਿੱਚ ਸੰਭਾਲਿਆ ਜਾਵੇਗਾ। ਦਮਦਮੀ ਟਕਸਾਲ ਨੇ ਇਸ ਮੁਰੰਮਤ ਲਈ ਸ੍ਰੀ ਦਰਬਾਰ ਸਾਹਿਬ ਦੇ ਅਹਾਤੇ ਵਿੱਚ ਦਾਨ ਵੀ ਇਕੱਠਾ ਕੀਤਾ ਸੀ।


ਸਿੱਖ ਲੇਖਕ ਜਗਤਾਰਜੀਤ ਸਿੰਘ ਨੇ ਕਿਹਾ ਕਿ ਇਹ ਮੀਨਾਰ, ਜੋ ਅਕਸਰ ਮੰਦਰਾਂ ਵਿੱਚ ਵਰਤੇ ਜਾਂਦੇ ਹਨ, ਸ੍ਰੀ ਦਰਬਾਰ ਸਾਹਿਬ ਦੀ ਸਿੱਖ ਆਰਕੀਟੈਕਚਰ ਨਾਲ ਮੇਲ ਨਹੀਂ ਖਾਂਦੇ।

ਦਮਦਮੀ ਟਕਸਾਲ ਨੇ ਇਸ ਮੁੱਦੇ 'ਤੇ ਸਿੱਧਾ ਜਵਾਬ ਨਹੀਂ ਦਿੱਤਾ, ਪਰ ਸੂਤਰਾਂ ਮੁਤਾਬਕ, ਉਹ ਇਸ ਫੈਸਲੇ ਤੋਂ ਨਾਖੁਸ਼ ਹਨ। ਇਹ ਘਟਨਾ ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਦੇ ਸਬੰਧਾਂ ਵਿੱਚ ਇੱਕ ਨਵਾਂ ਤਣਾਅ ਲਿਆ ਸਕਦੀ ਹੈ। ਸ਼੍ਰੋਮਣੀ ਕਮੇਟੀ ਨੇ ਸਿੱਖ ਮਰਯਾਦਾ ਅਤੇ ਰਵਾਇਤਾਂ ਦੀ ਰਾਖੀ ਲਈ ਇਹ ਫੈਸਲਾ ਲਿਆ, ਪਰ ਇਸ ਦੇ ਦੂਰਗਾਮੀ ਪ੍ਰਭਾਵ ਅਜੇ ਵੇਖਣੇ ਬਾਕੀ ਹਨ।

### ਕੀ ਇਹ ਇਮਾਰਤ ਦਾ ਹਿੰਦੂਕਰਨ ਨਹੀਂ ਸੀ?

ਇਹ ਸਭ ਤੋਂ ਸੰਵੇਦਨਸ਼ੀਲ ਸਵਾਲ ਹੈ। ਜੇਕਰ 'ਕਿਓਸਕ ਮੀਨਾਰਾਂ' ਦੀ ਬਣਤਰ ਜਾਂ ਅਕਾਰ ਹਿੰਦੂ ਮੰਦਰਾਂ ਜਾਂ ਗੁੰਬਦਾਂ ਵਰਗੀ ਸੀ, ਤਾਂ ਇਹ ਸਿੱਖ ਅਸਥਾਨਾਂ ਦੀ ਵਿਲੱਖਣਤਾ ਤੇ ਪ੍ਰਸ਼ਨਚਿੰਨ੍ਹ ਲਾ ਸਕਦਾ ਸੀ। ਸ਼੍ਰੋਮਣੀ ਕਮੇਟੀ ਦੇ ਬਿਆਨ 'ਸਿੱਖ ਸਾਈਕੀ ਨਾਲ ਮੇਲ ਨਹੀਂ ਖਾਂਦੇ' ਦੇ ਪਿੱਛੇ ਸੰਭਵ ਤੌਰ 'ਤੇ ਇਹੀ ਸੰਕੇਤ ਹੋ ਸਕਦਾ ਹੈ ਕਿ ਇਨ੍ਹਾਂ ਢਾਂਚਿਆਂ ਦੀ ਰਚਨਾ ਸਿੱਖ ਵਿਰਾਸਤ ਤੋਂ ਵੱਖਰੀ ਸੀ।

# ਜਾਖੜ ਵਲੋਂ ਪੰਜਾਬ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕੇਜ ਦੀ ਮੰਗ



ਲੁਧਿਆਣਾ-ਬੀਤੇ ਦਿਨੀਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਹੋਈ ਸਰਬ-ਪਾਰਟੀ ਮੀਟਿੰਗ ਵਿੱਚ ਭਾਜਪਾ ਵੱਲੋਂ ਇੱਕ ਪ੍ਰਸਤਾਵ ਰੱਖਿਆ ਗਿਆ ਹੈ। ਇਸ ਵਿੱਚ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਣ ਲਈ ਕਿਹਾ ਗਿਆ ਹੈ।

ਇਸ ਵਿੱਚ ਉਦਯੋਗ ਤੋਂ ਲੈ ਕੇ ਖੇਤੀ ਤੱਕ ਸਾਰੇ ਵਰਗਾਂ ਦਾ ਧਿਆਨ ਰੱਖਣ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਮਾਨ ਦੇ ਨਾਲ-ਨਾਲ ਰਾਜਪਾਲ ਨੇ ਵੀ ਇਸ 'ਤੇ ਆਪਣੀ ਸਹਿਮਤੀ ਦੇ ਦਿੱਤੀ ਹੈ।

# ਮਹਾਂਮਾਰੀ ਕੋਵਿਡ ਦੌਰਾਨ ਮੌਤਾਂ ਬਾਰੇ ਮੋਦੀ ਸਰਕਾਰ ਨੇ ਅਸਲ ਅੰਕੜੇ ਕਿਉਂ ਲੁਕਾਏ ?

## ✪ ਵਿਸ਼ਵ ਸਿਹਤ ਸੰਗਠਨ ਦੀ ਰਿਪੋਟ ਨੂੰ ਗਲਤ ਠਹਿਰਾਉਣ ਦੀ ਕੋਸ਼ਿਸ਼ ਕਿਉਂ ਕੀਤੀ ? ✪ ਅਸਲ ਹੋਈਆਂ ਮੌਤਾਂ ਦਾ ਸੱਚ ਕੀ ਹੈ ?

ਖਾਸ ਰਿਪੋਟ

ਮੀਡੀਆ ਰਿਪੋਰਟਾਂ ਅਤੇ ਵਿਸ਼ਲੇਸ਼ਣਾਂ ਮੁਤਾਬਕ, ਮੋਦੀ ਸਰਕਾਰ ਉੱਤੇ ਮਹਾਂਮਾਰੀ ਦੌਰਾਨ ਮੌਤਾਂ ਦੇ ਅਸਲ ਅੰਕੜਿਆਂ ਨੂੰ ਘੱਟ ਦਿਖਾਉਣ ਦੇ ਦੋਸ਼ ਲੱਗੇ ਹਨ। ਇਸ ਦੇ ਮੁੱਖ ਕਾਰਨਾਂ ਵਿੱਚ ਸਰਕਾਰ ਦੀ ਇਮੇਜ ਨੂੰ ਬਚਾਉਣਾ, ਮਹਾਂਮਾਰੀ ਨਾਲ ਨਜਿੱਠਣ ਵਿੱਚ ਸਫਲਤਾ ਦਾ ਦਾਅਵਾ ਕਰਨਾ, ਅਤੇ ਸਿਆਸੀ ਦਬਾਅ ਸੰਭਾਵਤ ਤੌਰ 'ਤੇ ਸ਼ਾਮਲ ਹਨ। ਵਿਸ਼ਵ ਸਿਹਤ ਸੰਗਠਨ ਅਤੇ ਹੋਰ ਸੁਤੰਤਰ ਸੰਗਠਨਾਂ ਦੀਆਂ ਰਿਪੋਰਟਾਂ ਨੂੰ ਗਲਤ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਨਾਲ ਅੰਕੜਿਆਂ ਦੀ ਪਾਰਦਰਸ਼ਤਾ 'ਤੇ ਸਵਾਲ ਉੱਠੇ। ਸਰਕਾਰ ਦਾ ਦਾਅਵਾ ਸੀ ਕਿ ਮੌਤਾਂ ਦੀ ਗਿਣਤੀ 4.8 ਤੋਂ 5.33 ਲੱਖ ਸੀ, ਜਦਕਿ ਵਿਸ਼ਵ ਸਿਹਤ ਸੰਗਠਨ ਨੇ 47 ਲੱਖ ਮੌਤਾਂ ਦਾ ਅੰਦਾਜ਼ਾ ਲਾਇਆ। ਅੰਕੜਿਆਂ ਵਿੱਚ ਇਸ ਵੱਡੇ ਅੰਤਰ ਨੂੰ ਲੁਕਾਉਣ ਦਾ ਮਕਸਦ ਸੰਭਾਵਤ ਤੌਰ 'ਤੇ ਸਿਹਤ ਵਿਵਸਥਾ ਅਤੇ ਨੀਤੀਗਤ ਨਾਕਾਮੀਆਂ ਨੂੰ ਛੁਪਾਉਣਾ ਸੀ। ਜਨਗਣਨਾ ਨਾ ਕਰਾਉਣਾ ਵੀ ਇਸੇ ਦਿਸ਼ਾ ਵਿੱਚ ਇੱਕ ਕਦਮ ਮੰਨਿਆ ਜਾ ਰਿਹਾ ਹੈ, ਕਿਉਂਕਿ ਸਹੀ ਅੰਕੜੇ ਸਰਕਾਰੀ ਦਾਅਵਿਆਂ ਨੂੰ ਚੁਣੌਤੀ ਦੇ ਸਕਦੇ ਸਨ।




### ਅਸਲ ਮੌਤਾਂ ਦੀ ਗਿਣਤੀ ਬਾਰੇ ਅੰਕੜੇ

ਹਾਲਾਂਕਿ ਸਰਕਾਰੀ ਅੰਕੜਿਆਂ ਅਨੁਸਾਰ 2020-2021 ਵਿੱਚ ਕੋਵਿਡ-19 ਨਾਲ 4.8 ਤੋਂ 5.33 ਲੱਖ ਮੌਤਾਂ ਹੋਈਆਂ, ਪਰ ਵਿਸ਼ਵ ਸਿਹਤ ਸੰਗਠਨ ਦੀ 2022 ਦੀ ਰਿਪੋਰਟ ਨੇ ਇਸ ਗਿਣਤੀ ਨੂੰ 47 ਲੱਖ ਦੱਸਿਆ। ਸਿਵਲ ਰਜਿਸਟਰੇਸ਼ਨ ਸਿਸਟਮ ਮੁਤਾਬਕ 2021 ਵਿੱਚ ਕੁਲ ਰਜਿਸਟਰਡ ਮੌਤਾਂ 1.02 ਕਰੋੜ ਸਨ, ਜੋ 2020 ਨਾਲੋਂ 21 ਲੱਖ ਵੱਧ ਸਨ।

ਸੈਂਪਲ ਰਜਿਸਟਰੇਸ਼ਨ ਸਿਸਟਮ ਅਤੇ ਮੈਡੀਕਲ ਸਰਟੀਫਿਕੇਟ ਆਫ ਕਾਜ਼ ਆਫ ਡੈੱਥ ਦੇ ਅੰਕੜਿਆਂ ਮੁਤਾਬਕ ਵੀ ਮੌਤਾਂ ਦੀ ਗਿਣਤੀ ਸਰਕਾਰੀ ਅੰਕੜਿਆਂ ਨਾਲੋਂ ਕਈ ਗੁਣਾ ਵੱਧ ਸੀ। 2021 ਵਿੱਚ ਅਨੁਮਾਨਤ ਮੌਤਾਂ ਦੀ ਗਿਣਤੀ 28.75 ਲੱਖ ਤੱਕ ਪੁੱਜਦੀ ਹੈ, ਅਤੇ ਜੇ 2019 ਦੇ ਅੰਕੜਿਆਂ ਨੂੰ ਜੋੜਿਆ ਜਾਵੇ, ਤਾਂ ਇਹ 21 ਲੱਖ ਦੇ ਕਰੀਬ ਸੀ। ਇਹ ਅੰਕੜੇ ਸਰਕਾਰੀ ਅੰਕੜਿਆਂ ਨਾਲੋਂ 6 ਤੋਂ 10 ਗੁਣਾ ਵੱਧ ਹਨ। ਸਹੀ ਗਿਣਤੀ ਦੀ ਪੁਸ਼ਟੀ ਲਈ ਜਨਗਣਨਾ ਦੀ ਲੋੜ ਹੈ, ਜੋ ਅਜੇ ਤੱਕ ਨਹੀਂ ਹੋਈ।

### ਵਿਰੋਧੀ ਪਾਰਟੀਆਂ ਅਤੇ ਮਾਹਿਰਾਂ ਦੀ ਰਾਇ

ਵਿਰੋਧੀ ਪਾਰਟੀਆਂ ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਸਰਕਾਰ 'ਤੇ ਮੌਤਾਂ ਦੇ ਅੰਕੜੇ ਛੁਪਾਉਣ ਅਤੇ ਮਹਾਂਮਾਰੀ ਨੂੰ ਸੰਭਾਲਣ ਵਿੱਚ ਨਾਕਾਮੀ ਦੇ ਦੋਸ਼ ਲਗਾਏ ਹਨ। ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੇ ਕਈ ਵਾਰ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਏ, ਦਾਅਵਾ ਕਰਦਿਆਂ ਕਿ ਸਰਕਾਰ ਨੇ ਸਿਹਤ ਸਹੂਲਤਾਂ ਦੀ ਘਾਟ ਅਤੇ ਅੰਕੜਿਆਂ ਦੀ ਹੇਰਾਫੇਰੀ ਨਾਲ ਲੋਕਾਂ ਨੂੰ ਧੋਖਾ ਦਿੱਤਾ।

ਆਪ ਨੇ ਦਿੱਲੀ ਵਿੱਚ ਸਿਹਤ ਸਹੂਲਤਾਂ ਦੀ ਬਿਹਤਰੀ ਦੀ ਗੱਲ ਕਰਦਿਆਂ ਕੇਂਦਰ ਸਰਕਾਰ ਦੀ ਤਿਆਰੀ 'ਤੇ ਸਵਾਲ ਉਠਾਏ। ਸਿਹਤ ਮਾਹਿਰਾਂ ਅਤੇ ਵਿਗਿਆਨੀਆਂ, ਜਿਵੇਂ ਕਿ ਡਾ. ਚੰਦਰਕਾਂਤ ਲਹਾਰੀਆ ਅਤੇ ਹੋਰ ਪਬਲਿਕ ਹੈਲਥ ਮਾਹਿਰਾਂ ਨੇ, ਅੰਕੜਿਆਂ ਵਿੱਚ ਅੰਤਰ ਨੂੰ ਸਿਹਤ ਡਾਟਾ ਸੰਗ੍ਰਹਿ ਵਿੱਚ ਕਮੀਆਂ ਅਤੇ ਮੌਤਾਂ ਦੀ ਰਜਿਸਟਰੇਸ਼ਨ ਦੀ ਅਣਹੋਂਦ ਨਾਲ ਜੋੜਿਆ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਨੂੰ ਸਹੀ ਮੰਨਦਿਆਂ, ਮਾਹਿਰਾਂ ਨੇ ਕਿਹਾ ਕਿ ਸਰਕਾਰ ਨੇ "ਅੰਡਰ-ਰਿਪੋਰਟਿੰਗ" ਕੀਤੀ, ਜਿਸ ਨਾਲ ਅਸਲ ਸਥਿਤੀ ਸਾਹਮਣੇ ਨਹੀਂ ਆਈ।

### ਵਿਸ਼ਵ ਅਖਬਾਰਾਂ ਵਿੱਚ ਰਿਪੋਰਟਾਂ

ਹਾਂ, ਕਈ ਵਿਸ਼ਵ ਅਖਬਾਰਾਂ ਅਤੇ ਮੀਡੀਆ ਸੰਗਠਨਾਂ ਨੇ ਇਸ ਮੁੱਦੇ 'ਤੇ ਰਿਪੋਰਟਾਂ ਛਾਪੀਆਂ ਹਨ।

ਦਾ ਨਿਊਯਾਰਕ ਟਾਈਮਜ 2021 ਅਤੇ 2022 ਵਿੱਚ ਛਪੀਆਂ ਰਿਪੋਰਟਾਂ ਵਿੱਚ ਭਾਰਤ ਵਿੱਚ ਕੋਵਿਡ-19 ਮੌਤਾਂ ਦੀ ਅੰਡਰ-ਰਿਪੋਰਟਿੰਗ 'ਤੇ ਚਰਚਾ ਕੀਤੀ। ਉਨ੍ਹਾਂ ਨੇ ਵਿਸ਼ਵ ਸਿਹਤ ਸੰਗਠਨ ਦੇ 47 ਲੱਖ ਮੌਤਾਂ ਦੇ ਅੰਕੜੇ ਦਾ ਹਵਾਲਾ ਦਿੱਤਾ ਅਤੇ ਸਿਹਤ ਸਿਸਟਮ ਦੀਆਂ ਕਮੀਆਂ ਨੂੰ ਉਜਾਗਰ ਕੀਤਾ।

ਦਾ ਗਾਰਡੀਅਨ 2022 ਵਿੱਚ ਇੱਕ ਰਿਪੋਰਟ ਵਿੱਚ ਭਾਰਤ ਸਰਕਾਰ ਦੇ ਅੰਕੜਿਆਂ ਅਤੇ ਵਿਸ਼ਵ ਸਿਹਤ ਸੰਗਨਨ ਦੇ ਅੰਕੜਿਆਂ ਵਿੱਚ ਅੰਤਰ ਨੂੰ ਚੁੱਕਿਆ, ਜਿਸ ਵਿੱਚ ਸਰਕਾਰ ਦੀ ਪਾਰਦਰਸ਼ਤਾ 'ਤੇ ਸਵਾਲ ਉਠਾਏ। ਬੀਬੀਸੀ ਨੇ 2021 ਵਿੱਚ ਗੰਗਾ ਨਦੀ ਵਿੱਚ ਤੈਰਦੀਆਂ ਲਾਸ਼ਾਂ ਅਤੇ ਸਿਵਿਆਂ ਵਿੱਚ ਲਾਸ਼ਾਂ ਦੇ ਅੰਬਾਰ ਦੀਆਂ ਰਿਪੋਰਟਾਂ ਛਾਪੀਆਂ, ਜਿਨ੍ਹਾਂ ਨੇ ਅੰਕੜਿਆਂ ਦੀ ਸੱਚਾਈ 'ਤੇ ਸਵਾਲ ਉਠਾਏ।

ਦਾ ਲੈਸੈਂਟ ਵਿਗਿਆਨਕ ਜਰਨਲ ਨੇ 2022 ਵਿੱਚ ਇੱਕ ਅਧਿਐਨ ਛਾਪਿਆ, ਜਿਸ ਵਿੱਚ ਭਾਰਤ ਵਿੱਚ ਮੌਤਾਂ ਦੀ ਗਿਣਤੀ 40 ਲੱਖ ਤੋਂ ਵੱਧ ਹੋਣ ਦਾ ਅੰਦਾਜ਼ਾ ਲਾਇਆ, ਜੋ ਸਰਕਾਰੀ ਅੰਕੜਿਆਂ ਨਾਲੋਂ ਕਈ ਗੁਣਾ ਸੀ।

ਅਲ ਜਜ਼ੀਰਾ ਨੇ ਵੀ 2021-22 ਵਿੱਚ ਸਿਵਿਆਂ ਅਤੇ ਨਦੀਆਂ ਵਿੱਚ ਮਿਲੀਆਂ ਲਾਸ਼ਾਂ ਦੀਆਂ ਤਸਵੀਰਾਂ ਅਤੇ ਮੌਤਾਂ ਦੀ ਅਸਲ ਗਿਣਤੀ 'ਤੇ ਰਿਪੋਰਟਾਂ ਛਾਪੀਆਂ। ਇਹ ਸਾਰੀਆਂ ਰਿਪੋਰਟਾਂ ਸਰਕਾਰੀ ਅੰਕੜਿਆਂ ਅਤੇ ਅਸਲ ਸਥਿਤੀ ਵਿੱਚ ਵੱਡੇ ਅੰਤਰ ਨੂੰ ਦਰਸਾਉਂਦੀਆਂ ਹਨ, ਜਿਸ ਨਾਲ ਸਰਕਾਰ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ 'ਤੇ ਸਵਾਲ ਉੱਠੇ ਹਨ।

## ਵਿਆਹ 'ਤੇ ਆਤਿਸ਼ਬਾਜ਼ੀ ਚਲਾਉਣ ਕਾਰਣ ਹੋਇਆ ਦਰਜ ਕੇਸ

ਬਠਿੰਡਾ-ਬਠਿੰਡਾ ਵਿਚ ਭਾਰਤ-ਪਾਕਿ ਤਣਾਅ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਨੇ ਆਤਿਸ਼ਬਾਜ਼ੀ 'ਤੇ ਪਾਬੰਦੀ ਲਗਾਈ ਸੀ, ਪਰ ਪਿੰਡ ਕੋਟਸ਼ਮੀਰ ਵਿਚ ਵਿਆਹ ਦੌਰਾਨ ਗੁਰਪ੍ਰੀਤ ਸਿੰਘ ਨੇ ਰਾਤ ਨੂੰ ਆਤਿਸ਼ਬਾਜ਼ੀ ਕੀਤੀ। ਵੀਡੀਓ ਸਾਹਮਣੇ ਆਉਣ 'ਤੇ ਪੁਲੀਸ ਨੇ ਨਿਯਮਾਂ ਦੀ ਉਲੰਘਣਾ ਦੇ ਦੋਸ਼ 'ਚ ਉਸ ਖਿਲਾਫ ਕੇਸ ਦਰਜ ਕਰ ਲਿਆ।

## ਨਕਲੀ ਸਾਧੂ ਵੱਲੋਂ ਨਾਬਾਲਿਗ ਨੂੰ ਭਰਮਾ ਕੇ ਕੀਤਾ ਅਗਵਾ

### ✪ ਪੁਲੀਸ ਨੇ ਉੱਤਰਾਖੰਡ ਤੋਂ ਬਰਾਮਦ ਕੀਤੀ ਲੜਕੀ, ਮੁਲਜ਼ਮ ਗ੍ਰਿਫਤਾਰ

ਲੁਧਿਆਣਾ-ਲੁਧਿਆਣਾ 'ਚ ਢੰਡਾਰੀ ਖੁਰਦ ਵਿਚ ਨਕਲੀ ਸਾਧੂ ਬਣ ਕੇ ਓਮ ਪ੍ਰਕਾਸ਼ ਨੇ 10 ਸਾਲ ਦੀ ਨਾਬਾਲਿਗ ਲੜਕੀ ਨੂੰ ਵਰਗਲਾ ਕੇ ਉੱਤਰਾਖੰਡ ਲੈ ਗਿਆ। ਪੁਲੀਸ ਨੇ ਸੀਸੀਟੀਵੀ ਅਤੇ ਸੁਰਾਗਾਂ ਦੀ ਮਦਦ ਨਾਲ ਤੀਜੇ ਦਿਨ ਲੜਕੀ ਨੂੰ ਬਰਾਮਦ ਕਰਕੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ। ਮਾਮਲੇ ਦੀ ਜਾਂਚ ਜਾਰੀ ਹੈ।

## ਖੰਨਾ ਵਿਚ ਜੌਹਰੀ ਨੂੰ 1 ਕਿਲੋ ਸੋਨੇ ਦੀ ਫਿਰੌਤੀ ਮੰਗੀ

### ✪ ਪੁਲੀਸ ਨੇ ਤਕਨੀਕੀ ਜਾਂਚ ਨਾਲ ਤਿੰਨ ਮੁਲਜ਼ਮ ਫੜੇ

ਖੰਨਾ-ਖੰਨਾ 'ਚ ਜੌਹਰੀ ਸ੍ਰੀਕਾਂਤ ਵਰਮਾ ਨੂੰ ਅਣਜਾਣ ਵਿਅਕਤੀਆਂ ਨੇ 9 ਮਈ ਨੂੰ ਫੋਨ 'ਤੇ 1 ਕਿਲੋ ਸੋਨੇ ਦੀ ਫਿਰੌਤੀ ਅਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਪੁਲੀਸ ਨੇ ਤਕਨੀਕੀ ਜਾਂਚ ਰਾਹੀਂ ਤਿੰਨ ਮੁਲਜ਼ਮਾਂ ਅਭਿਸ਼ੇਕ ਕੁਮਾਰ, ਨਿਹਾਲ ਅਤੇ ਤੀਰਥ ਸਿੰਘ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕੀਤਾ। ਜਾਂਚ ਜਾਰੀ ਹੈ।

## ਜ਼ਮੀਨ ਕਾਰਣ ਪੁੱਤ ਨੇ ਪਿਓ ਦਾ ਕੀਤਾ ਕਤਲ

### ✪ ਪਤਨੀ ਦੇ ਬਿਆਨਾਂ 'ਤੇ ਪੁੱਤਰ ਤੇ ਉਸ ਦੇ ਦੋ ਸਾਥੀਆਂ ਖਿਲਾਫ਼ ਮਾਮਲਾ ਦਰਜ

ਤਲਵੰਡੀ ਸਾਬੋ-ਹਲਕਾ ਤਲਵੰਡੀ ਸਾਬੋ ਤੋਂ ਕਿਸਾਨ ਜਥੇਬੰਦੀਆਂ ਵਲੋਂ ਵਿਧਾਨ ਸਭਾ ਚੋਣ



ਲੜ ਚੁੱਕੇ ਕਿਸਾਨ ਆਗੂ ਦਵਿੰਦਰ ਸਿੰਘ ਸਰਾਂ ਦੇ ਕਤਲ ਕੀਤੇ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਪੁਲਿਸ ਅਧਿਕਾਰੀਆਂ ਤੋਂ ਮਿਲੀ ਮੁੱਢਲੀ ਜਾਣਕਾਰੀ ਅਨੁਸਾਰ ਘਰੇਲੂ ਜ਼ਮੀਨੀ ਵਿਵਾਦ ਦੌਰਾਨ ਕਿਸਾਨ ਆਗੂ ਦਵਿੰਦਰ ਸਿੰਘ ਸਰਾਂ ਨੂੰ ਉਸ ਦੇ ਪੁੱਤਰ ਨੇ ਸਾਥੀਆਂ ਨਾਲ ਮਿਲਕੇ 10 ਮਈ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਸੀ ਅਤੇ ਹੁਣ ਉਨ੍ਹਾਂ ਦੀ ਮੌਤ ਹੋ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਤਲਵੰਡੀ ਸਾਬੋ ਪੁਲਿਸ ਨੇ ਮ੍ਰਿਤਕ ਕਿਸਾਨ ਆਗੂ ਦੀ ਪਤਨੀ ਸੁਖਵਿੰਦਰ ਕੌਰ ਵਾਸੀ ਗੁਰੂਸਰ ਜਗਾ ਦੇ ਬਿਆਨਾਂ 'ਤੇ ਆਗੂ ਦੇ ਪੁੱਤਰ ਅਮਨਿੰਦਰ ਸਿੰਘ ਅਤੇ ਉਸ ਦੇ ਦੋ ਸਾਥੀਆਂ ਖਿਲਾਫ਼ ਕਤਲ ਦਾ ਮਾਮਲਾ ਦਰਜ਼ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਪੰਜਾਬ 'ਤੇ ਪਾਕਿਸਤਾਨ ਦਾ ਸਾਈਬਰ ਹਮਲਾ, ਮਾਲਵੇਅਰ ਦਾ ਖਤਰਾ

### ✪ ਪੰਜਾਬ ਪੁਲੀਸ ਦਾ ਅਲਰਟ, ਕਿਹਾ ਕਿ ਅਣਜਾਣ ਲਿੰਕਾਂ ਤੋਂ ਬਚੋ

ਚੰਡੀਗੜ੍ਹ-ਪੰਜਾਬ ਪੁਲੀਸ ਨੇ ਚੇਤਾਵਨੀ ਜਾਰੀ ਕੀਤੀ ਕਿ ਪਾਕਿਸਤਾਨੀ ਹੈਕਰ "Dance of the Hillary" ਨਾਮਕ ਮਾਲਵੇਅਰ ਰਾਹੀਂ ਵ੍ਹਟਸਐਪ, ਫੇਸਬੁੱਕ ਅਤੇ ਈਮੇਲ 'ਤੇ ਸਾਈਬਰ ਹਮਲੇ ਕਰ ਰਹੇ ਹਨ। ਇਹ ਮਾਲਵੇਅਰ ਬੈਂਕ ਜਾਣਕਾਰੀ, ਪਾਸਵਰਡ ਅਤੇ ਨਿੱਜੀ ਡਾਟਾ ਚੋਰੀ ਕਰ ਸਕਦਾ ਹੈ। ਲੋਕਾਂ ਨੂੰ ਅਣਜਾਣ ਲਿੰਕਾਂ 'ਤੇ ਕਲਿੱਕ ਨਾ ਕਰਨ ਦੀ ਸਲਾਹ ਦਿੱਤੀ ਗਈ।

# ਪੰਜਾਬ ਵਿਚ ਲੰਘੇ ਸੱਤ ਸਾਲਾਂ ਵਿਚ ਬੁਟੀਕ ਕਾਰੋਬਾਰ 965.58 ਕਰੋੜ ਦਾ ਹੋਇਆ

ਖਾਸ ਰਿਪੋਟ

**✪ ਅੰਮ੍ਰਿਤਸਰ, ਮੁਹਾਲੀ, ਜਲੰਧਰ, ਲੁਧਿਆਣਾ, ਪਟਿਆਲਾ ਤੇ ਬਠਿੰਡਾ ਬੁਟੀਕ ਦੀ ਹੱਬ ਵਜੋਂ ਉੱਭਰੇ**

**✪ ਬੁਟੀਕ ਕਾਰੋਬਾਰ ਵਿਚ ਔਰਤਾਂ ਮੋਹਰੀ, ਡਿਜ਼ਾਈਨਰ ਵੀ ਬਣੀਆਂ, ਉੱਦਮੀ ਵੀ ਬਣੀਆਂ**







ਪੰਜਾਬੀ ਪਹਿਰਾਵੇ ਦੀ ਸ਼ਾਨ ਤੇ ਮੁਟਿਆਰਾਂ ਦਾ ਜੋਸ਼ ਬੁਟੀਕ ਕਾਰੋਬਾਰ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਗਿਆ ਹੈ। ਪਿਛਲੇ ਸੱਤ ਸਾਲਾਂ 'ਚ ਇਹ ਕਾਰੋਬਾਰ 965.58 ਕਰੋੜ ਦਾ ਹੋ ਗਿਆ, ਜਿਸ ਵਿਚ 2023-24 ਵਿਚ 203.63 ਕਰੋੜ ਦਾ ਕੰਮ ਹੋਇਆ। 2025 ਵਿਚ ਵੀ ਇਹ ਚਮਕ ਜਾਰੀ ਹੈ, ਤੇ ਮਾਹਿਰਾਂ ਮੁਤਾਬਕ ਇਸ ਸਾਲ ਬੁਟੀਕ ਕਾਰੋਬਾਰ 220-250 ਕਰੋੜ ਤੱਕ ਪਹੁੰਚ ਸਕਦਾ ਹੈ, ਕਿਉਂਕਿ ਵਿਦੇਸ਼ਾਂ ਵਿਚ ਵੀ ਪੰਜਾਬੀ ਸੂਟਾਂ ਦੀ ਮੰਗ ਵਧ ਰਹੀ ਹੈ। ਪੰਜਾਬ ਵਿਚ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਮੁਹਾਲੀ, ਪਟਿਆਲਾ ਤੇ ਬਠਿੰਡਾ ਬੁਟੀਕ ਦੀਆਂ ਹੱਬ ਬਣ ਗਏ ਨੇ। ਸਰਕਾਰੀ ਖ਼ਜ਼ਾਨੇ ਨੂੰ ਇਨ੍ਹਾਂ ਵਰ੍ਹਿਆਂ ਵਿਚ ਇਸ ਕਾਰੋਬਾਰ ਤੋਂ 12.79 ਕਰੋੜ ਦਾ ਟੈਕਸ ਮਿਲਿਆ ਸੀ।

ਅਜਿਹੇ ਵੱਡੇ ਬੁਟੀਕ ਵੀ ਹਨ, ਜਿਨ੍ਹਾਂ ਵਿਚ 50 ਹਜ਼ਾਰ ਤੋਂ ਰੇਂਜ ਸ਼ੁਰੂ ਹੁੰਦੀ ਹੈ। ਬੁਟੀਕ 'ਤੇ ਜਿਊਲਰੀ ਵੀ ਵਿਕਦੀ ਹੈ। ਅੰਮ੍ਰਿਤਸਰ, ਮੁਹਾਲੀ, ਜਲੰਧਰ, ਲੁਧਿਆਣਾ, ਪਟਿਆਲਾ ਤੇ ਬਠਿੰਡਾ ਬੁਟੀਕ ਦੀ ਹੱਬ ਵਜੋਂ ਉੱਭਰ ਰਹੇ ਹਨ। ਪੱਛਮ ਦੇ ਪਰਛਾਵੇਂ ਤੋਂ ਪੰਜਾਬ ਬਚਿਆ ਨਹੀਂ। ਸਜ ਧਜ ਕੇ ਰਹਿਣ ਲਈ ਬਿਊਟੀ ਸੈਲੂਨ ਹਨ। ਪੰਜਾਬ ਵਿਚ 1591 ਬਿਊਟੀ ਸਲੂਨ ਟੈਕਸ ਤਾਰਦੇ ਹਨ। ਸਭ ਤੋਂ ਵੱਧ 383 ਸੈਲੂਨ ਮੁਹਾਲੀ ਵਿਚ ਹਨ ਜਦ ਕਿ ਲੁਧਿਆਣਾ 'ਚ 374 ਅਤੇ ਜਲੰਧਰ ਵਿਚ 134 ਸੈਲੂਨ ਹਨ। ਲੁਧਿਆਣਾ ਵਿਚ ਬੁਟੀਕ ਮਾਲਕਾਂ ਨੇ ਸਭ ਤੋਂ ਵੱਧ 85.60 ਕਰੋੜ ਦਾ ਅਤੇ ਦੂਜੇ ਨੰਬਰ 'ਤੇ ਪਟਿਆਲਾ ਵਿਚ 70.93 ਕਰੋੜ ਦਾ ਕੰਮ ਕੀਤਾ ਹੈ। ਮੁਹਾਲੀ ਵਿਚ 56.17 ਕਰੋੜ, ਜਲੰਧਰ ਵਿਚ 40.32 ਕਰੋੜ ਤੇ ਬਠਿੰਡਾ ਵਿਚ 18.01 ਕਰੋੜ ਦਾ ਕਾਰੋਬਾਰ ਸੈਲੂਨ ਦਾ ਰਿਹਾ ਹੈ। ਜਲੰਧਰ ਦੇ ਇੱਕ ਸੈਲੂਨ ਦਾ ਕੰਮ ਇੱਕੋ ਸਾਲ ਦਾ 34.31 ਕਰੋੜ ਦਾ ਰਿਹਾ ਹੈ ਜਦ ਕਿ ਲੁਧਿਆਣਾ ਦੇ ਇੱਕ ਸੈਲੂਨ ਨੇ 15.08 ਕਰੋੜ ਦਾ ਕੰਮ ਕੀਤਾ ਹੈ।

> **ਪੰਜਾਬ ਟਾਈਮਜ ਅਨੁਸਾਰ ਪੰਜਾਬ ਵਿਚ ਬੁਟੀਕ ਕਾਰੋਬਾਰ ਨੇ ਨਾ ਸਿਰਫ਼ ਸੱਭਿਆਚਾਰ ਨੂੰ ਸੰਭਾਲਿਆ, ਸਗੋਂ ਹਜ਼ਾਰਾਂ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਵੀ ਬਣਿਆ। ਮੁਟਿਆਰਾਂ ਦੇ ਸਜਣ-ਧਜਣ ਦੇ ਸ਼ੌਕ ਨੇ ਇਸ ਕਾਰੋਬਾਰ ਨੂੰ ਸੱਤਵੇਂ ਅਸਮਾਨ 'ਤੇ ਪਹੁੰਚਾ ਦਿੱਤਾ ਹੈ!**

## ਹੱਥ ਦੀ ਕਢਾਈ ਦਾ ਕਾਰੋਬਾਰ, ਕਿੱਥੇ ਵਧ ਰਿਹਾ?

ਹੱਥ ਦੀ ਕਢਾਈ ਦਾ ਕਾਰੋਬਾਰ ਪੰਜਾਬ ਵਿਚ ਖ਼ਾਸਕਰ ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ 'ਚ ਸਿਖਰ 'ਤੇ ਹੈ। ਜਲੰਧਰ ਵਿਚ ਮੁਸਲਮਾਨ ਕਾਰੀਗਰ ਵਧੀਆ ਹੱਥ ਦੀ ਕਢਾਈ ਕਰ ਰਹੇ ਹਨ। ਲੁਧਿਆਣਾ ਵਿਚ ਹੱਥ-ਕਢਾਈ ਵਾਲੇ ਸੂਟਾਂ ਦੀ ਮੰਗ ਸਭ ਤੋਂ ਵੱਧ ਹੈ, ਜਿੱਥੇ ਵੱਡੇ ਬੁਟੀਕ ਸਾਲ 'ਚ ਕਰੋੜਾਂ ਦਾ ਕੰਮ ਕਰਦੇ ਨੇ। ਅੰਮ੍ਰਿਤਸਰ 'ਚ ਫੁੱਲਕਾਰੀ ਕਢਾਈ ਦੀ ਰਵਾਇਤ ਨੂੰ ਨਵੀਂ ਪੀੜ੍ਹੀ ਨੇ ਹੋਰ ਨਿਖਾਰਿਆ ਹੈ। ਜਲੰਧਰ ਵਿਚ ਗੋਟਾ-ਪੱਟੀ ਤੇ ਜ਼ਰਦੋਜ਼ੀ ਵਾਲੇ ਸੂਟਾਂ ਦਾ ਕੰਮ 13.87 ਕਰੋੜ ਸਾਲਾਨਾ ਤੱਕ ਪਹੁੰਚ ਗਿਆ ਹੈ। ਇਸ ਤੋਂ ਇਲਾਵਾ, ਫ਼ਰੀਦਕੋਟ ਤੇ ਬਠਿੰਡਾ ਵਿਚ ਵੀ ਹੱਥ-ਕਢਾਈ ਦੀ ਮੰਗ ਵਧ ਰਹੀ ਹੈ। ਇਹ ਕਾਰੀਗਰ ਜ਼ਿਆਦਾਤਰ ਪੰਜਾਬ ਦੇ ਪਿੰਡਾਂ-ਸ਼ਹਿਰਾਂ ਤੋਂ ਹੀ ਨੇ, ਪਰ ਕਈ ਵੱਡੇ ਬੁਟੀਕ ਉੱਤਰ ਪ੍ਰਦੇਸ਼, ਬਿਹਾਰ ਤੇ ਰਾਜਸਥਾਨ ਦੇ ਕਾਰੀਗਰਾਂ ਨੂੰ ਵੀ ਨੌਕਰੀ 'ਤੇ ਰੱਖਦੇ ਨੇ। ਅੰਮ੍ਰਿਤਸਰ ਵਿਚ ਫੁੱਲਕਾਰੀ ਕਢਾਈ ਵਿਚ ਮਾਹਿਰ ਜ਼ਿਆਦਾਤਰ ਸਥਾਨਕ ਔਰਤਾਂ ਹੀ ਨੇ, ਜੋ ਘਰੋਂ ਹੀ ਇਹ ਕੰਮ ਕਰਦੀਆਂ ਨੇ। ਲੁਧਿਆਣਾ ਵਿਚ ਜ਼ਰਦੋਜ਼ੀ ਤੇ ਗੋਟਾ-ਪੱਟੀ ਦੇ ਕਾਰੀਗਰ ਅਕਸਰ ਲਖਨਊ ਤੇ ਜੈਪੁਰ ਤੋਂ ਆਉਂਦੇ ਨੇ। ਇਸ ਤੋਂ ਇਲਾਵਾ, ਪਟਿਆਲਾ ਵਿਚ ਸਥਾਨਕ ਕਾਰੀਗਰ ਪਰੰਪਰਾਗਤ ਡਿਜ਼ਾਈਨਾਂ ਨੂੰ ਨਵਾਂ ਰੰਗ ਦੇ ਰਹੇ ਨੇ।

## ਸੂਟ-ਕੋਰ ਸੈਟ ਵਿਚ ਕੀ ਚੱਲ ਰਿਹਾ ਟਰੈਂਡ?

ਅੱਜ-ਕੱਲ੍ਹ ਪੰਜਾਬੀ ਮੁਟਿਆਰਾਂ ਨੂੰ ਸੂਟ-ਕੋਰ ਸੈਟ ਵਿਚ ਫੁੱਲਕਾਰੀ, ਗੋਟਾ-ਪੱਟੀ, ਜ਼ਰਦੋਜ਼ੀ ਤੇ ਮਿਰਰ ਵਰਕ ਵਾਲੀ ਕਢਾਈ ਖ਼ੂਬ ਪਸੰਦ ਆ ਰਹੀ ਹੈ। ਪੈਸਟਲ ਰੰਗ ਜਿਵੇਂ ਮਿੰਟ ਹਰਾ, ਗੁਲਾਬੀ ਤੇ ਗੂੜ੍ਹੇ ਰੰਗ ਜਿਵੇਂ ਮਰੂਨ, ਰਾਇਲ ਨੀਲਾ ਤੇ ਸੋਨ ਚੱਲਣ ਵਿਚ ਨੇ। ਅਨਾਰਕਲੀ ਸੂਟ, ਪਲਾਜ਼ੋ ਸੈਟ ਤੇ ਸਟਰੇਟ ਕੁੜਤੀਆਂ ਨਾਲ ਕੋਰ ਸੈਟ ਜ਼ਿਆਦਾ ਮੰਗੇ ਜਾ ਰਹੇ ਨੇ। ਵਿਆਹਾਂ ਵਿਚ ਹੈਵੀ ਲਹਿੰਗੇ ਤੇ ਸ਼ਰਾਰੇ ਵੀ ਛਾਏ ਹੋਏ ਨੇ। ਨੌਜਵਾਨ ਕੁੜੀਆਂ ਫਿਊਜ਼ਨ ਸਟਾਈਲ ਨੂੰ ਵੀ ਪਸੰਦ ਕਰ ਰਹੀਆਂ ਨੇ, ਜਿਸ ਵਿਚ ਪੰਜਾਬੀ ਸਟਾਈਲ 'ਚ ਵੈਸਟਰਨ ਟੱਚ ਸ਼ਾਮਲ ਹੁੰਦਾ ਹੈ।

## ਬੁਟੀਕ ਕਾਰੋਬਾਰ ਵਿਚ ਔਰਤਾਂ ਦੀ ਮੋਹਰੀ ਭੂਮਿਕਾ

ਬੁਟੀਕ ਕਾਰੋਬਾਰ ਵਿਚ ਔਰਤਾਂ ਮੋਹਰੀ ਨੇ, ਜੋ ਨਾ ਸਿਰਫ਼ ਡਿਜ਼ਾਈਨਰ ਹਨ, ਸਗੋਂ ਉੱਦਮੀ ਵੀ ਬਣੀਆਂ ਨੇ। ਗਲੀ-ਮੁਹੱਲਿਆਂ ਵਿਚ ਛੋਟੇ ਬੁਟੀਕਾਂ ਨੇ ਹਜ਼ਾਰਾਂ ਔਰਤਾਂ ਨੂੰ ਰੁਜ਼ਗਾਰ ਦਿੱਤਾ ਹੈ। ਸਰਕਾਰ ਨੂੰ ਵੀ ਇਸ ਕਾਰੋਬਾਰ ਤੋਂ ਸੱਤ ਸਾਲਾਂ ਵਿਚ 12.79 ਕਰੋੜ ਦਾ ਟੈਕਸ ਮਿਲਿਆ ਹੈ। ਪਰ ਕਰ ਵਿਭਾਗ ਨੇ ਸਰਵੇ 'ਚ 700 ਬੁਟੀਕਾਂ ਨੂੰ ਟੈਕਸ ਚੋਰੀ ਕਰਦਿਆਂ ਫੜਿਆ, ਜਿਸ ਵਿਚ ਮੁਹਾਲੀ ਦੇ ਇੱਕ ਬੁਟੀਕ ਦੀ 13 ਲੱਖ ਦੀ ਚੋਰੀ ਸਾਹਮਣੇ ਆਈ।

-ਮਾਮਲਾ ਵਿਦੇਸ਼ਾਂ ਵਿਚ ਨੌਕਰੀ ਦਿਵਾਉਣ ਦੇ ਬਹਾਨੇ ਠੱਗੀ ਦਾ-

## ਟ੍ਰੈਵਲ ਏਜੰਟ ਗ੍ਰਿਫ਼ਤਾਰ, ਪੁਲਿਸ ਵਲੋਂ ਕਰੀਬ 70 ਪਾਸਪੋਰਟ ਜਾਅਲੀ ਮੋਹਰਾਂ ਤੇ ਜਾਅਲੀ ਦਸਤਾਵੇਜ਼ ਬਰਾਮਦ

ਜ਼ੀਰਕਪੁਰ-ਵਿਦੇਸ਼ਾਂ ਵਿਚ ਨੌਕਰੀ ਦਿਵਾਉਣ ਦੇ ਬਹਾਨੇ ਭੋਲੇ-ਭਾਲੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਟ੍ਰੈਵਲ ਏਜੰਟ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਵੱਲੋਂ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਮੁਹਿੰਮ ਤਹਿਤ ਜਾਅਲੀ ਮੋਹਰਾਂ ਤੇ ਦਸਤਾਵੇਜ਼ ਦੇ ਸਹਾਰੇ ਭੋਲੇ-ਭਾਲੇ ਲੋਕਾਂ ਨੂੰ ਵਿਦੇਸ਼ ਭੇਜਣ ਵਾਲੇ ਫ਼ਰਜ਼ੀ ਏਜੰਟ ਨੂੰ ਗ੍ਰਿਫ਼ਤਾਰ ਕੀਤਾ। ਥਾਣਾ ਮੁਖੀ ਗਗਨਦੀਪ ਸਿੰਘ ਨੇ ਦੱਸਿਆ ਕਿ ਉਹ ਤੇ ਏ. ਐੱਸ. ਆਈ. ਪਰਮਜੀਤ ਸਿੰਘ ਕੋਹਿਨੂਰ ਢਾਬੇ ਕੋਲ ਮੌਜੂਦ ਸੀ। ਪੁਲਸ ਨੂੰ ਲੋਕਾਂ ਨੂੰ ਬਾਹਰ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਵਾਲੇ ਮੁਲਜ਼ਮ ਦੇ ਦਫ਼ਤਰ 'ਚ ਰੇਡ ਮਾਰੀ ਤਾਂ ਉਸ ਦੇ ਕੋਲ ਕਰੀਬ 70 ਪਾਸਪੋਰਟ ਜਾਅਲੀ ਮੋਹਰਾਂ ਤੇ ਜਾਅਲੀ ਦਸਤਾਵੇਜ਼ ਬਰਾਮਦ ਹੋਏ। ਮੁਲਜ਼ਮ ਦੀ ਪਛਾਣ ਰਣਜੀਤ ਸਿੰਘ ਵਾਸੀ ਫਲੈਟ 2 ਸੈਕਿੰਡ ਫਲੋਰ ਮਧੂਬਨ ਹੋਮਸ ਸ਼ਿਵਾ ਇਨਕਲੇਵ ਜ਼ੀਰਕਪੁਰ ਵਜੋਂ ਹੋਈ ਹੈ। ਇਸ ਦਾ ਲੋਹਗੜ੍ਹ 'ਚ ਯੂਰੋ ਸਾਈਨ ਟ੍ਰੈਵਲ ਨਾਂ ਨਾਲ ਦਫ਼ਤਰ ਖੋਲ੍ਹਿਆ ਹੋਇਆ ਹੈ, ਜੋ ਭੋਲੇ-ਭਾਲੇ ਲੋਕਾਂ ਕੋਲੋਂ ਮੋਟੀ ਰਕਮ ਲੈ ਕੇ ਧੋਖਾਧੜੀ ਕਰਦਾ ਹੈ।

# ਇੰਗਲੈਂਡ ਦੇ 2025 ਕਬੱਡੀ ਸੀਜ਼ਨ ਦੀ ਹੇਜ਼ ਦੇ ਸ਼ਾਨਦਾਰ ਕਬੱਡੀ ਟੂਰਨਾਮੈਂਟ ਤੋਂ ਹੋਈ ਸ਼ੁਰੂਆਤ

## *ਪਹਿਲਾ ਟੂਰਨਾਮੈਂਟ ਟੈਲਫੋਰਡ ਨੇ ਜਿੱਤਿਆ ਅਤੇ ਗ੍ਰੇਵਜ਼ੈਂਡ ਬਾਰਕਿੰਗ ਰਨਰ ਅੱਪ ਰਹੀ
## * ਖੁਸ਼ੀ ਦੁੱਗਾ ਸਰਬੋਤਮ ਜਾਫੀ ਅਤੇ ਕੁਲਵਿੰਦਰ ਧਰਮਪੁਰਾ ਸਰਬੋਤ ਧਾਵੀ ਬਣੇ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਇੰਗਲੈਂਡ ਦਾ ਕਬੱਡੀ ਸੀਜ਼ਨ 2025 ਦੀ ਸ਼ੁਰੂਆਤ ਹੇਜ਼ ਕਬੱਡੀ ਟੂਰਨਾਮੈਂਟ ਤੋਂ ਬਹੁਤ ਹੀ ਸ਼ਾਨਦਾਰ ਢੰਗ ਨਾਲ ਹੋਈ। ਬੇਸ਼ੱਕ ਇਸ ਵਾਰ ਫੌਜਾਂ ਭਾਰੀਆਂ ਵਾਲੀ ਗੱਲ ਦਾ ਪ੍ਰਚਾਰ ਲੰਮੇਂ ਸਮੇਂ ਹੋ ਰਿਹਾ ਸੀ। ਕਿ ਇੰਗਲੈਂਡ ਵਾਲੇ ਇਸ ਵਾਰ ਨਵਾਂ ਇਤਿਹਾਸ ਰਚਨ ਜਾ ਰਹੇ ਹਨ। ਜਿਸ ਦਾ ਸਬੂਤ ਪਹਿਲੇ ਟੂਰਨਾਮੈਂਟ ਤੇ ਹੀ ਦੇ ਦਿੱਤਾ ਹੈ। ਭਾਵੇਂ ਕਿ ਭਾਰਤ ਅਤੇ ਪਾਕਿਸਤਾਨ ਦੇ ਹਾਲਾਤਾਂ ਕਾਰਨ ਕੁਝ ਖਿਡਾਰੀ ਪਹੁੰਚ ਨਹੀਂ ਸਕੇ। ਪਰ ਫਿਰ ਵੀ ਨਜ਼ਾਰੇ ਬੰਨ ਟੂਰਨਾਮੈਂਟ ਹੋ ਜਾਣਾ ਅਤੇ ਖੂਬ ਰੌਣਕਾਂ ਲੱਗ ਜਾਣੀਆਂ, ਇਸ ਗੱਲ ਦਾ ਸੰਕੇਤ ਸੀ ਕਿ ਅਗਲੇ ਟੂਰਨਾਮੈਂਟਾਂ ਤੇ ਕਮਾਲਾਂ ਹੋਣਗੀਆਂ।

ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਭਾਈ ਅੰਗਰੇਜ਼ ਸਿੰਘ ਨੇ ਪ੍ਰਬੰਧਕਾਂ, ਖਿਡਾਰੀਆਂ ਅਤੇ ਦਰਸ਼ਕਾਂ ਸਮੇਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ ਦੀ ਪ੍ਰਧਾਨਗੀ ਹੇਠ 2025 ਕਬੱਡੀ ਸੀਜ਼ਨ ਦੀ ਸ਼ੁਰੂਆਤ ਮੌਕੇ ਉਹਨਾਂ ਸਭ ਨੂੰ ਜੀ ਆਇਆਂ ਕਿਹਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ ਨੇ ਬਤੌਰ ਚੇਅਰਮੈਨ ਚੰਗੇ ਸੀਜ਼ਨ ਦੀ ਕਾਮਨਾ ਕੀਤੀ। ਹੇਜ਼ ਦੇ ਮੁੱਖ ਪ੍ਰਬੰਧਕ ਬਲਜਿੰਦਰ ਸਿੰਘ ਭਿੰਡਰ ਪੂਰਾ ਬਾਗੋ ਬਾਗ ਹੋਇਆ ਸਾਥੀਆਂ ਨਾਲ ਪ੍ਰਬੰਧ ਕਰ ਰਿਹਾ ਸੀ। ਸੀਪਾ ਚਕਰ ਅੱਜ ਸਵੇਰ ਤੋਂ ਮੇਲੇ ਵਿੱਚ ਪਹੁੰਚ ਕੇ ਜਿੰਮੇਂਵਾਰੀ ਨਿਭਾ ਰਿਹਾ ਸੀ। ਸੋਨੀ ਬਿਲਗਾ, ਗੁਰਬਚਨ ਭੁੱਲਰ ਬੀਹਲਾ, ਪ੍ਰਤਾਪ ਸਿੰਘ ਮੋਮੀ, ਕੇਵਲ ਬੁਈਆਂ ਵਾਲਾ, ਬੇਅੰਤ ਬਰਾੜ, ਸੁਖਵਿੰਦਰ ਸਿੰਘ ਮੋਹਲਾ, ਹਰਬੰਤ ਮੱਲੀ, ਗੋਪੀ ਮਰੋਕ, ਹਰਵਿੰਦਰ ਕੋਚ ਪੱਤੋ, ਹਰਮਨ ਜੰਡੋਲੀ, ਸਾਬੀ, ਸੁਰਜੀਤ ਮੱਲ੍ਹਾ, ਦਰਸ਼ੀ ਕਾਉਂਕੇ, ਲਾਡੀ ਸੇਲਬਰਾਹ, ਵਿੱਕੀ ਬਰਾੜ, ਕੱਥੂ ਪੱਤੋ, ਤਾਰੀ ਗਗੜਾ ਸਹਾਇਕ ਕੋਚ ਸਭ ਫੁੱਲੇ ਨਹੀਂ ਸਮਾਉਂਦੇ ਸੀ।

ਸੱਤਾ ਮੁਠੱਡਾ, ਸਤਿੰਦਰ ਗੋਲਡੀ ਨਵੀਆਂ ਤਕਨੀਕਾਂ ਨਾਲ ਕਬੱਡੀ ਨੂੰ ਅੱਗੇ ਵਧਾਉਣ ਲਈ ਹੰਭਲਾ ਮਾਰ ਰਹੇ ਸੀ, ਸੁਰਿੰਦਰ ਸਿੰਘ ਮਾਣਕ ਪੂਰੀ ਤਰ੍ਹਾਂ ਨਿਗਰਾਨੀ ਕਰ ਰਹੇ ਸੀ। ਸ਼ੀਰਾ ਔਲਖ, ਕੁਲਵੰਤ ਸੰਘਾ ਨੇ ਖਜ਼ਾਨੇ ਵਾਲੀਆਂ ਕਾਪੀਆਂ ਨੂੰ ਹੱਥ ਪਾ ਲਏ ਸੀ। ਰਾਣਾ ਪੱਡਾ, ਬਲਵਿੰਦਰ ਸਿੰਘ ਦੂਲੇ, ਜੋਗਿੰਦਰ ਦੁਸਾਂਝ, ਸੁੱਖਾ, ਮਨਜੀਤ ਢੰਡਾ, ਦਲਬੀਰ ਸੈਂਬੀ, ਤਰਲੋਚਨ ਗਿੱਲ ਨੇ ਆਪੋ ਆਪਣੀਆਂ ਸੀਟਾਂ ਮੱਲ ਕੇ ਗਰਾਉਂਡ ਵਿੱਚ ਆ ਡਟੇ ਸੀ। ਰਸ਼ਪਾਲ ਸਿੰਘ ਸਹੋਤਾ, ਪਾਲਾ ਬਾਜਵਾ, ਕੁਲਵਿੰਦਰ ਛੋਕਰ, ਸਤਨਾਮ ਗਿੱਲ, ਪਿਆਰਾ ਰੰਧਾਵਾ ਖੁਸ਼ ਸਨ ਕਿ ਇਸ ਵਾਰ ਉਹ ਖਿਡਾਰੀ ਦਰਸ਼ਕਾਂ ਦੇ ਰੂਬਰੂ ਹੋਣਗੇ ਜਿਹਨਾਂ ਨੂੰ ਉਹ ਚਿਰਾਂ ਤੋਂ ਵੇਖਣਾ ਚਾਹੁੰਦੇ ਸੀ।

ਇਸ ਵਾਰ ਦਾ ਕਬਡੀ ਸੀਜ਼ਨ ਇੰਗਲੈਂਡ ਕਬਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪਡਾ ਭਜੀ ਖੀਰਾ ਵਾਲੀ ਨੂੰ ਸਮਰਪਿਤ ਹੈ। ਕੇਵਲ ਪਾਸਲਾ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ। ਸ਼ੀਰਾ ਸੰਮੀਪੁਰ ਪ੍ਰੀਵਾਰਿਕ ਰੁਝੇਵਿਆਂ ਕਾਰਨ ਗੈਰ ਹਾਜ਼ਰ ਸੀ। ਲੋਕ ਭਲਾਈ ਕਾਰਜਾਂ ਲਈ ਵਧ ਚੜ੍ਹ ਕੇ ਸੇਵਾ ਕਰਨ ਵਾਲਾ ਬੀਰਾ ਹੇਜ਼ ਵਾਲਿਆਂ ਨੂੰ ਹਲਾਸ਼ੇਰੀ ਦੇਣ ਆਇਆ।

ਭਿੰਦਾ ਮੁਠੱਡਾ ਵੀ ਇਸ ਵਾਰ ਪੂਰੇ ਗਰਾਰੇ ਕਰਕੇ ਮੈਦਾਨ ਵਿੱਚ ਪਹੁੰਚ ਚੁੱਕਿਆ ਸੀ, ਭਾਵੇਂ ਉਹ ਬਾਕੀ ਕੁਮੈਂਟੇਰਾਂ ਦੀਆਂ ਜਿੰਮੇਂਵਾਰੀਆਂ ਦਾ ਵੀ ਧਿਆਨ ਕਰ ਰਿਹਾ ਸੀ, ਪਰ ਐਤਕੀ ਦਰਸ਼ਕਾਂ ਨੂੰ ਮੁੜ ਬੋਲਾਂ ਨਾਲ ਕੀਲਣ ਲਈ ਤਿਆਰ ਐ।

ਕਬੱਡੀ ਦੇ ਪਹਿਲੇ ਮੈਚ ਲਈ ਮਨੀ ਧੂੜ ਅਤੇ ਬਿੱਲਾ ਗਾਲਬ ਨੇ ਵਿਸਲ ਮਾਰੀ ਤਾਂ ਬੀ ਗਰੁੱਪ ਦੇ ਲੰਡਨ ਟਾਈਗਰ ਅਤੇ ਬਾਬਾ ਦੀਪ ਸਿੰਘ ਕਬੱਡੀ ਕਲੱਬ ਦੇ ਗੱਭਰੂ ਆਹਮੋ ਸਾਹਮਣੇ ਹੋ ਗਏ। ਪਹਿਲੀ ਰੇਡ ਲੱਡੂ ਭਾਰਸਪੁਰ ਨੇ ਪਾ ਕੇ ਨੰਬਰ ਲਿਆ ਤੇ ਲੰਡਨ ਵੱਲੋਂ ਏਕਮ ਬਾਸੀ ਨੇ ਪਹਿਲਾ ਅੰਕ ਆਪਣੇ ਨਾਮ ਕੀਤਾ। ਉਪਰੰਤ ਹਨੀ, ਨਵਜੋਤ, ਰਮਨੀਤ ਨੇ ਭਰਪੂਰ ਰੇਡਾਂ ਪਾਈਆਂ ਅਤੇ ਜੱਫਿਆਂ ਤੇ ਸਿਮਰਨ, ਸਹਿਜ ਪੱਧਰੀ, ਤਰਣ ਅਤੇ ਚਮਕੌਰ ਜ਼ੋਰ ਅਜ਼ਮਾਈ ਕਰਦੇ ਰਹੇ, ਬਾਬਾ ਦੀਪ ਸਿੰਘ ਕਲੱਬ ਵੱਲੋਂ ਸ਼ੀਰਾ ਪਾਤੜ, ਕੁਲਵੀਰ ਰੇਡਾਂ ਤੇ ਅਤੇ ਜੀਤਾ ਸਰਦੁੱਲਾਪੁਰੀਆ, ਲਾਭ, ਸ਼ੀਰਾ, ਲਵੀ ਅਤੇ ਗੋਪੀ ਜੱਫ ਲਾਇਨ ਨੂੰ ਮਜ਼ਬੂਤ ਕਰਦਿਆਂ ਪਹਿਲਾ ਮੈਚ ਡਾਢੇ 36 ਅਤੇ 32 ਅੰਕਾਂ ਦੇ ਫਰਕ ਨਾਲ ਜਿੱਤ ਗਏ।

ਦੂਜਾ ਮੈਚ ਪੰਜਾਬ ਯੂਨਾਈਟਡ ਮਹਿੰਦਰ ਸਿੰਘ ਮੌਤ ਅਤੇ ਮਿਡਲੈਂਡ ਟਾਈਗਰ ਵਿਚਕਾਰ ਹੋਇਆ ਜਿਸ ਨੂੰ ਪੰਜਾਬ ਯੂਨਾਈਟਡ ਨੇ ਸਹਿਜੇ ਹੀ ਜਿੱਤ ਲਿਆ, ਮਨਰਾਜ ਦੇ ਰੁਪੋਵਾਲ ਨੂੰ ਜੱਫਾ ਯਾਦਗਰੀ ਸੀ। ਦੀਪਾ, ਗੋਰਾ ਅਤੇ ਤਾਰੀ ਦੇ ਸਾਹਮਣੇ ਮਨਦੀਪ, ਬੇਅੰਤ, ਮਹਿਕ ਰੁਪੋਵਾਲ, ਬੂਟਾ, ਰੂਬੀ ਤੇ ਰਿੰਕੂ ਸੋਹਣਾ ਖੇਡਦੇ ਰਹੇ। ਇੰਗਲੈਂਡ ਰਹਿੰਦੇ ਕਬੱਡੀ ਖਿਡਾਰੀਆਂ ਦੀ ਬੀ ਗਰੁੱਪ ਬਣਾਉਣ ਦੀ ਮੰਗ ਨੂੰ ਮੰਨ ਕੇ ਇੰਗਲੈਂਡ ਕਬੱਡੀ ਫੈਡਰੇਸ਼ਨ ਨੇ ਵਧੀਆ ਉਪਰਾਲਾ ਕੀਤਾ, ਇਸ ਨਾਲ ਇਥੋਂ ਦੇ ਜੰਮਪਲ ਅਤੇ ਇਥੇ ਰਹਿ ਕੇ ਖਿਡਾਰੀਆਂ ਨੂੰ ਵੀ ਮੌਕਾ ਦਿੱਤਾ ਗਿਆ ਹੈ।

ਗਰੁੱਪ ਏ ਦੇ ਪਹਿਲੇ ਮੈਚ ਵਿੱਚ ਭਾਵੇਂ ਬਾਰਕਿੰਗ ਗ੍ਰੇਵਜ਼ੈਂਡ ਦੀ ਟੀਮ ਨੇ ਲੈਸਟਰ/ਬਰੈਡਫੋਰਡ ਨੂੰ 43.5/22 ਅੰਕਾਂ ਦੇ ਫਰਕ ਨਾਲ ਹਰਾ ਦਿੱਤਾ। ਪਰ ਟੀਮਾਂ ਦੋਵੇਂ ਹੀ ਅਜੇ ਅਧੂਰੀਆਂ ਸਨ, ਅਸਲ ਮੁਕਾਬਲੇ ਤਾਂ ਡਰਬੀ ਵਿਖੇ ਹੋਣਗੇ ਜਦੋਂ ਸਾਰੀਆਂ ਟੀਮਾਂ ਦੇ ਸਾਰੇ ਖਿਡਾਰੀ ਪਹੁੰਚ ਗਏ। ਪਰ ਫਿਰ ਵੀ ਮੈਚ ਦਰਸ਼ਕਾਂ ਦੀ ਖਿਚ ਦਾ ਕਾਰਨ ਬਣਿਆ ਰਿਹਾ। ਸੋਨੀ, ਦੀਪਕ ਕਾਸ਼ੀਪੁਰੀ, ਬੱਗਾ ਭਡਾਣਾ, ਯਾਦੂ ਕੁਹਾੜਾ ਖਿਚ ਖਿਚ ਕੌਡੀਆਂ ਪਾ ਰਹੇ ਸੀ, ਦੂਜੇ ਪਾਸੇ ਰਾਜਾ ਪੱਧਰੀ, ਹੁਸ਼ਿਆਰਾ, ਸੋਹਣ ਚੱਕ ਸਾਬੂ, ਬੂਟਾ ਪੱਟਾਂ ਤੇ ਥਾਪੀਆਂ ਮਾਰਦੇ ਨੰਬਰ ਬਟੋਰ ਰਹੇ ਸੀ, ਲੈਸਟਰ ਬਰੈਡਫੋਰਡ ਦੇ ਵਿੱਕੀ, ਸ਼ੀਰਾ, ਗੁਰਭੇਜ ਸਲਾਣਾ ਰੇਡਾਂ ਜ਼ੋਰ ਅਜ਼ਮਾਈ ਕਰਦੇ ਅਤੇ ਮਨੀ ਦਿਆਲਪੁਰੀਏ ਨੇ ਦੀਪਕ ਨੂੰ ਰੋਕ ਕੇ ਮੁੱਲ ਮੋੜਿਆ, ਹਰਪਾਲ ਕਾਹਲਵਾਂ ਦੇ ਨਾਲ ਰਿਸ਼ੂ ਧਨੌਰੀ ਨੇ ਜਾਦੂ ਨੂੰ ਰੋਕਿਆ। ਸੱਤਾ ਮੁਠੱਡਾ, ਪਾਲਾ ਸਹੋਤਾ, ਰਾਣਾ ਪੱਡਾ, ਅਜਮੇਰ ਮੇਲਾ, ਕੁਲਵਿੰਦਰ ਸਹੋਤਾ, ਭਿੰਦਰ ਭਲਵਾਨ, ਅਮਰੀਕ ਬੋਪਾਰਾਏ ਮੁੰਡਿਆਂ ਤੋਂ ਪੂਰੇ ਖੁਸ਼ ਸੀ। ਜਦ ਕਿ ਕੁਲਵੰਤ ਸੰਘਾ, ਕੁਲਵੀਰ ਖੱਖ, ਪਿਆਰਾ ਰੰਧਾਵਾ, ਦਲਬੀਰ ਸੈਂਬੀ, ਹਰਜਿੰਦਰ, ਦਵਿੰਦਰ ਡਰਬੀ ਮੇਲੇ ਤੇ ਦੋ ਹੱਥ ਕਰਨ ਦੀਆਂ ਸਕੀਮਾਂ ਕਰ ਰਹੇ ਸੀ।

ਹੇਜ਼ ਡਰਬੀ ਅਤੇ ਟੈਲਫੋਰਡ ਵਿਚਕਾਰ ਮੈਚ ਦਰਸ਼ਕਾਂ ਨੂੰ ਮੁੜਕੋ ਮੁੜਕੀ ਕਰ ਗਿਆ, ਹੁਣ ਜੇਬਾਂ ਨੂੰ ਹੱਥ ਪੈਣ ਲੱਗ ਗਏ ਸੀ। ਲੱਡਾ ਮੱਲਪੁਰੀਆ ਤਕੜਾ ਖੇਡ ਗਿਆ, ਅਰਸ਼ ਬਰਨ-ਾਲਾ, ਸੁਖਵੀਰ ਗੁਰੂਸਰ, ਇੰਦੂ ਰੁੜਕਾ ਦੀਆਂ ਰੇਡਾਂ ਅਤੇ ਬਿੱਲਾ, ਅਰਸ਼, ਹਰਮਨ ਗੋਲੀਆ, ਲੱਖਾ ਸਰਾਵਾਂ, ਇੰਦਰ ਪਹਿਲੇ ਅੱਧ ਤੱਕ ਤਾਂ ਕਾਫੀ ਪਿੱਛੇ ਰਹੇ ਪਰ ਦੂਜੇ ਅੱਧ ਵਿੱਚ ਟੈਲਫੋਰਡ ਤੇ ਭਾਰੂ ਪੈਂਦੇ ਨਜ਼ਰ ਆਏ। ਟੈਲਫੋਰਡ ਵੱਲੋਂ ਰਮਨ, ਕੁਲਵਿੰਦਰ, ਬੂਰੀਆ, ਰਾਕੇਸ਼ ਜਿੱਥੇ ਤਕੜੀ ਰੇਡ ਲਾਇਨ ਹੈ, ਉੱਥੇ ਧਰਤੀ ਧੱਕ ਖੁਸ਼ੀ ਦੁੱਗਾ 12 ਸਾਲਾਂ ਬਾਅਦ ਇੰਗਲੈਂਡ ਦੀ ਧਰਤੀ ਤੇ ਖੇਡਣ ਪਹੁੰਚਿਆਂ ਅਤੇ ਖੇਡਿਆ ਵੀ ਕਮਾਲ, ਲੰਬੜ ਮੱਲੀਆਂ, ਫੂਲਾ ਸੂਸ਼ਕ, ਸੋਨੀ ਨੇ ਚੜ੍ਹ ਚੜ੍ਹ ਜੱਫੇ ਲਾਏ। ਸੀਪਾ ਚਕਰ ਆਪਣੇ ਖਿਡਾਰੀਆਂ ਨੂੰ ਨਾਲੋ ਨਾਲ ਪੌਂਡਾਂ ਨਾਲ ਨਿਵਾਜ਼ ਰਿਹਾ ਸੀ। ਪਰ ਅੱਜ ਦਿਨ ਬਲਵਿੰਦਰ ਸਿੰਘ ਚੱਠਾ, ਸੁੱਖੀ ਬੈਂਸ, ਗੁਰਜੀਤ ਸੰਧੂ, ਮੇਸ਼ੀ ਕੁਨਰ ਅਤੇ ਸਾਥੀਆਂ ਦਾ ਸੀ। ਜਿਹਨਾਂ ਨੇ 33.5/27 ਅੰਕਾਂ ਨਾਲ ਜਿੱਤ ਦਰਜ਼ ਕੀਤੀ।

ਮਿਡਵੇ+ਸਿੱਖ ਟੈਂਪਲ ਵੁਲਵਰਹੈਂਪਟਨ ਦਾ ਅਗਲਾ ਮੈਚ ਗ੍ਰੇਵਜ਼ੈਂਡ+ਬਾਰਕਿੰਗ ਵਿਚਕਾਰ ਹੋਣ ਲੱਗਾ ਤਾਂ ਬਟੂਏ ਲਗਭੱਗ ਸਾਰਿਆਂ ਦੇ ਖੁੱਲ੍ਹ ਚੁੱਕੇ ਸੀ। ਅੱਧੇ ਸਮੇਂ ਤੱਕ ਦੋਵੇਂ ਟੀਮਾਂ ਲੱਗਭੱਗ ਬਰਾਬਰ ਹੀ ਚੱਲੀਆਂ। ਮਿਡਵੇ ਵੁਲਵਰਹੈਂਪਟਨ ਵੱਲੋਂ ਜਸ਼ਨ ਆਲਮਗੀਰੀਆਂ ਹਿੱਕ ਦੇ ਜ਼ੋਰ ਨਾਲ ਰੇਡਾਂ ਪਾ ਰਿਹਾ ਸੀ, ਪ੍ਰਤਾਪ ਕੰਡਿਆਣਾ, ਏਕਮ ਮੀਰਪੁਰੀਆ, ਸ਼ਾਕਾ ਦਿਆਲਪੁਰੀਆ, ਗੱਗੀ ਚੱਕ ਦੀ ਜਾਫ ਲਾਇਨ ਦੇ ਨਾਲ ਨਾਥ ਰੇਡਾਂ ਤੇ ਸਾਥ ਦੇ ਰਿਹਾ ਸੀ, ਕਹਿਰੇ ਜਿਹੇ ਸਰੀਰ ਵਾਲਾ ਕਰਨ ਪਾਸਲਾ ਹਮੇਸ਼ਾਂ ਵਾਂਗ ਉਡੂੰ ਉਡੂੰ ਕਰਦਾ। ਇਸ ਮੈਚ ਦੀ ਜਿੱਤ ਗ੍ਰੇਵਜ਼ੈਂਡ ਬਾਰਕਿੰਗ ਦੇ ਹਿੱਸੇ 40.5/32 ਦੇ ਅੰਕਾਂ ਨਾਲ ਆਈ। ਸਾਬੀ ਸੰਧੂ, ਜੋਗਿੰਦਰ ਦੁਸਾਂਝ, ਸ਼ੀਰਾ ਔਲਖ, ਸੋਨੂੰ ਹੋਠੀਆਂ, ਅੰਮ੍ਰਿਤ ਬੀਰਮੀ, ਡਾਂਨਸੀਵਾਲ ਸਭ ਬਾਗੋ ਬਾਗ ਸੀ ਕਿ ਮੈਚ ਸ਼ੁਰੂ ਹੋਏ।

ਸਾਬਕਾ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡਾ ਦਾ ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਈਰਥ ਵੂਲਿਚ/ਸਾਊਥਾਲ ਅਤੇ ਟੈਲਫੋਰਡ ਵਿਚਕਾਰ ਖੇਡਿਆ ਗਿਆ 6ਵਾਂ ਮੈਚ ਪੂਰਾ ਯਾਦਗਰੀ ਬਣਿਆ ਈਰਥ ਵੂਲਿਚ/ਸਾਊਥਾਲ ਵੱਲੋਂ ਬੀਕਾ, ਬਾਗੀ ਪ੍ਰਮਜੀਤਪੁਰੀਆ, ਸੁਨੀਲ ਰੇਡਾਂ ਤੇ ਧਾਕੜ, ਸਨੀ, ਕਾਕਾ ਜਾਫ ਲਾਇਨ ਮਜ਼ਬੂਤ ਕਰ ਰਿਹਾ ਸੀ, ਇਸ ਵਾਰ ਅਮਨ ਲੁਹ-ਾਰਾ ਵੀ ਮਾਣਕ, ਕੰਮੇ ਹੁਰਾਂ ਦੀ ਟੀਮ ਦਾ ਹਿੱਸਾ ਬਣ ਕੇ ਉਡ ਰਿਹਾ ਸੀ। ਕੰਮਾ ਔਜਲਾ, ਪਾਲਾ ਬਾਜਵਾ, ਪਾਲੀ ਸੰਘਾ, ਗੁਰਮੀਤ ਰੰਧਾਵਾ, ਜਸਪਾਲ, ਲਵਲੀ, ਛੀਨਾ ਅਤੇ ਸਾਥੀਆਂ ਦੇ ਨਾਲ ਸੁਰਿੰਦਰ ਮਾਣਕ, ਜ਼ੈਲਾ ਹਸ਼ਿਆਰਪੁਰੀਆ, ਲਾਲਾ ਵੀ ਕਹਿ ਰਹੇ ਸੀ ਅਜੇ ਤਾਂ ਸ਼ੁਰੂਆਤ ਆ ਟੀਮ ਪੂਰੀ ਹੋਣ ਦਿਓ, ਫਿਰ ਗੱਲ ਬਣੂ,

*(ਬਾਕੀ ਹਿਸਾ ਸਫਾ 24 'ਤੇ ਪੜ੍ਹੋ)*



ਜੇਤੂ ਟੀਮਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਬਲਵਿੰਦਰ ਸਿੰਘ ਫਿੱਡਾ ਦਾ ਸਨਮਾਨ ਕਰਦੇ ਪ੍ਰਬੰਧਕ ਅਤੇ ਫੈਡਰੇਸ਼ਨ ਆਗੂ ਤਸਵੀਰਾਂ: *ਮਨਪ੍ਰੀਤ ਸਿੰਘ ਬੱਧਨੀ ਕਲਾਂ*

## ਹੇਜ ਕਬੱਡੀ ਟੂਰਨਾਮੈਂਟ

23 ਸਫੇ ਦੀ ਬਾਕੀ

ਸਾਊਥਾਲੀਆਂ ਤੇ ਸੁਰਿੰਦਰ ਮਾਣਕ ਨੇ ਖਿਡਾਰੀਆਂ ਦੀ ਭਰਪੂਰ ਹੌਂਸਲਾ ਅਫਜ਼ਾਈ ਕੀਤੀ। ਪਰ ਅੱਜ ਦਿਨ ਬਲਵਿੰਦਰ ਚੱਠੇ ਦੀ ਟੀਮ ਦਾ ਸੀ ਖੁਸ਼ੀ ਦੁੱਗਾ ਇੰਗਲੈਂਡ ਦੇ ਗਰਾਊਂਡਾਂ ਵਿੱਚ ਜਵਾਨੀ ਜਿੰਦਾਬਾਦ ਕਰ ਰਿਹਾ ਸੀ। ਇਹ ਮੈਚ ਟੈਲਫੋਰਡ ਨੇ 44.5/36 ਦੇ ਫਰਕ ਨਾਲ ਜਿੱਤਿਆ।

ਬੀ ਗਰੁੱਪ ਦਾ ਫਾਈਨਲ ਮੈਚ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੇ ਪਮਜਾਬ ਯੁਨਾਈਟਡ ਮੌੜ ਨੂੰ 35.5/27 ਦੇ ਫਰਕ ਨਾਲ ਜਿੱਤਿਆ। ਗੁਰਪਾਲ ਸਿੰਘ ਉੱਪਲ, ਸੁਖਦੇਵ ਸਿੰਘ ਔਜਲਾ, ਮੇਜਰ ਸਿੰਘ ਬਾਸੀ, ਇੰਦਰਜੀਤ ਬੱਲ, ਬਲਜੀਤ ਸਿੰਘ ਮੱਲੀ, ਬਲਬੀਰ ਰਣੀਆਂ, ਸੁਖਵਿੰਦਰ ਸੁੱਖਾ, ਜਸਕਰਨ ਸਿੰਘ ਜੌਹਲ, ਰਮਨ ਭੈਣੀ, ਸਾਬੀ, ਬਖਸ਼ੀਸ਼, ਕਰਨ ਬੁਟਰ, ਤਰਲੋਚਨ ਗਿੱਲ, ਸ਼ਹਿਨਸ਼ਾਹ, ਅਮਰੀਕ ਲੱਡੂ, ਕੁਲਵੰਤ ਚੱਠਾ, ਇੰਦਰਜੀਤ, ਇਸ਼ਟਮੀਤ ਫੁੱਲ, ਨਛੱਤਰ ਕਲਸੀ, ਮਹਿੰਦਰ ਗਿੱਲ, ਬਲਦੇਵ ਬੁਲਟ ਖੁਸ਼ ਸਨ ਕਿ ਨੌਜਵਾਨਾਂ ਨੂੰ ਫੈਡਰੇਸ਼ਨ ਨੇ ਮੌਕਾ ਦਿੱਤਾ ਹੈ ਅਤੇ ਹੇਜ਼ ਵਾਲੇ ਵਧੀਆ ਪ੍ਰਬੰਧ ਕਰ ਰਹੇ ਹਨ। ਸਲੋਹ ਅਤੇ ਇਕਨਹਮ, ਬ੍ਰਮਿੰਘਮ ਅਤੇ ਕਵੈਂਟਰੀ ਵਾਲੇ ਅਗਲੇ ਹਫਤੇ ਦੇ ਇੰਤਜ਼ਾਰ ਵਿੱਚ ਹਨ।

ਫਾਈਨਲ ਮੈਚ ਗ੍ਰੇਵਜ਼ੈਂਡ ਬਾਰਕਿੰਗ ਅਤੇ ਟੈਲਫੋਰਡ ਵਿਚਕਾਰ ਬੜਾ ਹੀ ਰੋਚਕ ਹੋਇਆ। ਬੱਗਾ ਭਡਾਣਾ ਅਤੇ ਖੁਸ਼ੀ ਦੁੱਗਾ ਦੇ ਵਾਰ ਵਾਰ ਹੱਥ ਜੁੜ ਰਹੇ ਸੀ, ਦੀਪਕ ਕਾਸ਼ੀਪੁਰੀਆ ਦੇ ਨਾਲ ਗੱਗੀ, ਹੁਸ਼ਿਆਰਾ, ਸੋਹਣ, ਬੂਟਾ ਜ਼ੋਰ ਤਾਂ ਲਾ ਰਹੇ ਸੀ, ਪਰ ਅੱਜ ਕੱਪ ਨੂੰ ਹੱਥ ਨਹੀਂ ਸੀ ਪੈ ਰਿਹਾ। ਸੱਤਾ ਮੁਠੱਡਾ, ਪਾਲਾ ਸਹੋਤਾ ਮੁੜ ਮੁੜ ਜੇਬਾਂ ਨੂੰ ਹੱਥ ਪਾਉਂਦੇ ਤੇ ਨੋਟ ਵਾਰਦੇ। ਸ਼ੀਪਾ ਚਕਰ ਅੱਜ ਸਾਰਾ ਦਿਨ ਨੋਟ ਵਾਰਦਾ ਰਿਹਾ। ਰਾਜਾ ਪੱਧਰੀ ਦੇ ਜੱਫੇ ਤੇ ਬਿੱਲਾ ਗਿੱਲ ਦੀਨੇਵਾਲੀਆ, ਬਲਜੀਤ ਮੱਲੀ, ਪ੍ਰਤਾਪ, ਗੀਤਾ ਪਾਲਾ ਬਾਜਵਾ ਨੇ 600 ਪੌਂਡ ਦਾ ਜੱਫਾ ਲਾਇਆ। ਫੂਲਾ ਸੁਸ਼ਕ, ਮੱਲੀਆਂ ਵਾਲਾ, ਸੋਨੀ ਦੀ ਤਕੜੀ ਜਾਫ ਲਾਇਨ ਅਤੇ ਰਮਨ ਮੱਲੀਆਂ, ਰਾਕੇਸ਼, ਕੁਲਵਿੰਦਰ ਅਤੇ ਬੁਰੀਆ ਦੀ ਤਾਕਤ ਨੇ ਆਖਿਰ ਅੱਜ ਦਾ ਕੱਪ 36.5/29 ਦੇ ਫਰਕ ਨਾਲ ਜਿੱਤ ਤੇ ਬਲਵਿੰਦਰ ਚੱਠਾ, ਸੁੱਖੀ ਬੈਂਸ ਅਤੇ ਸਾਥੀਆਂ ਨੂੰ ਫੜਾ ਦਿੱਤਾ ਕਿ ਆਹ ਸਾਂਭੋ ਬਾਕੀ ਫਿਰ ਵੇਖਦੇ ਹਾਂ ਕੀ ਬਣਦਾ।

ਖੁਸ਼ੀ ਦੁੱਗਾ ਨੇ 11 ਟੱਚ ਤੇ 6 ਜੱਫੇ ਲਾ ਕੇ ਅਤੇ ਕੁਲਵਿੰਦਰ ਧਰਮਪੁਰਾ ਨੇ 15 ਕੌਢੀਆਂ ਪਾ ਕੇ 15 ਅੰਕ ਲੈ ਕੇ ਅੱਜ ਦੇ ਸਰਬੋਤਮ ਖਿਡਾਰੀ ਬਣੇ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਹਰਬੰਸ ਸਿੰਘ ਕਲਸੀ ਲੰਗਰ ਲੈ ਕੇ ਪਹੁੰਚੇ। ਕੇਸਰ ਸਿੰਘ ਧਾਲੀਵਾਲ, ਮੇਸ਼ੀ ਕੂਨਰ, ਸ਼ਿੰਦਰ ਪਾਹਲ, ਦਵਿੰਦਰ ਪਤਾਰਾ, ਜਸਵਿੰਦਰ ਬਿਲਗਾ, ਸੁੱਖਾ ਚੱਕਾਂ ਵਾਲਾ, ਜ਼ੈਲਾ, ਸਵਰਨਾ, ਗੋਪੀ ਆਪੋ ਆਪਣੀਆਂ ਸੇਵਾਵਾਂ ਨਿਭਾਉਂਦੇ ਰਹੇ। ਭਿੰਦਾ ਮੁਠੱਡਾ, ਸੋਖਾ ਢੇਸੀ, ਅਮਨ ਲੋਪੋ, ਦਵਿੰਦਰ ਚੜਿੱਕ, ਸਤਨਾਮ ਜੈਗੋ ਕੁਮੈਂਟਰੀ ਨਾਲ ਜਾਣਕਾਰੀ ਸਾਂਝੀ ਕਰਦੇ ਰਹੇ। ਸੱਤੀ ਨੇ ਸਾਰਾ ਦਿਨ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਯੂ ਟਿਊਬ ਚੈਨਲ ਰਾਹੀਂ ਦੇਸ਼ ਵਿਦੇਸ਼ ਬੈਠੇ ਦਰਸ਼ਕਾਂ ਨੂੰ ਇੰਗਲੈਂਡ ਦੀ ਕਬੱਡੀ ਦਾ ਅਨੰਦ ਦੇਣ ਦਾ ਯਤਨ ਕੀਤਾ। ਆਖਿਰ ਵਿੱਚ ਬਲਜਿੰਦਰਾ ਭਿੰਡਰ, ਕੰਮਾਂ ਔਜਲਾ ਅਤੇ ਸਮੂਹ ਪ੍ਰਬੰਧਕਾਂ ਨੇ ਦਰਸ਼ਕਾਂ ਅਤੇ ਕਬੱਡੀ ਕਲੱਬਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਕੁੱਲ ਮਿਲਾ ਕੇ ਮੇਲਾ ਹਰ ਪੱਖੋਂ ਕਾਮਯਾਬ ਰਿਹਾ। ਜਿਸ ਲਈ ਸੁਰਜਨ ਸਿੰਘ ਭਿੰਡਰ ਡਾਇਰੈਕਟਰ, ਜੱਗਾ ਚੀਮਾ ਡਾਇਰੈਕਟਰ, ਜੋਗਾ ਸਿੰਘ ਢਡਵਾੜ, ਸੁਰਿੰਦਰ ਪੱਥਰੀਆ, ਬਲਵੀਰ ਬੈਂਸ, ਲਾਲਾ ਧੂੜਕੋਟ, ਲਿਕਸੀ, ਪੰਮਾ, ਰਾਜਾ ਬੱਸੀਆਂ, ਧਰਮਾਂ ਤੂਰ, ਮਨਸੁੱਖ ਸਿੰਘ, ਸ਼ਿੰਗਾਰਾ ਸਿੰਘ, ਮੁਖਤਿਆਰ ਢਿੱਲੋਂ, ਗੁਰਜੰਟ ਸਿੰਘ ਬਾਘਾਪੁਰਾਣਾ, ਅਜੀਤ ਸਿੰਘ, ਚਮਕੌਰ ਸਿੰਘ, ਜੀਤਾ ਵਿਰਕ, ਪ੍ਰਭਜੋਤ ਸਿੰਘ, ਗੋਪੀ ਬਰਾੜ ਅਤੇ ਸਮੂਹ ਸਾਥੀ ਵਧਾਈ ਦੇ ਪਾਤਰ ਹਨ।

ਕੁਲਵਿੰਦਰ ਛੋਕਰ, ਹਰਜਿੰਦਰ ਬੋਈ ਨੇ ਡਰਬੀ ਟੂਰਨਾਮੈਂਟ ਲਈ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਅਗਲੇ ਹਫਤੇ ਸਾਰੀਆਂ ਟੀਮਾਂ ਦੇ ਖਿਡਾਰੀ ਪਹੁੰਚ ਜਾਣੇ ਹਨ ਅਤੇ ਡਰਬੀ ਵਿਖੇ ਗਹਿ ਗੱਚ ਮੁਕਾਬਲੇ ਹੋਣਗੇ।

## ਲਾਵਾਰਸ-ਬੇਘਰ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਦਾ ਮੁੰਬਈ ਵਿਖੇ ਹੋਇਆ ਵਿਸ਼ੇਸ਼ ਸਨਮਾਨ




ਡਾ. ਨੌਰੰਗ ਸਿੰਘ ਮਾਂਗਟ, ਉਹਨਾਂ ਦੀ ਪਤਨੀ ਪਰਮਜੀਤ ਕੌਰ ਮਾਂਗਟ ਅਤੇ ਮੁੰਬਈ ਸਮਾਗਮ ਦੇ ਪ੍ਰਬੰਧਕ

ਪਿਛਲੇ ਹਫਤੇ 4 ਮਈ 2025 ਨੂੰ ਮੁੰਬਈ ਵਿਖੇ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਵੱਲੋਂ ਮੁੰਬਈ ਦੀਆਂ ਹੋਰ ਸਿੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਸਮਾਗਮ ਦੌਰਾਨ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ ਟਰਾਫੀ, ਸ਼ਾਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ । ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 20 ਸਾਲਾਂ ਤੋਂ ਲਾਵਾਰਸ-ਬੇਘਰ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ। ਪੁਰਸਕਾਰ ਦੇਣ ਸਮੇਂ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਪੂਰਨ ਸਿੰਘ ਬਾਂਗਾ, ਪ੍ਰਧਾਨ ਐਚ. ਐਸ. ਮਹਿਤਾ, ਜਨਰਲ ਸੈਕਟਰੀ ਇੰਦਰਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਹੋਰ ਮੈਂਬਰ ਅਤੇ ਬਹੁਤ ਸਾਰੀਆਂ ਸਿੱਖ ਜੱਥੇਬੰਦੀਆਂ ਵੱਲੋਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ। ਇਹ ਸਮਾਗਮ ਮੁੰਬਈ ਵਿਖੇ ਗੁਰੂ ਨਾਨਕ ਖਾਲਸਾ ਕਾਲਜ ਦੇ ਆਡੀਟੋਰੀਅਮ ਵਿੱਚ ਆਯੋਜਤ ਕੀਤਾ ਗਿਆ ਸੀ।

ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੋਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਬੇਘਰ, ਲਾਵਾਰਸ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ । ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ। ਡਾ. ਨੌਰੰਗ ਸਿੰਘ ਮਾਂਗਟ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਹੁਣ 225 ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹਨਾਂ 'ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ 'ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਸਵਾ ਦੋ ਸੌ (225) ਲਾਵਾਰਸ-ਬੇਘਰ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ । ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ । ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ। ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ । ਸੇਵਾਦਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ । ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਤਿੰਨ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ।। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ (ਇੰਡੀਆ):95018-42505; ਕੈਨੇਡਾ: 403-401-8787 ।

* * * * * * * * *

## ਗਰੀਨ ਕਾਰਡ ਹੋਲਡਰਜ਼ ਨੂੰ ਟਰੰਪ ਸਰਕਾਰ ਦੀ ਨਵੀਂ ਚਿਤਾਵਨੀ




ਵਾਸ਼ਿੰਗਟਨ : ਅਮਰੀਕਾ ਦੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਗਰੀਨ ਕਾਰਡ ਹੋਲਡਰਜ਼ ਨੂੰ ਚਿਤਾਵਨੀ ਦਿਤੀ ਗਈ ਹੈ ਕਿ ਉਹ ਮੁਲਕ ਵਿਚ ਮਹਿਮਾਨ ਵਾਂਗ ਰਹਿਣ ਅਤੇ ਸਥਾਨਕ ਕਾਨੂੰਨ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਕਿਸੇ ਵੀ ਵੇਲੇ ਡਿਪੋਰਟ ਕੀਤਾ ਜਾ ਸਕਦਾ ਹੈ। ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਨੇ ਕਿਹਾ ਕਿ ਗਰੀਨ ਕਾਰਡ ਸਿਰਫ਼ ਉਨ੍ਹਾਂ ਲੋਕਾਂ ਵਾਸਤੇ ਹਨ ਜੋ ਮੁਲਕ ਨੂੰ ਬਿਹਤਰ ਬਣਾਉਣ ਵਿਚ ਯੋਗਦਾਨ ਪਾਉਣ, ਜਿਹੜੇ ਲੋਕ ਸਾਡੇ ਕਾਨੂੰਨ ਅਤੇ ਕਦਰਾਂ ਕੀਮਤਾਂ ਦਾ ਸਤਿਕਾਰ ਨਹੀਂ ਕਰਦੇ, ਉਨ੍ਹਾਂ ਨੂੰ ਇਥੇ ਰਹਿਣ ਦਾ ਕੋਈ ਹੱਕ ਨਹੀਂ। ਅਮਰੀਕਾ ਨੂੰ ਸੁਰੱਖਿਅਤ ਰੱਖਣ ਵਾਸਤੇ ਚੌਕਸੀ ਬੇਹੱਦ ਜ਼ਰੂਰੀ ਹੈ ਅਤੇ ਚੰਗਾ ਹੋਵੇਗਾ ਜੇ ਤੁਸੀਂ ਵਿਵਾਦਾਂ ਤੋਂ ਦੂਰ ਰਹੋ। ਇਥੇ ਦਸਣਾ ਬਣਦਾ ਹੈ ਕਿ ਟਰੰਪ ਸਰਕਾਰ ਅਮਰੀਕਾ ਵਿਚ ਕੈਚ ਐਂਡ ਰੀਵੋਕ ਨੀਤੀ ਲਾਗੂ ਕਰ ਚੁੱਕੀ ਹੈ ਅਤੇ ਇਸ ਅਧੀਨ ਗਰੀਨ ਕਾਰਡ ਵਾਲਿਆਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਨਵੀਂ ਨੀਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਮਰੀਕਾ ਵਿਚ ਮੌਜੂਦ ਕੋਈ ਵੀ ਸ਼ਖਸ ਜੋ ਇਥੋਂ ਦਾ ਨਾਗਰਿਕ ਨਹੀਂ, ਉਸ ਨੂੰ ਕਾਨੂੰਨ ਤੋੜਨ ਦੀ ਸਖ਼ਤ ਸਜ਼ਾ ਮਿਲੇਗੀ ਅਤੇ ਇੰਮੀਗ੍ਰੇਸ਼ਨ ਸਟੇਟਸ ਰੱਦ ਕਰ ਦਿਤਾ ਜਾਵੇਗਾ। ਦੱਸ ਦੇਈਏ ਕਿ ਅਤੀਤ ਵਿਚ ਗਰੀਨ ਕਾਰਡ ਰੱਦ ਹੋਣ ਤੇ ਅਦਾਲਤ ਵਿਚ ਚੁਣੌਤੀ ਦਿਤੀ ਜਾ ਸਕਦੀ ਸੀ ਪਰ ਹੁਣ ਅਜਿਹਾ ਕੋਈ ਰਾਹ ਖੁੱਲ੍ਹਾ ਨਹੀਂ ਰੱਖਿਆ ਗਿਆ।

## ਅਮਰੀਕਾ 'ਚ 12 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ

ਵਾਸ਼ਿੰਗਟਨ : ਅਮਰੀਕਾ ਵਿਚ 12 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ ਪਰ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਾਲਿਆਂ ਨੂੰ ਧਰਤੀ ਤੇ ਜਗ੍ਹਾ ਨਹੀਂ ਲੱਭ ਰਹੀ ਜਿਥੇ ਇਨ੍ਹਾਂ ਨੂੰ ਭੇਜਿਆ ਜਾ ਸਕੇ। ਦੂਜੇ ਪਾਸੇ ਟਰੰਪ ਸਰਕਾਰ ਨੂੰ ਪ੍ਰਵਾਨ ਕਰਨਾ ਪਿਆ ਕਿ ਯੂ.ਐਸ. ਸਿਟੀਜ਼ਨਜ਼ ਨੂੰ ਡਿਪੋਰਟ ਕਰਨ ਦਾ ਉਨ੍ਹਾਂ ਕੋਲ ਕੋਈ ਹੱਕ ਨਹੀਂ। ਜੀ ਹਾਂ, ਡੌਨਲਡ ਟਰੰਪ ਦੀ ਇੰਮੀਗ੍ਰੇਸ਼ਨ ਮੰਤਰੀ ਕ੍ਰਿਸਟੀ ਨੋਇਮ ਨੇ ਸੰਸਦ ਦੀ ਇਕ ਸਬ-ਕਮੇਟੀ ਅੱਗੇ ਪੇਸ਼ ਹੁੰਦਿਆਂ ਦੱਸਿਆ ਕਿ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਵਾਸਤੇ ਕਈ ਮੁਲਕਾਂ ਨਾਲ ਗੱਲਬਾਤ ਚੱਲ ਰਹੀ ਹੈ। ਟਰੰਪ ਦੇ ਡਿਪੋਰਟੇਸ਼ਨ ਪ੍ਰੋਗਰਾਮ ਬਾਰੇ ਕ੍ਰਿਸਟੀ ਨੋਇਮ ਨੂੰ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਸਬ-ਕਮੇਟੀ ਵਿਚ ਡੈਮੋਕ੍ਰੈਟਿਕ ਪਾਰਟੀ ਦੀ ਮੈਂਬਰ ਲੌਰਨ ਅੰਡਰਵੁੱਡ ਨੇ ਹਰ ਸਵਾਲ ਤੇ ਘੇਰਨ ਦਾ ਯਤਨ ਕੀਤਾ।

## -ਮਾਮਲਾ ਪਾਕਿ ਵੱਲੋਂ ਭਾਰਤੀ ਜਹਾਜ਼ ਮਾਰ ਡੇਗਣ ਦੇ ਦਾਅਵੇ ਦੀ ਖਬਰ ਦਾ-


# ਮੋਦੀ ਸਰਕਾਰ ਨੇ 'ਦ ਵਾਇਰ' ਨੂੰ ਜਾਮ ਕਰਕੇ ਪ੍ਰੈਸ ਦੀ ਆਜ਼ਾਦੀ ਨੂੰ ਦਬਾਇਆ

### ✪ ਸੀਐਨਐਨ ਦੀ ਰਿਪੋਰਟ 'ਤੇ ਆਧਾਰਿਤ ਸੀ ਇਹ ਖਬਰ ਜੋ ਦੇਸ਼ ਵਿਦੇਸ਼ ਮੀਡੀਆ ਵਿਚ ਵੀ ਛਪੀ

ਮੋਦੀ ਸਰਕਾਰ ਨੇ 8 ਮਈ 2025 ਦੀ ਰਾਤ ਨੂੰ ਸੁਤੰਤਰ ਮੀਡੀਆ ਅਦਾਰੇ 'ਦ ਵਾਇਰ' ਦੀ ਵੈਬਸਾਈਟ 'ਤੇ ਪਾਬੰਦੀ ਲਾ ਦਿੱਤੀ ਸੀ। ਇਹ ਕਾਰਵਾਈ ਸੂਚਨਾ ਤਕਨਾਲੋਜੀ ਐਕਟ, 2000 ਦੇ ਤਹਿਤ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਤੇ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਹੁਕਮਾਂ 'ਤੇ ਹੋਈ। ਪਾਬੰਦੀ ਦਾ ਕਾਰਨ ਇੱਕ ਖਬਰ ਸੀ, ਜੋ ਸੀਐਨਐਨ ਦੀ ਰਿਪੋਰਟ 'ਤੇ ਆਧਾਰਿਤ ਸੀ।

ਇਸ ਖਬਰ ਵਿਚ ਪਾਕਿਸਤਾਨ ਵੱਲੋਂ ਭਾਰਤੀ ਰਾਫੇਲ ਜਹਾਜ਼ ਮਾਰ ਡੇਗਣ ਦੇ ਦਾਅਵੇ ਦਾ ਜ਼ਿਕਰ ਸੀ, ਜੋ 8 ਮਈ 2025 ਨੂੰ ਸਵੇਰੇ 3:47 ਵਜੇ ਛਪੀ ਸੀ।ਸਰਕਾਰ ਨੇ ਕਿਹਾ ਕਿ ਤਕਨੀਕੀ ਮਜਬੂਰੀਆਂ ਕਾਰਨ ਸਿਰਫ ਉਸ ਖਬਰ ਨੂੰ ਬੰਦ ਨਹੀਂ ਕੀਤਾ ਜਾ ਸਕਦਾ ਸੀ, ਇਸ ਲਈ ਪੂਰੀ ਵੈਬਸਾਈਟ 'ਤੇ ਪਾਬੰਦੀ ਲਾਈ ਗਈ।

'ਦ ਵਾਇਰ' ਨੂੰ 9 ਮਈ 2025 ਦੀ ਰਾਤ 9:41 ਵਜੇ ਮੰਤਰਾਲੇ ਤੋਂ ਈਮੇਲ ਮਿਲੀ, ਜਿਸ ਵਿਚ ਖਬਰ ਹਟਾਉਣ ਅਤੇ ਵੈਬਸਾਈਟ ਅਨਬਲੌਕ ਕਰਨ ਦੀ ਮੰਗ ਸੀ। 'ਦ ਵਾਇਰ' ਦੇ ਸੰਸਥਾਪਕ ਸੰਪਾਦਕ ਸਿਧਾਰਥ ਵਰਦਰਾਜਨ ਨੇ ਤੁਰੰਤ ਖਬਰ ਹਟਾ ਕੇ ਮੰਤਰਾਲੇ ਨੂੰ ਸੂਚਿਤ ਕੀਤਾ, ਪਰ 12 ਘੰਟਿਆਂ ਬਾਅਦ ਵੀ ਦੇਸ਼ ਦੇ ਕਈ ਹਿੱਸਿਆਂ ਵਿਚ ਵੈਬਸਾਈਟ ਪੂਰੀ ਤਰ੍ਹਾਂ ਬਹਾਲ ਨਹੀਂ ਕੀਤੀ। 'ਦ ਵਾਇਰ' ਨੇ ਇਸ ਕਾਰਵਾਈ ਨੂੰ "ਪ੍ਰੈਸ ਦੀ ਸੁਤੰਤਰਤਾ ਦੀ ਸੰਵਿਧਾਨਕ ਗਾਰੰਟੀ ਦੀ ਉਲੰਘਣਾ" ਅਤੇ "ਮਨਮਾਨੀ ਸੈਂਸਰਸ਼ਿਪ" ਕਰਾਰ ਦਿੱਤਾ। ਵਰਦਰਾਜਨ ਨੇ ਕਿਹਾ ਕਿ ਆਈਟੀ ਕਾਨੂੰਨ ਮੁਤਾਬਕ, ਸਰਕਾਰ ਨੂੰ ਪਹਿਲਾਂ ਨੋਟਿਸ ਦੇਣਾ ਚਾਹੀਦਾ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ




ਸੀਐਨਐਨ ਦੀ ਮੂਲ ਰਿਪੋਰਟ ਅਤੇ ਹੋਰ ਅੰਤਰਰਾਸ਼ਟਰੀ ਮੀਡੀਆ ਦੀਆਂ ਸਮਾਨ ਖਬਰਾਂ ਭਾਰਤ 'ਚ ਉਪਲਬਧ ਹਨ, ਪਰ ਸਿਰਫ 'ਦ ਵਾਇਰ' ਨੂੰ ਨਿਸ਼ਾਨਾ ਬਣਾਇਆ ਗਿਆ।

ਇਥੇ ਜ਼ਿਕਰਯੋਗ ਹੈ ਕਿ ਸੀਐਨਐਨ ਅਮਰੀਕਨ ਮੀਡੀਆ ਅਨੁਸਾਰ ਪਾਕਿਸਤਾਨ ਨੇ 7 ਮਈ 2025 ਨੂੰ ਪੰਜ ਭਾਰਤੀ ਜੰਗੀ ਜਹਾਜ਼ਾਂ, ਜਿਨ੍ਹਾਂ ਵਿਚ ਤਿੰਨ ਰਾਫੇਲ, ਇੱਕ ਮਿਗ-29 ਅਤੇ ਇੱਕ ਸੁਖੋਈ ਸੁ-30 ਸ਼ਾਮਲ ਸਨ, ਮਾਰ ਡੇਗਣ ਦਾ ਦਾਅਵਾ ਕੀਤਾ ਸੀ। ਇਹ ਕਾਰਵਾਈ ਭਾਰਤ ਦੇ 'ਆਪ੍ਰੇਸ਼ਨ ਸਿੰਦੂਰ' ਦੇ ਜਵਾਬ ਵਿਚ ਸੀ, ਜਿਸ ਵਿਚ ਭਾਰਤ ਨੇ ਪਾਕਿਸਤਾਨ ਅਤੇ ਪੀਓਕੇ 'ਚ ਅੱਤਵਾਦੀ ਠਿਕਾਣਿਆਂ 'ਤੇ ਹਮਲੇ ਕੀਤੇ ਸਨ। ਇਹ ਹਮਲੇ 22 ਅਪ੍ਰੈਲ 2025 ਨੂੰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿਚ ਸਨ, ਜਿਸ ਵਿਚ 26 ਨਾਗਰਿਕ ਮਾਰੇ ਗਏ ਸਨ। ਸੀਐਨਐਨ ਨੇ ਫ੍ਰੈਂਚ ਖੁਫੀਆ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਸੀ ਕਿ ਪਾਕਿਸਤਾਨ ਨੇ ਘੱਟੋ-ਘੱਟ ਇੱਕ ਰਾਫੇਲ ਜਹਾਜ਼ ਮਾਰਿਆ, ਜੋ ਇਸ ਜਹਾਜ਼ ਦਾ ਪਹਿਲਾ ਜੰਗੀ ਨੁਕਸਾਨ ਸੀ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਅਤੇ ਫੌਜੀ ਬੁਲਾਰੇ ਨੇ ਦਾਅਵਾ ਕੀਤਾ ਸੀ ਕਿ ਇਹ "ਸਵੈ-ਰੱਖਿਆ" ਸੀ। ਪਰ, ਸੀਐਨਐਨ ਨੇ ਕਿਹਾ ਸੀ ਕਿ ਉਹ ਇਨ੍ਹਾਂ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਨਹੀਂ ਕਰ ਸਕਦੀ। ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਬਠਿੰਡਾ ਵਿਚ ਜਹਾਜ਼ਾਂ ਦੇ ਮਲਬੇ ਦੀਆਂ ਤਸਵੀਰਾਂ ਸਾਹਮਣੇ ਆਈਆਂ ਸਨ, ਜਿਨ੍ਹਾਂ ਵਿਚ ਫ੍ਰੈਂਚ ਨਿਰਮਾਤਾ ਦੇ ਲੇਬਲ ਵਾਲੇ ਹਿੱਸੇ ਦਿਖੇ। ਪਰ, ਮਾਹਿਰਾਂ ਨੇ ਕਿਹਾ ਸੀ ਕਿ ਇਹ ਸਿਰਫ ਮਲਬੇ ਦੇ ਹਿੱਸੇ (ਜਿਵੇਂ ਬਾਹਰੀ ਈਂਧਨ ਟੈਂਕ) ਹੋ ਸਕਦੇ ਹਨ, ਨਾ ਕਿ ਪੂਰਾ ਜਹਾਜ਼। ਸਮਾਜਿਕ ਮੀਡੀਆ 'ਤੇ ਵੀ ਕਈ ਤਸਵੀਰਾਂ ਅਤੇ ਵੀਡੀਓ ਸਾਂਝੇ ਹੋਏ, ਪਰ ਪੀਆਈਬੀ ਨੇ ਇਨ੍ਹਾਂ ਨੂੰ ਗਲਤ ਕਰਾਰ ਦਿੱਤਾ।

ਹੈਰਾਨੀ ਦੀ ਗੱਲ ਇਹ ਹੈ ਕਿ ਕਈ ਟੀਵੀ ਚੈਨਲਾਂ ਨੇ ਗੁੰਮਰਾਹਕੁੰਨ ਖਬਰਾਂ (ਜਿਵੇਂ ਕਰਾਚੀ 'ਤੇ ਹਮਲਾ) ਚਲਾਈਆਂ ਗਈਆਂ, ਪਰ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋਈ। ਸਰਕਾਰ ਦਾ ਤਰਕ ਹੋ ਸਕਦਾ ਹੈ ਕਿ ਖਬਰ ਰਾਸ਼ਟਰੀ ਸੁਰੱਖਿਆ ਲਈ ਸੰਵੇਦਨਸ਼ੀਲ ਸੀ, ਪਰ ਪਾਰਦਰਸ਼ਤਾ ਦੀ ਘਾਟ ਅਤੇ ਚੋਣਵੀਂ ਕਾਰਵਾਈ ਨੇ ਇਸ ਕਦਮ ਨੂੰ ਵਿਵਾਦਤ ਬਣਾਇਆ। 'ਦ ਵਾਇਰ' ਨੇ ਇਸ ਨੂੰ ਕਾਨੂੰਨੀ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ।

ਕਾਂਗਰਸ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਇਸ ਪਾਬੰਦੀ ਨੂੰ "ਸੰਵਿਧਾਨ 'ਤੇ ਹਮਲਾ" ਕਿਹਾ, ਜਦ ਕਿ ਸੁਪ੍ਰੀਆ ਸ਼੍ਰੀਨੇਤ ਨੇ ਇਸ ਨੂੰ "ਤਾਨਾਸ਼ਾਹੀ" ਕਰਾਰ ਦਿੱਤਾ।

ਸੀਪੀਆਈ(ਐਮ) ਦੇ ਨੇਤਾ ਸੀਤਾਰਾਮ ਯੇਚੁਰੀ ਨੇ ਕਿਹਾ ਸੀ ਕਿ ਇਹ ਸਰਕਾਰ ਦੀ "ਸੰਵਿਧਾਨ ਵਿਰੋਧੀ" ਨੀਤੀਆਂ ਦਾ ਹਿੱਸਾ ਹੈ।

ਬੁੱਧੀਜੀਵੀ ਪ੍ਰਸ਼ਾਂਤ ਭੂਸ਼ਣ ਨੇ ਇਸ ਨੂੰ "ਸੈਂਸਰਸ਼ਿਪ" ਅਤੇ ਅਰੁੰਧਤੀ ਰਾਏ ਨੇ "ਫਾਸ਼ੀਵਾਦੀ ਸੋਚ" ਦਾ ਪ੍ਰਤੀਕ ਕਿਹਾ। ਰਾਜਦੀਪ ਸਰਦੇਸਾਈ ਨੇ ਸਵਾਲ ਕੀਤਾ ਕਿ ਸੀਐਨਐਨ 'ਤੇ ਰੋਕ ਨਹੀਂ, ਤਾਂ 'ਦ ਵਾਇਰ' 'ਤੇ ਕਿਉਂ?

ਐਡੀਟਰਜ਼ ਗਿਲਡ ਆਫ ਇੰਡੀਆ: ਗਿਲਡ ਨੇ ਪਾਬੰਦੀ ਦੀ ਨਿਖੇਧੀ ਕਰਦਿਆਂ ਵੈਬਸਾਈਟ ਬਹਾਲ ਕਰਨ ਦੀ ਮੰਗ ਕੀਤੀ।

ਦ ਵਾਇਰ' 'ਤੇ ਪਾਬੰਦੀ ਨੇ ਭਾਰਤ 'ਚ ਪ੍ਰੈਸ ਦੀ ਸੁਤੰਤਰਤਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਸੀਐਨਐਨ ਦੀ ਰਿਪੋਰਟ ਵਿਚ ਪਾਕਿਸਤਾਨ ਦੇ ਦਾਅਵੇ ਜੋ ਵਿਵਾਦਤ ਸਨ, ਪਰ ਸਰਕਾਰ ਦੀ ਚੋਣਵੀਂ ਅਤੇ ਗੈਰ-ਪਾਰਦਰਸ਼ੀ ਕਾਰਵਾਈ ਨੇ ਇਸ ਮੁੱਦੇ ਨੂੰ ਹੋਰ ਗੰਭੀਰ ਕਰ ਦਿੱਤਾ।

'ਦ ਵਾਇਰ' ਦੀ ਕਾਨੂੰਨੀ ਲੜਾਈ ਅਤੇ ਰਾਜਨੀਤਕ-ਸਮਾਜਿਕ ਪ੍ਰਤੀਕਿਰਿਆਵਾਂ ਨੇ ਮੀਡੀਆ ਦੀ ਆਜ਼ਾਦੀ ਦੀ ਚਰਚਾ ਨੂੰ ਤਿੱਖਾ ਕਰ ਦਿੱਤਾ ਹੈ।

## ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਮੋਹਨ ਸਿੰਘ ਦਾ ਕੈਨੇਡਾ ਵਿੱਚ ਦੇਹਾਂਤ



ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਮੋਹਨ ਸਿੰਘ ਦਾ ਕੈਨੇਡਾ ਦੇ ਵੈਨਕੂਵਰ ਵਿੱਚ ਅਕਾਲ ਚਲਾਣਾ ਹੋ ਗਿਆ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਰੂਬੀ ਨੇ ਦੱਸਿਆ ਕਿ ਗਿਆਨੀ ਮੋਹਨ ਸਿੰਘ 2003 ਵਿੱਚ ਸੇਵਾ ਮੁਕਤ ਹੋਏ ਸਨ ਅਤੇ ਬਾਅਦ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਕਰਨ ਦੀ ਸੇਵਾ ਸੌਂਪੀ ਗਈ ਸੀ। ਉਨ੍ਹਾਂ ਨੇ ਆਪਣੀ ਕੋਠੀ ਵੀ ਸ੍ਰੀ ਦਰਬਾਰ ਸਾਹਿਬ ਦੇ ਨਾਂਅ ਕੀਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ, ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਝਰ ਅਤੇ ਹੋਰ ਸਿੱਖ ਆਗੂਆਂ ਨੇ ਗਿਆਨੀ ਮੋਹਨ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੀ ਸੇਵਾ ਅਤੇ ਸਿੱਖ ਪੰਥ ਪ੍ਰਤੀ ਸਮਰਪਣ ਨੂੰ ਯਾਦ ਕਰਦਿਆਂ ਸੰਗਤ ਨਾਲ ਹਮਦਰਦੀ ਪ੍ਰਗਟ ਕੀਤੀ।

## ਆਰਡੀਐਕਸ ਤੇ ਹਥਿਆਰਾਂ ਦਾ ਭੰਡਾਰ ਪੰਜਾਬ, ਪੁਲਸ ਨੇ ਫੜਿਆ, ਡੀਜੀਪੀ ਨੇ ਕੀਤਾ ਖੁਲਾਸਾ

ਅੰਮ੍ਰਿਤਸਰ-ਇੱਕ ਸਾਂਝੇ ਆਪ੍ਰੇਸ਼ਨ 'ਚ ਸੀਮਾ ਸੁਰੱਖਿਆ ਬਲ ਅਤੇ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਸਾਂਝੇ ਤੌਰ 'ਤੇ ਅਤੇ ਸਫਲਤਾਪੂਰਵਕ ਸਰਹੱਦ ਪਾਰ ਡਰੋਨ-ਅਧਾਰਤ ਤਸਕਰੀ ਦੀ ਇੱਕ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ 10 ਮਈ, 2025 ਨੂੰ, ਪਿੰਡ ਚੱਕ ਬਾਲਾ (ਪੀਐਸ ਅਜਨਾਲਾ ਅਧੀਨ) ਦੇ ਨੇੜੇ ਸੁਚੇਤ ਸਥਾਨਕ ਲੋਕਾਂ ਤੋਂ ਮਿਲੀ ਜਾਣਕਾਰੀ



'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਸਾਡੀਆਂ ਟੀਮਾਂ ਨੇ ਖੇਤਾਂ ਤੋਂ ਹਥਿਆਰਾਂ ਅਤੇ ਵਿਸਫੋਟਕਾਂ ਦੀ ਇੱਕ ਖੇਪਚਾਰ ਮੈਗਜ਼ੀਨਾਂ ਦੇ ਨਾਲ ਦੋ .30 ਕੈਲੀਬਰ ਪਿਸਤੌਲ, 30 ਜ਼ਿੰਦਾ ਕਾਰਤੂਸ, ਦੋ ਹੈਂਡ ਗ੍ਰਨੇਡ, ਦੋ ਲੀਵਰ ਡੈਟੋਨੇਟਰ, ਰਿਮੋਟ ਕੰਟਰੋਲ ਡਿਵਾਈਸ ਅਤੇ ਚਾਰਜਰ, ਕਮਾਂਡ ਮਕੈਨਿਜ਼ਮ, ਅੱਠ ਬੈਟਰੀਆਂ, ਬਲੈਕ ਬਾਕਸ ਤੇ 972 ਗ੍ਰਾਮ ਆਰਡੀਐਕਸ ਬਰਾਮਦ ਕੀਤੀ। ਡੀ. ਜੀ. ਪੀ. ਨੇ ਦੱਸਿਆ ਕਿ ਵਿਸਫੋਟਕ ਪਦਾਰਥ ਐਕਟ, ਆਰਮਜ਼ ਐਕਟ ਅਤੇ ਏਅਰਕ੍ਰਾਫਟ ਐਕਟ ਤਹਿਤ ਐਫਆਈਆਰ ਦਰਜ ਕੀਤੀ ਗਈ ਹੈ।

# ਭਾਰਤ-ਪਾਕਿ ਤਣਾਅ ਦੌਰਾਨ ਬਲੈਕਆਊਟ ਅਭਿਆਸ ਵਿਚ 54 ਸਾਲਾਂ ਬਾਅਦ ਦਰਬਾਰ ਸਾਹਿਬ ਵਿਚ ਲਾਈਟਾਂ ਬੰਦ

**✪ ਸ਼੍ਰੋਮਣੀ ਕਮੇਟੀ ਦੀ ਸੰਗਤ ਨੂੰ ਸਹਿਯੋਗ ਦੀ ਮੰਗ ✪ ਜਥੇਦਾਰ ਵਲੋਂ ਅਮਨ ਦੀ ਅਪੀਲ, ਭਾਰਤ-ਪਾਕਿ ਝੜਪਾਂ ਦੀ ਨਿਖੇਧੀ**

ਅੰਮ੍ਰਿਤਸਰ-54 ਸਾਲ ਪਹਿਲਾਂ 1971 ਦੀ ਭਾਰਤ-ਪਾਕਿ ਜੰਗ ਮਗਰੋਂ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਦੀਆਂ ਲਾਈਟਾਂ ਪਿਛਲੇ ਦਿਨੀਂ ਰਾਤ ਦੌਰਾਨ ਬੰਦ ਕੀਤੀਆਂ ਗਈਆਂ। ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਕਾਰਨ ਅੰਮ੍ਰਿਤਸਰ ਵਿਚ ਬਲੈਕਆਊਟ ਦਾ ਅਭਿਆਸ ਹੋਇਆ, ਜਿਸ ਦੌਰਾਨ ਰਾਤ 10:30 ਤੋਂ 11 ਵਜੇ ਤੱਕ ਪਰਿਕਰਮਾ ਅਤੇ ਆਲੇ-ਦੁਆਲੇ ਦੀਆਂ ਲਾਈਟਾਂ ਬੰਦ ਰਹੀਆਂ। ਸੱਚਖੰਡ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਵਾਲੀ ਥਾਂ 'ਤੇ ਲਾਈਟਾਂ ਮੱਧਮ ਕੀਤੀਆਂ ਗਈਆਂ, ਜਦਕਿ ਅਖੰਡ ਪਾਠ ਵਾਲੀਆਂ ਥਾਵਾਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ। ਦਰਬਾਰ ਸਾਹਿਬ 'ਚ ਰਾਤ ਵੇਲੇ ਲਾਈਟਾਂ ਬੰਦ ਹੋਣ ਦੀ ਇਹ ਪਹਿਲੀ ਮੁੱਖ ਘਟਨਾ ਹੈ, ਜੋ 1971 ਦੀ ਜੰਗ ਮਗਰੋਂ ਵਾਪਰੀ। 1971 ਵਿਚ ਵੀ ਜੰਗ ਦੇ ਮੱਦੇਨਜ਼ਰ ਸੁਰੱਖਿਆ ਕਾਰਨਾਂ ਕਰਕੇ ਅਜਿਹਾ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਰਕਾਰੀ ਨਿਰਦੇਸ਼ਾਂ ਮੁਤਾਬਕ ਇਹ ਅਭਿਆਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਨੇ ਸੰਗਤ ਨੂੰ ਸਹਿਯੋਗ ਦੀ ਅਪੀਲ ਕੀਤੀ। ਸੰਗਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਅਫਰਾ-ਤਫਰੀ ਤੋਂ ਬਚਣ ਲਈ ਇਹ



ਅਪੀਲ ਜ਼ਰੂਰੀ ਸੀ। ਪਰ ਸੰਗਤ ਦੀ ਗਿਣਤੀ 'ਚ ਕਮੀ ਜਾਂ ਰੋਕ ਬਾਰੇ ਸ਼੍ਰੋਮਣੀ ਕਮੇਟੀ ਨੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ।

ਜਥੇਦਾਰ ਵਲੋਂ ਅਮਨ ਦੀ ਅਪੀਲ-ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ-ਪਾਕਿ ਤਣਾਅ ਅਤੇ ਪੁਣਛ ਵਿਚ ਹਮਲਿਆਂ ਦੀ ਨਿਖੇਧੀ ਕਰਦਿਆਂ ਦੋਵਾਂ ਸਰਕਾਰਾਂ ਨੂੰ ਸ਼ਾਂਤੀ ਲਈ ਯਤਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਪੁਣਛ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 'ਤੇ ਹਮਲੇ ਅਤੇ ਤਿੰਨ ਸਿੱਖਾਂ ਸਮੇਤ ਹੋਰਨਾਂ ਦੀ ਮੌਤ ਦਾ ਜ਼ਿਕਰ ਕਰਦਿਆਂ ਜੰਗ ਦੇ ਖ਼ਤਰੇ ਤੋਂ ਬਚਣ ਦੀ ਅਪੀਲ ਕੀਤੀ। ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਸੰਗਤ ਦੀ ਸੁਰੱਖਿਆ ਅਤੇ ਸ਼ਾਂਤੀ ਲਈ ਠੋਸ ਨੀਤੀ ਬਣਾਉਣ ਦੀ ਸਲਾਹ ਦਿੱਤੀ। ਜਥੇਦਾਰ ਦਾ ਜੰਗ ਵਿਰੋਧ ਸਿੱਖ ਸਿਧਾਂਤਾਂ 'ਚ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਨਾਲ ਜੁੜਿਆ ਹੈ। ਜਥੇਦਾਰ ਦੀ ਅਮਨ ਅਪੀਲ ਸਿੱਖ ਸਿਧਾਂਤਾਂ ਨੂੰ ਮਜ਼ਬੂਤ ਕਰਦੀ ਹੈ, ਪਰ ਇਸ ਦੀ ਸਫਲਤਾ ਸਰਕਾਰਾਂ ਦੀ ਨੀਤੀਆਂ 'ਤੇ ਨਿਰਭਰ ਕਰਦੀ ਹੈ।


## ਵਿਰਾਟ ਕੋਹਲੀ ਦੇ ਕੱਟਆਊਟ ਸਾਹਮਣੇ ਬੱਕਰੇ ਦੀ ਬਲੀ

**✪ ਤਿੰਨ ਆਰਸੀਬੀ ਪ੍ਰਸ਼ੰਸਕ ਗ੍ਰਿਫ਼ਤਾਰ**



ਕਰਨਾਟਕ-ਕਰਨਾਟਕ ਦੇ ਮਰੀਅਮਮਨਹੱਲੀ ਪਿੰਡ ਵਿੱਚ, ਤਿੰਨ ਆਰਸੀਬੀ ਪ੍ਰਸ਼ੰਸਕਾਂ ਨੂੰ ਵਿਰਾਟ ਕੋਹਲੀ ਦੇ ਕੱਟਆਊਟ ਸਾਹਮਣੇ ਬੱਕਰੇ ਦੀ ਬਲੀ ਦੇਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਘਟਨਾ 3 ਮਈ, 2025 ਨੂੰ ਸੀਐਸਕੇ 'ਤੇ ਆਰਸੀਬੀ ਦੀ ਜਿੱਤ ਦੇ ਜਸ਼ਨ ਦੌਰਾਨ ਵਾਪਰੀ। ਪ੍ਰਸ਼ੰਸਕਾਂ ਨੇ ਬੱਕਰੇ ਦਾ ਖੂਨ ਕੋਹਲੀ ਦੇ ਪੋਸਟਰ 'ਤੇ ਲਗਾਇਆ, ਜਿਸ ਦੀ ਵੀਡੀਓ ਵਾਇਰਲ ਹੋਣ 'ਤੇ ਪੁਲਿਸ ਨੇ ਸੰਨਾ ਪਲਾਇਆ, ਜਯੰਨਾ ਅਤੇ ਤਿੱਪੇ ਸਵਾਮੀ ਨੂੰ ਜਾਨਵਰਾਂ ਨਾਲ ਬੇਰਹਿਮੀ ਦੇ ਕਾਨੂੰਨ ਅਧੀਨ ਗ੍ਰਿਫ਼ਤਾਰ ਕੀਤਾ। ਭਾਰਤ-ਪਾਕਿਸਤਾਨ ਤਣਾਅ ਦਰਮਿਆਨ ਆਈਪੀਐਲ 2025 ਮੁਲਤਵੀ ਹੋਣ ਨਾਲ ਇਹ ਘਟਨਾ ਪ੍ਰਸ਼ੰਸਕਾਂ ਦੀ ਅਤਿ-ਉਤਸ਼ਾਹੀ ਕਾਰਵਾਈਆਂ 'ਤੇ ਸਵਾਲ ਉਠਾਉਂਦੀ ਹੈ। ਦੋਸ਼ੀ ਵਿਰਾਟ ਕੋਹਲੀ ਦੇ ਹੱਕ ਵਿੱਚ ਸਨ। ਉਨ੍ਹਾਂ ਨੇ ਸੀਐਸਕੇ 'ਤੇ ਆਰਸੀਬੀ ਦੀ ਜਿੱਤ ਦੇ ਜਸ਼ਨ ਵਜੋਂ ਕੋਹਲੀ ਪ੍ਰਤੀ ਸ਼ਰਧਾ ਦਿਖਾਉਂਦਿਆਂ ਇਹ ਕਾਰਵਾਈ ਕੀਤੀ ਸੀ।

## ਕਪੂਰਥਲਾ ਵਿੱਚ ਪਤੀ ਵੱਲੋਂ ਨਾਜਾਇਜ਼ ਸਬੰਧਾਂ ਦੇ ਸ਼ੱਕ ਵਿੱਚ ਪਤਨੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ



ਕਪੂਰਥਲਾ-ਕਪੂਰਥਲਾ ਦੇ ਪਿੰਡ ਧਾਲੀਵਾਲ ਬੇਟ ਵਿੱਚ ਅੰਮ੍ਰਿਤਪਾਲ ਸਿੰਘ ਨੇ ਆਪਣੀ ਪਤਨੀ ਰਾਜਵੀਰ ਕੌਰ (28) ਦਾ ਕਥਿਤ ਨਾਜਾਇਜ਼ ਸਬੰਧਾਂ ਦੇ ਸ਼ੱਕ ਵਿੱਚ ਗਲਾ ਘੁੱਟ ਕੇ ਕਤਲ ਕਰ ਦਿੱਤਾ। ਮੁਲਜ਼ਮ ਦੀ ਮਾਂ ਮਨਜਿੰਦਰ ਕੌਰ ਨੇ ਸ਼ੱਕ ਦੀ ਗੱਲ ਸਾਂਝੀ ਕੀਤੀ ਸੀ। ਪੁਲੀਸ ਨੇ ਮਨਜਿੰਦਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅੰਮ੍ਰਿਤਪਾਲ ਦੀ ਭਾਲ ਜਾਰੀ ਹੈ।

## ਪੁਲਿਸ ਨੇ ਫਿਲੌਰ ਵਿਖੇ ਨਸ਼ਾ ਤਸਕਰ ਵਿਜੇ ਮਸੀਹ ਦੀ ਜਾਇਦਾਦ ਢਾਹੀ, ਲੋਕਾਂ ਨੇ ਵੰਡੇ ਲੱਡੂ

**✪ ਮੁਲਜ਼ਮ ਵਿਜੇ ਮਸੀਹ ਖ਼ਿਲਾਫ਼ ਨਸ਼ਾ ਤਸਕਰੀ ਦੇ ਦਰਜ ਹਨ 21 ਮਾਮਲੇ**



ਫਿਲੌਰ-ਸ਼ਹਿਰ ਦੇ ਉੱਚੀ ਘਾਟੀ ਮੁਹੱਲਾ ਵਾਸੀ ਨਸ਼ਾ ਤਸਕਰ ਵਿਜੇ ਮਸੀਹ ਦੀ ਗ਼ੈਰ-ਕਾਨੂੰਨੀ ਜਾਇਦਾਦ 'ਤੇ ਬੀਤੇ ਦਿਨੀ ਜ਼ਿਲ੍ਹਾ ਦਿਹਾਤੀ ਪੁਲਿਸ ਨੇ ਐੱਸਐੱਸਪੀ ਹਰਵਿੰਦਰ ਸਿੰਘ ਵਿਰਕ ਦੀ ਨਿਗਰਾਨੀ ਹੇਠ ਪੀਲਾ ਪੰਜਾ ਚਲਾਇਆ। ਜੇਸੀਬੀ ਦੀ ਮਦਦ ਨਾਲ ਨਸ਼ਾ ਤਸਕਰ ਦੀ ਨਾਜਾਇਜ਼ ਜਾਇਦਾਦ ਢਾਹ ਦਿੱਤੀ ਗਈ। ਇਸ ਮੌਕੇ ਪੁਲਿਸ ਅਧਿਕਾਰੀ ਤੇ ਮੁਲਾਜ਼ਮ ਮੌਜੂਦ ਸਨ। ਓਧਰ ਨਸ਼ਾ ਤਸਕਰ ਖ਼ਿਲਾਫ਼ ਪੁਲਿਸ ਦੀ ਇਸ ਕਾਰਵਾਈ ਦਾ ਸਵਾਗਤ ਕਰਦਿਆ ਲੋਕਾਂ ਨੇ ਲੱਡੂ ਵੰਡ ਕੇ ਖੁਸ਼ੀ ਮਨਾਈ। ਇਸ ਮੌਕੇ ਐੱਸਐੱਸਪੀ ਹਰਵਿੰਦਰ ਸਿੰਘ ਵਿਰਕ ਨੇ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਨਸ਼ਿਆਂ ਵਿਰੁੱਧ ਲੜਾਈ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਵਿਜੇ ਮਸੀਹ ਵਾਸੀ ਉੱਚੀ ਘਾਟੀ ਖਿਲਾਫ਼ ਵੱਖ-ਵੱਖ ਜ਼ਿਲ੍ਹਿਆਂ 'ਚ ਨਸ਼ਾ ਤਸਕਰੀ ਦੀਆਂ 21 ਦੇ ਕਰੀਬ ਐੱਫਆਈਆਰ ਦਰਜ ਕੀਤੀਆ ਹੋਈਆ ਹਨ। ਉਸ ਨੇ ਨਸ਼ਾ ਵੇਚ ਕੇ ਕਮਾਈ ਹੋਈ ਕਾਲੀ ਦੌਲਤ ਰਾਹੀਂ ਇਹ ਜਾਇਦਾਦ ਬਣਾਈ ਸੀ। ਹੁਣ ਇਹ ਜਾਇਦਾਦ ਪੰਜਾਬ ਸਰਕਾਰ ਵੱਲੋਂ ਜ਼ਬਤ ਕਰ ਲਈ ਗਈ ਹੈ।

## 10 ਕਿਲੋ ਹੈਰੋਇਨ ਤੇ ਡਰੱਗ ਮਨੀ ਸਣੇ ਵਿਦੇਸ਼ੀ ਤਸਕਰ ਨਾਲ ਜੁੜੇ ਦੋ ਮੁਲਜ਼ਮ ਕੀਤੇ ਕਾਬੂ

ਅੰਮ੍ਰਿਤਸਰ-ਪੰਜਾਬ ਪੁਲੀਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਅੰਮ੍ਰਿਤਸਰ ਵਿੱਚ ਵਿਦੇਸ਼-ਆਧਾਰਤ ਤਸਕਰ ਜੱਸਾ ਨਾਲ ਸਬੰਧਤ ਦੋ ਮੁਲਜ਼ਮਾਂ, ਗੁਰਪਿੰਦਰ ਸਿੰਘ ਅਤੇ ਸਾਜਨ, ਨੂੰ ਗ੍ਰਿਫ਼ਤਾਰ ਕਰਕੇ 10 ਕਿਲੋ ਹੈਰੋਇਨ, ਇੱਕ ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ ਤੇ ਮੁਲਜ਼ਮਾਂ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ।

## ਅੰਮ੍ਰਿਤਸਰ ਦੇ ਸਰਹੱਦੀ ਪਿੰਡ ਰਾਮਪੁਰਾ ਵਿੱਚ ਫੌਜ ਨੇ ਸ਼ੱਕੀ ਵਿਅਕਤੀ ਕੀਤਾ ਕਾਬੂ

ਅੰਮ੍ਰਿਤਸਰ-ਇੱਥੋਂਦੇ ਸਰਹੱਦੀ ਪਿੰਡ ਰਾਮਪੁਰਾ ਵਿੱਚ ਫੌਜ ਨੇ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ, ਜਿਸ ਦਾ ਸਬੰਧ ਮੇਰਠ ਨਾਲ ਹੈ। ਭਾਰਤ-ਪਾਕਿਸਤਾਨ ਤਣਾਅ ਅਤੇ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਸੁਰੱਖਿਆ ਕਾਰਨਾਂ ਕਰਕੇ 491 ਸ਼ਰਧਾਲੂਆਂ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਤੋਂ ਰੋਕ ਦਿੱਤਾ ਗਿਆ।

## ਅੰਡਰਵੀਅਰ ਵਿਚ ਮੋਬਾਈਲ ਤੇ ਨਸ਼ੇ ਦੀਆਂ ਗੋਲੀਆਂ ਲਿਜਾ ਰਿਹਾ ਜੇਲ ਵਾਰਡਨ ਫੜਿਆ

**✪ 6 ਮੋਬਾਈਲ ਤੇ 900 ਨਸ਼ੀਲੀਆਂ ਗੋਲੀਆਂ ਬਰਾਮਦ**

ਲੁਧਿਆਣਾ-ਲੁਧਿਆਣਾ ਸੈਂਟਰਲ ਜੇਲ ਜਿੱਥੇ ਚੈਕਿੰਗ ਦੌਰਾਨ ਇਕ ਜੇਲ ਵਾਰਡਨ ਨੂੰ ਸੀਆਰਪੀਐੱਫ ਦੀ ਟੀਮ ਨੇ ਮੋਬਾਈਲ ਫੋਨ ਤੇ ਨਸ਼ੀਲੀ ਗੋਲੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਦੋਸ਼ੀ ਨੇ ਇਹ ਸਾਰਾ ਸਮਾਨ ਅੰਡਰਵੀਅਰ 'ਚ ਲੁਕਾ ਰੱਖਿਆ ਸੀ, ਜਿਸ ਨੂੰ ਉਹ ਕੈਦੀਆਂ ਅਤੇ ਹਵਾਲਾਤੀਆਂ ਨੂੰ ਸਪਲਾਈ ਕਰਨ ਜਾ ਰਿਹਾ ਸੀ। ਜੇਲ ਮੈਨੇਜਮੈਂਟ ਨੇ ਇਸ ਮਾਮਲੇ 'ਚ ਦੋਸ਼ੀ ਵਾਰਡਨ ਤਿਰਲੋਚਨ ਸਿੰਘ ਨੂੰ ਥਾਣਾ ਡਵੀਜ਼ਨ 7 ਦੀ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਇਸ ਸਮੇਂ ਪੁਲਿਸ ਉਸ ਤੋਂ ਪੁੱਛਗਿੱਛ ਕਰ ਰਹੀ ਹੈ। ਵਿਭਾਗੀ ਸੂਤਰਾਂ ਅਨੁਸਾਰ ਦੋਸ਼ੀ ਇਕ ਹਜ਼ਾਰ ਤੋਂ 2 ਹਜ਼ਾਰ ਰੁਪਏ 'ਚ ਮੋਬਾਈਲ ਖਰੀਦਦਾ ਸੀ ਤੇ ਫਿਰ ਉਸ ਨੂੰ 10-10 ਹਜ਼ਾਰ ਰੁਪਏ 'ਚ ਵੇਚਦਾ ਸੀ। ਇਸੇ ਤਰ੍ਹਾਂ, ਉਹ ਨਸ਼ੀਲੀ ਗੋਲੀਆਂ ਨੂੰ ਵੀ ਮਹਿੰਗੇ ਦਰਾਂ 'ਤੇ ਸਪਲਾਈ ਕਰਦਾ ਸੀ। ਪੁਲਿਸ ਨੂੰ ਸ਼ੱਕ ਹੈ ਕਿ ਦੋਸ਼ੀ ਪਹਿਲਾਂ ਵੀ ਸਪਲਾਈ ਕਰਦਾ ਰਿਹਾ ਹੈ। ਇਸ ਲਈ ਉਹ ਇੰਨੀ ਵੱਡੀ ਖੇਪ ਲੈ ਕੇ ਜੇਲ 'ਚ ਜਾ ਰਿਹਾ ਸੀ ਪਰ ਇਸ ਵਾਰੀ ਉਹ ਫੜਿਆ ਗਿਆ।

## ਫ਼ਿਰੋਜ਼ਪੁਰ ਵਿੱਚ ਮੰਦਬੁੱਧੀ ਨਾਬਾਲਗ ਨਾਲ ਬਲਾਤਕਾਰ, ਮੁਲਜ਼ਮ ਫਰਾਰ

ਫਿਰੋਜ਼ਪੁਰ-ਫਿਰੋਜ਼ਪੁਰ ਦੇ ਨੱਥੂਵਾਲਾ ਪਿੰਡ ਵਿੱਚ 17 ਸਾਲਾ ਮੰਦਬੁੱਧੀ ਲੜਕੀ ਨਾਲ ਗੁਆਂਢੀ ਨੇ ਜਬਰ-ਜਨਾਹ ਕੀਤਾ। ਘਟਨਾ 22 ਅਪਰੈਲ ਨੂੰ ਵਾਪਰੀ ਜਦੋਂ ਮਾਂ ਘਰੋਂ ਬਾਹਰ ਸੀ। ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ। ਪੁਲੀਸ ਨੇ ਕੇਸ ਦਰਜ ਕਰਕੇ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ

17 ਮਈ ਘੱਲੂਘਾਰਾ ਦਿਵਸ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਸਾਡੇ ਕੌਮੀ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆਂ ਜਾਂਦਾ ਖ਼ੂਨੀ ਸਾਕਾ 1746 ਈ: ਦੇ ਮਈ-ਜੂਨ ਦੇ ਮਹੀਨਿਆਂ ਵਿੱਚ ਵਾਪਰਿਆ। ਇਤਿਹਾਸਕ ਤੱਥਾਂ ਮੁਤਾਬਕ 1745 ਈ: ਦੇ ਜੁਲਾਈ ਮਹੀਨੇ ਵਿੱਚ ਜ਼ਕਰੀਆ ਖਾਨ ਦੀ ਮੌਤ ਤੋਂ ਪਿੱਛੋਂ ਉਸ ਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਹ ਆਪਣੇ ਪਿਉ ਨਾਲੋਂ ਵੀ ਵੱਧ ਕੇ ਜ਼ੁਲਮੀ ਸ਼ਾਸਕ ਸੀ। ਉਹ ਆਪਣੇ ਪਿਉ ਵਾਂਗ ਹੀ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹਰ ਸਮੇਂ ਗੋਂਦਾ ਗੁੰਦਦਾ ਰਹਿੰਦਾ ਸੀ। ਉਸ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਨਿਯੁਕਤ ਕੀਤਾ। ਐਮਨਾਬਾਦ (ਸ਼ੈਦਪੁਰ) ਹੁਣ ਲਹਿੰਦਾ ਪੰਜਾਬ (ਪਾਕਿਸਤਾਨ) ਦੇ ਨੇੜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਛੋਹ ਪ੍ਰਾਪਤ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਲਈ ਇਕ ਸਿੱਖ ਜਥੇ ਦੀ ਆਮਦ ਦਾ ਲਖਪਤ ਰਾਏ ਨੂੰ ਪਤਾ ਲੱਗਾ। ਉਸ ਨੇ ਇਸ ਜਥੇ ਨੂੰ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਵਿੱਚ ਇਕ ਫੌਜੀ ਟੁਕੜੀ ਲਾਹੌਰ ਤੋਂ ਭੇਜੀ। ਇਸ ਸਿੱਖ ਜਥੇ ਨੂੰ ਐਮਨਾਬਾਦ ਤੋਂ 25 ਕੁ ਕਿਲੋਮੀਟਰ ਦੂਰ ਪਿੰਡ ਬਦੋਲੀ ਗੁਜਾਈਆਂ ਨੇੜੇ ਰੋਕਣ ਦਾ ਯਤਨ ਕੀਤਾ ਗਿਆ। ਇਹ ਘਟਨਾ 1746 ਈ: ਦੇ ਆਰੰਭਿਕ ਦਿਨਾਂ ਦੀ ਹੈ। ਸਿੱਖ ਜਥਾ ਲੜਨਾ ਨਹੀਂ ਸੀ ਚਾਹੁੰਦਾ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ ਦੇ ਸ਼ਰਧਾ ਸਾਹਿਤ ਦਰਸ਼ਨ ਹੀ ਕਰਨਾ ਚਾਹੁੰਦਾ ਸੀ। ਪਰ ਜਸਪਤ ਰਾਏ ਨੇ ਜਥੇ ਦੇ ਜ਼ਿੰਮੇਦਾਰ ਸਿੰਘਾਂ ਦੀ ਇਕ ਵੀ ਨਾ ਸੁਣੀ। ਸ਼ਰਧਾਲੂ ਜਥੇ ਉੱਪਰ ਹਮਲਾ ਕਰ ਦਿੱਤਾ ਗਿਆ। ਇਸ ਝੜਪ ਵਿੱਚ ਭਾਈ ਨਿਭਾਹੂ ਸਿੰਘ ਦੇ ਨਾਂਅ ਦੇ ਇਕ ਸਿੱਖ ਯੋਧੇ ਨੇ ਹਾਜੀ ਦੀ ਪੂਛ ਫੜਦੇ ਹੋਏ ਵਿੱਚ ਬੈਠੇ ਦੀਵਾਨ ਜਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਇਸ ਘਟਨਾ ਤੋਂ ਪਿੱਛੋਂ ਇਸ ਘੱਲੂਘਾਰੇ ਦਾ ਮੁੱਢ ਬਝਦਾ ਹੈ।

ਲਖਪਤ ਰਾਏ ਨੂੰ ਜਦੋਂ ਭਰਾ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਸ ਨੇ ਕ੍ਰੋਧ ਵਿੱਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿੱਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਮੇਰੀ ਹਕੂਮਤ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗੀ। ਉਸ ਨੇ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਦੀ ਸਹਿਮਤੀ ਨਾਲ ਲਾਹੌਰ ਦੀ ਫੌਜ ਤੋਂ ਇਲਾਵਾ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਦੇ ਫੌਜਦਾਰਾਂ ਤੋਂ ਸਹਾਇਤਾ ਮੰਗੀ। ਨਾਲ ਹੀ ਪਹਾੜੀ ਰਾਜਿਆਂ ਨੂੰ ਵੀ ਸੁਚੇਤ ਕੀਤਾ ਕਿ ਸਿੱਖ ਕਿਧਰੇ ਪਹਾੜੀ ਰਿਆਸਤਾਂ ਵੱਲ ਕੂਚ ਨਾ ਕਰ ਜਾਣ। ਸਭ ਤੋਂ ਪਹਿਲਾਂ ਲਾਹੌਰ ਦੇ ਸਾਰੇ ਸਿੱਖਾਂ ਨੂੰ ਫੜ ਕੇ ਕਤਲ ਕਰਨ ਦਾ ਹੁਕਮ ਦਿੱਤਾ। ਲਾਹੌਰ ਦੇ ਮੁਖੀ ਸੱਜਣਾਂ ਨੇ ਲਖਪਤ ਰਾਏ ਨੂੰ ਬਹੁਤ ਸਮਝਾਇਆ, ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਉਸ ਨੇ ਢੋਲ ਵਜਾ ਕੇ ਡੌਂਡੀ ਪਿਟਵਾਈ ਅਤੇ ਐਲਾਨ ਕੀਤਾ, ਕੋਈ ਸਿੱਖ ਗੁਰਬਾਣੀ ਨਹੀਂ ਪੜ੍ਹੇਗਾ, ਗੁੜ ਸ਼ਬਦ ਦਾ ਉਚਾਰਨ ਨਹੀਂ ਕਰੇਗਾ। ਕਿਉਂਕਿ ਅਜਿਹਾ ਕਰਨ ਨਾਲ ਗੁਰੂ ਯਾਦ ਆਉਂਦਾ ਹੈ, ਗੁੜ ਦੀ ਰੋੜੀ ਕਿਹਾ ਜਾਵੇ। ਸਾਰੇ ਸਿੰਘਾਂ ਨੇ ਗੁਰਮਤਾ ਕਰਕੇ ਯੁੱਧ ਨੀਤੀ ਨੂੰ ਵਿਚਾਰਦਿਆਂ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਤੋਂ ਅੱਠ ਕਿਲੋਮੀਟਰ ਦੂਰ ਕਾਹਨੂੰਵਾਨ ਦੇ ਛੰਭ ਵਿੱਚ ਡੇਰੇ ਲਾ ਲਏ। ਇਸ ਛੰਭ ਦਾ ਸੰਘਣਾ ਜੰਗਲ ਪਹਿਲਾਂ ਵੀ ਮੁਸੀਬਤ ਸਮੇਂ ਸਿੰਘਾਂ ਦੀ ਲੁਕਣਗਾਹ ਸੀ। ਲਖਪਤ ਰਾਏ ਨੇ ਲਾਹੌਰ ਤੇ ਸ੍ਰੀ ਅੰਮ੍ਰਿਤ-ਸਰ ਸਾਹਿਬ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਹੁਣ ਉਸ ਨੇ ਕਾਹਨੂੰਵਾਨ ਦੇ ਛੰਭ ਨੂੰ ਘੇਰਨ ਦਾ ਹੁਕਮ ਦਿੱਤਾ। ਛੰਭ ਵਿੱਚ ਘਿਰੇ ਹੋਏ ਸਿੰਘ ਕੰਡਿਆਂ, ਝਾੜੀਆਂ ਦੇ ਜੰਗਲ ਵਿੱਚ ਭੁੱਖਣ-ਭਾਣੇ ਦੁਸ਼ਮਣ ਨਾਲ ਗੁਰੀਲਾ ਢੰਗ ਨਾਲ ਲੜਦੇ ਰਹੇ। ਸਿੰਘਾਂ ਕੋਲ ਲਖਪਤ ਰਾਏ ਦੇ ਮੁਕਾਬਲੇ ਦਾ ਕੋਈ ਤੋਪਖਾਨਾ ਵੀ ਨਹੀਂ ਸੀ, ਨਾ ਹੀ ਅਜਿਹੇ ਹਥਿਆਰ ਜਿਨ੍ਹਾਂ ਨਾਲ ਦੁਸ਼ਮਣ ਨੂੰ ਭਾਂਜ ਦਿੱਤੀ ਜਾ ਸਕੇ। ਸਿੰਘਾਂ ਨੂੰ ਜੰਗਲ ਵਿੱਚ ਰਹਿਣ ਦੀ ਜਾਚ ਸੀ।

ਲਖਪਤ ਰਾਏ ਨੇ ਪਹਿਲਾਂ ਜੰਗਲ ਕੱਟ ਕੇ ਤੋਪਾਂ ਲਈ ਰਸਤਾ ਬਣਾਇਆ ਅਤੇ ਨਾਲ ਹੀ ਜੰਗਲ ਨੂੰ ਅੱਗ ਲਾ ਦਿੱਤੀ। ਛੰਭ ਵਿੱਚ ਪੰਜ ਹਜ਼ਾਰ ਸਿੱਖਾਂ 'ਤੇ ਮੁਸੀਬਤ ਦਾ ਪਹਾੜ ਟੁੱਟ ਪਿਆ। ਸਿੰਘਾਂ ਲਈ ਇਹ ਘੋਰ ਬਿਪਤਾ ਦਾ ਸਮਾਂ ਸੀ, ਪਰ ਫਿਰ ਵੀ ਮੁਗਲ ਸੈਨਾ ਦਾ ਟਾਕਰਾ ਉਨ੍ਹਾਂ ਬੜੀ ਬਹਾਦਰੀ ਨਾਲ ਕੀਤਾ। ਛੰਭ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਰਾਏ ਦੀਆਂ ਫੌਜਾਂ ਮਾਰੋ-ਮਾਰ ਕਰਦੀਆਂ ਆ ਰਹੀਆਂ ਸਨ। ਇਸ ਘੇਰੇ ਵਿੱਚ ਮੁਖੀ ਜਰਨੈਲਾਂ ਵਿੱਚ ਬੁੱਢਾ ਦਲ ਦੇ ਮੁਖੀ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਦੀ, ਸ. ਗੁਰਦਿਆਲ ਸਿੰਘ ਡੱਲੇਵਾਲ ਆਦਿ ਅਗਵਾਈ ਕਰ ਰਹੇ ਸਨ। ਲਖਪਤ ਰਾਏ ਦੇ ਨਾਮੀ ਜਰਨੈਲ ਇਸ ਯੁੱਧ ਵਿੱਚ ਮਾਰੇ ਗਏ। ਕੁਝ ਕੁ ਸਿੰਘਾਂ ਨੇ ਬਚ-ਬਚਾ ਕੇ ਲੰਮਾ ਸਫ਼ਰ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੋਂ ਬਸੋਲੀ ਵੱਲ ਮੂੰਹ ਕੀਤਾ। ਪਰ ਮੁੱਢ ਤੋਂ ਖ਼ਾਲਸੇ ਨਾਲ ਵੈਰ ਭਾਵ ਰੱਖਣ ਵਾਲੇ ਪਹਾੜੀ ਰਾਜਿਆਂ ਨੇ ਵੀ ਗੋਲੀਆਂ ਨਾਲ ਸਵਾਗਤ ਕੀਤਾ।

ਇਸ ਲੜਾਈ ਵਿੱਚ ਸੱਤ ਹਜ਼ਾਰ ਤੋਂ ਦੱਸ ਹਜ਼ਾਰ ਤੱਕ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ। ਤਿੰਨ ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਂਕ ਵਿੱਚ ਸ਼ਹੀਦ ਕੀਤਾ ਗਿਆ। ਕੁਝ ਕੁ ਸਿੰਘ ਮਾਲਵੇ ਵੱਲ ਤੇ ਕੁਝ ਕੁ ਸਿੰਘ ਪਹਾੜਾਂ ਵੱਲ ਨਿਕਲ ਗਏ। ਪਹਿਲਾਂ ਇਸ ਯੁੱਧ ਨੂੰ ਕੇਵਲ ਘੱਲੂਘਾਰਾ ਹੀ ਕਿਹਾ ਜਾਂਦਾ ਸੀ, ਪਰ ਇਸ ਯੁੱਧ ਤੋਂ 16 ਸਾਲ ਪਿੱਛੋਂ 1762 ਈ: ਵਿੱਚ ਕੁੱਪ-ਰੁਹੀੜਾ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਇਸ ਤਰ੍ਹਾਂ ਪਹਿਲੀ ਵਾਰ ਸਿੱਖਾਂ ਦਾ ਏਨਾ ਜਾਨੀ ਨੁਕਸਾਨ ਹੋਇਆ। ਲਖਪਤ ਰਾਏ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਸਾੜਨ ਤੋਂ ਇਲਾਵਾ ਗੁਰਧਾਮਾਂ ਦਾ ਵੀ ਰੱਜ ਕੇ ਨੁਕਸਾਨ ਕੀਤਾ। ਘੱਲੂਘਾਰਾ ਦੇ ਇਸ ਅਸਥਾਨ ਉੱਪਰ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕੀਤੀ ਗਈ। ਹਰ ਸਾਲ ਸ਼ਹੀਦਾਂ ਦੀ ਯਾਦ ਵਿੱਚ ਪ੍ਰਬੰਧਕ ਕਮੇਟੀ ਸੁਚਾਰੂ ਢੰਗ ਨਾਲ ਤਿੰਨ ਦਿਨਾਂ ਸ਼ਹੀਦੀ ਜੋੜ ਮੇਲਾ ਮਨਾਉਂਦੀ ਹੈ। ਇਸ ਤੋਂ ਇਲਾਵਾ ਕੁਝ ਕੁ ਸਾਲ ਪਹਿਲਾਂ ਪੰਜਾਬ ਸਰਕਾਰ ਨੇ ਘੱਲੂਘਾਰੇ ਦੀ ਯਾਦਗਾਰ ਬਣਾਈ ਹੈ। ਘੱਲੂਘਾਰੇ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

* * * * * * *

## ਕੈਨੇਡਾ ਵਿਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਪੁੱਜੀ

ਵਿਨੀਪੈਗ- ਕੈਨੇਡਾ ਵਿਚ 7,400 ਨਵੀਆਂ ਨੌਕਰੀਆਂ ਦੇਣ ਦੇ ਬਾਵਜੂਦ ਅਪਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਵਧ ਕੇ 6.9 ਫ਼ੀਸਦੀ ਹੋ ਗਈ ਹੈ ਜੋ ਨਵੰਬਰ ਤੋਂ ਬਾਅਦ ਸਿਖਰਲਾ ਪੱਧਰ ਦੱਸਿਆ ਜਾ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਮੁਲਕ ਵਿਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਦੇ ਨੇੜੇ ਪੁੱਜ ਗਈ ਹੈ। ਦੱਸ ਦੇਈਏ ਕਿ ਮਾਰਚ ਮਹੀਨੇ ਦੌਰਾਨ ਕੈਨੇਡੀਅਨ ਰੁਜ਼ਗਾਰ ਖੇਤਰ ਵਿਚੋਂ 32,600 ਨੌਕਰੀਆਂ ਖ਼ਤਮ ਹੋਈਆਂ ਅਤੇ ਅਪਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਅਸਮਾਨ ਚੜ੍ਹ ਗਈ। ਅਪਰੈਲ ਦੌਰਾਨ ਆਰਜ਼ੀ ਤੌਰ ਤੇ ਰੁਜ਼ਗਾਰ ਤੋਂ ਵਿਹਲੇ ਜਾਂ ਕੰਮ ਦੀ ਭਾਲ ਕਰ ਰਹੇ ਲੋਕਾਂ ਦੀ ਗਿਣਤੀ 39 ਹਜ਼ਾਰ ਦਰਜ ਕੀਤੀ ਗਈ ਅਤੇ ਸਾਲਾਨਾ ਆਧਾਰ ਤੇ ਇਸ ਅੰਕੜੇ ਵਿਚ 1 ਲੱਖ 89 ਹਜ਼ਾਰ ਦਾ ਵਾਧਾ ਹੋਇਆ ਹੈ। ਜਿੱਥੇ ਅਪਰੈਲ ਦੌਰਾਨ 31 ਹਜ਼ਾਰ ਨੌਕਰੀਆਂ ਖ਼ਤਮ ਹੋਈਆਂ ਪਰ ਅਪਰੈਲ ਦੌਰਾਨ 7,400 ਨੌਕਰੀਆਂ ਪੈਦਾ ਵੀ ਹੋਈਆਂ ਹਨ। ਦੂਜੇ ਪਾਸੇ ਬੇਰੁਜ਼ਗਾਰਾਂ ਨੂੰ ਅਪਰੈਲ ਦੌਰਾਨ ਰੁਜ਼ਗਾਰ ਦੀ ਭਾਲ ਕਰਦਿਆਂ ਵਧੇਰੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਮਾਰਚ ਵਿਚ ਬੇਰੁਜ਼ਗਾਰ ਰਹੇ ਲੋਕਾਂ ਵਿਚੋਂ 61 ਫ਼ੀਸਦੀ ਅਪਰੈਲ ਦੌਰਾਨ ਵੀ ਵਿਹਲੇ ਹੀ ਰਹੇ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਹ ਅੰਕੜਾ ਚਾਰ ਫ਼ੀਸਦੀ ਵਧ ਬਣਦਾ ਹੈ।ਟਰੰਪ ਦੇ ਟੈਰਿਫ਼ ਨੇ ਸਭ ਤੋਂ ਵੱਧ ਨੁਕਸਾਨ ਮੈਨੂਫੈਕਚਰਿੰਗ ਸੈਕਟਰ ਦਾ ਕੀਤਾ ਜਦਕਿ ਇਸ ਦੇ ਉਲਟ ਰਿਟੇਲ ਅਤੇ ਹੋਲਸੇਲ ਸੈਕਟਰ ਵਿਚ ਨਵੇਂ ਮੌਕੇ ਜ਼ਰੂਰ ਪੈਦਾ ਹੋਏ। ਮਾਹਰਾਂ ਦਾ ਕਹਿਣਾ ਹੈ ਕਿ ਕਾਰੋਬਾਰੀ ਜੰਗ ਦੇ ਮੱਦੇਨਜ਼ਰ ਮੁਲਕ ਦਾ ਰੁਜ਼ਗਾਰ ਖੇਤਰ ਕਮਜ਼ੋਰ ਹੋ ਰਿਹਾ ਹੈ ਅਤੇ ਤਾਜ਼ਾ ਅੰਕੜਿਆਂ ਨੂੰ ਵੇਖਦਿਆਂ ਬੈਂਕ ਆਫ਼ ਕੈਨੇਡਾ ਵੱਲੋਂ ਜੂਨ ਮਹੀਨੇ ਦੌਰਾਨ ਵਿਆਜ ਦਰਾਂ ਵਿਚ ਕਟੌਤੀ ਕੀਤੀ ਜਾ ਸਕਦੀ ਹੈ ਪਰ ਬੈਂਕ ਆਫ਼ ਕੈਨੇਡਾ ਵੱਲੋਂ ਪਹਿਲਾਂ ਹੀ ਚਿਤਾਵਨੀ ਦਿੱਤੀ ਜਾ ਚੁੱਕੀ ਹੈ ਕਿ ਆਉਣ ਵਾਲੇ ਮਹੀਨਿਆਂ ਦੌਰਾਨ ਕੈਨੇਡਾ ਦੀ ਆਰਥਿਕ ਵਾਧਾ ਦਰ ਨੂੰ ਵੱਡੀ ਢਾਹ ਲੱਗ ਸਕਦੀ ਹੈ। ਨਵੀਆਂ ਭਰਤੀਆਂ ਵਿਚ ਕਮੀ ਆਵੇਗੀ ਅਤੇ ਛਾਂਟੀ ਕੀਤੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਧ ਸਕਦੀ ਹੈ।ਕੁਝ ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਡਾਲਰ ਦੇ ਕਮਜ਼ੋਰ ਹੋਣ ਕਾਰਨ ਵੀ ਰੁਜ਼ਗਾਰ ਖੇਤਰ ਪ੍ਰਭਾਵਿਤ ਹੋਇਆ।

## ਦੋ ਕਾਰਾਂ ਦੀ ਟੱਕਰ ਚ 5 ਦੀ ਮੌਤ 2 ਜ਼ਖਮੀ

ਵੈਨਕੂਵਰ-(ਮਲਕੀਤ ਸਿੰਘ)- ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ ਦੇ ਫਿਲਾਮੌਥ ਇਲਾਕੇ ਚ ਹਾਈਵੇ 101 ਤੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਪੰਜ ਸਵਾਰੀਆਂ ਦੀ ਮੌਤ ਅਤੇ ਦੋ ਦੇ ਗੰਭੀਰ ਰੂਪ ਚ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ।ਪ੍ਰਾਪਤ ਵੇਰਵਿਆਂ ਮੁਤਾਬਿਕ ਇਹ ਦਰਦਨਾਕ ਹਾਦਸਾ ਰਾਤ ਸਮੇਂ ਦੋ ਕਾਰਾਂ ਹੋਂਡਾ ਸਵਿਕ ਅਤੇ ਨਿਸਾਨ ਸੈਂਟਰਾ ਦੀ ਹੋਈ ਆਪਸੀ ਟੱਕਰ ਹੋਣ ਕਾਰਨ ਵਾਪਰਿਆ ਦੱਸਿਆ ਜਾ ਰਿਹਾ ਹੈ। ਹਾਦਸਾ ਇਹਨਾਂ ਭਿਆਨਕ ਸੀ ਕਿ ਦੋਨਾਂ ਕਾਰਾਂ ਚ ਸਫਰ ਕਰ ਰਹੀਆਂ ਸਵਾਰੀਆਂ ਚੋਂ ਚਾਰਾਂ ਦੀ ਮੌਕੇ ਤੇ ਮੌਤ ਹੋ ਗਈ ਜਦੋਂ ਕਿ ਇੱਕ ਜਖਮੀ ਹਸਪਤਾਲ ਲਿਜਾਂਦਿਆਂ ਦਮ ਤੋੜ ਗਿਆ। ਇਸ ਹਾਦਸੇ ਚ ਗੰਭੀਰ ਰੂਪ ਚ ਜਖਮੀ ਹੋਏ ਹੋਰਨਾ ਨੂੰ ਸਥਾਨਕ ਪੁਲਿਸ ਵੱਲੋਂ ਹਸਪਤਾਲ ਪਹੁੰਚਾਉਣ ਮਗਰੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।।

TAIL PIECE

Dalip Singh Wasan, Advocate
Email: dalipsinghwassan@yahoo.co.in

## Now we shall try to resolve Kashmir Problem—Trump



On suggestion from President of USA, war between India and Pakistan came to an end Mr. Trump came forward and said that I shall try to resolve dispute on Kashmir too so that India and Pakistan could lead ahead peacefully.

The people of India and also people of Pakistan are happy that war ended just with suggestion from Mr. Trump and Mr. Trump now shall be trying to resolve the dispute between India and Pakistan.

It is very clear that even Pakistan creation was under Partition Act, 1947 and that Act provided that all the States in India of that time are at liberty to merge with India, Pakistan or can keep independent their own states and under that provision of the Act, the Maharaja of Kashmir had accented his State and started receiving Privy Purse and because of this fact occupation of some area of Kashmir by Pakistan had been violation of the provisions of Partition Act, 1947. Even resolution of UNO directed Pakistan to vacate the area illegally occupied.

While deciding the dispute, we are to go back and see the provisions of Partition Act, 1947 and Pakistan shall have to understand that even Pakistan had been created under this Act when the main Act of Independence did not provide for its creation.

Time has gone ahead and now we cannot delete this Act of Partition-1947 and merge all pieces into one India merging Bangla Desh and Pakistan. Even this issue too can be discussed while resolving the present dispute because most of the people in this sub continent had been commenting upon this division and they had been declaring that this partition had been a beggest blunder in history in which lakhs of people had been killed in cold blood and so many problems had been created for all the times to come, even wars and actions through terrorists.

Had this India including Pakistan and Bangla Deesh had been one country, with efforts we all could have reached stage of developed country because of presence of natural resources and development started by the British with introduction of science and technology and well settled administrative laws.

Thanks Mr. Trump, President of USA who has taken up responsibility himself for resolving disputes between India and Pakistan and let us hope for the best results.

## Let India Pakistan Bangla Desh and Nepal form an Association

People of India and Pakistan are thankful to President Trump on whose suggestion Indo Pak War ended at the very beginning and saved so many lives. The people are also happy to note that dispute between India and Pakistan on J and K too shall be solved by the claim of Mr. Trump.

India, Pakistan bangle Desh had been parts of one country India and these partitions too had been made unde3r forced circumstances and now we have been living separarely for decades and in spite of thesae separations India and Pakistan could not settle on vacation of POK because Pakistan did not vacate this area in spite of resolution of uno.

And now President Trump has decfided to resolve this issue of POK and our PM too has made it clear that we are ready to have talk on subject to terrorists and POK.

The people of India, Pakistan, Bangla Desh are happy that peace hs been restored and situations shall be created in which countries India, Pakistan, Bangla Desh and even Nepal shall come under an Association as one set of countries having no dispute amongst themselves and no War Pacts as we have already maintaining between India and Bangla Desh.

These countries had been one set throughout and let it be one in future too so that peace is the only way out to reach peaks of development. The nature had been blessing these countries with all natural resources and even life style are the same. If there are no wars, no conflicts and disputes, only peace shall bring all developments and this set of countries shall be one of the most developed set of countries in the world. And name of President Trump too shall enter in history of these four countries.

## OUR AIM IS TO RAISE POOR RICH NOT TO TURN RICH POOR



As per our Directive Principals of Constitution, we started raising poor rich and at no stage our aim had been to turn the rich poor. And at each stage, our acrtions and directions had always been towards achieving these aims. The actions had been only first-aid types and therefore, rich had been turning more rich and we have noted that our poor remained poor and even at this stage, they are just living on poor and number of poor had been increasing because poverty breeds poverty.

The development achieved update could produce much and with the items with us, we qre able to provide proper life to all and proper life too means rooting out poverty from India. Richj and poor two classes shall continue because rich shall continue turning richer and our aim should be ojly to reduce number of poor.

The legislative wing ofour administrqtion must concentrate only on giving proper life to alol and there is much which can provide proper life to all. We must try to give proper employment to all and proper wages to all so that each one could attain proper life alongwith his family including children who must get proper health, proper education, proper training, proper employment and proper income so that their youth too should be proper with proper and safe oldage. Let us begin on these paths without any delay and even contesting groups must come in the House with these aims and with proper people who are experts in line of proper development and proper duties.

## ਅਮਰੀਕਾ ਤੇ ਚੀਨ ਨੇ ਇਕ-ਦੂਜੇ 'ਤੇ ਟੈਕਸ ਘਟਾਇਆ

ਜਨੇਵਾ- ਅਮਰੀਕਾ ਅਤੇ ਚੀਨ ਨੇ ਇਕ ਦੂਜੇ ਤੇ ਟੈਕਸ ਘਟਾ ਦਿੱਤਾ ਹੈ ਤੇ ਉਹ ਇਕ-ਦੂਜੇ ਤੇ ਲਾਏ ਵਾਧੂ ਟੈਕਸਾਂ ਚੋਂ ਜ਼ਿਆਦਾਤਰ ਤੇ 90 ਦਿਨਾਂ ਦੀ ਰੋਕ ਲਗਾਉਣ ਲਈ ਸਹਿਮਤ ਹੋ ਗਏ ਹਨ। ਅਮਰੀਕੀ ਵਪਾਰ ਪ੍ਰਤੀਨਿਧ ਜੈਮੀਸਨ ਗ੍ਰੀਰ ਨੇ ਕਿਹਾ ਕਿ ਅਮਰੀਕਾ ਨੇ ਚੀਨੀ ਵਸਤਾਂ ਤੇ 145 ਫ਼ੀਸਦ ਟੈਕਸ ਨੂੰ ਘਟਾ ਕੇ 30 ਫ਼ੀਸਦ ਕਰਨ ਜਦਕਿ ਚੀਨ ਨੇ ਅਮਰੀਕੀ ਵਸਤਾਂ ਤੇ ਟੈਕਸ ਘਟਾ ਕੇ 10 ਫ਼ੀਸਦ ਕਰਨ ਤੇ ਸਹਿਮਤੀ ਜਤਾਈ ਹੈ। ਉਨ੍ਹਾਂ ਜਨੇਵਾ ਚ ਪ੍ਰੈੱਸ ਕਾਨਫਰੰਸ ਕਰਕੇ ਟੈਕਸਾਂ ਚ ਕਟੌਤੀ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੇ ਆਪਣੇ ਵਪਾਰਕ ਮੁੱਦਿਆਂ ਤੇ ਚਰਚਾ ਜਾਰੀ ਰੱਖਣ ਦੀ ਰੂਪ-ਰੇਖਾ ਤਿਆਰ ਕੀਤੀ ਹੈ। ਚੀਨ ਨੇ ਆਸ ਜਤਾਈ ਕਿ ਅਮਰੀਕਾ ਇਕਪਾਸੜ ਟੈਕਸ ਵਿਚ ਵਾਧਾ ਨਹੀਂ ਕਰੇਗਾ।

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388

# EMBRACING POSITIVITY AND SUCCESS THROUGH SIKH VALUES.


– ਲੇਖਕ –
ਇਕਬਾਲ ਸਿੰਘ ਲਾਲਪੁਰਾ



ਫੋਨ: 91 97800 03333




In the present day world, every human being is under stress. Poor, rich, male, female, student, employer - everyone is under stress. Guru Nanak Dev Ji said, “Nanak Dukhia sab sansar” - everyone in the world is unhappy. What is the solution to these problems? Guru Nanak Dev Ji teaches us in Gurbani, “Man jeete jug jeet” - one who conquers their mind, conquers the world. Sikhism emphasizes the importance of living a positive and purposeful life and offers valuable insights into overcoming negative emotions and achieving success.

### OVERCOMING LAZINESS AND PURSUING AMBITION

Guru Gobind Singh Ji’s words, “Shubh Karman ton kabhi na taron” - never avoid doing anything good, do immediate without postponing the action, inspire us to be proactive and take initiative in pursuing our goals. Laziness can kill our dreams and ambitions. By adopting a proactive approach and staying focused on our objectives, we can overcome laziness and achieve success. As psychologist William James said, “The art of being wise is the art of knowing what to overlook.” By prioritizing our goals and focusing on what’s truly important, we can overcome procrastination and achieve success.

### THE POWER OF CHADHI KALA

Chadhi Kala, or being in a state of high spirits, is a key concept in Sikhism. It means being proactive, optimistic, and determined to achieve our goals. By embracing Chadhi Kala, we can overcome obstacles and achieve success in our endeavors. As Gurbani says, “Nanak naam chardi kala tere bhaine Sarbat da Bhala” - the name of the Lord is the source of high spirits and happiness to all.

### MANAGING ANGER AND CULTIVATING WISDOM

Anger can kill wisdom. Once you lose your ability to control your emotions, you become angry and are like a mad person. As Gurbani says, “Kia sodhe krodh Niware” - one who conquers anger, knows the Lord and sees Him everywhere. Anger is a tool of fools, and wisdom is essential for handling challenging situations. As psychologist Daniel Goleman said, “The emotional mind is far more powerful than the rational mind.” By developing emotional intelligence and learning to manage our emotions, we can overcome anger and achieve wisdom.

### CONQUERING FEAR AND PURSUING DREAMS

Guru Gobind Singh Ji’s words, “Na daron or Sion jab jia laron” - do not be afraid of fighting even a lion, inspire us to be fearless and proactive in pursuing our goals. By focusing on our dreams and developing a growth mindset, we can overcome fear and pursue our objectives with confidence. As psychologist Carol Dweck said, “Believing that your qualities can change creates a mindset that is open to input from others and that is eager for new challenges.” By adopting a growth mindset, we can overcome fear and achieve success.

### TRANSCENDING EGO AND FOSTERING GROWTH

As Guru Nanak Dev Ji says, “Houame Dirag rog hai daru bhi is Mahe” - ego is a big sickness, but the medicine for it lies within. By using our ego to fuel our growth and development, we can transcend its negative effects and achieve our goals. As psychologist Abraham Maslow said, “The highest human need is the need for self-actualization.” By focusing on personal growth and development, we can transcend our ego and achieve our full potential.

### CULTIVATING MENTAL PEACE AND OVERCOMING JEALOUSY

Guru Arjan Dev Ji’s words, “Sukhmani Sukh Amrit prabh Naam” - the best medicine for happiness is the name of God or the mantra of Guru, remind us that jealousy can kill mental peace. By cultivating a positive mindset and learning from others’ successes, we can overcome jealousy and achieve mental peace. As psychologist Martin Seligman said, “Happiness is not something that you find, it’s something that you create.” By focusing on what brings us joy and happiness, we can cultivate mental peace and overcome jealousy.

### Building Confidence and Overcoming Doubts

As Guru Gobind Singh Ji says, “Nischey kar apni jeet kar” - have confidence and determination, and you will achieve victory. By breaking down our goals into smaller, manageable steps, we can build confidence and overcome doubts. As psychologist Albert Bandura said, “Self-efficacy is the foundation of motivation, well-being, and personal accomplishment.” By developing self-efficacy and confidence, we can overcome doubts and achieve success.

### The Importance of Community

Community plays a vital role in Sikhism, providing support, guidance, and a sense of belonging. As Gurbani says, “Hoe iktar milo mere Bhai Dubidha Door karo live lai” - come together and remove all the doubt. Faith in Guru, prayer, meditation, with family and community support are key to happy , peaceful and successful life.


## ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

## PUNJABI FOLK SINGERS, DANCERS AND MUSICIANS

# URGENTLY REQUIRED

**Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.**

**We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.**

**Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).**

**Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.**

**Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:**

**Singers: £15.95 - £18.00 per hour**
**Dancers: £11.44 - £17.00 per hour**
**Musicians: £16.00 - £18.00 per hour**


**Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:**

**FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv**
**Closing date for applications: 30 MAY 2025**

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫ਼ੋਨ : 07853 317 891
Email: jaggikussa@yahoo.de



# ਇੱਕ ਮੇਰੀ ਅੱਖ ਕਾਸ਼ਣੀ...




–"ਕੁੜ੍ਹੇ ਕਾਕੀ ਤੂੰ ਬੋਲਦੀ ਨੀ...? ਐਡੀ ਖ਼ੁਸ਼ੀ ਦੀ ਗੱਲ ਐ, ਤੇ ਤੂੰ...?" ਦਾਦੀ ਨੇ ਅਮਨ 'ਤੇ ਬੁੱਲ੍ਹ ਟੇਰੇ, "ਸਾਡਾ ਤਾਂ ਭਾਈ ਵਿਆਹ ਵੇਲ਼ੇ ਚਾਅ ਨੀ ਸੀ ਚੱਕਿਆ ਜਾਂਦਾ...। ਧਰਤੀ 'ਤੇ ਅੱਡੀ ਨੀ ਸੀ ਲੱਗਦੀ...। ਚਾਹੇ ਸੰਗਦੇ ਤੇ ਡਰਦੇ ਖ਼ੁਸ਼ੀ ਕਿਸੇ ਨਾਲ਼ ਸਾਂਝੀ ਨੀ ਸੀ ਕਰਦੇ, ਬਈ ਜੈ ਖਾਣੇ ਦੇ ਲੋਕ ਕੀ ਆਖਣਗੇ...? ਪਰ ਚਾਅ ਤਾਂ ਚਾਅ ਈ ਹੁੰਦੈ ਪੁੱਤ...। ਪਰ ਅੱਜ ਕੱਲ੍ਹ ਦੀਆਂ ਤਾਂ ਹੋਰ ਈ ਗੁੱਡੀਆਂ ਤੇ ਹੋਰ ਈ ਪਟੋਲ੍ਹੇ...।"
ਅਮਨ ਚੁੱਪ ਚਾਪ ਚੁਬਾਰੇ ਚੜ੍ਹ ਗਈ।
–"ਕੁੜ੍ਹੇ ਕੁਛ ਖਾ ਪੀ ਤਾਂ ਲੈ ਕੁੜੀਏ...!" ਦਾਦੀ ਨੇ ਅਵਾਜ਼ ਦਿੱਤੀ।
ਪਰ ਅਮਨ ਜਾ ਚੁੱਕੀ ਸੀ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 25**

## ਕਾਂਡ 12

ਸ਼ਿੰਗਾਰਾ ਸਿਉਂ ਉਹਨੀਂ ਪੈਰੀਂ ਵਾਪਸ ਮੁੜ ਗਿਆ। ਜਿੰਦਰ ਸਿਉਂ ਨੇ ਬੋਤਲ ਕੱਢ ਕੇ ਲਿਆਂਦੀ ਸੀ, ਪਰ ਸ਼ਿੰਗਾਰਾ ਸਿਉਂ ਨੇ 'ਨਾਂਹ' ਕਰ ਦਿੱਤੀ। ਉਹ ਟਰੇਨ ਫੜ ਜਲੰਧਰ ਹੋਟਲ ਵਿੱਚ ਪਹੁੰਚ ਗਿਆ।

ਹੋਟਲ ਦੇ ਕਮਰੇ ਵਿੱਚ ਅਮਨ ਬੈੱਡ ਉਪਰ ਪਈ ਕੋਈ ਨਾਵਲ ਪੜ੍ਹ ਰਹੀ ਸੀ।

ਸ਼ਿੰਗਾਰਾ ਸਿਉਂ ਨੇ ਬੋਤਲ ਚੁੱਕ ਕੇ ਪੈੱਗ ਬਣਾਏ। ਇੱਕ ਆਪ ਅਤੇ ਇੱਕ ਅਮਨ ਨੂੰ ਬਣਾ ਕੇ ਦਿੱਤਾ। ਅਮਨ ਹੁਣ ਕਿਸੇ ਵੀ ਗੱਲ ਨੂੰ 'ਨਾਂਹ' ਨਾ ਕਰਦੀ। ਦਾਦੀ ਮਾਂ ਨੇ ਅਮਨ ਨੂੰ ਸ਼ਿੰਗਾਰਾ ਸਿਉਂ ਦੀ ਝੋਲ਼ੀ ਜਿਉਂ ਪਾਇਆ ਸੀ, ਤੇ ਹੁਣ ਉਸ ਦਾ 'ਹੱਕ' ਸੀ ਕਿ ਅਮਨ ਨੂੰ ਜਿਸ ਪਾਸੇ ਮਰਜ਼ੀ ਵਰਤੇ...। ਅਮਨ ਸੋਚਦੀ ਸੀ। ਪਾਪ ਇੱਕ ਵੀ, ਤੇ ਪਾਪ ਸੌ ਵੀ...। ਹੁਣ ਕੀ ਫ਼ਰਕ ਪੈਂਦੈ...? ਸੋਚ ਕੇ ਉਹ ਸ਼ਿੰਗਾਰੇ ਦਾ ਹੱਥ ਨਾ ਫ਼ੜਦੀ।

ਸ਼ਿੰਗਾਰਾ ਸਿਉਂ ਨੇ ਅਮਨ ਨੂੰ 'ਦੁਹਾਜੂ' ਰਿਸ਼ਤੇ ਬਾਰੇ ਗੱਲ ਦੱਸੀ।

–"ਮੈਂ ਕਿਹੜਾ ਹੁਣ ਸਤੀ ਸਵਿੱਤਰੀ ਹਾਂ, ਸਰ...? ਨਖ਼ਰੇ ਤਾਂ ਮੈਂ 'ਤਾਂ' ਕਰਾਂ, ਜੇ ਖ਼ੁਦ ਮੈਂ ਦੁੱਧ ਧੋਤੀ ਹੋਵਾਂ...?" ਉਸ ਨੇ ਵਿਸਕੀ ਵਾਲ਼ਾ ਗਿਲਾਸ ਚੁੱਕ ਕੇ ਖਾਲੀ ਕਰ ਦਿੱਤਾ।

–"ਜੋ ਹੋ ਗਿਆ, ਉਸ ਨੂੰ ਜਾਂ ਤਾਂ ਇੱਕ ਡਰਾਉਣਾ ਸੁਪਨਾ ਮੰਨ ਕੇ ਭੁੱਲ ਜਾ ਅਮਨ, ਤੇ ਜਾਂ ਇਸ ਨੂੰ ਕਾਲਜ ਟਾਈਮ ਦੀ ਗਲਤੀ ਸਮਝ ਲੈ...।"

–"ਇਹਨੂੰ ਇੱਕ ਯਾਦ ਬਣਾ ਕੇ ਰੱਖੂੰਗੀ ਸਰ, ਜੋ ਮੈਨੂੰ ਪੈਰ-ਪੈਰ 'ਤੇ ਅਕਲ ਦਿਊਗੀ...।"

ਤੀਜੇ ਦਿਨ ਸ਼ਿੰਗਾਰਾ ਸਿਉਂ ਅਮਨ ਨੂੰ ਪਿੰਡ ਲੈ ਆਇਆ।

ਸਾਰੇ ਘਰ ਵਿੱਚ ਖ਼ੁਸ਼ੀਆਂ ਅਤੇ ਖੇੜਿਆਂ ਦੇ ਨਾਦ ਵੱਜਣ ਲੱਗ ਪਏ।

–"ਹੁਣ ਤੂੰ ਪੁੱਤ ਖੇਡਣ ਖੁਡਣ ਨੂੰ ਰਹਿਣ ਦੇ, ਸੱਟ ਫੇਟ ਵੱਜ ਜਾਂਦੀ ਹੁੰਦੀ ਐ, ਹੁਣ ਤਾਂ ਬੱਸ ਵਿਆਹ ਕਰਵਾ, ਤੇ ਆਬਦੇ ਘਰੇ ਸੁਖੀ ਵਸ...।" ਦਾਦੀ ਬੋਲੀ

–"ਸੱਟਾਂ ਤਾਂ ਮੇਰੀ ਰੂਹ 'ਤੇ ਉਹ ਵੱਜ ਚੁੱਕੀਐਂ, ਜੋ ਸਾਰੀ ਉਮਰ ਚਸਕਦੀਆਂ ਤੇ ਰੜਕਦੀਆਂ ਰਹਿਣਗੀਆਂ, ਬੇਬੇ...।" ਅਮਨ ਦਾ ਦਿਲ ਬੋਲਿਆ। ਪਰ ਉਹ ਮੂੰਹੋਂ ਚੁੱਪ ਸੀ, "ਮੈਂ ਸਾਰੇ ਖਾਨਦਾਨ ਦੀ 'ਕੱਲੀ ਧੀ ਸੀ, ਥੋਨੂੰ ਸਾਰੇ ਪ੍ਰੀਵਾਰ ਨੂੰ ਖ਼ੁਸ਼ ਕਰਨ ਲਈ ਮੈਂ ਆਪਣਾ ਸਾਰਾ ਕੁਛ ਗੁਆ ਲਿਆ...। ਆਪਣਾ ਕੈਰੀਅਰ, ਮੇਰਾ ਪ੍ਰੀਤ, ਮੇਰੀ ਇੱਜ਼ਤ, ਮੇਰੀਆਂ ਰੀਝਾਂ, ਮੇਰੀਆਂ ਖ਼ੁਸ਼ੀਆਂ ਅਤੇ ਮੇਰੇ ਚਾਅ ਮਲਾਰ, ਸਭ ਸੂਲ਼ੀ ਚੜ੍ਹ ਗਏ...। ਕਾਸ਼...! ਮੈਂ ਹੌਂਸਲਾ ਕੀਤਾ ਹੁੰਦਾ, ਤੇ ਤੁਹਾਡੇ ਸਾਹਮਣੇ 'ਬਗਾਵਤ' ਕਰ ਕੇ ਆਪਣਾ ਸਭ ਕੁਛ ਬਚਾ ਸਕਦੀ...। ਪਰ ਹੁਣ ਤਾਂ ਗਈ ਨੂੰ ਘੋੜ੍ਹੇ ਨੀ ਮਿਲ਼ਦੇ...। ਹੁਣ ਤਾਂ ਸਾਰਾ ਕੁਛ ਲੁੱਟਿਆ ਤੇ ਪੱਟਿਆ ਗਿਆ...। ਹੁਣ ਪਛਤਾਵੇ ਦਾ ਕੀ ਫ਼ਾਇਦਾ...?"

–"ਕੁੜ੍ਹੇ ਕਾਕੀ ਤੂੰ ਬੋਲਦੀ ਨੀ...? ਐਡੀ ਖ਼ੁਸ਼ੀ ਦੀ ਗੱਲ ਐ, ਤੇ ਤੂੰ...?" ਦਾਦੀ ਨੇ ਅਮਨ 'ਤੇ ਬੁੱਲ੍ਹ ਟੇਰੇ, "ਸਾਡਾ ਤਾਂ ਭਾਈ ਵਿਆਹ ਵੇਲ਼ੇ ਚਾਅ ਨੀ ਸੀ ਚੱਕਿਆ ਜਾਂਦਾ...। ਧਰਤੀ 'ਤੇ ਅੱਡੀ ਨੀ ਸੀ ਲੱਗਦੀ...। ਚਾਹੇ ਸੰਗਦੇ ਤੇ ਡਰਦੇ ਖ਼ੁਸ਼ੀ ਕਿਸੇ ਨਾਲ਼ ਸਾਂਝੀ ਨੀ ਸੀ ਕਰਦੇ, ਬਈ ਜੈ ਖਾਣੇ ਦੇ ਲੋਕ ਕੀ ਆਖਣਗੇ...? ਪਰ ਚਾਅ ਤਾਂ ਚਾਅ ਈ ਹੁੰਦੈ ਪੁੱਤ...। ਪਰ ਅੱਜ ਕੱਲ੍ਹ ਦੀਆਂ ਤਾਂ ਹੋਰ ਈ ਗੁੱਡੀਆਂ ਤੇ ਹੋਰ ਈ ਪਟੋਲ੍ਹੇ...।"

ਅਮਨ ਚੁੱਪ ਚਾਪ ਚੁਬਾਰੇ ਚੜ੍ਹ ਗਈ।

–"ਕੁੜ੍ਹੇ ਕੁਛ ਖਾ ਪੀ ਤਾਂ ਲੈ ਕੁੜੀਏ...!" ਦਾਦੀ ਨੇ ਅਵਾਜ਼ ਦਿੱਤੀ।

ਪਰ ਅਮਨ ਜਾ ਚੁੱਕੀ ਸੀ।

–"ਜਾਹ ਕੁੜ੍ਹੇ ਜਸਮੇਲ ਕੁਰੇ, ਉਹਨੂੰ ਦੁੱਧ ਦੀ ਘੁੱਟ ਦੇ ਕੇ ਆ ਕਮਲ਼ੀ ਨੂੰ...! ਕੀ ਅੱਜ ਦੀਆਂ ਕੁੜੀਆਂ ਦੱਸ ਦਾਰਾ ਸਿੰਘ ਅਰਗੇ ਭਲਵਾਨ ਜੰਮ ਦੇਣਗੀਆਂ...? ਖਾਣਾ ਨੀ, ਕੁਛ ਪੀਣਾ ਨੀ...। ਅਸੀਂ ਇਹਨਾਂ ਅਰਗੀਆਂ ਜੁਆਨ ਹੁੰਦੀਆਂ ਸੀ, ਲੱਸੀ ਦਾ ਰਿੜਕਣਾ ਪੀ ਜਾਂਦੀਆਂ ਸੀ, ਕਾੜ੍ਹਨੀ ਨੂੰ ਚਿੱਘੀ ਲਾ ਕੇ ਸਾਰਾ ਦੁੱਧ ਖਿੱਚ ਜਾਂਦੀਆਂ ਸੀ...। ਦੇਖਲਾ ਕੋਠੇ ਜਿੱਡੇ ਪੁੱਤਾਂ ਨੂੰ ਜਨਮ ਦਿੱਤੈ ਨ੍ਹਾਂ...?" ਦਾਦੀ ਆਪਣੀ ਹੀ 'ਰਮਾਇਣ' ਛੇੜ ਕੇ ਬੈਠ ਗਈ ਸੀ।

ਜਸਮੇਲ ਕੌਰ ਅਮਨ ਲਈ ਦੁੱਧ ਲੈ ਕੇ ਗਈ ਤਾਂ ਅਮਨ ਰਜਾਈ ਵਿੱਚ ਮੂੰਹ ਲਈ ਪਈ ਸੀ।

–"ਅਮਨ, ਦੁੱਧ ਨੀ ਪੀਣਾ, ਪੁੱਤ...?" ਮਾਂ ਨੇ ਕਿਹਾ।

–".............।" ਪਰ ਅਮਨ ਕੁਝ ਨਾ ਬੋਲੀ। ਉਹ ਕਹਿਣਾ ਤਾਂ ਚਾਹੁੰਦੀ ਸੀ ਕਿ ਮੈਨੂੰ ਦੁੱਧ ਨਹੀਂ, ਕੋਈ 'ਮਹੁਰਾ' ਦੇ ਦਿਓ। ਪਰ ਉਸ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ। ਮੇਲੇ ਵਿੱਚ ਚੱਕੀਰਾਹੇ ਦੀ ਹੁਣ ਸੁਣਵਾਈ ਕੋਈ ਨਹੀਂ ਹੋਣੀ ਸੀ। ਹੁਣ ਤਾਂ ਸਾਰੇ ਪ੍ਰੀਵਾਰ ਨੂੰ "ਇੰਗਲੈਂਡ ਵਾਲ਼ੇ" ਰਿਸ਼ਤੇ ਦਾ 'ਚਾਅ' ਚੜ੍ਹਿਆ ਹੋਇਆ ਸੀ। ਹੋਰ ਕੁਝ ਉਹਨਾਂ ਨੂੰ ਸ਼ਾਇਦ ਸੁਝਦਾ ਅਤੇ ਸੁਣਦਾ ਹੀ ਨਹੀਂ ਸੀ ਅਤੇ ਨਾ ਹੀ ਸ਼ਾਇਦ ਉਹ ਸੁਣਨ ਦੇ 'ਮੂਡ' ਵਿੱਚ ਸਨ। ਉਹਨਾਂ ਦੀ ਆਪਣੀ ਹੀ ਇੱਕ 'ਰੰਗਲੀ ਦੁਨੀਆਂ' ਵਸ ਚੁੱਕੀ ਸੀ। 'ਇੰਗਲੈਂਡ ਵਾਲ਼ਾ ਪ੍ਰੀਵਾਰ' ਇਸ ਹਫ਼ਤੇ ਦੇ ਅਖੀਰ ਵਿੱਚ ਪਹੁੰਚਣ ਵਾਲ਼ਾ ਸੀ।

ਤਿੰਨ ਦਿਨ ਬਾਅਦ ਕੋਚ ਸ਼ਿੰਗਾਰਾ ਸਿਉਂ ਨੇ ਗੇੜਾ ਮਾਰਿਆ।

ਸਾਰਾ ਟੱਬਰ ਉਸ ਦੇ 'ਚਰਨਾਂ' ਵਿੱਚ ਵਿਛਣ ਲਈ ਤਿਆਰ, ਹੱਥ ਜੋੜੀ ਖੜ੍ਹਾ ਸੀ।

–"ਐਸ ਸ਼ੁੱਕਰਵਾਰ ਨੂੰ ਇੰਗਲੈਂਡ ਵਾਲ਼ੇ ਆ ਜਾਣਗੇ, ਜਿੰਦਰ ਸਿਆਂ...।"

–"ਧੰਨਭਾਗ - ਧੰਨਭਾਗ ਭਾਈ ਸਾਡੇ...! ਅਸੀਂ ਤੇਰਾ ਦੇਣਾ ਕਿਹੜੇ ਯੁੱਗ ਦੇਵਾਂਗੇ ਪੁੱਤ ਸ਼ਿੰਗਾਰਾ ਸਿਆਂ..?" ਬੇਬੇ ਉਸ ਸਾਹਮਣੇ ਲਿਫ਼ੀ ਖੜ੍ਹੀ ਸੀ। ... ਦੇਣਾਂ ਤਾਂ ਮੈਂ ਇਹਦਾ ਬਹੁਤ ਦੇ ਚੁੱਕੀ ਆਂ, ਬੇਬੇ...। ਅਮਨ ਚੁਬਾਰੇ ਵਿੱਚ ਬੈਠੀ ਸੋਚ ਰਹੀ ਸੀ। ਉਸ ਨੂੰ ਸਭ ਗੱਲਾਂ ਸਪੱਸ਼ਟ ਸੁਣ ਰਹੀਆਂ ਸਨ।

–"ਬੇਬੇ ਭਾਰ ਨਾ ਚੜ੍ਹਾਓ...। ਇਹ ਤਾਂ ਮੇਰਾ ਫ਼ਰਜ਼ ਸੀ...!"

–"ਫ਼ਰਜ਼ ਨੂੰ ਵੀ ਪੁੱਤ ਅੱਜ ਕੱਲ੍ਹ ਕੌਣ ਪਛਾਣਦੈ...? ਕਲਯੁਗ ਐ, ਕਲ਼ਯੁਗ..।"

–"ਊਂ ਥੋਡੀ ਪੂਰੀ ਤਿਆਰੀ ਐ ਨ੍ਹਾਂ ਵਿਆਹ ਦੀ...।"

–"ਅਸੀਂ ਤਾਂ ਮੁੱਠੀਆਂ ਚ ਥੁੱਕੀ ਬੈਠੇ ਆਂ ਪੁੱਤ...!"

–"ਉਹਨਾਂ ਨੇ ਤਾਂ ਵਿਆਹ ਕਰਵਾ ਕੇ ਕੁੜੀ ਨਾਲ਼ ਈ ਲੈ ਜਾਣੀ ਆਂ...।"

–"ਸਾਡੇ ਵੱਲੋਂ ਕੋਈ ਢਿੱਲ ਨੀ, ਪੁੱਤ...! ਕੋਈ ਉਹਨਾਂ ਦੀ ਮੰਗ ਹੋਵੇ, ਸਾਨੂੰ ਉਹ ਵੀ ਦੱਸ ਦੇਣਾ, ਪੂਰੀ ਕਰ ਦਿਆਂਗੇ..। ਕਿਸੇ ਗੱਲੋਂ ਕੱਚ ਨੀ ਛੱਡਦੇ...। ਨਾਲ਼ੇ ਇੱਕੋ ਇੱਕ ਤਾਂ ਸਾਡੀ ਧੀ ਐ, ਅਸੀਂ ਨਿੱਕਾ ਥੋੜ੍ਹੋ ਕੱਤਾਂਗੇ, ਸ਼ੇਰਾ...?"

–"ਮੰਗ ਤਾਂ ਉਹਨਾਂ ਨੇ ਕੋਈ ਨੀ ਰੱਖੀ, ਬੇਬੇ...! ਰੱਜਿਆ ਪੁੱਜਿਆ ਪ੍ਰੀਵਾਰ ਐ...। ਨਾਲ਼ੇ ਬਾਹਰਲੇ ਐ, ਉਹਨਾਂ ਨੂੰ ਕੀ ਘਾਟੈ...?"

–"ਗੱਲ ਘਾਟੇ ਵਾਧੇ ਦੀ ਨੀ ਪੁੱਤ...! ਗੱਲ ਨੀਅਤ ਦੀ ਹੁੰਦੀ ਐ...। ਕਈ ਤਾਂ ਸਾਰਾ ਕੁਛ ਹੁੰਦੇ ਸੁੰਦੇ ਵੀ ਨੀਅਤ ਬੁੜ੍ਹਕਾਉਂਦੇ ਫ਼ਿਰਦੇ ਰਹਿੰਦੇ ਐ, ਕਈ ਰੱਜੀਆਂ ਰੂਹਾਂ ਵਾਲ਼ੇ ਕਿਸੇ ਦੇ ਪੈਸੇ ਬੰਨੀਂ ਝਾਕਦੇ ਤੱਕ ਨੀ...। ਆਹ ਵੱਡੇ ਵੱਡੇ ਮੰਤਰੀ ਤੇਰੇ ਸਾਹਮਣੇ ਐਂ, ਸਾਰਾ ਪੰਜਾਬ ਲੁੱਟ ਕੇ ਖਾ ਲਿਆ ਔਤਾਂ ਦੇ ਜਾਣਿਆਂ ਨੇ..। ਅਰਬਾਂ ਰੁਪਈਆ ਕਮਾ ਲਿਆ, ਪਰ ਨੀਅਤ ਫੇਰ ਵੀ ਨੀ ਭਰੀ...! 'ਮਾਣਸ ਬੂ - ਮਾਣਸ ਬੂ' ਕਰਦੇ ਫਿਰਦੇ ਐ...। ਦੱਸੋ ਕੀ ਹਿੱਕ 'ਤੇ ਧਰ ਕੇ ਲੈ ਜਾਣਗੇ...? ਐਹੋ ਜਿਆਂ ਦੇ ਬੇੜੇ ਭਰ ਕੇ ਡੁੱਬਦੇ ਹੁੰਦੇ ਐ...।"

ਸ਼ੁੱਕਰਵਾਰ ਨੂੰ 'ਬਾਹਰਲਾ ਪ੍ਰੀਵਾਰ' ਬਿੱਜ ਵਾਂਗ ਆ ਵੱਜਿਆ।

ਇੱਕ ਦਿਨ ਉਹ ਚੰਡੀਗੜ੍ਹ ਹੋਟਲ਼ ਵਿੱਚ ਰਹੇ ਅਤੇ ਫਿਰ ਆਪਣੀ ਜੱਦੀ ਕੋਠੀ ਵਿੱਚ ਆ ਗਏ। ਲੰਮੇ ਸਮੇਂ ਤੋਂ ਬੰਦ ਪਈ ਕੋਠੀ ਦੀ ਸਫ਼ਾਈ ਬਗੈਰਾ ਕਰਵਾਉਣੀ ਸੀ, ਇਸ ਲਈ ਉਹ ਇੱਕ ਦਿਨ ਹੋਟਲ ਵਿੱਚ ਰਹੇ ਸਨ। ਉਹ ਚਾਰ ਜਾਣੇ ਆਏ ਸਨ। ਇੱਕ ਵਿਆਂਦੜ ਮੁੰਡਾ ਰੌਨੀਂ, ਉਸ ਦੇ ਮਾਂ ਬਾਪ ਅਤੇ ਇੱਕ ਵਿਆਂਦੜ ਦੀ ਛੋਟੀ ਭੈਣ ਮਿੱਲੀ।

ਅਗਲੇ ਦਿਨ 'ਦੇਖ ਦਿਖਾਈ' ਲਈ ਪ੍ਰੀਵਾਰ ਪਹੁੰਚ ਗਿਆ।

ਉਹਨਾਂ ਦੇ ਨਾਲ਼ ਸ਼ਿੰਗਾਰਾ ਸਿੰਘ ਸੀ।

ਮੁੰਡੇ ਵਾਲ਼ਿਆਂ ਦੀ ਕੋਈ 'ਵਿਸ਼ੇਸ਼ ਮੰਗ' ਨਹੀਂ ਸੀ। ਵੈਸੇ ਇੰਗਲੈਂਡੀਆ ਮੁੰਡਾ ਬਣਦਾ ਤਣਦਾ ਸੀ। ਮੁੰਡੇ ਦਾ ਬਾਕੀ ਪ੍ਰੀਵਾਰ ਵੀ ਮਾੜਾ ਨਹੀਂ ਦਿਸਦਾ ਸੀ।

–"ਕਿਉਂ ਬਈ ਰੌਨੀ...? ਡੂ ਯੂ ਲਾਈਕ ਦਾ ਗਰਲ...?" ਰੌਨੀ ਦੇ ਬਾਪ ਨੇ ਰੌਨੀ ਨੂੰ ਦੋ ਟੁੱਕ, ਸਪੱਸ਼ਟ ਪੁੱਛਿਆ।

–"ਯੈੱਸ ਡੈਡ...! ਆਈ ਫ਼ੈਨਸੀ ਹਰ...।" ਰੌਨੀ ਨੇ ਬਾਪ ਨੂੰ ਕਿਹਾ।

–"ਆਈ ਫ਼ੈਨਸੀ ਹਰ ਟੂ...।" ਰੌਨੀ ਦੀ ਛੋਟੀ ਭੈਣ ਮਿੱਲੀ ਨੇ ਕਿਹਾ। ਉਹ ਬੜੀ ਉਤਸੁਕ ਲੱਗ ਰਹੀ ਸੀ। ਚੁਲਬਲੀ ਜਿਹੀ ਕੁੜੀ ਬੜੀ ਪਿਆਰੀ ਸੀ। ਰੌਨੀ ਅਤੇ ਮਿੱਲੀ ਦੇ ਮਾਂ ਬਾਪ ਵੀ ਖ਼ੁਸ਼ ਦਿਖਾਈ ਦਿੰਦੇ ਸਨ। ਕੋਈ ਵੀ ਬੇਈਮਾਨੀ ਉਹਨਾਂ ਵਿੱਚ ਕਿਸੇ ਨੂੰ ਵੀ ਨਜ਼ਰ ਨਹੀਂ ਆਈ ਸੀ।

–"ਲੈੱਟ ਅੱਸ ਮੇਕ ਦਿੱਮ ਯੈੱਸ...?" ਮਿੱਲੀ ਬੋਲੀ।

–"ਚਲੋ, ਜਦੋਂ ਸਾਡੀ ਧੀ ਮਿੱਲੀ ਨੇ 'ਹਾਂ' ਕਹਿ ਹੀ ਦਿੱਤੀ, ਤਾਂ ਸਾਡੇ ਵੱਲੋਂ ਵੀ 'ਹਾਂ' ਹੀ ਹੈ, ਭਾਈ ਸਾਹਿਬ...।" ਰੌਨੀ ਦੀ ਮਾਂ ਨੇ ਖ਼ੁਸ਼ ਹੋ ਕੇ ਕਿਹਾ।

ਦਾਦੀ ਕੁਝ ਬੋਲਣ ਲੱਗੀ ਤਾਂ ਸ਼ਿੰਗਾਰਾ ਸਿਉਂ ਨੇ ਅੱਖ ਦੇ ਇਸ਼ਾਰੇ ਨਾਲ਼ ਬੋਲਣੋਂ ਵਰਜ ਦਿੱਤਾ। ਦਾਦੀ ਚੁੱਪ ਧਾਰ ਗਈ।

ਅਮਨ ਨੂੰ 'ਸ਼ਗਨ' ਪੈ ਗਿਆ।

ਵਿਆਹ ਦੀ ਤਿਆਰੀ 'ਬੱਝ' ਗਈ।

ਵਿਆਹ 'ਸੰਖੇਪ' ਅਤੇ 'ਸਾਦਾ ਹੀ ਕਰਨਾ ਸੀ। ਹੁਣ ਅਮਨ ਅੱਗੇ ਇੱਕੋ ਇੱਕ ਪਹਾੜ ਜਿੱਡੀ ਮੁਸੀਬਤ ਸੀ, ਕਿ ਉਹ ਪ੍ਰੀਤ ਨੂੰ ਕੀ ਅਤੇ ਕਿੱਦਾਂ ਦੱਸੇਗੀ...?

**ਚਲਦਾ...**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
–ਸੰਪਾਦਕ

# ਗੁਰੁ ਅੰਗਦ ਗੁਰ ਅੰਗੁ ਤੇ

**ਕਿਸ਼ਤ 33**

ਸੁਨਿ ਪ੍ਰਸੰਨ ਚਿਤ ਅਤਿ ਭਏ 'ਹੋਵਹੁ ਬਚ ਸਾਚਾ।(ਬਾਬਾ ਜੀ ਖ਼ੁਸ਼ ਹੋ ਕੇ ਕਿਹਾ,'ਅਜਿਹਾ ਹੀ ਹੋ ਜਾਵੇ, ਜੇ) ਮਿਲਹੁ



- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743


ਹਮੈਂ ਤਬ ਆਨਿ ਕੈ ਲਿਹੁ ਜੋ ਕਰਿ ਜਾਚਾ'।24॥14॥ (ਤੁਸੀਂ ਆ ਕੇ ਮੂੰਹ ਮੰਗਿਆ ਲੈ ਲੈਣਾ) ਰਾਸਿ ਪਹਿਲੀ ਨੋਟ: ਪਾਠਕਾਂ ਦੀ ਗਿਆਤ ਹਿੱਤ ਏਥੇ ਇਹ ਦੱਸਣਾ ਅਸੀਂ ਜ਼ਰੂਰੀ ਸਮਝਦੇ ਹਾਂ ਕਿ ਇਸ ਘਟਨਾ ਤੋਂ ਕੁਝ ਸਾਲ ਬਾਦ ਜਦੋਂ ਗੁਰੂ ਅਮਰਦਾਸ ਸਾਹਿਬ ਜੀ ਜਗਤ ਉਧਾਰ ਹਿਤ ਤੀਰਥਾਂ 'ਤੇ ਗਏ ਤਾਂ ਰਸਤੇ ਵਿਚ ਇਥੇ ਫਿਰ ਠਹਿਰੇ ਜਿਥੇ ਦੁਰਗਾ ਪੰਡਿਤ ਸੇਵਾ ਵਿਚ ਹਾਜ਼ਰ ਹੋਇਆ ਅਰ ਉਸ ਨੇ ਹੱਥ ਜੋੜ ਕੇ ਸਤਿਗੁਰਾਂ ਨੂੰ ਪਿਛਲਾ ਦਿੱਤਾ ਬਚਨ ਚੇਤੇ ਕਰਾਇਆ। ਸਤਿਗੁਰਾਂ ਕਿਹਾ,

'ਪੰਡਿਤ ਜੀ! ਬੋਲੋ ਲੋਕ ਚਾਹੀਦਾ ਹੈ ਕਿ ਪ੍ਰਲੋਕ? ਜੋ ਇੱਛਾ ਹੈ ਮੰਗ ਲਵੋ'। ਸੁਣ ਕੇ ਦੁਰਗਾ ਦੁਬਿਧਾ ਵਿਚ ਪੈ ਗਿਆ। ਗੁਰੂ ਸਾਹਿਬ ਕਿਹਾ,

'ਬੋਲੋ, ਕੀਹ ਚਾਹੁੰਦੇ ਹੋ'? ਦੁਰਗਾ ਹੱਥ ਜੋੜ ਕਹਿਣ ਲੱਗਾ,

'ਪਾਤਸ਼ਾਹ ਜੀ! ਮਨ ਕਰਦਾ ਹੈ ਧਨ ਮੰਗਾਂ ਤਾਂ ਕਿ ਲੋਕ ਸਫ਼ਲ ਹੋ ਜਾਏ। ਤੁਹਾਡੀ ਕਿਰਪਾ ਸਦਕਾ ਜੇ ਏਵੇਂ ਹੋ ਜਾਏ ਪਰ ਤੁਹਾਡੇ ਦਰਸ਼ਨ ਕਰ ਕੇ ਵੀ ਪ੍ਰਲੋਕ ਨਾ ਸਫ਼ਲ ਹੋਵੇ ਤਾਂ ਲੋਕ ਦਾ ਸਫ਼ਲ ਹੋਣਾ ਕੀਹ ਹੋਇਆ।ਤੁਸਾਂ ਕਿਹਾ ਹੈ ਇਕ ਮੰਗ ਲੈ, ਮੈਂ ਕੀਹ ਮੰਗਾਂ? ਪ੍ਰਭੂ! ਤੁਸੀਂ ਸਭ ਕੁਝ ਜਾਣਦੇ ਹੋ ਮੈਂ ਕੁਝ ਨਹੀਂ ਕਹਿ ਸਕਦਾ'।

ਕਬਿੱਤ॥ 'ਜੇ ਨਾਮ ਦੇਂਹ, ਧਨ ਦੇਂਹ ਨ ਜਨ ਕਉ (ਜੇ ਤੁਸੀਂ ਨਾਮ ਬਖ਼ਸ਼ ਦਿਹੁ ਪਰ ਧਨ ਨ ਬਖ਼ਸ਼ੋ)

ਧਨ ਬਿਹੀਨ ਜਨ ਜਗ ਨ ਸੁਹਾਇ।(ਧਨ ਤੋਂ ਬਿਨਾਂ ਮਨੁਖ ਨੂੰ ਜਗਤ ਵਿਚ ਸੋਭਾ ਨਹੀਂ ਮਿਲਦੀ)

ਜੇ ਧਨ ਦੇਂਹ ਨਾਮ ਨਹਿਂ ਦੇਵਹਿਂ (ਜੇ ਤੁਸੀਂ ਧਨ ਦੇ ਦਿਹੁ ਪਰ ਨਾਮ ਨ ਦਿਹੁ)

ਨਾਮ ਬਿਨਾ ਜਨ ਜਮਪੁਰਿ ਜਾਇ।(ਤਾਂ ਨਾਮ ਬਿਨਾਂ ਮਨੁਖ ਦਾ ਪ੍ਰਲੋਕ ਸਫ਼ਲ ਨਹੀਂ ਹੁੰਦਾ)

ਤੁਮ ਪਹਿ ਕਹੀ ਨਹੀਂ ਬਨਿ ਆਵੈ (ਆਪ ਜੀ ਨੂੰ ਕੁਝ ਕਿਹਾ ਨਹੀਂ ਜਾ ਸਕਦਾ)

ਜਿਉ ਭਾਵੈ ਤਿਉ ਬਨਤਿ ਬਨਾਇ।(ਜਿਵੇਂ ਆਪ ਨੂੰ ਚੰਗਾ ਲਗੇ, ਕਿਰਪਾ ਕਰ ਦਿਹੁ)

ਗੁਰੁ ਅਮਰਦਾਸ ਤੇਜੋ ਕੇ ਨੰਦਨ (ਹੇ ਗੁਰੂ ਅਮਰਦਾਸ ਜੀ)

ਦੋਨਹੁੰ ਨਿਰਮਲ ਪੱਖ ਚਲਾਇ।24॥ (ਤੁਸੀਂ ਲੋਕ ਪ੍ਰਲੋਕ ਬਖ਼ਸ਼ਣ ਵਾਲੇ ਹੋ)

ਸੁਣ ਕੇ ਹਜ਼ੂਰ ਹੱਸ ਪਏ ਅਰ ਫ਼ੁਰਮਾਇਆ, 'ਪੰਡਿਤ ਜੀ! ਤੁਹਾਨੂੰ ਦੋਵੇਂ ਦਿੱਤੇ।

ਚੌਪਈ॥ ਪਿਖ ਸਤਿਗੁਰ ਦਿਜ ਕੀ ਚਤੁਰਾਈ।(ਪੰਡਿਤ ਦੀ ਚਤੁਰਾਈ ਜਾਣ ਕੇ)

ਭਏ ਪ੍ਰਸੰਨ ਤਨਿਕ ਮੁਸ਼ਕਾਈ।(ਸਤਿਗੁਰ ਮੁਸਕਰਾਏ)

ਕਹਯੋ ਬਾਕ, 'ਦੋਨਹੁੰ ਤੁਮ ਲੇਹੁ।(ਅਤੇ ਕਿਹਾ, 'ਤੁਸੀਂ ਦੋਵੇਂ ਲੈ ਲਵੋ)

ਪ੍ਰਾਪਤ ਹੁਇ ਸੁਖ ਅਬਹਿ ਅਛੇਹੁ॥30॥ (ਤੁਹਾਨੂੰ ਸਭ ਪਦਾਰਥ ਪ੍ਰਾਪਤ ਹੋਣ)

ਜਬ ਲੌ ਜੀਵਹੁ ਧਨ ਬਹੁ ਪਾਵਹੁ। (ਸਾਰਾ ਜੀਵਨ ਧਨ ਦਾ ਆਨੰਦ ਮਾਣੋ)

ਸਿਮਰਹੁ ਸਤਿਨਾਮੁ ਲਿਵਲਾਵਹੁ...।31 ॥ 50 ॥ (ਅਰ ਨਾਲ ਕਰਤਾਰ ਦਾ ਸਿਮਰਨ ਕਰਦੇ ਰਹੋ)

ਇਸ ਪ੍ਰਕਾਰ ਦੁਰਗਾ ਪੰਡਿਤ ਨੂੰ ਇਹ ਬਖ਼ਸ਼ਿਸ਼ਾਂ ਕਰਦਿਆਂ ਸਿੱਖ ਬਣਾਇਆ ਅਰ ਭਾਈ ਦੁਰਗਾ ਨੂੰ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰਕ ਥਾਪਿਆ।

**ਬ੍ਰਹਮਚਾਰੀ ਨਾਲ ਮੇਲ**

ਦੂਜੀ ਘਟਨਾ ਵੀ ਇਸੇ ਯਾਤਰਾ ਦੀ ਹੀ ਹੈ। ਮਿਹੜੇ ਤੋਂ ਨਿਕਲਣ ਸਮੇਂ ਇਕ ਬ੍ਰਹਮਚਾਰੀ ਭੇਖ ਵਿਚ ਯਾਤਰੀ ਵੀ ਨਾਲ ਨਾਲ ਹੋ ਤੁਰਿਆ ਜੋ ਗੰਗਾ ਨ੍ਹਾ ਕੇ ਵਾਪਸ ਮੁੜ ਰਿਹਾ ਸੀ। ਨੇੜੇ ਪਹੁੰਚ ਕੇ ਬਾਬਾ ਜੀ ਉਸ ਨੂੰ ਆਪਣੇ ਨਾਲ ਪਿੰਡ ਬਾਸਰ ਕੇ ਕੁਝ ਦਿਨ ਠਹਿਰਣ ਲਈ ਲੈ ਆਏ। ਗਰਮੀ ਦੀ ਰੁੱਤ ਸੀ। ਉਸੇ ਰਾਤ ਹੀ ਜਦੋਂ ਖਾਣ-ਪੀਣ ਉਪਰੰਤ ਆਰਾਮ ਕਰਨ ਲਈ ਕੋਠੇ ਤੇ ਜਾ ਕੇ ਮੰਜਿਆਂ 'ਤੇ ਲੇਟ ਗਏ। ਅਜੇ ਸੁੱਤੇ ਨਹੀਂ ਸਨ ਕਿ ਗੱਲਾਂ ਕਰਦਿਆਂ ਕਰਦਿਆਂ ਬ੍ਰਹਮਚਾਰੀ ਨੇ ਸਹਿਜ ਸੁਭਾਉ ਸੁਆਲ ਕਰ ਦਿੱਤਾ,

'ਬਾਬਾ! ਤੁਹਾਡਾ ਗੁਰੂ ਕੌਨ ਹੈ ਜਿਸ ਕੋਲੋਂ ਤੁਸੀਂ ਦੀਖਿਆ ਲਈ'? ਸੁਣ ਕੇ ਆਪ ਜੀ ਉੱਠ ਕੇ ਬੈਠ ਗਏ ਅਰ ਕਹਿਣ ਲਗੇ,

'ਬ੍ਰਹਮਚਾਰੀ ਜੀ! ਮੈਂ ਅਜੇ ਗੁਰੂ ਧਾਰਨ ਨਹੀਂ ਕਰ ਸੱਕਿਆ, ਭਾਲ ਵਿਚ ਹਾਂ, ਸਫ਼ਲ ਨਹੀਂ ਹੋਇਆ। ਕੀਹ ਕਰੀਏ, ਤੀਰਥ ਯਾਤਰਾ ਸਮੇਂ ਵੀ ਅੱਖਾਂ ਲਭਦੀਆਂ ਰਹਿੰਦੀਆਂ ਹਨ ਕੋਈ ਅਜਿਹਾ ਮਿਲ ਜਾਏ ਜਿਸ ਦੇ ਚਰਨਾਂ ਵਿਚ ਸਿਰ ਰੱਖ ਦਿਆਂ ਪਰ ਅਜੇ ....'। ਕਹਿੰਦਿਆਂ ਕਹਿੰਦਿਆਂ ਬਾਬਾ ਜੀ ਚੁੱਪ ਹੋ ਗਏ।

ਕਿਸੀ ਪ੍ਰਸੰਗ ਪਰ ਬਾਰਤਾ ਬੋਲਯੋ ਬ੍ਰਹਮਚਾਰੀ।(ਗੱਲਾਂ ਕਰਦਿਆਂ ਬ੍ਰਹਮਚਾਰੀ ਨੇ ਪੁੱਛਿਆ)

'ਗੁਰੁ ਤੁਮ੍ਹਾਰੋ ਕੌਨ ਹੈ ਕਿਮ ਦੀਖਿਆ ਧਾਰੀ'? (ਤੁਹਾਡਾ ਗੁਰੂ ਕੌਣ ਹੈ, ਕਿਵੇਂ ਉਸ ਤੋਂ ਦੀਖਿਆ ਲਈ ?)

ਸੁਨਿ ਸ੍ਰੀ ਅਮਰ ਬਖਾਨਿਓ 'ਗੁਰ ਮੋਹਿ ਨ ਪਾਯੋ।(ਸੁਣ ਕੇ ਕਹਿਣ ਲਗੇ, 'ਅਜੇ ਗੁਰੂ ਮਿਲਿਆ ਨਹੀਂ)

ਖੋਜ ਰਹਯੋ ਅਭਿਲਾਖ ਸੋਂ ਕੋ ਦ੍ਰਿਸਟਿ ਨ ਆਯੋ।28॥ (ਬਹੁਤ ਭਾਲ ਕੀਤੀ ਹੈ ਪਰ ਦਰਸ਼ਨ ਨਹੀਂ ਹੋਏ)

ਨਹਿਂ ਦੀਖਿਆ ਕਿਸ ਕੀ ਲਈ ਮੈਂ ਕਰੀ ਨ ਸੇਵਾ।(ਨਾ ਉਪਦੇਸ਼ ਲੈ ਸਕਿਆ, ਨਾ ਹੀ ਕੋਈ ਸੇਵਾ ਕਰ ਸੱਕਿਆ)

ਅਬਿ ਬਾਂਛਤ ਹੌਂ ਰਿਦੈ ਕਰਿ ਹੌਂ ਗੁਰਦੇਵਾ'।..29॥(ਅਜੇ ਤੱਕ ਲੱਭਦਾ ਫਿਰ ਰਿਹਾ ਹਾਂ')

ਇਹ ਸੁਣ ਕੇ ਬ੍ਰਹਮਚਾਰੀ ਤਾਂ ਜਿਵੇਂ ਤ੍ਰਭਕ ਪਿਆ,

'ਕੀਹ ਆਖਿਆ ਜੇ, ਅਜੇ ਗੁਰੂ ਮਿਲਿਆ ਨਹੀਂ? ਇਸ ਦਾ ਭਾਵ ਤੁਸੀਂ ਅਜੇ ਨਿਗੁਰੇ ਹੀ ਹੋ? ਮੈਂ ਪਹਿਲਾਂ ਪੁੱਛਿਆ ਹੀ ਨਾਂਹ, ਸਾਰੇ ਰਾਹ ਨਿਗੁਰੇ ਦਾ ਸੰਗ ਕੀਤਾ? ਉਸ ਦੇ ਹੱਥੋਂ ਭੋਜਨ ਕੀਤਾ? ਰੇ ...ਰੇ...ਰੇ...ਮੇਰਾ ਤਾਂ ਨ੍ਹਾਤਾ ਧੋਤਾ ਸਭ ਅਜਾਈਂ ਚਲਾ ਗਿਆ'। ਇਸ ਤਰਹ ਬ੍ਰਹਮਚਾਰੀ ਪ੍ਰੇਸ਼ਾਨ ਹੋਇਆ ਕਈ ਕੁਝ ਬੋਲਦਾ ਸਿਰ੍ਹਾਣੇ ਰੱਖਿਆ ਆਪਣਾ ਨਿੱਕ-ਸੁੱਕ ਸੰਭਾਲਣ ਲੱਗ ਪਿਆ ਪਰ ਬਾਬਾ ਜੀ ਅਵਾਕ ਹੋਏ ਵੇਖਦੇ ਰਹੇ। ਇਨ੍ਹਾਂ ਦੇ ਵੇਖਦਿਆਂ ਵੇਖਦਿਆਂ ਹੀ ਉਹ ਬਿਨਾਂ ਕੋਈ 'ਰਾਮ-ਸਤਿ' ਆਖਿਆਂ ਉੱਤਰ ਕੇ ਬਾਹਰ ਹਨੇਰ੍ਹੇ ਵਿਚ ਕਿਧਰੇ ਚਲਾ ਗਿਆ।

..'ਨਿਗੁਰੇ ਕੋ ਸੰਗ ਭਯੋ ਕੀਯੋ ਖਾਨ ਰੁ ਪਾਨਾ।(ਨਿਗੁਰੇ ਦੀ ਸੰਗਤ ਕੀਤੀ ਤੇ ਨਾਲ ਬੈਠ ਖਾਂਦਾ ਪੀਂਦਾ ਰਿਹਾ)

ਪੁੰਨ ਅਕਾਰਥ ਸਭ ਭਏ ਮੁਝ ਚਿੰਤ ਮਹਾਨਾ।30॥14॥(ਸਭ ਭਲੇ ਕੰਮ ਕੀਤੇ ਵਿਅਰਥ ਚਲੇ ਗਏ, ਓ..ਹੋ...) ਰਾਸਿ ਪਹਿਲੀ

ਉਹ ਤਾਂ ਚਲਾ ਗਿਆ ਪਰ ਬਾਬਾ ਜੀ ਦਾ ਹਾਲ ਉਸ ਮੱਛੀ ਵਰਗਾ ਕਰ ਗਿਆ ਜੋ ਪਾਣੀ ਦੀ ਘਾਟ ਕਰ ਕੇ ਤੜਪ ਰਹੀ ਹੋਵੇ। ਅੱਜ ਦੀ ਹੀ ਸਾਰੀ ਰਾਤ ਪਾਸੇ ਮਾਰਦਿਆਂ ਨਹੀਂ ਬੀਤੀ ਸਗੋਂ ਦਿਨ ਇਸ ਤੋਂ ਵੀ ਜ਼ਿਆਦਾ ਬਿਹਾਲ ਕਰਨ ਲੱਗ ਪਏ। ਇਸੇ ਤਰਹ ਦੀ ਹੀ ਇਕ ਪ੍ਰਭਾਤ ਸੀ ਜਦੋਂ ਬੀਬੀ ਅਮਰੋ ਜੀ ਦੇ ਕੋਲੋਂ ਮਧੁਰ ਆਵਾਜ਼ ਵਿਚ ਗੁਰੂ ਕਾ ਸ਼ਬਦ ਸੁਣਿਆ ਅਰ ਮੁਗਧ ਹੋਏ ਕਿਸੇ ਹਿਰਨ ਵਾਂਗ ਜਿਸ ਤੋਂ ਇਹ ਨਾਦ ਆ ਰਿਹਾ ਸੀ ਉਸ ਦੀ ਭਾਲ ਵਿਚ ਹੋ ਤੁਰੇ।

**ਸ੍ਰੀ ਅਮਰਦਾਸ ਜੀ ਖਡੂਰ ਵਿਚ**

1601 ਬਿ./ 1544 ਈ. ਦਾ ਸਾਲ ਸੀ ਜਦੋਂ ਬਾਬਾ ਅਮਰਦਾਸ ਜੀ ਦੂਜੇ ਪਾਤਸ਼ਾਹ ਜੀ ਦੀ ਬੇਟੀ ਬੀਬੀ ਅਮਰੋ ਜੀ ਦੇ ਸਬੱਬ ਖਡੂਰ ਸਾਹਿਬ ਪਹੁੰਚੇ। ਬੀਬੀ ਨੂੰ ਬਿਨ ਬੁਲਾਏ ਆਇਆਂ ਵੇਖ ਗੁਰੂ ਅੰਗਦ ਸਾਹਿਬ ਹੈਰਾਨ ਤਾਂ ਹੋਏ ਪਰ, ਪੁੱਛਿਆ,

ਬੇਟੀ! ਜਿਸ ਨੂੰ ਨਾਲ ਲਿਆਏ ਸੀ ਉਸ ਨੂੰ ਬਾਹਰ ਕਿਉਂ ਛੱਡ ਆਏ'? ਸੁਣ ਕੇ ਬੀਬੀ ਜੀ ਸਿਰ ਨਿਵਾ ਕੇ ਕਹਿਣ ਲੱਗੇ,

'ਪਿਤਾ ਜੀ! ਆਪ ਦੀ ਆਗਿਆ ਲੈਣ ਲਈ ਮੈਂ ਉਨ੍ਹਾਂ ਨੂੰ ਬਾਹਰ ਰੋਕ ਆਈ ਸਾਂ, ਹੁਣੇ ਲਿਆਂਦੀ ਹਾਂ'। ਇਹ ਕਹਿ ਕੇ ਫ਼ੌਰਨ ਬਾਹਰ ਗਏ ਅਰ ਬਾਬਾ ਜੀ ਨੂੰ ਅੰਦਰ ਲੈ ਆਏ ਜਿਥੇ ਪਾਤਸ਼ਾਹ ਜੀ ਬਿਰਾਜਮਾਨ ਸਨ। ਆਪਣੇ ਸਬੰਧੀ ਨੂੰ ਆਉਂਦਿਆਂ ਵੇਖ ਪਾਤਸ਼ਾਹ ਜੀ ਉੱਠ ਖੜੇ ਹੋਏ ਤਾਂ ਕਿ ਗਲਵਕੜੀ ਵਿਚ ਲਿਆ ਜਾ ਸਕੇ। ਇਸ ਤੋਂ ਪਹਿਲਾਂ ਕਿ ਗੁਰੂ ਸਾਹਿਬ ਉਨ੍ਹਾਂ ਨੂੰ ਆਪਣੀਆਂ ਬਾਹਾਂ ਵਿਚ ਲੈ ਲੈਣ, ਬਾਬਾ ਜੀ ਚਰਨੀਂ ਢਹਿ ਪਏ ਅਤੇ ਆਖਿਆ,

'ਮੈਨੂੰ ਆਪਣਾ ਦਾਸ ਜਾਣੋ ਜੀ! ਮੈਂ ਆਪ ਦਾ ਸਿੱਖ ਬਣਨ ਆਇਆ ਹਾਂ'।

ਲਖ ਸੰਸਾਰ ਸਬੰਧ ਕੋ ਹੁਇ ਸਤਿਗੁਰ ਠਾਢੇ।(ਅਪਨੇ ਸਬੰਧੀ ਆਏ ਜਾਣ ਸਤਿਗੁਰ ਉੱਠੇ)

ਗਰ ਮਿਲਬੇ ਕਹੁ ਤਿਆਰ ਭੇ ਪਟ ਤੇ ਕਰ ਕਾਢੇ।(ਬੁੱਕਲ 'ਚੋਂ ਹੱਥ ਬਾਹਰ ਕੱਢੇ ਜੱਫੀ ਪਾਉਣ ਲਈ)

ਚਰਨ ਗਹੇ ਸ੍ਰੀ ਅਮਰ ਤਬ ਬੰਦਨ ਕਉ



ਠਾਨੀ। (ਬਾਬਾ ਜੀ ਚਰਨੀਂ ਪੈ ਗਏ, ਕਹਿੰਦਿਆਂ)

'ਉਚਿਤ ਨਹੀਂ ਗੁਰ! ਮਿਲਨ ਕੇ ਲੇਹੁ ਦਾਸ ਪਛਾਨੀ'।25॥15॥ ('ਸਤਿਗੁਰੂ ਜੀ! ਮੈਂ ਗਲ ਮਿਲਨ ਦੇ ਯੋਗ ਨਹੀਂ, ਮੈਨੂੰ ਆਪਣਾ ਦਾਸ ਸਮਝੋ'।)

ਸਤਿਗੁਰਾਂ ਨੇ ਆਪਣੇ ਕੋਲ ਬਿਠਾ ਲਿਆ ਅਰ ਪਰਵਾਰਿਕ ਸੁਖ ਸਾਂਦ ਪੁੱਛੀ। ਫਿਰ ਗੁਰਮਤ ਬਾਰੇ ਕੁਝ ਵਿਚਾਰਾਂ ਹੋਈਆਂ।

**ਲੰਗਰ ਵਿਚ ਮਾਸ**

ਇਸੇ ਦੌਰਾਨ ਭਾਈ ਜੋਧ ਜੀ ਨੇ ਆ ਕੇ ਦੱਸਿਆ ਕਿ ਲੰਗਰ ਤਿਆਰ ਹੋ ਗਿਆ ਹੈ ਤਾਂ ਸਤਿਗੁਰੂ ਜੀ ਸਭਨਾਂ ਨਾਲ ਪੰਗਤ ਵਿਚ ਆਣ ਸਜੇ। ਉਨ੍ਹਾਂ ਦੇ ਸਾਹਮਣੇ ਹੀ ਪੰਗਤ ਵਿਚ ਬਾਬਾ ਜੀ ਆਣ ਬੈਠੇ। ਜਦੋਂ ਵਰਤਾਵਾ ਗੁਰੂ ਸਾਹਿਬ ਲਈ ਹੋਰ ਵਸਤੂਆਂ ਨਾਲ ਮਾਸ ਵੀ ਪਰੋਸ ਰਿਹਾ ਸੀ ਤਾਂ ਸਾਹਮਣੇ ਬੈਠਿਆਂ ਬਾਬਾ ਜੀ ਦਾ ਜਿਉਂ ਹੀ ਧਿਆਨ ਪਿਆ ਤਾਂ ਆਪ ਇਕ ਦਮ ਅਸਹਿਜ ਮਹਿਸੂਸ ਕਰਨ ਲੱਗੇ ਕਿ ਇਥੇ ਮਾਸ ਵਰਤਾਇਆ ਜਾ ਰਿਹਾ ਹੈ ਪਰ ਮੈਂ ਤਾਂ ਗੰਗਾ ਇਸ਼ਨਾਨੀ ਵੈਸ਼ਨਵ ਹਾਂ, ਮਾਸ ਖਾਵਾਂ ਤਾਂ ਧਰਮ ਜਾਂਦਾ ਹੈ ਜੇ ਨਾ ਖਾਵਾਂ ਤਾਂ ਗੁਰੂ ਕਿਵੇਂ ਧਾਰਾਂ? ਅੱਛਾ, ਸਤਿਗੁਰੂ ਜਾਣੀ ਜਾਣ ਨੇ। ਇਉਂ ਵਿਚਾਰ ਹੀ ਰਹੇ ਸਨ ਜਦੋਂ ਸਤਿਗੁਰਾਂ ਵਰਤਾਵੇ ਨੂੰ ਆਖਿਆ ਕਿ ਔਹ ਜੋ ਨਵੇਂ ਸੱਜਣ ਆਏ ਹਨ ਉਨ੍ਹਾਂ ਨੂੰ ਮਾਸ ਤੋਂ ਬਿਨਾਂ ਦਾਲ ਚੌਲ ਆਦਿ ਭੋਜਨ ਵਰਤਾਉਣਾ।

ੳ. ਤਬ ਗੁਰੂ ਅਮਰਦਾਸ ਜੀ ਦੇਖੈ ਤੋ ਥਾਲੀ ਕੇ ਵਿਚ ਮਹਾ ਪ੍ਰਸਾਦਿ ਬਕਰੇ ਕਾ ਪਰੋਸਾ ਹੈ। ਤਬ ਮਨ ਮੈ ਬਿਚਾਰ ਕੀਤਾ।..ਜੋ ਗੁਰੂ ਪੂਰਾ ਹੈ ਤੋ ਮਹਾ ਪ੍ਰਸਾਦ ਹਮ ਕੋ ਨਹੀ ਦੇਵੈਗਾ। ਤਬ ਸਤਿਗੁਰ ਅੰਤਰਜਾਮੀ ਰਸੋਈਏ ਨੋ ਆਗਿਆ ਕੀਤੀ ਜੋ ਇਸ ਪੁਰਖ ਕੋ ਦਾਲ ਦੇਨਾ, ਪ੍ਰਸਾਦ ਦੇਨਾ, ਮਹਾ ਪ੍ਰਸਾਦਿ ਨਹੀ ਦੇਨਾ। ਤਬ ਗੁਰੂ ਅਮਰ ਨੇ ਬੀਚਾਰ ਕੀਤੀ ਸਤਿਗੁਰ ਅੰਤਰਜਾਮੀ ਹੈ। 29॥ ਮਹਿਮਾ ਪ੍ਰਕਾਸ਼ (ਵਾਰਤਕ)

ਅ. ਸੋਰਠਾ॥ ਗੁਰ ਅੰਤਰਜਾਮੀ ਦਿਆਲ ਬੂਝੀ ਬਿਰਤਿ ਮਨ ਕੀ ਕਹਿਓ।

ਇਸ ਪੁਰਖ ਪਰੋਸੋ ਦਾਲ ਮਾਸ ਭੋਜਨ ਦੇਨਾ ਨਹੀਂ'।56॥

ਚੌਪਈ॥ ਆਗਿਆ ਮਾਨ ਰਸੋਈਐ ਕੀਨਾ।

ਸਭ ਕੋ ਮਾਸ, ਦਾਲ ਈਹਾਂ ਦੀਨਾ।

ਸਤਿਗੁਰ ਕੇ ਥਾਲ ਪਰੋਸਾ ਮਾਸ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਹਉਮੈ ਦੇ ਇਹਨਾਂ ਬੰਧਨਾਂ* ਕਰਕੇ ਜੀਵ ਮੁੜ ਮੁੜ ਜੂਨਾਂ ਵਿਚ ਪੈਂਦਾ ਹੈ । ਹੁਣ ਸਵਾਲ ਪੈਦਾ ਹੁੰਦਾ ਹੈ ਕਿ ਹਉਮੈ ਕਿੱਥੋਂ ਪੈਦਾ ਹੁੰਦੀ ਤੇ ਕਿਸ ਸੰਜਮ (ਤਰੀਕੇ) ਨਾਲ਼ ਇਹ ਦੂਰ ਹੁੰਦੀ ਹੈ? ਹਉਮੈ ਰੱਬ ਦੇ ਹੁਕਮ ‘ਚ ਹੁੰਦੀ ਹੈ, ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਕਰਕੇ ਜੀਵ ਉਹੀ ਕੰਮ ਵਾਰ ਵਾਰ ਕਰਦੇ ਹਨ । ਹਉਮੈ ਇਕ ਚਿਰਕਾਲੀਨ (ਲੰਬੀ) ਬੀਮਾਰੀ ਹੈ, ਇਸਦੀ ਦਵਾਈ ਵੀ ਇਸਦੇ ਅੰਦਰ ਹੈ । ਜੇ ਪ੍ਰਭੂ ਆਪਣੀ ਕਿਰਪਾ ਕਰੇ, ਤਾਂ ਜੀਵ ਗੁਰੂ ਦਾ ਸ਼ਬਦ ਕਮਾਉਂਦਾ ਹੈ; ਭਾਵ ਗੁਰੂ ਦੇ ਸ਼ਬਦ ਦਾ ਜਾਪ ਕਰਕੇ ਸ਼ਬਦ ਨੂੰ ਮਨ ਵਿਚ ਵਸਾਉਂਦਾ ਹੈ । ਸਤਿਗੁਰੂ ਜੀ ਆਖਦੇ ਹਨ ਸੁਣੋ ਹੇ ਲੋਕੋ! ਇਸ ਤਰੀਕੇ ਨਾਲ ਹਉਮੈ ਰੂਪੀ ਦੁੱਖ ਦੂਰ ਹੋ ਜਾਂਦਾ ਹੈ । “ਮਹਲਾ 2 ॥ ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥2॥ ਅੰਗ 466” । ਜੇਕਰ (ਗੁਰੂ ਦੇ) ਸ਼ਬਦ ਨੂੰ ਪਛਾਣ ਲਈਏ ਤਾਂ ਕੋਈ ਵੀ ਹਉਮੈ ਨਹੀਂ ਕਰੇਗਾ । “ਨਾਨਕ ਸਬਦਿ ਪਛਾਣੀਐ ਹਉਮ ਕਰੈ ਨ ਕੋਇ॥8॥8॥ ਅੰਗ 58” । ਗੁਰੂ ਦਾ ਸ਼ਬਦ ਮਨ ‘ਚ ਵਸ ਜਾਣ ਨਾਲ਼ ਅੰਦਰੋਂ ਹਉਮੈ ਖਤਮ ਹੋ ਜਾਂਦੀ ਹੈ । “ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ॥ ਅੰਗ 61” । “ਹਉਮੈ ਸਬਦਿ ਜਲਾਇ” ਇਹ ਤਿੰਨ ਸ਼ਬਦ ਇਕੱਠੇ ਗੁਰਬਾਣੀ ਵਿਚ ਸਭ ਤੋਂ ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਨੇ ਵਰਤੇ ਹਨ ਤੇ ਉਸ ਤੋਂ ਬਾਦ ਸਭ ਤੋਂ ਜ਼ਿਆਦਾ ਵਾਰੀ ਸਤਿਗੁਰੂ ਅਮਰ ਦਾਸ ਜੀ ਨੇ ਵਰਤੇ ਹਨ । ਕਿਸੇ ਹੋਰ ਗੁਰੂ ਸਾਹਿਬ-ਾਨ ਜਾਂ ਭਗਤ ਸਾਹਿਬਾਨ ਨੇ ਇਹ ਤਿੰਨ ਸ਼ਬਦ ਇਕੱਠੇ ਨਹੀਂ ਵਰਤੇ । ਜਲਾਇ ਦੀ ਜਗ੍ਹਾ ਜਲਾਈ, ਜਲਾਏ ਤੇ ਜਲਾਇਆ ਵੀ ਵਰਤੇ ਗਏ ਹਨ ।

ਗੁਰੂ ਦੇ ਸ਼ਬਦ ਤੇ ਨਾਮ ਵਿਚ ਕੋਈ ਅੰਤਰ ਨਹੀਂ ਹੁੰਦਾ; ਗੁਰੂ ਅਨੁਸਾਰੀ ਹੋ ਕੇ ਅਗਰ ਅਸੀਂ ਨਾਮ ਨੂੰ ਸਾਲਾਹੀਏ ਤਾਂ ਹਉਮੈ ਰੂਪੀ ਅੱਗ ਬੁਝ ਜਾਂਦੀ ਹੈ । “ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥1॥ ਰਹਾਉ॥ ਅੰਗ 20” । ਅਨਹਦ ਬਾਣੀ ਰਾਹੀਂ, ਨਾਮ ਧਿਆ ਕੇ ਤੇ ਆਤਮ ਸਮਰਪਨ ਕਰਨ ਨਾਲ਼ ਹਉਮੈ ਦਾ ਨਾਸ ਹੁੰਦਾ ਹੈ । “ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥ ਅੰਗ 21”, “ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥1॥ ਰਹਾਉ ॥ ਅੰਗ 28” । ਅਤੇ “ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ ਅੰਗ 28” । ਸੰਤਾਂ ਦੀ ਸੰਗਤ ਵਿਚ ਹਉਮੈ ਦਾ ਰੋਗ ਦੂਰ ਹੋ ਜਾਂਦਾ ਹੈ । “ਸੰਤ ਜਨਾ ਕੈ ਸੰਗਿ ਹਉਮੈ ਰੋਗੁ ਜਾਇ ॥ ਅੰਗ 961” । ਜਾਂ ਫਿਰ ਜਿਸਤੇ ਪਰਮੇਸ਼ਰ ਦੀ ਮਿਹਰ ਹੁੰਦੀ ਹੈ ਉਸਦੀ ਹਉਮੈ ਦੂਰ ਹੋ ਜਾਂਦੀ ਹੈ । “ਜਿਸ ਨੋ ਤੇਰੀ ਨਦਰਿ ਹਉਮੈ ਤਿਸ ਗਈ ॥ ਅੰਗ 961”।

*“ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ ਅੰਗ 595” ।

ਹਉਮੈ ਤੇ ਥੋੜਾ ਹੋਰ ਵਿਸਥਾਰ ਪੂਰਵਕ ਵਿਚਾਰ:

ਸਤਿਗੁਰੂ ਨਾਨਕ ਦੇਵ ਜੀ ਸਾਨੂੰ ਸੋਝੀ ਬਖ਼ਸ਼ਦੇ ਹਨ ਕਿ ਜੇ ਪ੍ਰਭੂ ਦੇ ਹੁਕਮ ਨੂੰ ਬੁੱਝ ਲਈਏ ਤੇ ਸਾਰੇ ਜੀਵਾਂ ‘ਚ ਇਕ ਪ੍ਰਭੂ ਨੂੰ ਜਾਣੀਏ ਤਾਂ ਕੋਈ ਹਉਮੈ (ਮੈਂ ਮੈਂ) ਨਹੀਂ ਕਹੇਗਾ । “ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥2॥ ਅੰਗ 1” । ਅਤੇ “ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥4॥ ਅੰਗ 432”। ਮਾਇਆਧਾਰੀ ਬੰਦਾ ਪ੍ਰਭੂ ਦੇ ਨਾਮ ਰਸ ਦਾ ਆਨੰਦ ਨਹੀ ਜਾਣਦਾ; ਉਸਦੇ ਅੰਦਰ ਹਉਮੈ ਰੂਪੀ ਦੁਖਦਾਇਕ ਕੰਡਾ ਹੁੰਦਾ ਹੈ । “ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ਅੰਗ 13 ਅਤੇ 171” । ਇਸ ਕਰਕੇ ਸਤਿਗੁਰੂ ਨਾਨਕ ਦੇਵ ਜੀ ਆਪਣੇ ਮਨ ਨੂੰ ਸੰਬੋਧਨ ਕਰਕੇ ਸਾਨੂੰ ਉਪਦੇਸ਼ ਕਰਦੇ ਹਨ ਕਿ ਹੇ ਮਨ! ਮਾਣ ਤੇ ਹੰਕਾਰ ਛੱਡ ਦੇ । ਆਤਮਾ ਨੂੰ ਪਵਿਤ੍ਰ ਕਰਨ ਵਾਲ਼ੇ ਸਰੋਵਰ ਰੱਬ ਰੂਪ ਗੁਰੂ ਦੀ ਸੇਵਾ (ਗੁਰੂ ਸ਼ਬਦ ਦੀ ਕਮਾਈ) ਕਰ ਤਾਂ ਤੂੰ ਪ੍ਰਭੂ ਦੀ ਦਰਗਾਹ ਵਿਚ ਮਾਣ ਪਾਏਂਗਾ । “ਮਨ ਰੇ ਹਉਮੈ ਛੋਡਿ ਗੁਮਾਨੁ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥1॥ਰਹਾਉ॥ ਅੰਗ 21”। ਇਹ ਸਰੀਰ ਮਾਇਆ ਦਾ ਪੁਤਲਾ ਹੈ ਅਤੇ ਇਸ ਵਿਚ ਪ੍ਰਭੂ ਨੇ ਦੁਸ਼ਟ ਹਉਮੈ ਪਾਈ ਹੋਈ ਹੈ । ਜਿਸ ਕਰਕੇ ਜੰਮਣਾ ਮਰਨਾ ਬਣਿਆ ਰਹਿੰਦਾ ਹੈ ਤੇ ਮਨਮੁਖ ਜੀਵ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਗਵਾ ਲੈਂਦਾ ਹੈ । “ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥ ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥ ਅੰਗ 31” । ਅਤੇ “ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥ ਅੰਗ 999” । ਹਉਮੈ ਦਾ ਰੋਗ ਪ੍ਰਭੂ ਨੇ ਮਨੁੱਖ ਨੂੰ ਦਿੱਤਾ ਹੈ! “ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ 1140” । ਜਿਹੜੇ ਜਿਹੜੇ ਵੀ ਕੰਮ ਮੈਂ ਮੈਂ ਕਰਕੇ ਕਰੀਦੇ ਹਨ ਉਹ ਵਿਅਰਥ ਜਾਂਦੇ ਹਨ । “ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ ॥1॥ ਅੰਗ 999” । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਲਾਹਨਤ ਹੈ ਉਹਨਾਂ ਦਾ ਜਿਉਣਾ ਜੋ ਪ੍ਰਭੂ ਦਾ ਸਦੀਵੀ ਸੁਖ ਛੱਡ ਕੇ, ਹਉਮੈ ਵਿਚ ਪਾਪ ਦੀ ਕਮਾਈ ਕਰਦੇ ਹਨ ਤੇ ਦੁਖ ਪਾਉਂਦੇ ਹਨ। “ਧ੍ਰਿਗੁ ਤਿਨਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ ॥ ਅੰਗ 511” । ਹਉਮੈ ਵਿਚ ਕਿਸੇ ਨੇ ਵੀ ਪ੍ਰਭੂ ਦੀ ਪ੍ਰਾਪਤੀ ਨਹੀਂ ਕੀਤੀ । “ਹਉਮੈ ਵਿਚਿ ਪ੍ਰਭੁ ਕੋਇ ਨ ਪਾਏ ॥ ਅੰਗ 664”। ਇਸਦੇ ਉੱਲਟ ਜਿਸ ਨੇ ਸਤਿਗੁਰੂ ਦੀ ਸੇਵਾ (ਗੁਰ ਸ਼ਬਦ ਦੀ ਕਮਾਈ) ਕੀਤੀ, ਉਸ ਨੇ ਸਦੀਵੀ ਸੁਖ ਪ੍ਰਾਪਤ ਕਰ ਲਿਆ ਤੇ ਆਪਣੀ ਜੋਤਿ, ਜੋਤੀ ਪ੍ਰਭੂ ਵਿਚ ਮਿਲਾ ਲਈ; ਭਾਵ ਪ੍ਰਭੂ ਨਾਲ਼ ਮਿਲਾਪ ਹਾਸਿਲ ਕਰ ਲਿਆ । “ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥2॥ ਅੰਗ 31” ।

ਗੁਰੂ ਤੋਂ ਬਿਨਾ (ਪ੍ਰਭੂ ਨਾਲ਼) ਪ੍ਰੀਤ ਪੈਦਾ ਨਹੀਂ ਹੁੰਦੀ ਤੇ ਹਉਮੈ ਰੂਪੀ ਮੈਲ ਦੂਰ ਨਹੀਂ ਹੁੰਦੀ । “ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥ ਅੰਗ 60” । ਅਤੇ “ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥ ਅੰਗ 391” । ਹਉਮੈ ਦੀ ਮੈਲ ਦੂਰ ਹੋਣ ਤੋਂ ਬਿਨਾ ਨਾਮ ਨਾਲ਼ ਪਿਆਰ ਨਹੀਂ ਪੈਂਦਾ। “ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਅੰਗ 594” । ਗੁਰੂ/ਪ੍ਰਭੂ ਦੀ ਕਿਰਪਾ ਨਾਲ਼ ਹਉਮੈ ਦੂਰ ਹੁੰਦੀ ਹੈ । “ਗੁਰ ਪਰਸਾਦੀ ਹਉਮੈ ਜਾਏ ॥ ਅੰਗ 114” । ਅਤੇ “ਤਉ ਕਿਰਪਾ ਤੇ ਹਉਮੈ ਤੁਟੈ ॥1॥ ਅੰਗ 180” । ਪ੍ਰਭੂ ਦੀ ਪ੍ਰੇਮਾ ਭਗਤੀ ਤੇ ਉਸਦਾ ਨਾਮ ਜਪਣ ਰਾਹੀਂ ਹਉਮੈ ਦਾ ਨਾਸ ਹੁੰਦਾ ਹੈ । “ਭਾਇ ਭਗਤਿ ਜਾ ਹਉਮੈ ਸੋਖੈ। ਅੰਗ 124” ।, “ਜਾਸੁ ਜਪਤ ਇਹ ਹਉਮੈ ਭਾਗੈ ॥2॥ ਅੰਗ 236” । ਅਤੇ “ਨਿਰਮਲ ਨਾਮਿ ਹਉਮੈ ਮਲੁ ਧੋਇ ॥ ਅੰਗ 664” । ਜਿਹਨਾਂ ਦੇ ਪੱਲੇ ਪੁੰਨ ਕਰਮ ਹੁੰਦੇ ਹਨ ਉਹ ਹਉਮੈ ਨੂੰ ਮਾਰ ਲੈਂਦੇ ਹਨ ।

**ਬਾਕੀ ਅਗਲੇ ਹਫ਼ਤੇ**

ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ ‘ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ ‘ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।**

NAME.......................................................................
ADDRESS...................................................................
.............................................POST CODE.....................................
TEL.........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**

*www.panjabtimes.uk Email: Panjabtimes@aol.com*


## ਸ਼ੇਖ ਹਸੀਨਾ ਦੀ ਅਵਾਮੀ ਲੀਗ ਪਾਰਟੀ ’ਤੇ ਲੱਗੀ ਪਾਬੰਦੀ



ਬੰਗਲਾਦੇਸ਼ ਵਿਚ ਰਾਜਨੀਤਕ ਸੰਕਟ ਅਤੇ ਵਧਦੇ ਤਣਾਅ ਵਿਚਕਾਰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਇਕ ਵੱਡਾ ਕਦਮ ਚੁੱਕਿਆ ਅਤੇ ਅਤਿਵਾਦ ਵਿਰੋਧੀ ਕਾਨੂੰਨ ਤਹਿਤ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ। ਇਹ ਫ਼ੈਸਲਾ ਮੁੱਖ ਸਲਾਹਕਾਰ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨੇ ਲਿਆ ਸੀ। ਸਰਕਾਰ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਪਾਬੰਦੀ ਦੇਸ਼ ਦੀ ਸੁਰੱਖਿਆ ਅਤੇ ਪ੍ਰਭੂਸੱਤਾ ਦੀ ਰਖਿਆ ਦੇ ਹਿੱਤ ਵਿਚ ਲਗਾਈ ਗਈ ਹੈ ਅਤੇ ਇਹ ਉਦੋਂ ਤਕ ਲਾਗੂ ਰਹੇਗੀ ਜਦੋਂ ਤਕ ਅਵਾਮੀ ਲੀਗ ਅਤੇ ਇਸ ਦੇ ਨੇਤਾਵਾਂ ਵਿਰੁਧ ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਵਿਚ ਚੱਲ ਰਿਹਾ ਮੁਕੱਦਮਾ ਪੂਰਾ ਨਹੀਂ ਹੋ ਜਾਂਦਾ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਅਧਿਕਾਰਤ ਗਜ਼ਟ ਨੋਟੀਫ਼ਿਕੇਸ਼ਨ ਅਗਲੇ ਕੰਮਕਾਜੀ ਦਿਨ ਜਾਰੀ ਕੀਤਾ ਜਾਵੇਗਾ। ਇਸ ਫੈਸਲੇ ਨੂੰ ਸਲਾਹਕਾਰ ਪ੍ਰੀਸ਼ਦ (ਕੈਬਨਿਟ) ਦੀ ਮੀਟਿੰਗ ਵਿਚ ਪ੍ਰਵਾਨਗੀ ਦਿਤੀ ਗਈ।

# ਸਿੱਖ ਕੌਮ ਦੇ ਮੌਜੂਦਾ ਤੇ ਭਵਿੱਖ ਦੇ ਅੰਦਰੂਨੀ ਬਾਹਰੀ ਤਾਕਤਾਂ ਦੇ ਹਮਲੇ

## 4 ਫਰਵਰੀ 2017 ਨੂੰ ਡਰਬੀ ਵਿਖੇ ਹੋਏ ਸੈਮੀਨਾਰ ਵਿੱਚ ਤਵਾਰੀਖ, ਮੌਜੂਦਾ ਤੇ ਭਵਿਖ ਦੇ ਅੰਦਰੂਨੀ, ਬਾਹਰੀ ਤਾਕਤਾਂ ਦੇ ਹਮਲਿਆਂ ਬਾਰੇ ਜਥੇਦਾਰ ਮਹਿੰਦਰ ਸਿੰਘ ਖਹਿਰਾ ਵੱਲੋਂ ਪੜ੍ਹਿਆ ਗਿਆ ਪਰਚਾ




ਜਥੇ: ਮਹਿੰਦਰ ਸਿੰਘ ਖਹਿਰਾ, 2017 ਨੂੰ ਸੈਮੀਨਾਰ ਦੌਰਾਨ ਪਰਚਾ ਪੜ੍ਹਦੇ ਹੋਏ

**ਖਾਲਸਾ ਰਾਜ ਮੌਕੇ ਦੁਨਿਆਵੀ ਫਾਇਦਿਆਂ ਨੂੰ ਮੁਖ ਰੱਖ ਕੇ ਸਿੱਖ ਸਫਾਂ ਵਿੱਚ ਸ਼ਾਮਲ ਹੋਏ ਹਿੰਦੂ ਤੱਤ, ਜੋ ਜਿਆਦਾ ਕਰ ਕੇ ਅਖੌਤੀ ਉਚ-ਜਾਤੀਆਂ ਵਿੱਚੋਂ ਸਨ। ਵੱਡੀ ਪੱਧਰ ਤੇ ਵਾਪਿਸ ਹਿੰਦੂ ਧਾਰਾ ਵਲ ਪਰਤਣ ਲੱਗੇ। 1855 ਦੀ ਪਹਿਲੀ ਮਰਦਮ ਸ਼ੁਮਾਰੀ ਮੌਕੇ ਸਿੱਖਾਂ ਦਾ ਗੜ੍ਹ ਮੰਨੇ ਜਾਂਦੇ ਕੇਂਦਰੀ ਪੰਜਾਬ ਦੇ ਪੰਜਾਂ ਜਿਲ੍ਹਿਆਂ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਤੇ ਗੁੱਜਰਾਂਵਾਲੀ ਦੀ ਕੁਲ 35 ਲੱਖ ਵਿੱਚੋਂ ਸਿੱਖਾਂ ਦੀ ਗਿਣਤੀ ਸਿਰਫ ਇੱਕ ਲੱਖ ਅੱਸੀ ਹਜ਼ਾਰ ਦੇ ਕਰੀਬ ਹੀ ਰਹਿ ਗਈ, ਉਦੋਂ ਸਿੱਖ ਵਰਗ ਵਿੱਚ ਸਿਰਫ ਕੇਸਾਧਾਰੀ ਸਿੱਖਾਂ ਨੂੰ ਹੀ ਗਿਣਿਆਂ ਜਾਂਦਾ ਸੀ। "**

"ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਭਰ ਦੇ ਉੱਘੇ ਗੁਰਦੁਆਰਿਆਂ ਦੇ ਨਾਂ ਵੱਡੀਆਂ-ਵੱਡੀਆਂ ਜਗੀਰਾਂ ਲਵਾਉਣ ਤੋਂ ਇਲ-ਾਵਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ, ਨਨਕਾਣਾ ਸਾਹਿਬ ਆਦਿ ਗੁਰਦੁਆਰਿਆਂ ਦੀ ਨਵ-ਉਸਾਰੀ ਕਰਵਾਈ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਸੰਗਮਰਮਰ ਅਤੇ ਚਾਂਦੀ-ਸੋਨੇ ਦੀ ਜੜ੍ਹਤ ਕਰਾਈ। ਏਨਾ ਕੁਝ ਕਰਵਾ ਕੇ ਵੀ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੇ ਅੰਦਰੂਨੀ ਪ੍ਰਬੰਧ ਵਿੱਚ ਕੋਈ ਦਖ਼ਲ ਨਹੀਂ ਦਿੱਤਾ ਅਤੇ ਨਾ ਹੀ ਕਿਸੇ ਗੁਰਦੁਆਰੇ ਨੂੰ ਰਾਜ ਪ੍ਰਬੰਧ ਹੇਠਾਂ ਲੈਣ ਦਾ ਵਿਚਾਰ ਬਣਾਇਆ, ਸਗੋਂ ਮਹਾਰਾਜਾ ਰਣਜੀਤ ਸਿੰਘ ਉਸ ਸਮੇਂ ਦੇ ਧਾਰਮਿਕ ਨੇਤਾ ਅਕਾਲੀ ਫੂਲਾ ਸਿੰਘ ਜੀ ਦਾ ਹੁਕਮ ਮੰਨ ਕੇ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਿਆਂ ਦੇ ਸਾਮ੍ਹਣੇ ਸਿਰ ਝੁਕਾਉਂਦਾ ਰਿਹਾ। ਸਿੱਖ ਰਾਜ ਸਮੇਂ ਗੁਰਦੁਆਰਿਆਂ ਦਾ ਸਤਿਕਾਰ ਕਾਇਮ ਰਿਹਾ, ਸਿੱਖ ਰਾਜ ਨੇ ਭਾਵੇਂ ਗੁਰਦੁਆਰਿਆਂ ਅਤੇ ਸੰਬੰਧਤ ਗੁਰੂ ਕੇ ਲੰਗਰਾਂ ਹਿੱਤ ਰਾਖਵੀਆਂ ਕੀਤੀਆ ਜਗੀਰਾਂ ਤੇ ਜਾਇਦਾਦਾਂ ਰਾਹੀਂ ਇਹਨਾਂ ਦੀ ਮਾਲੀ ਦਸ਼ਾ ਕਾਫ਼ੀ ਚੰਗੀ ਬਣਾ ਦਿੱਤੀ ਪਰੰਤੂ ਇਹਨਾਂ ਦਾ ਅੰਦਰੂਨੀ ਪ੍ਰਬੰਧ ਤੇ ਪਾਠ ਪੂਜਾ ਪਹਿਲਾਂ ਵਾਂਗ ਹੀ ਸੰਪ੍ਰਦਾਈ ਅਥਵਾ ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਹੱਥ ਵਿੱਚ ਹੀ ਰਿਹਾ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਸਮੇਂ ਗੁਰਦੁਆਰਿਆਂ ਦੇ ਅੰਦਰੂਨੀ ਪ੍ਰਬੰਧ ਤੇ ਮਰਯਾਦਾ ਵੱਲ ਖ਼ਾਸ ਧਿਆਨ ਨਹੀਂ ਦਿੱਤਾ। ਇਹੀ ਕਾਰਨ ਸੀ ਕਿ ਸਿੱਖ ਰਾਜ ਤੋਂ ਬਾਅਦ ਉਦਾਸੀ ਤੇ ਨਿਰਮਲੇ ਹਿੰਦੂ ਕੇਸਾਧਾਰੀ ਸਾਧੂ ਅੰਗਰੇਜ਼ਾਂ ਦੀ ਸ਼ਹਿ 'ਤੇ ਗੁਰਦੁਆਰਿਆਂ ਦੇ ਨਾਂਅ ਲੱਗੀਆਂ ਜਗੀਰਾਂ ਨੂੰ ਆਪਣੀ ਜੱਦ-ਜਾਇਦਾਦ ਸਮਝ ਕੇ ਸਿੱਖੀ ਦਾ ਭਗਵਾਂਕਰਨ, ਕਰਨ ਲਈ ਮਨਮਾਨੀਆਂ ਕਰਨ ਲੱਗ ਪਏ ਸਨ।

ਨਿਰਮਲੇ ਤੇ ਉਦਾਸੀ ਮਹੰਤਾਂ ਨੇ ਅੰਗਰੇਜ਼ੀ ਸ਼ਹਿ 'ਤੇ ਜਿੱਥੇ ਗੁਰਦੁਆਰਿਆਂ ਦੇ ਨਾਂ ਲੱਗੀਆਂ ਜਗੀਰਾਂ ਨੂੰ ਆਪਣੇ ਨਿੱਜੀ ਨਾਂਵਾਂ 'ਤੇ ਲੁਆਉਣਾ ਸ਼ੁਰੂ ਕਰ ਦਿੱਤਾ ਓਥੇ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਨੇ ਸਿੱਖ ਗੁਰਧਾਮਾਂ 'ਤੇ ਮਾਲਕੀ ਦਾ ਹੱਕ ਜਮਾਉਣ ਤੋਂ ਬਾਅਦ ਅੰਮ੍ਰਿਤਧਾਰੀ ਸਿੱਖਾਂ ਲਈ ਦਰਵਾਜ਼ੇ ਬੰਦ ਕਰਨੇ ਸ਼ੁਰੂ ਕਰ ਦਿੱਤੇ। ਅੰਗਰੇਜ਼ਾਂ ਦੇ ਥਾਪੜੇ ਨੇ ਇਹਨਾਂ ਭ੍ਰਿਸ਼ਟ ਮਹੰਤਾਂ ਦੇ ਅੰਦਰ ਇੰਨੀ ਨਿਡਰਤਾ ਭਰ ਦਿੱਤੀ ਕਿ ਉਹਨਾਂ ਨੇ ਅੰਮ੍ਰਿਤਧਾਰੀ ਸਿੱਖਾਂ ਦੀਆਂ ਜਬਰਦਸਤੀ ਕ੍ਰਿਪਾਨਾਂ ਲੁਹਾਉਣੀਆਂ ਸ਼ੁਰੂ ਕਰ ਦਿੱਤੀਆਂ। ਯਾਤਰੂ ਮੁਟਿਆਰਾਂ ਨਾਲ਼ ਖੇਹ ਖਰਾਬੀ ਦਾ ਹੱਕ ਜਤਾਉਣਾ, ਗੁਰਦੁਆਰਿਆਂ ਦੇ ਅੰਦਰ ਨਾਚੀਆਂ ਦਾ ਨਾਚ ਕਰਾਉਣਾ ਅਤੇ ਆਪਣੀ ਸੰਤਾਨ ਨੂੰ ਆਪਣੇ ਉਤਰਾਧਿਕਾਰੀ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਅੰਮ੍ਰਿਤਸਰ ਸਰੋਵਰ ਦੁਆਲੇ ਸਾਰੀ ਪ੍ਰਕਰਮਾ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਿਤ ਕਰ ਦਿੱਤੀਆਂ।"

*(ਸ. ਗੁਰਤੇਜ ਸਿੰਘ, ਪੁਸਤਕ 'ਓੜਕ ਸੱਚ ਰਹੀ')*

"ਸਿੱਖ ਰਾਜ ਦੇ ਖ਼ਾਤਮੇ ਨਾਲ਼ ਸਿੱਖ ਕੌਮ ਨੂੰ ਉਕਤ ਸਾਰੀਆਂ ਦੁਸ਼ਵਾਰੀਆਂ ਦਾ ਸਾਮ੍ਹਣਾ ਕਰਨਾ ਪਿਆ। ਖ਼ਾਲਸਾ ਰਾਜ ਮੌਕੇ ਦੁਨਿਆਵੀ ਫਾਇਦਿਆਂ ਨੂੰ ਮੁਖ ਰੱਖ ਕੇ ਸਿੱਖ ਸਫਾਂ ਵਿੱਚ ਸ਼ਾਮਲ ਹੋਏ ਹਿੰਦੂ ਤੱਤ, ਜੋ ਜ਼ਿਆਦਾ ਕਰ ਕੇ ਅਖੌਤੀ ਉੱਚ-ਜਾਤੀਆਂ ਵਿੱਚੋਂ ਸਨ। ਵੱਡੀ ਪੱਧਰ 'ਤੇ ਵਾਪਿਸ ਹਿੰਦੂ ਧਾਰਾ ਵਲ ਪਰਤਣ ਲੱਗੇ। 1855 ਦੀ ਪਹਿਲੀ ਮਰਦਮਸ਼ੁਮਾਰੀ ਮੌਕੇ ਸਿੱਖਾਂ ਦਾ ਗੜ੍ਹ ਮੰਨੇ ਜਾਂਦੇ ਕੇਂਦਰੀ ਪੰਜਾਬ ਦੇ ਪੰਜਾਂ ਜ਼ਿਲ੍ਹਿਆਂ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਤੇ ਗੁਜਰਾਂਵਾ.ਲਾ ਦੀ ਕੁਲ 35 ਲੱਖ ਵਿੱਚੋਂ ਸਿੱਖਾਂ ਦੀ ਗਿਣਤੀ ਸਿਰਫ਼ ਇੱਕ ਲੱਖ ਅੱਸੀ ਹਜ਼ਾਰ ਦੇ ਕਰੀਬ ਹੀ ਰਹਿ ਗਈ, ਓਦੋਂ ਸਿੱਖ ਵਰਗ ਵਿੱਚ ਸਿਰਫ਼ ਕੇਸਾਧਾਰੀ ਸਿੱਖਾਂ ਨੂੰ ਹੀ ਗਿਣਿਆ ਜਾਂਦਾ ਸੀ।"

*(ਸ. ਅਜਮੇਰ ਸਿੰਘ, ਪੁਸਤਕ 'ਵੀਹਵੀ ਸਦੀ ਦੀ ਸਿੱਖ ਰਾਜ ਨੀਤੀ')*

ਅਸੀਂ ਉੱਪਰ ਪੜ੍ਹ ਆਏ ਹਾਂ ਕਿ ਸਿੱਖੀ ਪ੍ਰਚਾਰ ਤੇ ਗੁਰਧਾਮਾਂ ਦਾ ਪ੍ਰਬੰਧ ਗੁਰਮਤਿ ਵਿਚਾਰਧਾਰਾ ਤੋਂ ਦੂਰੀ ਬਣਾ ਕੇ ਚਲ ਰਹੀਆਂ, ਨਿਰਮਲੇ, ਉਦਾਸੀ ਆਦਿ ਸੰਪਰਦਾਵਾਂ ਦੇ ਹੱਥ ਵਿੱਚ ਸੀ। ਇਹ ਸਾਰੀਆਂ ਸੰਪਰਦਾਵਾਂ ਹਿੰਦੂ ਮਤ ਦੇ ਗਹਿਰੇ ਪ੍ਰਭਾਵ ਹੇਠ ਹੋਣ ਕਰਕੇ, ਸਿੱਖ ਰਹੁ ਰੀਤਾਂ ਤੋਂ ਉਲ਼ਟ ਹਿੰਦੂ ਰਸਮਾਂ ਨੂੰ ਖੁੱਲ੍ਹੀ ਮਾਨਤਾ ਦੇ ਰਹੀਆਂ ਸਨ। ਸਿੱਟਾ ਇਹ ਹੋਇਆ ਕਿ ਸਿੱਖ ਜੀਵਨ ਦੇ ਚਿੰਤਨ ਅੰਦਰ ਹਿੰਦੂਵਾਦ ਘੁਸਪੈਠ ਕਰ ਗਿਆ। ਸਿੱਖ ਇਤਿਹਾਸ ਤੇ ਸਿੱਖ ਪਰੰਪਰਾਵਾਂ ਦੇ ਬ੍ਰਾਹਮਣੀਕਰਨ ਦਾ ਸਿਲਸਿਲਾ ਜ਼ੋਰ ਫੜ ਗਿਆ। ਹਿੰਦੂਆਂ ਦੀ ਰੀਸੇ ਸਿੱਖਾਂ ਨੇ ਵੀ ਸ਼ਬਦ ਗੁਰੂ ਦੇ ਅਦੁੱਤੀ ਸਿਧਾਂਤ ਦੀ ਅਵੱਗਿਆ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਨਾ.ਲ ਨਾ.ਲ ਮੂਰਤੀ ਪੂਜਾ ਦਾ ਅਮਲ ਅਰੰਭ ਕਰ ਦਿੱਤਾ। ਜਾਤ-ਪਾਤ, ਬੁੱਤ-ਪੂਜਾ, ਅੰਧ ਵਿਸ਼ਵਾਸ਼ ਤੇ ਵਹਿਮ ਪ੍ਰਸਤੀ ਵਰਗੀਆਂ ਬ੍ਰਾਹਮਣਵਾਦੀ ਲਾਹਨਤਾਂ ਨੇ ਸਿੱਖ ਸਮਾਜ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ, ਇਸ ਤਰ੍ਹਾਂ ਸਹਿਜੇ-ਸਹਿਜੇ ਸਿੱਖ ਪੰਥ ਆਪਣੀ ਅੱਡਰੀ ਤੇ ਨਿਆਰੀ ਪਛਾਣ ਗਵਾ ਕੇ ਮੁੜ ਹਿੰਦੂਵਾਦ ਦੀ ਜਿੱਲਣ ਵਿੱਚ ਫਸ ਗਿਆ। ਸਿੱਖੀ ਅਤੇ ਸਿੱਖਾਂ ਦਾ ਇਸ ਕਦਰ ਹਿੰਦੂਕਰਨ ਹੋ ਚੁੱਕਾ ਸੀ ਕਿ 'ਮੈਕਾਲਿਫ਼' ਦੇ ਸ਼ਬਦਾਂ ਵਿੱਚ ਸਿੱਖਾਂ ਤੇ ਹਿੰਦੂਆਂ ਵਿਚਕਾਰ ਨਿਖੇੜਾ ਕਰਨਾ ਮੁਸ਼ਕਿਲ ਹੋ ਗਿਆ ਸੀ।

ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਦੇ ਅਧਿਆਇ 'ਹਮ ਹਿੰਦੂ ਨਹੀਂ' ਵਿੱਚ ਸ. ਅਜਮੇਰ *ਸਿੰਘ ਲਿਖਦੇ ਹਨ ਕਿ '1877 ਵਿੱਚ ਡਾ. ਅਰਨੈਸਟ ਟਰੰਪ ਇੱਕ ਜਰਮਨ ਭਾਸ਼ਾ ਵਿਗਿਆਨੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧੂਰਾ ਅੰਗਰੇਜ਼ੀ ਤਰਜ਼ਮਾ ਪ੍ਰਕਾਸ਼ਤ ਹੋਣ ਨਾ.ਲ 'ਸਿੱਖ ਪਛਾਣ' ਦੇ ਮਸਲੇ 'ਤੇ ਚਲ ਰਹੀ ਬਹਿਸ ਹੋਰ ਗਰਮਾਇਸ਼ ਫੜ ਗਈ। ਕੁਝ ਤਾਂ ਸਿੱਖ ਪ੍ਰੰਪਰਾ ਤੋਂ ਆਪਣੀ ਕੋਰੀ ਅਗਿਆਨਤਾ ਦੀ ਵਜ੍ਹਾ ਕਰ ਕੇ ਅਤੇ ਕੁਝ ਤਰਜ਼ਮੇ ਦੇ ਕੰਮ ਵਿੱਚ ਆਪਣੇ ਹਿੰਦੂ ਹੱਥ ਵਟਾਵਿਆਂ ਦੇ ਅਸਰ ਸਦਕਾ। ਡਾ. ਟਰੰਪ ਨੇ ਆਪਣੀ ਲੰਮੀ ਤੇ ਬੇ-ਤੁਕੀ ਭੂਮਿਕਾ ਅੰਦਰ ਸਿੱਖਾਂ ਬਾਰੇ ਕਈ ਅਪਮਾਨਜਨਕ ਤੇ ਅਣਉਚਿਤ ਟਿੱਪਣੀਆਂ ਕਰ ਮਾਰੀਆਂ। ਡਾ. ਟਰੰਪ ਦੋ ਮਨੌਤਾਂ ਦਾ ਪੱਲਾ ਫੜ ਕੇ ਤੁਰਿਆ। ਇੱਕ ਇਹ ਕਿ ਸਿੱਖ ਹਿੰਦੂ ਹਨ ਅਤੇ ਉਹਨਾਂ ਦੇ ਵੱਖਰੀ ਪਛਾਣ ਦੇ ਦਾਅਵੇ ਵਿੱਚ ਕੋਈ ਦਮ ਨਹੀਂ ਹੈ। ਦੂਜਾ ਇਹ ਕਿ ਜੇਕਰ ਉਹ ਹਿੰਦੂ ਨਹੀਂ ਵੀ ਤਾਂ ਉਹ ਹਿੰਦੂਵਾਦ ਦੀ ਏਨੀ ਗ੍ਰਿਫ਼ਤ ਵਿੱਚ ਆ ਚੁੱਕੇ ਹਨ ਕਿ ਉਹ ਧਾਰਮਿਕ ਪੱਖ ਤੋਂ ਲੱਗਪਗ ਮਰਨੇ ਪਏ ਹੋਏ ਹਨ, ਉਸ ਨੇ ਤੱਤ ਇਹ ਕੱਢਿਆ ਕਿ ਸਿੱਖ ਧਰਮ ਇੱਕ ਖ਼ਾਤਮੇ ਵੱਲ ਵਧ ਰਿਹਾ ਹੈ ਜੋ ਛੇਤੀ ਹੀ ਇਤਿਹਾਸ ਦੀ ਬੁੱਕਲ ਵਿੱਚ ਸਮੋ ਜਾਵੇਗਾ।*

ਸੰਨ 1883 ਵਿੱਚ ਸਵਾਮੀ ਦਯਾਨੰਦ ਦੇ ਮਰਨ ਤੋਂ ਬਾਅਦ ਆਰੀਆ ਸਮਾਜ ਤੇ ਸਿੰਘ ਸਭਾ ਲਹਿਰ ਦਾ ਵਿਵਾਦ ਬਹੁਤ ਤਿੱਖਾ ਹੋ ਗਿਆ ਅਤੇ ਸਿੱਖ ਪਛਾਣ ਦਾ ਸਵਾਲ ਬੇਹੱਦ ਚਰਚਾ ਦਾ ਵਿਸ਼ਾ ਬਣ ਗਿਆ। ਸਿੱਖ ਪਛਾਣ ਦੀ ਚਲ ਰਹੀ ਚਰਚਾ ਦੇ ਸਾਰੇ ਸਵਾਲਾਂ ਦੇ ਉੱਤਰ ਸਿੱਖ ਵਿਦ-ਵਾਨ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਪੁਸਤਕ 'ਹਮ ਹਿੰਦੂ ਨਹੀਂ' ਵਿੱਚ ਦਿੱਤੇ। ਉਹਨਾਂ ਨੇ ਇਹ ਸਿੱਧ ਕਰ ਦਿੱਤਾ ਕਿ ਸਿੱਖ ਧਰਮ ਦੀਆਂ ਰਹੁ ਰੀਤਾਂ, ਹਿੰਦੂ ਧਰਮ ਦੀਆਂ ਰਹੁ ਰੀਤਾਂ ਦੇ ਬਿਲਕੁਲ ਉਲ਼ਟ ਹਨ, ਸਿੱਖ ਕੇਵਲ ਇੱਕ ਅਕਾਲ ਦਾ ਪੁਜਾਰੀ ਹੈ ਪਰ ਹਿੰਦੂ ਆਪੇ ਹੀ ਪੱਥਰ ਘੜ ਕੇ ਬਣਾਈਆਂ ਹੋਈਆਂ ਅਣਗਿਣਤ ਦੇਵੀ ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਨੂੰ ਪੂਜਦੇ ਹਨ। ਦੂਜਾ ਸਿੱਖ ਧਰਮ ਤੇ ਹਿੰਦੂ ਧਰਮ ਦੇ ਵਿਚਕਾਰ ਇੱਕ ਲਕੀਰ ਅਕਾਲ ਪੁਰਖ ਦੇ ਹੁਕਮ ਨਾ.ਲ ਗੁਰੂ ਨਾਨਕ ਦੀ ਜੋਤਿ ਦਸ ਗੁਰੂ ਸਾਹਿਬਾਨ ਨੇ ਵਾਹੀ ਹੈ। ਇਸ ਕਰਕੇ ਸਿੱਖ ਹਿੰਦੂ ਨਹੀਂ ਹਨ। ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ:-

**'ਜਬ ਲਗ ਖ਼ਾਲਸਾ ਰਹੇ ਨਿਆਰਾ॥**
**ਤਬ ਲਗ ਤੇਜ ਦੀਓ ਮੈਂ ਸਾਰਾ॥**
**ਜਬ ਇਹ ਗਹੈ ਬਿਪਰਨ ਕੀ ਰੀਤ ॥**
**ਮੈਂ ਨ ਕਰੋਂ ਇਨ ਕੀ ਪਰਤੀਤ॥'**

"ਸਿੱਖ ਸਮਾਜ ਅੰਦਰ ਪ੍ਰਚਲਿਤ ਧਾਰਮਿਕ ਅਤੇ ਸਮਾਜਿਕ ਅਮਲਾਂ ਦੀ ਭਰੂਣ ਰੂਪ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿੱਚ ਹੀ ਅਰੰਭ ਹੋ ਗਈ ਸੀ। ਸਿੱਖ ਸਮਾਜ ਅੰਦਰ ਗੁਰੂ ਨਾਨਕ ਸਾਹਿਬ ਤੋਂ ਚਲੀ ਆ ਰਹੀ ਨਾਨਕ ਪੰਥ ਦੇ ਰੂਪ ਵਿੱਚ ਸਿੱਖਾਂ ਦੀ ਵੱਖਰੀ ਪਛਾਣ ਤੇ ਸਮਾਜ ਸੁਧਾਰਾਂ ਦੀ ਲੋੜ ਦਾ ਚਰੋਕਣਾਂ ਅਹਿਸਾਸ ਪੈਦਾ ਹੋ ਚੁੱਕਾ ਸੀ। ਅੰਗਰੇਜ਼ਾਂ ਦੀ ਆਮਦ ਨਾ.ਲ ਇਸਾਈ ਮੱਤ ਅਤੇ ਪੱਛਮੀ ਸੱਭਿਆਚਾਰ ਦੇ ਵਧਦੇ ਪ੍ਰਭਾਵ ਨੇ ਇਸ ਅਹਿਸਾਸ ਨੂੰ ਹੋਰ ਸ਼ਿੱਦਤ ਮੁਹੱਈਆ ਕਰਵਾ ਦਿੱਤੀ। ਮਹਾਰਾਜਾ ਦਲੀਪ ਸਿੰਘ (1853) ਤੇ ਕੰਵਰ ਹਰਿਨਾਮ ਸਿੰਘ (ਕਪੂਰਥਲਾ) ਵੱਲੋਂ ਇਸਾਈ ਧਰਮ ਕਬੂਲ ਲੈਣ ਅਤੇ 1873 ਵਿੱਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਦੁਆਰਾ ਇਸਾਈ ਮੱਤ ਗ੍ਰਹਿਣ ਕਰਨ ਦੀ ਇੱਛਾ ਪ੍ਰਗਟਾਉਣ ਦੇ ਘਟਨਾਕਰਮ ਨੇ ਸਿੱਖ ਸਮਾਜ ਦੀਆਂ ਉੱਪਰਲੀਆਂ ਪਰਤਾਂ ਅੰਦਰ ਤਿੱਖਾ ਪ੍ਰਤੀਕਰਮ ਜਗਾਇਆ। ਸਿੱਖੀ ਅਤੇ ਸਿੱਖ ਪ੍ਰੰਪਰਾਵਾਂ ਨੂੰ ਖੜ੍ਹੇ ਹੋਏ ਇਹਨਾਂ ਖ਼ਤਰਿਆਂ ਵਿਰੁੱਧ ਕੋਈ ਕਾਰਗਰ ਉਪਾਅ ਕਰਨ ਦੀ ਸੋਚ ਨਾ.ਲ ਕੁਝ ਪਤਵੰਤੇ ਸੱਜਣਾਂ ਨੇ 1873 ਵਿੱਚ ਅੰਮ੍ਰਿਤਸਰ ਵਿਖੇ 'ਸਿੰਘ ਸਭਾ' ਨਾਂ ਦੀ ਸੰਸਥਾ ਦਾ ਮੁੱਢ ਬੰਨ੍ਹਿਆ ।

*(ਸ. ਅਜਮੇਰ ਸਿੰਘ, 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ')*

ਸਿੰਘ ਸਭਾ ਲਹਿਰ ਦੇ ਪ੍ਰਚਾਰਕਾਂ ਗਿਆਨੀ ਦਿੱਤ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਨੇ ਸਿੱਖਾਂ ਅੰਦਰ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਪੱਕਾ ਕਰਨ ਦਾ ਜ਼ਜ਼ਬਾ ਭਰ ਦਿੱਤਾ ਤੇ ਪੰਥ ਮੁੜ ਆਪਣੇ ਨਾਨਕ ਪੰਥ ਦੇ ਨਿਆਰੇਪਣ ਨੂੰ ਪਹਿਚਾਨਣ ਲੱਗ ਪਿਆ। ਬੇਸ਼ਕ ਸਿੰਘ ਸਭਾ ਲਹਿਰ ਦੇ ਆਗੂ ਸ. ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਤੋਂ ਗਿਣੀ ਮਿਥੀ ਸਾਜਿਸ਼ ਤਹਿਤ ਛੇਕ ਦਿੱਤਾ ਸੀ। ਪਰ ਬਾਵਜੂਦ ਇਸ ਦੇ ਸਿੱਖ ਕੌਮ ਨੇ ਹੁਣ ਅਡੰਬਰੀ ਹਿੰਦੂ ਰਹੁ ਰੀਤਾਂ ਤੋਂ ਅਜ਼ਾਦ ਹੋ ਕੇ ਗੁਰਮਤਿ ਰੰਗਤ ਨਾ.ਲ ਜਿਊਣ ਦਾ ਰਾਹ ਚੁਣ ਲਿਆ ਸੀ। ਸਾਨੂੰ ਇਸ ਪਰਚੇ ਦੀ ਇਹ ਲੰਮੀ ਚੌੜੀ ਭੂਮਿਕਾ ਇਸ ਕਰਕੇ ਬੰਨ੍ਹਣੀ ਪਈ ਕਿ ਆਰ. ਐੱਸ. ਐੱਸ. ਸਮੇਤ ਸਾਰੀਆਂ ਸਿੱਖ ਵਿਰੋਧੀ ਹਿੰਦੂਤਵੀ ਸ਼ਕਤੀਆਂ ਇਹ ਪ੍ਰਚਾਰ ਰਹੀਆਂ ਹਨ ਕਿ ਸਿੱਖ ਧਰਮ ਦੇ ਨਿਆਰੇਪਣ ਅਤੇ ਸਿੱਖਾਂ ਦੀ ਵੱਖਰੀ ਪਛਾਣ ਪਹਿਲੀ ਵਾਰ ਸਿੰਘ ਸਭਾ ਦੇ ਬਾਨੀਆਂ ਨੇ ਅੰਗਰੇਜ਼ੀ ਸਰਕਾਰ ਦੀ ਸਹਾਇਤਾ ਨਾ.ਲ ਸਥਾਪਿਤ ਕੀਤੀ ਸੀ। ਸਿੱਖ ਕੌਮ ਵਿਰੁੱਧ ਕੀਤਾ ਜਾ ਰਿਹਾ ਇਹ ਸਾਜ਼ਿਸ਼ੀ ਪ੍ਰਾਪੇਗੰਡਾ ਇਤਿਹਾਸਕ ਤੱਥਾਂ ਤੋਂ ਰਹਿਤ ਨਿਰਮੂਲ ਅਤੇ ਮਨਘੜਤ ਦਲੀਲਾਂ 'ਤੇ ਆਧਾਰਿਤ ਹੈ। ਇਹ ਝੂਠਾ ਪ੍ਰਾਪੇਗੰਡਾ ਸਿੱਖ ਧਰਮ ਦੇ ਨਿਆਰੇਪਣ ਅਤੇ ਸਿੱਖ ਕੌਮ ਦੀ ਵੱਖਰੀ ਪਛਾਣ ਦਾ 'ਹਿੰਦੂਕਰਨ' ਕਰਨ ਲਈ ਕੀਤਾ ਜਾ ਰਿਹਾ ਹੈ। ਅੰਗਰੇਜ਼ ਰਾਜ ਵੇ.ਲੇ ਵੀ ਸਿੱਖ ਪਹਿਚਾਣ ਦਾ ਮਸਲਾ ਬਿਪਰਵਾਦੀਆਂ ਤੇ ਆਰੀਆ ਸਮਾਜੀਆਂ ਵੱਲੋਂ ਸਿੱਖੀ ਤੇ ਸਿੱਖ ਸਮਾਜ ਦੇ ਹਿੰਦੂਕਰਨ, ਕਰਨ ਦੀ ਸਮੱਸਿਆ 'ਚੋਂ ਪੈਦਾ ਹੋਇਆ ਸੀ।

ਚਲਦਾ,
ਬਾਕੀ ਅਗਲੇ ਅੰਕ ਵਿੱਚ

ਲੜੀਵਾਰ ਨਾਵਲ




ਕਮਲ ਗਿੱਲ
Mob : +44 07454 394684

ਕਿਸ਼ਤ-24

# ਗੰਧਲੇ ਰਿਸ਼ਤੇ

''ਇਹੀ ਪਿਆਰ ਹੁੰਦਾ ਹੈ ਬੀਰਾ। ਜਿੱਥੇ ਕੇਅਰ ਹੈ ਪਿਆਰ ਉਥੇ ਹੀ ਹੈ, ਜੇ ਕੇਅਰ ਨਹੀਂ ਇਕ ਦੂਜੇ ਦੀ ਤਾਂ ਪਿਆਰ ਕਦੇ ਨਹੀਂ ਹੋ ਸਕਦਾ।'' ਪਿਆਰ ਤੇ ਕੇਅਰ ਦੋਵੇਂ ਇਕ ਗੱਡੀ ਦੇ ਦੋ ਪਹੀਏ ਹਨ ਤੇ ਨਾਲ-ਨਾਲ ਹੀ ਚੱਲਦੇ ਹਨ। ਜੇ ਕੇਅਰ ਨਹੀਂ ਤਾਂ ਪਿਆਰ ਨਹੀਂ ਤੇ ਜੇ ਪਿਆਰ ਨਹੀਂ ਤਾਂ ਕੇਅਰ ਨਹੀਂ। ਸੋ ਜੋ ਇਨਸਾਨ ਤੁਹਾਡੀ ਫਿਕਰ ਕਰਦਾ ਹੈ ਕੇਅਰ ਕਰਦਾ ਹੈ ਉਹ ਪੱਕਾ ਪਿਆਰ ਵੀ ਬਹੁਤ ਕਰਦਾ ਹੈ। ਇਹ ਮੇਰਾ ਆਪਣਾ ਜਾਤੀ ਤਜ਼ਰਬਾ ਹੈ ਬੀਰਾ।''
ਮੈਂ ਟਾਈਮ ਵੱਲ ਦੇਖਿਆ ਤਿੰਨ ਵੱਜ ਚੁੱਕੇ ਸਨ ਕੈਲਾਸ਼ ਜੀ ਨਾਲ ਗੱਲ ਕਰਦਿਆਂ ਸਮੇਂ ਦਾ ਪਤਾ ਹੀ ਨਹੀਂ ਲੱਗਾ।



ਮੇਰੇ ਤਾਂ ਇਹ ਰੰਡੀ-ਰੋਣੇ ਬੜੇ ਲੰਬੇ ਤੇ ਪੁਰਾਣੇ ਨੇ ਇਨ੍ਹਾਂ 'ਤੇ ਆਪਣਾ ਸਮ੍ਹਾਂ ਨਾ ਖਰਾਬ ਕਰ।''

''ਨਹੀਂ ਨਹੀਂ ਕੋਈ ਗੱਲ ਨਹੀਂ ਕੈਲਾਸ਼ ਜੀ ਤੁਸੀਂ ਆਪਣੀ ਗੱਲ ਜਾਰੀ ਰੱਖੋ।''

ਦੂਜੀ ਵਾਰ ਮੇਰਾ ਫ਼ੂਨ ਫਿਰ ਫਲੈਸ਼ ਕਰਨ ਲੱਗ ਜਾਂਦਾ ਇਸ ਵਾਰ ਮੈਂ ਫ਼ੂਨ ਚੁੱਕਦੀ ਹਾਂ ਤਾਂ ਰਵੀ ਅਚਾਨਕ ਬੋਲ ਉਠਦੇ ਹਨ- ''ਤੂੰ ਠੀਕ ਹੈ ਬੀਰਾ ਫ਼ੂਨ ਨਹੀਂ ਚੁੱਕਦੀ ਮੈਨੂੰ ਫਿਕਰ ਹੋ ਗਿਆ ਸੀ, ਪਹਿਲਾਂ ਵੀ ਕੀਤਾ, ਤੇਰਾ ਨੈੱਟ ਬੰਦ ਆ ਰਿਹਾ ਸੀ।''

ਬੁਖਲਾਹਟ ਵਿਚ ਉਹ ਕਿੰਨਾ ਕੁਝ ਇਕੋ ਸਾਹੇ ਬੋਲ ਗਏ।

''ਹਾਂ ਹਾਂ ਮੈਂ ਬਿਲਕੁਲ ਠੀਕ ਹਾਂ। ਤੁਸੀਂ ਫਿਕਰ ਨਾ ਕਰੋ। ਸੌਰੀ ਮੈਨੂੰ ਪਤਾ ਨਹੀਂ ਲੱਗਾ ਫ਼ੂਨ ਦਾ। ਤੁਸੀਂ ਠੀਕ ਠਾਕ ਹੋ?''

''ਹਾਂ ਸਭ ਵਧੀਆ, ਕੰਮ ਤੋਂ ਵਾਪਸ ਘਰ ਆਇਆ ਤੈਨੂੰ ਮਿਸ ਕਰ ਰਿਹਾ ਸੀ। ਘਰ ਖਾਲੀ- ਖਾਲੀ ਹੈ।''

''ਹਾਂ ਆਈ ਨੋ, ਮੈਂ ਤਾਂ ਕਿਹਾ ਸੀ ਤੁਸੀਂ ਵੀ ਨਾਲ ਹੀ ਆ ਜਾਓ।''

''ਮੇਰੀ ਆਵਾਜ਼ ਤੋਂ ਉਨ੍ਹਾਂ ਨੂੰ ਲੱਗ ਰਿਹਾ ਸੀ ਕਿ ਮੈਂ ਕਿਤੇ ਬਿਜ਼ੀ ਹਾਂ, ਸ਼ਾਇਦ ਸੋਚਦੇ ਹੋਣੇ ਮੈਂ ਲਿੱਖ ਰਹੀ ਹਾਂ।

''ਚੱਲ ਤੂੰ ਕਰ ਲੈ ਆਪਣਾ ਕੰਮ ਆਰਾਮ ਨਾਲ ਬੀਰਾ, ਫ੍ਰੀ ਹੋ ਕੇ ਕਾਲ ਕਰੀਂ, ਮੈਂ ਘਰ ਹੀ ਆਂ, ਸ਼ਾਵਰ ਲੈ ਕੇ ਕੋਈ ਨੈਟਫਲਿਕਸ 'ਤੇ ਮੂਵੀ ਲਾਉਂਦਾ ਹਾਂ, ਖਾਣ ਲਈ ਮੈਂ ਪੀਜ਼ਾ ਹੀ ਆਰਡਰ ਕਰ ਲੈਣਾ ਹੈ ਅੱਜ।''

''ਚੱਲੋ ਠੀਕ ਹੈ ਤੁਸੀਂ ਖਿਆਲ ਰੱਖਿਓ ਆਪਣਾ ਆਈ ਵਿਲ ਕਾਲ ਯੂ ਸੂਨ।'' ਬਾਏ ਕਰ ਕੇ ਮੈਂ ਫ਼ੂਨ ਕੱਟ ਦਿੱਤਾ।

''ਤੇਰੇ ਹਸਬੈਂਡ ਦਾ ਫ਼ੂਨ ਸੀ ਬੀਰਾ?''

''ਹਾਂਜੀ ਕੰਮ ਤੋਂ ਆਏ ਸਨ ਤੇ ਹਾਲ ਚਾਲ ਪੁੱਛ ਰਹੇ ਸਨ।''

''ਤੂੰ ਕਿਸਮਤ ਵਾਲੀ ਹੈਂ, ਉਸ ਦਾ ਫੋਨ ਮੁੜ ਨਾ ਇਗਨੋਰ ਕਰੀਂ। ਭਾਵੇਂ ਜਿੰਨਾ ਮਰਜ਼ੀ ਬਿਜ਼ੀ ਹੋਵੇ। ਉਸ ਨੂੰ ਤੇਰੀ ਚਿੰਤਾ ਸੀ।''

''ਹਾਂਜੀ ਕੈਲਾਸ਼ ਜੀ, ਬਹੁਤ ਨਰਮ ਸੁਭਾਅ ਦੇ ਹਨ ਰਵੀ, ਛੇਤੀ ਹੀ ਬੌਂਦਲ ਜਾਂਦੇ ਹਨ ਮੈਂ ਫ਼ੂਨ ਨਾ ਚੁੱਕਾ ਤਾਂ ਘਬਰਾ ਜਾਂਦੇ ਹਨ।''

''ਇਹੀ ਪਿਆਰ ਹੁੰਦਾ ਹੈ ਬੀਰਾ। ਜਿੱਥੇ ਕੇਅਰ ਹੈ ਪਿਆਰ ਉਥੇ ਹੀ ਹੈ, ਜੇ ਕੇਅਰ ਨਹੀਂ ਇਕ ਦੂਜੇ ਦੀ ਤਾਂ ਪਿਆਰ ਕਦੇ ਨਹੀਂ ਹੋ ਸਕਦਾ।'' ਪਿਆਰ ਤੇ ਕੇਅਰ ਦੋਵੇਂ ਇਕ ਗੱਡੀ ਦੇ ਦੋ ਪਹੀਏ ਹਨ ਤੇ ਨਾਲ-ਨਾਲ ਹੀ ਚੱਲਦੇ ਹਨ। ਜੇ ਕੇਅਰ ਨਹੀਂ ਤਾਂ ਪਿਆਰ ਨਹੀਂ ਤੇ ਜੇ ਪਿਆਰ ਨਹੀਂ ਤਾਂ ਕੇਅਰ ਨਹੀਂ।

ਸੋ ਜੋ ਇਨਸਾਨ ਤੁਹਾਡੀ ਫਿਕਰ ਕਰਦਾ ਹੈ ਕੇਅਰ ਕਰਦਾ ਹੈ ਉਹ ਪੱਕਾ ਪਿਆਰ ਵੀ ਬਹੁਤ ਕਰਦਾ ਹੈ। ਇਹ ਮੇਰਾ ਆਪਣਾ ਜਾਤੀ ਤਜ਼ਰਬਾ ਹੈ ਬੀਰਾ।''

ਮੈਂ ਟਾਈਮ ਵੱਲ ਦੇਖਿਆ ਤਿੰਨ ਵੱਜ ਚੁੱਕੇ ਸਨ ਕੈਲਾਸ਼ ਜੀ ਨਾਲ ਗੱਲ ਕਰਦਿਆਂ ਸਮੇਂ ਦਾ ਪਤਾ ਹੀ ਨਹੀਂ ਲੱਗਾ।

''ਬੀਰਾ ਸੋਹਣੀ ਧੁੱਪ ਹੈ ਬਾਹਰ ਅੱਜ ਇੰਨਾ ਲੂਹਾ ਵੀ ਨਹੀਂ ਵਗਦਾ ਆ ਚੱਲ ਆ ਜਾ ਉਪਰ ਬਾਲਕੋਨੀ 'ਚ ਬੈਠਦੇ ਹਾਂ। ਨਾਲੇ ਤੂੰ ਵਿਟਾਮਿਨ ਡੀ ਵੀ ਲੈ ਲਾ ਥੋੜ੍ਹੀ ਜਿਹੀ- ਇੰਗਲੈਂਡ 'ਚ ਉਹ ਨਹੀਂ ਮਿਲਣੀ।''

''ਨਹੀਂ ਨਹੀਂ ਠੀਕ ਹੈ ਚੱਲੋ ਜਿਵੇਂ ਤੁਸੀਂ ਕਹੋ, ਆਪਾਂ ਉਪਰ ਬੈਠਦੇ ਹਾਂ।''

''ਠੀਕ ਹੈ ਚੱਲ ਤੂੰ ਜਾਂ ਉਪਰ ਮੈਂ ਆਉਂਦੀ ਹਾਂ ਇਕ-ਦੋ ਫ਼ੂਨ ਕਰਨ ਵਾਲੇ ਹਨ। ਨਾਲੇ ਤਾਜ਼ ਤੇ ਨਿਮਰਤ ਬੇਟੀ ਦਾ ਪਤਾ ਲਵਾਂ, ਜੇ ਮੈ ਕਾਲ ਮਿਸ ਕਰ ਦਿਆਂ ਤਾਂ ਦੋਵੇਂ ਜਣੇ ਫ਼ੂਨ ਦੀ ਰੇਲ ਬਣਾ ਦਿੰਦੇ ਹਨ। ਨਾਲੇ ਜੇ ਤੂੰ ਟਾਇਲਟ ਵਗੈਰਾ ਜਾਣਾ ਤਾਂ ਜਾ ਆ ਆਹ ਇੱਕ ਥੱਲੇ ਵੀ ਹੈ ਪੌੜੀਆਂ ਕੋਲ। ਐਵੀਂ ਇਸ ਬੁੱਡੀ ਦੇ ਚੱਕਰ 'ਚ ਫਸ ਕੇ ਹੀ ਨਾ ਬੈਠੀ ਰਹੀਂ।'' ਇੰਨਾ ਆਖਿਆ ਉਹ ਫਿਰ ਮੁਸਕੁਰਾ ਪਈ।

ਮੈਂ ਉਸ ਦੇ ਹੱਸਦੇ ਚਿਹਰੇ ਵੱਲ ਵੇਖਦੀ ਤਾਂ ਵੇਖਦੀ ਹੀ ਰਹਿ ਜਾਂਦੀ ਸਤਵੰਜਾ ਵਰ੍ਹਿਆਂ ਦੀ ਔਰਤ ਇੰਨੇ ਦੁੱਖਾਂ ਵਿਚੋਂ ਗੁਜ਼ਰੀ ਤੇ ਅੱਜ ਵੀ ਕਿੰਨੀ ਤਾਜ਼ਗੀ ਇਸ ਦੇ ਚਿਹਰੇ 'ਤੇ।

ਉਸ ਵੱਲ ਦੇਖੋ ਤਾਂ ਇੰਝ ਲੱਗਦਾ ਜਿਵੇਂ ਕਿਸੇ ਸ਼ਾਇਰ ਦੀ ਖੂਬਸੂਰਤ ਗਜ਼ਲ ਦਾ ਕੋਈ ਰੂਪ ਹੋਵੇ। ਪਰ ਇੰਨੇ ਦੁੱਖ ਇਸ ਦੀ ਕਿਸਮਤ ਵਿਚ ਹੀ ਕਿਉਂ ਹਨ। ਇਕ ਦਮ ਮੈਨੂੰ ਉਸ ਦੀ ਬਚਪਨ, ਜਵਾਨੀ ਸਭ ਦੀ ਯਾਦ ਦੁਬਾਰਾ ਆ ਗਈ।

''ਕੁੜੀਏ ਕੀ ਸੋਚੀ ਜਾਂਦੀ?''

''ਨਹੀਂ ਨਹੀਂ ਕੁਝ ਨਹੀਂ ਤੁਸੀਂ ਕੈਰੀ ਔਨ ਰਹੋ ਮੈਂ ਜਾ ਕੇ ਤੁਹਾਡੀ ਬਾਲਕੋਨੀ 'ਚ ਵਿਟਾਮਿਨ ਡੀ ਇਕੱਠੀ ਕਰਦੀ ਹਾਂ।''

''ਹਾ ਹਾ ਠੀਕ ਹੈ ਮੇਰੇ ਲਈ ਵੀ ਕਰ ਲਵੀਂ ਇਕੱਠੀ ਫਿਰ, ਮੈਂ ਪੰਜ-ਦੱਸ ਮਿੰਟਾਂ 'ਚ ਆਈ।''

ਬਾਲਕੋਨੀ 'ਤੇ ਆ ਮੈਂ ਚੇਅਰਾਂ ਟੇਬਲ ਸੈੱਟ ਕਰ ਕੇ ਬੈਠ ਗਈ। ਸਮੁੰਦਰ ਦੀਆਂ ਲਹਿਰਾਂ ਦਾ ਸ਼ੋਰ ਕੰਨਾਂ ਵਿਚ ਸੰਗੀਤ ਵਾਂਗ ਸੁਣਾਈ ਦੇ ਰਿਹਾ ਸੀ। ਅਚਾਨਕ ਮੇਰੇ ਕੰਨਾਂ ਵਿਚ ਮੰਦ-ਮੰਦ ਸੰਗੀਤ ਦੀ ਆਵਾਜ਼ ਆਈ। ਮੈਂ ਧਿਆਨ ਦਿੱਤਾ ਤਾਂ ਥੱਲਿਓਂ ਆਵਾਜ਼ ਆ ਰਹੀ ਸੀ।

ਸ਼ਾਇਦ ਕੈਲਾਸ਼ ਜੀ ਦੀ ਕਿਚਨ ਵਿਚ ਉਨ੍ਹਾਂ ਐਲਸਕਾਂ ਤੋਂ ਮਿਊਜ਼ਿਕ ਲਵਾ ਲਗਾ ਲਿਆ ਸੀ।

ਜਗਜੀਤ ਸਿੰਘ ਦੀ ਬਹੁਤ ਹੀ ਖ਼ੂਬਸੂਰਤ ਗਜ਼ਲ ਚੱਲ ਰਹੀ ਸੀ। ''ਕੋਈ ਦੋਸਤ ਹੈ ਨਾ ਰਕੀਬ ਹੈ, ਤੇਰਾ ਸ਼ਹਿਰ ਕਿਤਨਾ ਅਜੀਬ ਹੈ।''

ਵਾਹ ਕਿੰਨੀ ਸੋਹਣੀ ਗਜ਼ਲ ਹੈ ਕੱਲਾ-ਕੱਲਾ ਬੋਲ ਬਾ-ਕਮਾਲ, ਮਧੁਰ ਸੰਗੀਤ, ਮੇਰਾ ਮਨ ਕੀਤਾ ਮੈਂ ਥੱਲੇ ਜਾ ਕੇ ਥੋੜ੍ਹਾ ਆਵਾਜ਼ ਹੋਰ ਉੱਚੀ ਕਰ ਕੇ ਲਾਵਾਂ। ਮੈਨੂੰ ਬੜੀ ਪਸੰਦ ਸੀ ਇਹ ਗਜ਼ਲ। ਸਾਹਮਣੇ ਨੀਲਾ ਸਮੁੰਦਰ ਉਸ 'ਚ ਉੱਡਦੀਆਂ ਚਿੱਟੀਆਂ ਲਹਿਰਾਂ, ਨਿੱਘੀ-ਨਿੱਘੀ ਧੁੱਪ, ਆਲੇ ਦੁਆਲੇ ਚਿੱਟੇ ਰੰਗ ਦੇ ਘਰ ਅਤੇ ਹੋਟਲ ਸਭ ਪਾਸੇ ਹਰਿਆਲੀ ਹੀ ਹਰਿਆਲੀ, ਸੱਚੀ ਸਵਰਗ ਹੀ ਸੀ ਇਹ ਜਗ੍ਹਾ।

''ਆਹ ਲੈ ਫੜ ਬੀਰਾ ਫ੍ਰੈਸ਼ ਜੂਸ ਪੀ, ਟੇਬਲ 'ਤੇ ਜੱਗ ਅਤੇ ਗਲਾਸ ਰੱਖਦਿਆਂ ਕੈਲਾਸ਼ ਜੀ ਨੇ ਆਖਿਆ।

''ਤੁਸੀਂ ਇਹ ਕੀ ਕਰਨ ਲੱਗ ਗਏ ਲੋੜ ਨਹੀਂ ਸੀ।''

''ਕੋਈ ਨਾ ਬਹੁਤ ਗਰਮੀ ਹੈ ਪੀ ਲੈ। ਆਪਣੇ ਸੰਤਰੇ ਦੇ ਬੂਟੇ ਦੇ ਸੰਤਰਿਆਂ ਦਾ ਹੀ ਜੂਸ ਹੈ। ਹੁਣੇ ਹੀ ਕੱਢ ਕੇ ਲਿਆਈ ਹਾਂ। ਦੇਖ ਕਿੰਨਾ ਮਿੱਠਾ ਹੈ। ਘੁੱਟ ਭਰਦਿਆਂ ਉਨ੍ਹਾਂ ਆਖਿਆ। ਮੈਂ ਵੀ ਜੂਸ ਪੀਣਾ ਸ਼ੁਰੂ ਕਰ ਦਿੱਤਾ ਨਾਲ ਉਹ ਕੁਝ ਲੂਣ ਵਾਲੇ ਡਰਾਈ ਫਰੂਟ ਦਾ ਡੱਬਾ ਵੀ ਲੈ ਕੇ ਆਏ ਸਨ ਤੇ ਅਸੀਂ ਦੋਵੇਂ ਉਹ ਖਾਣ ਲੱਗ ਗਈਆਂ।''

''ਸੱਚੀ ਕੈਲਾਸ਼ ਜੀ ਬਹੁਤ ਮਿੱਠਾ ਹੈ ਜੂਸ ਮਾੜਾ ਖੱਟਾ ਨਹੀਂ।''

''ਹਾਂ ਬੀਰਾ ਇਥੇ ਧੁੱਪ ਹੁੰਦੀ ਤੇ ਧੁੱਪ ਫਲਾਂ 'ਚ ਨੈਚਰੂਲ ਮਿਠਾਸ ਭਰ ਦਿੰਦੀ ਹੈ ਤੇ ਨਸਲ ਵੀ ਬਹੁਤ ਵਧੀਆ ਹੈ ਇਸ ਬੂਟੇ ਦੀ ਇਸੇ ਲਈ ਫਲ ਵੀ ਮਿੱਠੇ ਹੀ ਦਿੰਦਾ। ਉਹ ਸਾਹਮਣੇ ਗੋਰਾ ਦਿੱਸਦਾ ਗਾਰਡਨ 'ਚ।''

ਕੈਲਾਸ਼ ਨੇ ਦੋ ਕੁ ਘਰ ਛੱਡ ਕੇ ਪਰ੍ਹਾ ਬਾਹਰ ਪੂਲ 'ਤੇ ਕੁਰਸੀ ਤੇ ਲੰਮੇ ਪਏ ਗੋਰੇ ਵਲ ਹੱਥ ਕਰ ਕੇ ਕਿਹਾ।

''ਹਾਂਜੀ ਉਹ ਜੋ ਕਿਤਾਬ ਪੜ੍ਹ ਰਿਹਾ ਹੈ ਕੱਲਾ ਪਿਆ?''

''ਹਾਂ ਹਾਂ ਉਹੀ, ਉਹ ਬਰਾਇਨ ਹੈ, ਇਹ ਵੀ ਆਪਣੇ ਇੰਗਲੈਂਡ ਦਾ ਹੀ ਗੋਰਾ ਆ, ਇਹਨੂੰ ਬਹੁਤ ਸਾਲ ਹੋ ਗਏ ਇੱਥੇ ਘਰ ਵਾਲੀ ਮੁੱਕਣ ਤੋ ਬਾਅਦ ਅਰਲੀ ਰਿਟਾਇਰਮੈਂਟ ਲੈ ਕੇ ਪੱਕਾ ਇੱਥੇ ਹੀ ਸੈੱਟ ਹੈ, ਮੈਨੂੰ ਨਹੀਂ ਲੱਗਦਾ ਇਹ ਕਦੀਂ ਗਿਆ ਵੀ ਹੈ ਮੁੜ ਇੰਗਲੈਂਡ, ਲੱਗਦਾ ਮੇਰੇ ਵਾਂਗ ਇਹ ਵੀ ਇੰਗਲੈਂਡ ਨੂੰ ਆਖਰੀ ਸਲਾਮ ਕਰੀ ਬੈਠਾ।''

ਇੰਨਾਂ ਆਖ ਉਹ ਹੱਸ ਪਈ।

''ਉਹ ਅੱਛਾ ਪਰਮਾਨੈਂਟ ਇੱਥੇ ਹੀ ਰਹਿੰਦਾ!''

''ਮੈ ਹੈਰਾਨ ਹੋ ਕੇ ਪੁੱਛਿਆ।''

''ਹਾਂ ਇੱਥੇ ਹੀ ਰਹਿੰਦਾ, ਬਸ ਸਵੀਮਿੰਗ, ਜਿੰਮ, ਰੀਡਿੰਗ ਅਤੇ ਗਾਰਡਨਿੰਗ ਇਹੀ ਇਸ ਦੇ ਸ਼ੌਕ ਹਨ।'' ''ਹਾਏ-ਹਾਏ ਕਿੱਥੋਂ ਗੱਲ, ਕਿੱਥੇ ਬਰਾਇਨ 'ਤੇ ਜਾ ਪਹੁੰਚੀ, ਮੈਂ ਵੀ ਸੱਚੀ ਝੱਲੀ ਹੀ ਹਾਂ, ਮੁੱਕਦੀ ਗੱਲ ਇਹ ਬੀਰਾਂ ਕਿ ਮੈਂ ਇਹ ਦੱਸਣਾ ਸੀ ਕਿ ਆਹ ਜੋ ਆਪਣੇ ਘਰ ਫਲਾਂ ਦੇ ਫੁੱਲਾਂ ਦੇ ਬੂਟੇ ਲੱਗੇ ਆ ਇਹ ਸਾਰੇ ਆਪ ਆਪਣਾ ਪੈਂਡੂ ਗੋਰਾ ਬਰਾਇਨ ਹੀ ਲੈ ਕੇ ਆਉਂਦਾ ਹੈ ਮੇਰੇ ਲਈ ਚੰਗੀਆਂ ਨਸਲਾਂ ਦੇ ਲੱਭ-ਲੱਭ ਕੇ, ਇਹਦੇ ਆਪਦੀ ਗਾਰਡਨ 'ਚ ਵੀ ਬਹੁਤ ਬੂਟੇ ਹਨ।''

''ਉਹ ਅੱਛਾ-ਅੱਛਾ ਫਿਰ ਇਹ ਵਿਚਾਰਾ ਆਪ ਵੀ ਮਿਹਨਤ ਕਰਦਾ ਹੈ, ਪਰ ਤੁਸੀਂ ਪਾਲਦੇ ਵੀ ਇਨ੍ਹਾਂ ਨੂੰ ਧੀਆਂ ਪੁੱਤਰਾਂ ਵਾਂਗ ਹੀ ਹੋ ਮੈਂ ਦੇਖ ਲਿਆ।''

''ਹਾਂ ਬੱਸ ਵਿਹਲੀ ਹਾਂ ਹੁਣ ਹੋਰ ਕੋਈ ਕੰਮ ਵੀ ਨਹੀਂ। ਸੋਹਣਾ ਟਾਈਮ ਪਾਸ ਹੋ ਜਾਂਦਾ ਇਨ੍ਹਾਂ ਨਾਲ। ਤੈਨੂੰ ਪਤਾ ਮੈਂ ਇਨ੍ਹਾਂ ਨਾਲ ਬਹੁਤ ਵਾਰ ਗੱਲਾਂ ਵੀ ਕਰਦੀ ਹਾਂ ਤੇ ਮੈਨੂੰ ਜਾਪਦਾ ਇਹ ਮੇਰੀਆਂ ਗੱਲਾਂ ਸੁਣ ਕੇ ਹੁੰਗਾਰਾ ਵੀ ਦਿੰਦੇ ਹਨ।''

''ਮੇਰੀਆਂ ਗੱਲਾਂ ਸੁਣ ਕੇ ਤੂੰ ਸੋਚਦੀ ਹੋਣੀ ਕੈਲਾਸ਼ ਤਾਂ ਹਿੱਲ ਗਈ ਇਥੇ ਸਪੇਨ ਆ ਕੇ।'' ਇੰਨਾ ਆਖ ਕੇ ਉਹ ਹੱਸ ਪਈ।

''ਹਾ ਹਾ ਨਹੀਂ ਨਹੀਂ ਬਿਲਕੁਲ ਨਹੀਂ ਜੀ, ਮੈਂ ਇੰਝ ਕਿਉਂ ਸੋਚਣਾ। ਮੈਨੂੰ ਪਤਾ ਸ਼ਾਇਰ ਲੋਕ ਲੇਖਕ ਲੋਕ ਹੁੰਦੇ ਹੀ ਇਸ ਤਰ੍ਹਾਂ ਦੇ ਹੋ।''

''ਤੇਰਾ ਮਤਲਬ ਹਿੱਲੇ ਹੋਏ?''

ਇਸ ਗੱਲ 'ਤੇ ਅਸੀਂ ਦੋਵੇਂ ਹੱਸ ਪਈਆਂ।

ਚਲਦਾ....

# ਭਾਰਤ-ਪਾਕਿ ਜੰਗਬੰਦੀ ਨੇ ਹੋਰ ਕਈ ਨਵੇਂ ਉਲਝਵੇਂ ਸਵਾਲ ਖੜ੍ਹੇ ਕੀਤੇ

**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)**



ਭਾਰਤ-ਪਾਕਿ ਜੰਗ ਹਾਲ ਦੀ ਘੜੀ ਸਮਾਪਤ ਹੋਈ, ਦੋਵੇਂ ਦੇਸ਼ ਜਿੱਤ ਗਏ। ਸ਼ੁਭ ਸੰਕੇਤ ਨਿਰਦੋਸ਼ ਜ਼ਿੰਦਗੀਆਂ ਦਾ ਨੁਕਸਾਨ ਹੋਣੋ ਬਚਿਆ, ਪਰ ਪਹਿਲਗਾਮ ਦੇ ਦੋਸ਼ੀ ਨਹੀਂ ਮਿਲੇ ਤੇ ਨਾ ਹੀ ਉਹਨਾਂ ਦੀ ਖੋਜ ਪੜਤਾਲ ਦੀ ਰਿਪੋਰਟ ਅਜੇ ਤਿਆਰ ਹੋਈ ਹੈ। ਪੁਲਵਾਮਾ ਤੇ ਓੜੀ ਵਾਂਗ ਅਜੇ ਵੀ ਇਸ ਕਾਂਡ ਬਾਰੇ ਸਿਵਾਏ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਣ ਦੇ ਭਾਰਤ ਸਰਕਾਰ ਦੇ ਹੱਥ ਠਣ ਠਣ ਗੋਪਾਲ ਹੈ। ਉਂਜ ਇਹ ਜੰਗ ਬੇਸ਼ੱਕ ਚਾਰ ਦਿਨ ਦੀ ਬਜਾਏ ਚਾਰ ਸਾਲ ਲੱਗੀ ਰਹਿੰਦੀ, ਜਿੱਤ ਹਾਰ ਦਾ ਫੈਸਲਾ ਤਦ ਵੀ ਨਹੀਂ ਸੀ ਹੋਣਾ।

ਹੈਰਾਨੀ ਇਸ ਗੱਲ ਦੀ ਹੈ ਕਿ ਚਾਚਾ ਟਰੰਪ, ਪਹਿਲਾਂ ਬਿਆਨ ਦਿੰਦਾ ਹੈ ਕਿ ਭਾਰਤ-ਪਾਕ ਜੰਗ ਨਾਲ ਉਸ ਦਾ ਕੋਈ ਵੀ ਲਾਗਾ ਦੇਗਾ ਨਹੀਂ, ਇਹਨਾਂ ਦੋਹਾਂ ਮੁਲਕਾਂ ਦੇ ਮਾਮਲੇ ਵਿਚ ਉਹ ਬਿਲਕੁਲ ਵੀ ਦਖਲ ਨਹੀਂ ਦੇਵੇਗਾ, ਪਰ ਚੌਵੀ ਘੰਟੇ ਦੇ ਅੰਦਰ ਅੰਦਰ ਹੀ ਚਾਚਾ ਟਰੰਪ ਯੂ ਟਰਨ ਮਾਰਕੇ ਨਵੀਂ ਸਟੇਟਮੈਂਟ ਨਾਲ ਟਵਿੱਟਰ ਹੈਂਡਲ 'ਤੇ ਭਾਰਤ-ਪਾਕ ਜੰਗਬੰਦੀ ਦਾ ਸਾਰਾ ਸਿਹਰਾ ਹੀ ਆਪਣੇ ਸਿਰ ਬੰਨ੍ਹਦਾ ਹੋਇਆ ਦੋਹਾਂ ਮੁਲਕਾਂ ਨੂੰ ਵਧਾਈ ਦਿੰਦਾ ਨਜਰ ਆ ਰਿਹਾ ਹੁੰਦਾ ਹੈ।

ਅਗਲੀ ਗੱਲ ਇਹ ਕਿ ਇਹ ਪਤਾ ਹੋਣ ਦੇ ਬਾਵਜੂਦ ਵੀ ਕਿ ਇਕੀਂਵੀ ਸਦੀ ਵਿਚ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਕਿਉਂਕਿ ਹੁਣ ਇਹ ਡਾਂਗਾਂ ਸੋਟਿਆਂ ਦੀ ਲੜਾਈ ਨਾ ਹੋ ਕੇ ਆਧੁਨਿਕ ਤਕਨੀਕ ਨਾਲ ਲੈਸ ਹਵਾਈ ਹਥਿਆਰਾਂ ਦੀ ਲੜਾਈ ਬਣ ਚੁੱਕੀ ਹੈ, ਇਕ ਜਗਾ ਬੈਠਿਆਂ ਹੀ ਰਿਮੋਟ ਨਿਸ਼ਾਨਾ ਫਿਕਸ ਕਰਕੇ ਮਿਜਾਇਲ ਤੇ ਡਰੋਨ ਦਾਗੇ ਜਾ ਸਕਦੇ ਹਨ, ਪਰ ਫਿਰ ਵੀ ਬਿਨਾ ਕਿਸੇ ਡੂੰਘੀ ਸੋਚ ਵਿਚਾਰ ਦੇ ਇਹ ਜੰਗ ਸ਼ੁਰੂ ਕੀਤੀ ਗਈ ਤੇ ਚਾਰ ਦਿਨਾਂ ਦੇ ਅੰਦਰ ਹੀ ਕਿਸੇ ਤੀਜੀ ਧਿਰ ਦੇ ਰਾਹੀਂ ਇਸ ਜੰਗ ਨੂੰ ਬੰਦ ਕਰਨ ਵਾਸਤੇ ਮਜਬੂਰ ਹੋਣਾ ਪਿਆ।

ਡੋਨਾਲਡ ਟਰੰਪ ਦੁਆਰਾ ਭਾਰਤ-ਪਾਕਿ ਜੰਗ ਨੂੰ ਟਵਿੱਟਰ ਹੈਂਡਲ ਰਾਹੀਂ ਬੰਦ ਕਰਨ ਦੇ ਐਲਾਨ ਨਾਲ ਭਾਰਤ ਦੇ ਸਿਆਸੀ ਗਲਿਆਰਿਆਂ ਤੇ ਆਮ ਲੋਕਾਂ ਵਿਚ ਹੁਣ ਇਕ ਨਵੀਂ ਚਰਚਾ ਛਿੜ ਗਈ ਹੈ ਕਿ ਟਰੰਪ ਕੌਣ ਹੁੰਦਾ ਹੈ, ਦੋ ਗੁਆਂਢੀ ਮੁਲਕਾਂ ਦੀ ਲੜਾਈ ਨੂੰ ਬੰਦ ਕਰਨ ਦਾ ਐਲਾਨ ਕਰਨ ਵਾਲਾ?

ਭਾਰਤ ਤੇ ਪਾਕਿਸਤਾਨ ਦੇ ਮਾਮਲਿਆਂ ਵਿਚ ਉਸ ਨੇ ਕਿਸ ਹੈਸੀਅਤ ਵਿਚ ਦਖਲ ਦਿੱਤਾ ਤੇ ਇਹ ਟਵਿੱਟਰ ਫੁਰਮਾਨ ਜਾਰੀ ਕੀਤਾ? ਰਾਹੁਲ ਗਾਂਧੀ ਤੇ ਸਮੁੱਚੀ ਵਿਰੋਧੀ ਧਿਰ ਨੇ ਇਸ ਸਬੰਧ ਵਿਚ ਕੇਂਦਰ ਦੀ ਭਾਜਪਾ ਸਰਕਾਰ ਨੂੰ ਸਪਸ਼ਟੀਕਰਨ ਦੇਣ ਵਾਸਤੇ ਲੋਕ ਸਭਾ ਦਾ ਵਿਸ਼ੇਸ਼ ਸਮਾਗਮ ਬੁਲਾਉਣ ਦੀ ਮੰਗ ਰੱਖ ਦਿੱਤੀ ਹੈ।

ਪਹਿਲਗਾਮ ਵਿਚ 22 ਅਪਰੈਲ ਨੂੰ 26 ਲੋਕ ਮਾਰੇ ਗਏ, ਉਹਨਾਂ ਨੂੰ ਮਾਰਨ ਵਾਲੇ ਕੌਣ ਸਨ, ਮਾਰੇ ਗਏ ਲੋਕਾਂ ਦੇ ਪਰਿਵਾਰਾਂ ਵਾਸਤੇ ਸਰਕਾਰ ਨੇ ਉਹਨਾਂ ਦੀ ਹੁਣ ਤੱਕ ਕੀ ਸਹਾਇਤਾ ਕੀਤੀ ਹੈ? ਕੀ ਇਸ ਚਾਰ ਦਿਨਾਂ ਦੀ ਜੰਗ ਨਾਲ ਹੁਣ ਇਹ ਮਸਲਾ ਬਿਨਾ ਕਿਸੇ ਅੱਤਵਾਦੀ ਨੂੰ ਫੜਿਆਂ ਹੀ ਸੁਲਝ ਗਿਆ? ਇਸ ਗੱਲ ਦੀ ਕੀ ਗਰੰਟੀ ਹੈ ਕਿ ਭਵਿੱਖ ਵਿਚ ਇਸ ਤਰਾਂ ਦੀਆਂ ਮੰਦਭਾਗੀਆਂ ਘਟਨਾਵਾਂ ਹੁਣ ਦੇਸ਼ ਵਿਚ ਨਹੀਂ ਵਾਪਰਨਗੀਆਂ?



ਲਾਂਘੇ ਬੰਦ ਕਰਕੇ, ਵੀਜ਼ੇ ਰੱਦ ਕਰਕੇ, ਸਿੰਧ ਦਰਿਆ ਦੇ ਪਾਣੀ ਵਾਲੀ ਸੰਧੀ ਰੱਦ ਕਰਕੇ ਅਸਲ ਕਿਹਨਾਂ ਲੋਕਾਂ ਦਾ ਨੁਕਸਾਨ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ ? ਦੋਹਾਂ ਮੁਲਕਾਂ ਦੇ ਆਮ ਅਵਾਮ ਨੂੰ ਬਲਦੀ ਦੇ ਬੂਥੇ ਵਿਚ ਕਿਉਂ ਝੋਕਿਆ ਜਾ ਰਿਹਾ ਹੈ ? ਗਰਮੀ ਦੀ ਵਰ੍ਹਦੀ ਅੱਗ ਵਿਚ ਬੰਬਾਂ ਮਿਜਾਇਲਾਂ ਨਾਲ ਅੱਗ ਵਰਸਾ ਕੇ, ਮਾਵਾਂ ਦੇ ਸੋਹਣੇ ਪੁੱਤ ਮਰਵਾ ਕੇ , ਕਿਹੜੇ ਅਮਨ ਤੇ ਸ਼ਾਂਤੀ ਦੀ ਆਸ ਰੱਖੀ ਜਾ ਸਕਦੀ ਹੈ ? ਇਸ ਸਵਾਲ ਦਾ ਉੱਤਰ ਭਾਰਤ ਸਰਕਾਰ ਨੂੰ ਹੁਣ ਦੇਣਾ ਹੀ ਪਵੇਗਾ।

ਇਸ ਸਮੇਂ ਭਾਰਤੀ ਲੋਕਾਂ ਦੇ ਮਨਾਂ ਵਿਚ ਕੇਂਦਰ ਦੀ ਭਾਜਪਾ ਸਰਕਾਰ ਬਾਰੇ ਹੋਰ ਵੀ ਬਹੁਤ ਸਾਰੇ ਸਵਾਲ ਹਨ। ਇਹ ਉਹ ਸਵਾਲ ਹਨ ਜਿਹਨਾਂ ਤੋਂ ਭਾਜਪਾ ਕਿਸੇ ਨਾ ਕਿਸੇ ਤਰਾਂ ਦੇਸ਼ ਦੇ ਲੋਕਾਂ ਦਾ ਧਿਆਨ, ਹੋਰ ਮੁੱਦੇ ਵੱਲ ਭਟਕਾ ਕੇ, ਹਮੇਸ਼ਾ ਹੀ ਬਚਦੀ ਰਹੀ ਹੈ।

ਦੇਸ਼ ਵਿਚ ਮਹਿੰਗਾਈ ਅਸਮਾਨ 'ਤੇ ਹੈ, ਬੇਰੁਜਗਾਰੀ ਦੀ ਇੰਤਹਾ ਹੈ, ਦੇਸ਼ ਦੀ ਅਰਥ ਵਿਵਸਥਾ ਬੁਰੀ ਤਰਾਂ ਚਰਮਰਾ ਚੁੱਕੀ ਹੈ, ਭਾਰਤ ਚਾਰੇ ਪਾਸਿਓਂ ਵਿਰੋਧੀਆਂ ਨਾਲ ਘਿਰਿਆ ਹੋਇਆ ਹੈ, ਚੀਨ, ਨੇਪਾਲ, ਬੰਗਲਾ ਦੇਸ਼, ਸ੍ਰੀ ਲੰਕਾ ਤੇ ਪਾਕਿਸਤਾਨ ਆਦਿ ਮੁਲਕਾਂ ਨਾਲ ਇਸ ਦੇ ਸਬੰਧ ਤਲਖ ਹਨ।

ਇਸ ਤਰਾਂ ਦੇ ਹਾਲਾਤਾਂ ਵਿਚ ਮੁਲਕ ਨੂੰ ਗੁਆਂਢੀ ਮੁਲਕ ਨਾਲ ਲੜਾਈ ਕਰਨ ਦੀ ਬਜਾਏ ਆਪਣੇ ਮੁਲਕ ਦੇ ਅੰਦਰੂਨੀ ਹਾਲਾਤਾਂ ਨੂੰ ਮਜਬੂਤ ਤੇ ਸਥਿਰ ਕਰਨ ਵੱਲ ਧਿਆਨ ਦੇਣਾ ਚਾਹੀਦਾ ਸੀ, ਪਰ ਹੋ ਸਭ ਕੁੱਝ ਉਲਟ ਪੁਲਟ ਹੀ ਰਿਹਾ ਹੈ, ਦੂਜੇ ਸ਼ਬਦਾਂ ਵਿਚ ਆਪਣੀਆਂ ਗਲਤੀਆਂ ਤੇ ਕਮੀਆਂ ਪੇਸ਼ੀਆਂ ਦਾ ਠੀਕਰਾ ਕਿਸੇ ਹੋਰ ਸਿਰ ਭੰਨਕੇ ਉਸ ਉਤੇ ਹਮਲਾ ਕਰਕੇ ਆਪਣੇ ਦੇਸ਼ ਦੇ ਲੋਕਾਂ ਦਾ ਧਿਆਨ ਭਟਕਾਉਣਾ, ਉਹਨਾਂ ਨੂੰ ਉੱਲੂ ਬਣਾਉਣਾ, ਇਕ ਦੋ ਵਾਰ ਤਾਂ ਚੱਲ ਸਕਦਾ ਹੈ, ਪਰ ਵਾਰ ਵਾਰ ਓਹੀ ਢੰਗ ਤਰੀਕਾ ਵਰਤਣਾ ਬਹੁਤਾ ਸਮਾਂ ਕਾਮਯਾਬ ਨਹੀਂ ਰਹਿੰਦਾ, ਕਾਠ ਦੀ ਹਾਂਡੀ ਵਾਰ ਵਾਰ ਨਹੀਂ ਰਿੱਝਦੀ। ਇਸ ਵਕਤ ਦੇਸ਼ ਦੀ ਜਨਤਾ ਜਾਗ ਚੁੱਕੀ ਹੈ ਤੇ ਜਨਤਾ ਨੂੰ ਪਤਾ ਲੱਗ ਚੁੱਕਾ ਹੈ ਕਿ ਵਾਰ ਵਾਰ ਇਹ ਅੱਤਵਾਦੀ ਕਾਂਡ ਅਸਲ ਵਿਚ ਕੌਣ ਕਰਵਾ ਰਿਹਾ ਹੈ ?

ਪਹਿਲਗਾਮ ਵਿਖੇ ਵਾਪਰੀ ਮੰਦਭਾਗੀ ਘਟਨਾ ਨੂੰ ਮਜ਼ਬੀ ਰੰਗਣ ਦੇ ਕੇ ਭੜਕਾਉਣ ਤੇ ਜੰਗ ਵਿਚ ਤਬਦੀਲ ਕਰਨ ਵਿਚ ਸਭ ਤੋਂ ਵੱਡਾ ਹੱਥ ਭਾਰਤੀਏ ਮੀਡੀਏ ਦਾ ਰਿਹਾ। ਅਜ ਤੱਕ, ਜੀ ਨਿਊਜ਼, ਇੰਡੀਆ ਟੀ ਵੀ ਅਤੇ ਆਰ ਟੀ ਵੀ ਨੇ ਪੱਤਰਕਾਰੀ ਦੀਆਂ ਸਾਰੀਆਂ ਰਿਵਾਇਤਾਂ ਛਿੱਕੇ 'ਤੇ ਟੰਗਕੇ ਇੰਤਹਾ ਦੀ ਪੀਲੀ ਪੱਤਰਕਾਰੀ ਕੀਤੀ, ਆਰਟੀਫੀਸ਼ਲ ਇੰਟੈਲੀਜੈਂਸ ਤਕਨੀਕ ਨਾਲ ਧੜਾ ਧੜ ਕਥਿਤ ਝੂਠੀਆਂ ਰੀਲਾਂ ਬਣਾ ਕੇ ਚੈਨਲਾਂ ਉੱਤੇ ਚਲਾ ਕੇ ਮੁਲਕ ਦੇ ਲੋਕਾਂ ਵਿਚ ਯੁੱਧ ਵਾਸਤੇ ਉਕਸਾਹਟ ਪੈਦਾ ਕੀਤੀ ਤੇ ਹਿੰਦੂ ਮੁਸਲਮ ਵਿਚਕਾਰ ਨਫਰਤੀ ਪਾੜਾ ਵਧਾਇਆ।

ਇਹੋ ਕੁੱਝ ਪਾਕਿਸਤਾਨੀ ਚੈਨਲਾਂ ਉੱਤੇ ਵੀ ਚਲਦਾ ਰਿਹਾ। ਕਹਿਣ ਦਾ ਭਾਵ ਇਹ ਕਿ ਪੱਤਰਕਾਰੀ ਜੋ ਕਿ ਕਿਸੇ ਮੁਲਕ ਦਾ ਚੌਥਾ ਵੱਡਾ ਥੰਮ੍ਹ ਹੁੰਦੀ ਤੇ ਜਿਹਦਾ ਕੰਮ ਲੋਕਾਂ ਤੇ ਸਰਕਾਰਾਂ ਵਿਚਕਾਰ ਸਹੀ ਜਾਣਕਾਰੀ ਪਹੁੰਚਾ ਕੇ ਇਕ ਪੁਲ ਦਾ ਕਾਰਜ ਕਰਨਾ ਹੁੰਦਾ ਹੈ, ਭਾਰਤ-ਪਾਕਿ ਚਾਰ ਦਿਨਾਂ ਯੁੱਧ ਵਿਚਕਾਰ, ਇਹ ਮੀਡੀਆ ਪੂਰੀ ਤਰਾਂ ਗੈਰ ਜ਼ਿੰਮੇਵਾਰਾਨਾ ਭੂਮਿਕਾ ਨਿਭਾਉਂਦਾ ਰਿਹਾ।

ਦੋਨੋਂ ਦੇਸ਼ਾਂ ਦੇ ਮੀਡੀਏ ਦੀਆਂ ਖਬਰਾਂ ਤੇ ਡਿਬੇਟ ਦੇਖਣ ਸੁਣਨ ਉਪਰੰਤ ਇਸ ਤਰਾਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਦੋਵਾਂ ਮੁਲਕਾਂ ਦੀ ਬਜਾਏ ਯੁੱਧ ਦੀ ਸਾਰੀ ਪਿੱਠਭੂਮੀ ਇਸ ਵਾਰ ਮੀਡੀਏ ਨੇ ਹੀ ਤਿਆਰ ਕੀਤੀ ਹੋਵੇ। ਰਹੀ ਗੱਲ ਸ਼ੋਸ਼ਲ ਮੀਡੀਏ ਦੀ ਤਾਂ ਸਭ ਅੱਛਾ ਹੈ, ਇਥੇ ਵੀ ਨਹੀਂ ਰਿਹਾ।

ਇਥੇ ਵੀ ਫੇਕ ਖਬਰਾਂ, ਵੀਡੀਓ ਤੇ ਰੀਲਾਂ ਦੀ ਪੂਰੀ ਭਰਮਾਰ ਰਹੀ, ਪਰ ਜਿਹੜੀ ਗੱਲ ਨੇ ਮੇਰੇ ਮਨ ਨੂੰ ਬਹੁਤ ਠੇਸ ਪਹੁੰਚਾਈ, ਉਹ ਇਹ ਰਹੀ ਕਿ ਯੁੱਧ ਦੀ ਖੂਨੀ ਤਬਾਹੀ ਦਾ ਅੰਦਾਜ਼ਾ ਨਾ ਲਗਾਉਂਦਿਆਂ, ਸ਼ੋਸ਼ਲ ਮੀਡੀਏ ਉੱਤੇ ਭਾਰਤੀ ਤੇ ਪਾਕਿਸਤਾਨੀ ਸ਼ਹਿਰੀਆਂ ਵਲੋਂ ਇਸ ਦਾ ਭਰਪੂਰ ਮਜ਼ਾਕ ਉਡਾਇਆ ਗਿਆ। ਸ਼ੋਸ਼ਲ ਮੀਡੀਏ ਉੱਤੇ ਇਹ ਸਾਰਾ ਕੁੱਝ ਦੇਖ ਕੇ ਇਕ ਵਾਰ ਤਾਂ ਰੂਹ ਕੰਬ ਗਈ ਤੇ ਮਨ ਵਿਚ ਵਾਰ ਵਾਰ ਇਹ ਵਿਚਾਰ ਪੈਦਾ ਹੋਇਆ ਕਿ ਸ਼ਾਇਦ ਇੱਕੀਂਵੀ ਸਦੀ ਤੱਕ ਪਹੁੰਚ ਕੇ ਲੋਕ ਮਨਾਂ ਵਿਚੋਂ ਜਿਨੇਂ ਆਪਣੀ ਤਬਾਹੀ ਤੇ ਮੌਤ ਦਾ ਖੌਫ ਹੀ ਜਾਂਦਾ ਰਿਹਾ ਹੋਵੇ, ਮਨੁੱਖੀ ਜਾਨਾਂ ਦੀ ਕੋਈ ਕੀਮਤ ਹੀ ਨਾ ਰਹਿ ਗਈ ਹੋਵੇ। ਲੋਕਾਂ ਦਾ ਯੁੱਧ ਪ੍ਰਤੀ ਇਹ ਰਵੱਈਆ ਦਰਅਸਲ ਉਹਨਾਂ ਦੀ ਗਰਕ ਚੁੱਕੀ ਮਾਨਸਿਕ ਸੋਚ ਦਾ ਸੂਚਿਕ ਹੀ ਮੰਨਿਆ ਜਾ ਸਕਦਾ ਹੈ।

ਹਰ ਗੱਲ ਦਾ ਮਜਾਕ ਨਹੀਂ ਬਣਾਇਆ ਜਾ ਸਕਦਾ, ਖਾਸ ਕਰਕੇ ਜਿਥੇ ਜਾਨ 'ਤੇ ਆ ਬਣੀ ਹੋਵੇ ਤੇ ਬਰਬਾਦੀ ਸਾਹਮਣੇ ਖੜ੍ਹੀ ਕੂਕ ਰਹੀ ਹੋਵੇ, ਉਸ ਹਾਲਤ ਚ ਤਾਂ ਮਜਾਕ ਸੁੱਝਦਾ, ਪਰ ਇਸ ਜੰਗ ਤੋਂ ਪਹਿਲਾਂ ਤੇ ਦੌਰਾਨ ਇਹ ਜੋ ਕੁੱਝ ਵਾਪਰਿਆ ਅਤੀ ਮੰਦਭਾਗਾ ਤੇ ਨਿੰਦਣਯੋਗ ਵਰਤਾਰਾ ਹੀ ਰਿਹਾ ਹੈ।

ਯੁੱਧਬੰਦੀ ਹੋ ਗਈ ਹੈ, ਇਸ ਨਾਲ ਬੇਸ਼ੱਕ ਸਰਹੱਦ ਦੇ ਦੋਵੇਂ ਪਾਸੇ ਦੇ ਸ਼ਹਿਰੀਆਂ ਨੂੰ ਵੱਡੀ ਰਾਹਤ ਮਿਲ ਜਾਵੇਗੀ, ਜਨਜੀਵਨ ਮੁੜ ਤੋਂ ਆਮ ਵਾਂਗ ਹੋ ਜਾਵੇਗਾ, ਸਭ ਲੋਕ ਆਪੋ ਆਪਣੇ ਕੰਮਾਂ ਧੰਦਿਆਂ ਵਿਚ ਮੁੜ ਤੋਂ ਰੁੱਝ ਜਾਣਗੇ, ਜੰਗੀ ਜਹਾਜਾਂ, ਗੋਲਿਆਂ ਤੇ ਮਿਜਾਇਲਾਂ ਦੀ ਗੜਗੜਾਹਟ ਸ਼ਾਂਤ ਹੋ ਜਾਵੇਗੀ, ਡਰੋਨਾਂ ਦੀ ਮੱਛਰ ਮਿਆਂਇਕ ਵੀ ਬੰਦ ਹੋ ਜਾਵੇਗੀ, ਪਰ ਦੋਵਾਂ ਮੁਲਕਾਂ ਦੇ ਸਿਆਸੀ ਆਸਮਾਨ ਉੱਤੇ ਕਸ਼ੀਦਗੀ ਦਾ ਤਾਪਮਾਨ ਅਜੇ ਠੰਢਾ ਹੋਣ ਦੀ ਬਜਾਏ ਹੋਰ ਮਚਣ ਦੇ ਅਸਾਰ ਵਧੇਰੇ ਨਜਰ ਆ ਰਹੇ ਹਨ, ਦੂਜੇ ਸ਼ਬਦਾਂ ਵਿਚ ਇੰਜ ਵੀ ਕਹਿ ਸਕਦੇ ਹਾਂ ਕਿ ਇਹ ਜੰਗਬੰਦੀ ਆਰਜੀ ਹੈ, ਜੰਗ ਦੁਬਾਰਾ ਵੀ ਸ਼ੁਰੂ ਹੋ ਸਕਦੀ ਹੈ, ਇਹ ਕਿਹੜੀ ਧਿਰ ਸ਼ੁਰੂ ਕਰਦੀ ਹੈ, ਇਸ ਦਾ ਫੈਸਲਾ ਸਮੇ ਦੇ ਗਰਭ ਵਿਚ ਹੈ, ਹਾਂ !

ਇਹ ਗੱਲ ਪੱਕੀ ਹੈ ਕਿ ਜਿੰਨਾ ਚਿਰ ਦੋਹਾਂ ਮੁਲਕਾਂ ਵਿਚਕਾਰ ਕੋਈ ਸਥਾਈ ਰਾਜ਼ੀਨਾਮਾ/ਸੰਧੀ ਨਹੀਂ ਹੋ ਜਾਂਦੀ, ਉੰਨਾ ਚਿਰ ਕੁੱਜ ਵੀ ਸੰਭਵ ਹੋ ਸਕਦਾ ਹੈ, ਚਾਚੇ ਟਰੰਪ ਦਾ ਟਵੀਟ ਆਰਜੀ ਜੰਗਬੰਦੀ ਹੈ।

ਇਕ ਗੱਲ ਜਾਂਦੇ ਜਾਂਦੇ ਹੋਰ ਕਹਿ ਜਾਵਾਂ ਕਿ ਇਹ ਕੰਧ ਉਤੇ ਲਿਖਿਆ ਸੱਚ ਹੈ ਕਿ ਜੰਗ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਇਸ ਤੋਂ ਬਚਣਾ ਚਾਹੀਦਾ ਹੈ। ਦੂਜੀ ਗੱਲ, ਇਹ ਕਿ ਦੋਵਾਂ ਧਿਰਾਂ ਨੂੰ ਚੰਗੇ ਗੁਆਂਢੀ ਬਣਕੇ ਰਹਿਣਾ ਵਿਚਰਨਾ ਚਾਹੀਦਾ ਹੈ। ਇਕ ਦੂਜੇ ਉੱਤੇ ਦੋਸ਼ ਪ੍ਰਤੀ ਦੋਸ਼ ਲਗਾਉਣਾ ਮਾੜੀ ਮਾਨਸਿਕਤਾ ਦੀ ਨਿਸ਼ਾਨੀ ਹੁੰਦੀ ਹੈ। ਆਪਣੀਆਂ ਕਮਜੋਰੀਆਂ ਉੱਤੇ ਪਰਦਾਪੋਸ਼ੀ ਕਰਨ ਨਾਲ ਉਹ ਦੂਰ ਨਹੀਂ ਹੋ ਜਾਂਦੀਆਂ ਬਲਕਿ ਹੋਰ ਗੁੰਝਲਦਾਰ ਹੋ ਜਾਂਦੀਆਂ ਹਨ।

ਕੁੱਲ ਮਿਲਾਕੇ ਹਾਲ ਦੀ ਘੜੀ ਜੰਗਬੰਦੀ ਨਾਲ ਦੋਹਾਂ ਮੁਲਕਾਂ ਵਿਚਕਾਰ ਠੰਢ ਵਰਤੀ ਹੈ ਤੇ ਆਮ ਸ਼ਹਿਰੀਆਂ ਨੂੰ ਸੁੱਖ ਦਾ ਸਾਹ ਆਇਆ ਹੈ, ਜੋ ਕਿ ਬਹੁਤ ਚੰਗੀ ਗੱਲ ਹੈ। ਇਹ ਸ਼ਾਂਤੀ ਸਦੀਵੀ ਹੋਵੇ, ਏਹੀ ਆਪਾਂ ਹਰ ਵੇਲੇ ਅਰਦਾਸ ਕਰਨੀ ਹੈ।

*******

# ਜੰਗ ਬਨਾਮ ਟਰੰਪ ਕਾਰਡ



ਗੁਰਮੀਤ ਸਿੰਘ ਪਲਾਹੀ
9815802070



ਦੁਨੀਆ ਭਰ ਵਿੱਚ ਇਸ ਤੋਂ ਪਹਿਲਾਂ ਲਗਾਤਾਰ ਇੰਨੇ ਸਾਰੇ ਹਥਿਆਰਬੰਦ ਸੰਘਰਸ਼ ਨਹੀਂ ਹੋਏ, ਜਿੰਨੇ ਇਸ ਵੇਲੇ ਹੋ ਰਹੇ ਹਨ। ਗਲੋਬਲ ਪੀਸ ਇੰਡੈਕਸ 2024 ਦੇ ਅਨੁਸਾਰ ਸੰਘਰਸ਼ ਕਰਨ ਵਾਲੇ ਦੇਸ਼ਾਂ ਦੀ ਸੰਖਿਆ, ਦੂਜੇ ਵਿਸ਼ਵ ਯੁੱਧ ਦੇ ਬਾਅਦ ਇਸ ਸਮੇਂ ਸਭ ਤੋਂ ਵੱਧ ਹੈ। ਸਾਲ 2020 ਵਿਚ ਹਥਿਆਰਬੰਦ ਸੰਘਰਸ਼ਾਂ ਦੀ ਗਿਣਤੀ 56 ਅਤੇ 2024 ਵਿਚ 59 ਹੋ ਗਈ। ਸਾਲ 2023 ਵਿਚ ਇਜ਼ਰਾਇਲ-ਹਮਾਸ ਅਤੇ ਯੂਕਰੇਨ-ਰੂਸ, ਮਿਆਮੀ ਗ੍ਰਹਿ ਯੁੱਧ, ਸੁਡਾਨ ਗ੍ਰਹਿ ਯੁੱਧ ਲੜੇ ਗਏ। ਜਿਹਨਾਂ 'ਚ 10 ਹਜ਼ਾਰ ਤੋਂ ਵੱਧ ਗਿਣਤੀ ਵਿਚ ਲੋਕ ਮਰੇ।

ਜਾਣਕਾਰਾਂ ਦੀ ਅਸ਼ੰਕਾ ਹੈ ਕਿ 2025 ਵਿੱਚ ਇਜ਼ਰਾਇਲ, ਗਾਜ਼ਾ, ਲੈਬਨਾਨ, ਇਰਾਨ, ਇਰਾਕ, ਸੀਰੀਆ, ਯਮਨ, ਪਾਕਿਸਤਾਨ, ਯੁਗਾਂਡਾ ਆਦਿ ਵਿੱਚ ਹਾਲਾਤ ਖਰਾਬ ਹੋ ਜਾਣਗੇ। ਅਮਰੀਕਾ ਨੇ ਇਹਨਾਂ ਵਿੱਚੋਂ ਕਈ ਦੇਸ਼ਾਂ ਨੂੰ ਪਹਿਲਾਂ ਹੀ ਉਕਸਾਇਆ ਹੈ। 2022 ਵਿੱਚ ਅਮਰੀਕਾ ਨੇ ਇਕੱਲੇ ਯੂਕਰੇਨ ਨੂੰ 18.1 ਅਰਬ ਡਾਲਰ ਦੇ ਹਥਿਆਰ ਦਿੱਤੇ। 2023 ਵਿੱਚ ਇਹ ਵੱਧ ਕੇ 80.9 ਅਰਬ ਡਾਲਰ ਹੋ ਗਏ। ਦੁਨੀਆ ਭਰ ਵਿੱਚ ਹਥਿਆਰਾਂ ਦੀ ਵਿਕਰੀ 238 ਅਰਬ ਡਾਲਰ ਦੀ ਸੀ, ਜਿਸ ਵਿੱਚ 81 ਅਰਬ ਡਾਲਰ ਦੀ ਸਿੱਧੀ ਵਿਕਰੀ ਸਿਰਫ਼ ਅਮਰੀਕਾ ਸਰਕਾਰ ਨੇ ਕੀਤੀ,ਜੋ 2022 ਨਾਲੋਂ 56 ਫੀਸਦੀ ਵੱਧ ਹੈ। 2023 ਵਿੱਚ ਅਮਰੀਕਾ ਨੇ ਇਜ਼ਰਾਇਲ ਨੂੰ 21.2 ਅਰਬ ਡਾਲਰ ਦਿੱਤੇ 2024 ਵਿੱਚ ਇਹ ਵਧ ਕੇ 42.76 ਅਰਬ ਡਾਲਰ ਹੋ ਗਏ।

ਲਗਭਗ ਸਾਰੇ ਮਹਾਂਦੀਪ ਸੰਘਰਸ਼ ਅਤੇ ਯੁੱਧ ਦੇ ਦੌਰ ਵਿੱਚ ਹਨ ਅਤੇ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ ਹਨ। ਹੋਰ ਸਭ ਅਮੀਰ ਮੁਲਕਾਂ ਨਾਲੋਂ ਅਮਰੀਕਾ ਇਸ ਦੌੜ 'ਚ ਸਭ ਤੋਂ ਅੱਗੇ ਹੈ। ਉਹ ਆਪਣੇ ਹਥਿਆਰਾਂ ਦੇ ਵਪਾਰ ਅਤੇ ਵਪਾਰਕ ਹਿੱਤਾਂ ਲਈ ਹਰ ਹਰਬਾ ਵਰਤ ਰਿਹਾ ਹੈ। ਅਮਰੀਕਾ ਦੀ ਟਰੰਪ ਸਰਕਾਰ ਨੇ ਦੁਨੀਆ ਦੇ ਸਾਰੇ ਦੇਸ਼ਾਂ ਨਾਲ ਵਪਾਰਕ ਜੰਗ ਛੇੜੀ ਹੋਈ ਹੈ। ਗਾਜ਼ਾ ਅਤੇ ਯੂਕਰੇਨ ਵਿਚ ਅਮਰੀਕਾ ਦੀ ਸਿੱਧੇ ਅਸਿੱਧੇ ਦਖਲ ਨਾਲ ਗਹਿਰੀ ਸ਼ਮੂਲੀਅਤ ਹੈ।

2025 ਵਿਚ ਅੱਤ ਘਿਨਾਉਣੀ "ਪਹਿਲਗਾਮ" ਘਟਨਾ ਤੋਂ ਬਾਅਦ ਪਾਕਿ-ਭਾਰਤ ਯੁੱਧ ਨੇ ਦੱਖਣੀ ਏਸ਼ੀਆ ਖਿੱਤੇ 'ਚ ਅਸਥਿਰਤਾ ਪੈਦਾ ਕਰ ਦਿੱਤੀ। ਅਚਾਨਕ ਜੰਗਬੰਦੀ ਦਾ ਐਲਾਨ ਹੋ ਗਿਆ। ਦੋਹਾਂ ਪਾਸਿਆਂ ਦੀ ਜਨਤਾ ਦੇ ਮਨਾਂ ਵਿਚ ਖੁਸ਼ੀ ਹੈ, ਕਿਉਂਕਿ ਉਹ ਤਾਂ ਜੰਗ ਚਾਹੁੰਦੀ ਹੀ ਨਹੀਂ ਸੀ ਸਗੋਂ ਇਹ ਜੰਗ ਤਾਂ ਉਹਨਾਂ ਉੱਤੇ ਥੋਪੀ ਜਾ ਰਹੀ ਸੀ। ਲੋਕਾਂ ਵਿਚ ਪਰੇਸ਼ਾਨੀ ਸੀ। ਕਈ ਰਾਤਾਂ ਤੋਂ ਉਹਨਾਂ ਸੌਂ ਕੇ ਨਹੀਂ ਵੇਖਿਆ। ਆਖਰ ਇਹ ਮਾਜਰਾ ਹੈ ਕੀ ਸੀ? ਆਖਰ ਇਹ ਗੱਲ ਨਿੱਬੜ ਕਿਵੇਂ ਗਈ? ਆਖਰ ਦੋਹਾਂ ਦੇਸ਼ਾਂ ਦੇ "ਸੇਵਕ" ਚੁੱਪ ਚੁਪੀਤੇ "ਥਾਣੇਦਾਰ ਟਰੰਪ" ਦੀ ਗੱਲ ਕਿਵੇਂ ਮੰਨ ਗਏ? ਆਖਰ ਇਹਨਾਂ ਮੁਲਕਾਂ ਦੇ ਇਹਨਾਂ "ਰਾਖਿਆਂ" ਨੂੰ ਲੋਕਾਂ ਨੂੰ ਜੰਗ 'ਚ ਝੋਕਣ ਦਾ ਫਾਇਦਾ ਕੀ ਮਿਲਿਆ? ਪਾਕਿਸਤਾਨ ਇਸ ਜੰਗ ਦੀ ਆੜ ਵਿੱਚ 2.3 ਅਰਬ ਡਾਲਰ ਦਾ ਆਈ. ਐੱਮ. ਐੱਫ. ਅੰਤਰਰਾਸ਼ਟਰੀ ਕਰਜ਼ਾ ਪ੍ਰਾਪਤ ਕਰ ਗਿਆ ਅਤੇ ਸਾਡੇ ਹਾਕਮ ਨੇ "ਬਿਹਾਰ" ਦੀ ਚੋਣ ਜਿੱਤਣ ਦਾ ਮਾਹੌਲ ਸਿਰਜਣ ਲਈ ਜੋ ਬਿਸਾਤ ਵਿਛਾਈ ਸੀ, ਉਸ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਨ 'ਚ ਕਾਮਯਾਬ ਹੋ ਗਿਆ। ਪਰ ਇੱਕ ਗੱਲ ਜਿਹੜੀ ਉਹ ਨਹੀਂ ਕਰ ਸਕਿਆ, ਉਹ "ਹਿੰਦੂ", "ਮੁਸਲਮਾਨਾਂ" ਦਾ ਫਸਾਦ ਨਾ ਕਰਵਾ ਸਕਿਆ ਜਾਂ ਕਹਿ ਲਈਏ ਆਪਣੇ ਉਸ ਮਨਸੂਬੇ 'ਚ ਸਫ਼ਲ ਨਹੀਂ ਹੋ ਸਕਿਆ, ਜਿਸ ਨੂੰ ਬਣਾਉਣਾ ਉਸਨੇ ਚਿਤਵਿਆ ਸੀ। ਕੀ ਸੱਚ-ਮੁੱਚ ਸਾਡੇ "ਹਾਕਮ" ਦੇ ਮਨ ਵਿੱਚ "ਅੱਤਵਾਦੀਆਂ" ਨੂੰ ਸਬਕ ਸਿਖਾਉਣ ਤੇ ਉਹਨਾਂ ਦੇ ਪਾਲਣਹਾਰੇ ਪਾਕਿਸਤਾਨੀ ਹੁਕਮਰਾਨਾਂ ਨੂੰ ਸਬਕ ਸਿਖਾਉਣ ਦੀ ਮਨਸ਼ਾ ਸੀ ਜਾਂ ਮਨਸੂਬਾ ਸਿਰਫ਼ ਆਪਣੀ ਗੱਦੀ ਨੂੰ ਪੱਕਿਆ ਕਰਨਾ ਸੀ? ਕਹਿੰਦੇ ਹਨ ਸਰਵਿਆਂ ਅਨੁਸਾਰ ਬਿਹਾਰ 'ਚ ਚੋਣ "ਸੱਤਾਧਾਰੀ" ਹਾਰ ਰਹੇ ਸਨ, ਜਿਸ ਦਾ ਅਸਰ ਸਿਰਫ਼ ਬਿਹਾਰ ਚੋਣਾਂ 'ਚ ਹੀ ਨਹੀਂ ਸੀ ਪੈਣਾ ਸਗੋਂ ਕੇਂਦਰ ਸਰਕਾਰ ਵੀ "ਤੜੱਕ ਕਰਕੇ" ਨਿਤੀਸ਼ ਕੁਮਾਰ ਕਾਰਨ ਡਿੱਗ ਪੈਣੀ ਸੀ।

ਰਹੀ ਗੱਲ ਟਰੰਪ ਦੀ ਉਸਨੂੰ ਤਾਂ ਆਪਣੇ ਹਿੱਤ ਪਿਆਰੇ ਹਨ। ਉਸਨੇ ਤਾਂ ਆਪਣਾ ਫ਼ੌਜੀ ਸਮਾਨ ਵੇਚਣਾ ਹੈ। ਦੁਨੀਆ ਦਾ ਸਭ ਤੋਂ ਵੱਡਾ ਸੌਦਾਗਰ ਇਸ ਗੱਲ ਲਈ ਮਸ਼ਹੂਰ ਹੈ ਕਿ ਉਹ ਦੇਸ਼ਾਂ ਨੂੰ ਆਪਸ ਵਿੱਚ ਲੜਾਉਂਦਾ ਹੈ ਅਤੇ ਆਪਣੇ ਹਥਿਆਰ ਵੇਚਦਾ ਹੈ, ਚੋਖਾ ਮੁਨਾਫ਼ਾ ਕਮਾਉਂਦਾ ਹੈ। ਟਰੰਪ ਪ੍ਰਸ਼ਾਸਨ ਤਾਂ ਇਸ ਵੇਲੇ ਦੁਨੀਆ ਭਰ ਵਿੱਚ ਧੌਂਸ-ਧੱਕੇ ਲਈ ਮਸ਼ਹੂਰ ਹੈ। ਜਿਸ ਵੱਲੋਂ ਦੁਨੀਆਂ ਦੇ ਹਿੱਤ ਲਾਂਭੇ ਰੱਖ ਕੇ, ਅਮਰੀਕੀ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਲਈ ਸਿਰਫ਼ ਗੱਲਾਂ ਹੀ ਨਹੀਂ ਕੀਤੀਆਂ ਜਾ ਰਹੀਆਂ, ਸਗੋਂ ਅਮਲੀ ਕਦਮ ਵੀ ਪੁੱਟੇ ਜਾ ਰਹੇ ਹਨ। ਅਸਲ ਅਰਥਾਂ ਵਿੱਚ ਟਰੰਪ ਜੰਗ ਲਗਵਾਉਂਦਾ ਵੀ ਹੈ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਅਤੇ ਭਲ ਖੱਟਣ ਲਈ ਜੰਗ ਰੁਕਵਾਉਂਦਾ ਵੀ ਹੈ। ਹਿੰਦੁਸਤਾਨ-ਪਾਕਿਸਤਾਨ ਦੀ ਜੰਗ 'ਚ ਇੱਕ ਵਿਚੋਲੇ ਦਾ ਰੋਲ ਅਦਾ ਕਰਕੇ, ਉਹ ਅਮਨ ਦਾ ਮਸੀਹਾ ਬਣਨ ਦੇ ਯਤਨ ਵਿਚ ਹੈ। ਪਰ ਕੀ ਇਹ ਸੱਚ-ਮੁੱਚ ਇਵੇਂ ਹੀ ਹੈ? ਜੇ ਹੈ ਤਾਂ ਰੂਸ- ਯੂਕਰੇਨ ਜੰਗ 'ਚ ਉਸਦੀ ਭੂਮਿਕਾ ਇੱਕ ਪੱਖੀ ਕਿਉਂ ਹੈ? ਜੇ ਹੈ ਤਾਂ ਇਜ਼ਰਾਇਲ-ਹਮਾਸ 'ਚ ਉਸ ਦਾ ਰੋਲ ਇੱਕ ਪਾਸੜ ਕਿਉਂ ਹੈ ?

ਇਸ ਸਮੇਂ ਭਾਰਤ-ਪਾਕਿ ਜੰਗ ਅਤੇ ਜੰਗਬੰਦੀ 'ਚ ਟਰੰਪ ਦੀ ਭੂਮਿਕਾ ਦੀ ਵੱਡੀ ਚਰਚਾ ਹੈ। ਉਸਦਾ ਮਕਸਦ ਆਪਣਾ ਵਪਾਰ ਵਧਾਉਣਾ ਹੈ ਅਤੇ ਟਰੰਪ ਦੇ ਸ਼ਬਦਾਂ ਵਿਚ, "ਦੋਹੇ ਧਿਰਾਂ ਉਸਦੀਆਂ 'ਪਿਆਰੀਆਂ' ਹਨ।" ਉਸ ਨੇ ਦੋਹਾਂ ਪਹਿਲਵਾਨਾਂ ਨੂੰ ਉਦੋਂ ਤੱਕ ਲੜਨ ਦਿੱਤਾ, ਜਦੋਂ ਤੱਕ ਉਸ ਨੇ ਚਾਹਿਆ ਜਾਂ ਜਿੱਥੋਂ ਤੱਕ ਉਸਦਾ ਹਿੱਤ ਸਾਧਿਆ ਮੰਨਿਆ ਗਿਆ। ਉਂਝ ਪਾਕਿਸਤਾਨ ਧਿਰ, ਉੱਥੋਂ ਦੇ ਹਾਕਮ ਪਰੇਸ਼ਾਨ ਹਨ, ਉਥੋਂ ਦੀ ਫ਼ੌਜ ਅਤੇ ਉਥੋਂ ਦੇ ਅੱਤਵਾਦੀ ਸੰਗਠਨਾਂ ਤੋਂ, ਜਿਹੜੇ ਚੈਨ ਨਾਲ ਉਹਨਾਂ ਨੂੰ ਰਾਜ ਨਹੀਂ ਕਰਨ ਦਿੰਦੇ। ਇਹੋ ਵਜ੍ਹਾ ਹੈ ਕਿ ਉਸ ਦੀ "ਸੈਨਾ" ਅਤੇ "ਅੱਤਵਾਦੀਆਂ" ਨੂੰ ਭਾਰਤ ਦੇ ਗਲ ਪਾਈ ਰੱਖਦੇ ਹਨ। ਪਰ ਇਸ ਸਭ ਕੁਝ ਦਾ, ਸਭ ਤੋਂ ਭੈੜਾ ਅਸਰ ਪੰਜਾਬ ਤੇ ਪੈਂਦਾ ਹੈ। ਹੁਣ ਜਦੋਂ ਦੋਵੇਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕ ਨੇੜੇ ਆ ਰਹੇ ਸਨ ਅਤੇ ਹੁਣ ਵੀ ਨੇੜੇ ਹਨ, ਦੂਰ ਨਹੀਂ, ਸਰਹੱਦ ਪਾਰ ਆਪਸੀ ਵਪਾਰ ਦੀਆਂ ਗੱਲਾਂ ਕਰਨ ਲੱਗ ਪਏ ਸਨ। ਇਹ ਗੱਲਾਂ ਹਾਕਮ ਨੂੰ ਸੁਖਾਂਦੀਆਂ ਨਹੀਂ। ਇਹੋ ਜਿਹਾ "ਸੀਨ" ਕੁਝ ਦਿਨਾਂ ਵਿੱਚ ਸਿਰਜ ਦਿੱਤਾ, ਦੋਹਾਂ ਧਿਰਾਂ ਦੀਆਂ ਸਵਾਰਥੀ ਹਾਕਮ ਧਿਰਾਂ ਨੇ , ਕਿ ਜੰਗ ਭਖ਼ ਪਈ, ਨੁਕਸਾਨ ਹੋਣ ਲੱਗ ਪਿਆ। ਠਾਹ-ਠੂਹ ਹੋਣ ਲੱਗ ਪਈ। ਲੋਕਾਂ ਦਾ ਚੈਨ ਵਿਗੜ ਗਿਆ ਅਤੇ ਵੱਡੇ ਨੁਕਸਾਨ ਦਾ ਖਦਸ਼ਾ ਅਤੇ ਮੌਤ ਦਾ ਡਰ ਮੰਡਰਾਉਣ ਲੱਗ ਪਿਆ। ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਇਸ ਜੰਗ ਨਾਲ ਲੋਕਾਂ ਦਾ ਕਿੰਨਾ ਨੁਕਸਾਨ ਹੋਇਆ, ਕਿੰਨੇ ਵਿਸ਼ਵਾਸ ਤਿੜਕੇ, ਕਿੰਨੇ ਰਿਸ਼ਤੇ ਟੁੱਟੇ, ਕਿੰਨੇ ਹਿੰਦੁਸਤਾਨੀ, ਪਾਕਿਸਤਾਨੀ ਪਰੇਸ਼ਾਨ ਹੋਏ। ਉਹਨਾਂ ਕਿੰਨਾ ਮਾਨਸਿਕ ਸੰਤਾਪ ਹੰਢਾਇਆ ,ਜਿਹੜੇ ਇਧਰ-ਉਧਰ ਵਿਆਹਾਂ ਬੰਧਨ ਵਿੱਚ ਬੱਧੇ ਹੋਏ ਹਨ।

ਆਖਰ ਇਹ ਸਿਆਸਤ, ਹਾਕਮਾਂ ਦਾ ਇਹ ਚਿਹਰਾ, ਜਿਹੜਾ ਅਮਰੀਕੀ ਟਰੰਪ, ਰੂਸੀ ਪੁਤਿਨ ਤੋਂ ਸ਼ੁਰੂ ਹੁੰਦਾ ਹੈ ਅਤੇ ਸਾਡੇ ਹਾਕਮ ਤੱਕ ਪੁੱਜਦਾ ਹੈ, ਜਦੋਂ ਬੇਨਕਾਬ ਹੁੰਦਾ ਹੈ ਤਾਂ ਲੋਕਾਂ ਦੇ ਮਨਾਂ ਵਿਚ "ਲੋਕਤੰਤਰ", "ਅਮਨ ਦੀ ਬਾਤ", "ਲੋਕ ਹਿਤੈਸ਼ੀ" ਯੋਜਨਾਵਾਂ ਅਤੇ ਪਖੰਡ ਦਾ ਪਰਦਾਫਾਸ਼ ਹੁੰਦਾ ਹੈ।

ਸੱਚ-ਮੁੱਚ ਜੇਕਰ ਭਾਰਤ-ਪਾਕਿ ਦੇ ਹਾਕਮ ਆਪ ਹੀ ਵਿਚਾਰ ਲੈਂਦੇ ਕਿ ਜੋ ਘਟਨਾ "ਪਹਿਲਗਾਮ" 'ਚ ਵਾਪਰੀ, ਉਸ ਦਾ ਨਿਰਣਾ ਕਰਕੇ, ਦੋਸ਼ੀਆਂ ਨੂੰ ਸਜ਼ਾ ਮਿਲਦੀ ਅਤੇ ਉਹ ਵੀ ਆਪਸੀ ਗੱਲਬਾਤ ਅਤੇ ਆਪਸੀ ਭਰੋਸੇ ਨਾਲ ਤਾਂ ਦੋਹਾਂ ਦੇਸ਼ਾਂ 'ਚ ਜਿਹੜੀ ਫ਼ਿੱਕ ਸਿੰਧੂ ਨਦੀ ਦਾ ਪਾਣੀ ਰੋਕ ਕੇ, ਇੱਕ-ਦੂਜੇ ਦੇਸ਼ ਦੇ ਡਿਪਲੋਮੈਟ ਆਪੋ-ਆਪਣੇ ਦੇਸ਼ਾਂ ਤੋਂ ਭਜਾ ਕੇ ਅਤੇ ਆਪਸੀ ਕੁੜੱਤਣ ਭਰ ਕੇ ਪਾਈ ਗਈ ਹੈ, ਉਹ ਇੰਵ ਨਾ ਹੁੰਦੀ ਤੇ ਦੁਨੀਆ ਦੇ ਵੱਡੇ ਵਪਾਰੀ "ਟਰੰਪ" ਨੂੰ ਦੋ ਮੁਲਕਾਂ ਦੀ "ਪ੍ਰਭੂਸੱਤਾ" ਨੂੰ ਆਪਣੇ ਪੈਰਾਂ ਹੇਠ ਮਿੱਧਣ ਦਾ ਮੌਕਾ ਹੀ ਨਾ ਮਿਲਦਾ।

ਕੀ ਭਾਰਤ ਵੱਲੋਂ ਰੱਦ ਕੀਤਾ ਸਿੰਧੂ ਨਦੀ ਸਮਝੌਤਾ ਅਤੇ ਪਾਕਿਸਤਾਨ ਵੱਲੋਂ ਰੱਦ ਕੀਤਾ ਸ਼ਿਮਲਾ ਸਮਝੌਤਾ ਅਤੇ ਕਸ਼ਮੀਰ ਦਾ ਮਸਲਾ ਹੁਣ ਅਮਰੀਕਾ ਦੀ ਵਿਚੋਲਗੀ ਨਾਲ ਹੀ ਹੱਲ ਹੋਏਗਾ, ਜਿਸ ਸੰਬੰਧੀ ਭਾਰਤ ਦੋਹਾਂ ਦੇਸ਼ਾਂ ਵਿਚ ਕਿਸੇ ਦੇਸ਼ ਦੀ ਵਿਚੋਲਗੀ ਪਿਛਲੇ ਸਮੇਂ ਵਿਚ ਪ੍ਰਵਾਨ ਨਹੀਂ ਕਰਦਾ ਰਿਹਾ!

ਬਿਨ੍ਹਾਂ ਸ਼ੱਕ ਭਾਰਤ ਅਤ ਪਾਕਿਸਤਾਨ ਵਿਚਕਾਰ ਜੰਗਬੰਦੀ ਸਵਾਗਤ ਯੋਗ ਸਕਰਾਤਮਕ ਅਤੇ ਜ਼ਰੂਰੀ ਕਦਮ ਹੈ। ਪਰ ਜੰਗਬੰਦੀ ਨੂੰ ਸੁਲਝਾਉਣ ਲਈ ਅਮਰੀਕਾ ਦੀ ਕਥਿਤ ਸ਼ਮੂਲੀਅਤ ਚਿੰਤਾਜਨਕ ਹੈ। ਕੀ ਇਸ ਨਾਲ ਦੱਖਣੀ ਏਸ਼ੀਆ ਵਿੱਚ ਉਸਦੀ ਆਮ ਸਰਦਾਰੀ ਅਤੇ ਅਸਥਿਰਤਾ ਵੀ ਭੂਮਿਕਾ ਨਿਭਾਉਣ ਦਾ ਰਾਹ ਨਹੀਂ ਖੁਲ੍ਹਦਾ? ਚਾਹੀਦਾ ਤਾਂ ਇਹ ਸੀ ਕਿ ਦੋਵੇਂ ਦੇਸ਼ਾਂ ਦੇ ਨੇਤਾ ਸਮਰਾਜਵਾਦੀ ਦਖ਼ਲਅੰਦਾਜ਼ੀ ਨੂੰ ਰੱਦ ਕਰਕੇ ਆਪਸੀ ਵਿਸ਼ਵਾਸ, ਸਤਿਕਾਰ ਅਤੇ ਲੋਕਾਂ ਦੀ ਇਛਾਵਾਂ 'ਤੇ ਅਧਾਰਤ ਕੰਮ ਕਰਦੇ, ਕਿਉਂਕਿ ਦੋਹਾਂ ਦੇਸ਼ਾਂ ਦੇ ਲੋਕ ਜੰਗ ਨਹੀਂ ਅਮਨ ਚਾਹੁੰਦੇ ਹਨ। ਵੇਖਣਾ ਇਹ ਵੀ ਹੋਵੇਗਾ ਕਿ ਅਮਰੀਕਾ ਦੁਆਰਾ ਕੀਤੀ ਵਿਚੋਲਗੀ ਕੀ ਆਖ਼ਿਰ ਹੈ ਕੀ ਸੀ? ਇਸ ਸੰਬੰਧੀ ਟਰੰਪ ਦਾ ਬਿਆਨ ਪੜ੍ਹਨ ਵਾਲਾ ਹੈ, ਜੋ ਉਸਦੀ ਸ਼ਾਹੂਕਾਰੀ, ਵਪਾਰਕ ਸੋਚ ਦੀ ਤਰਜ਼ਮਾਨੀ ਕਰਨ ਵਾਲਾ ਅਤੇ ਅਮਰੀਕੀ ਹਿੱਤ ਸਾਧਨ ਵਾਲਾ ਹੈ।

ਟਰੰਪ ਦੇ ਬਿਆਨ ਦੇ ਕੁਝ ਅੰਸ਼ ਪੜ੍ਹੋ "ਮੈਨੂੰ ਮਾਣ ਹੈ ਕਿ ਅਮਰੀਕਾ ਇਸ ਇਤਿਹਾਸਕ ਅਤੇ ਦਲੇਰਾਨਾ ਫ਼ੈਸਲੇ 'ਤੇ ਪਹੁੰਚਣ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਸੀ। ਭਾਵੇਂ ਇਸ ਬਾਰੇ ਚਰਚਾ ਨਹੀਂ ਕੀਤੀ ਗਈ, ਮੈਂ ਇਹਨਾਂ ਦੋਹਾਂ ਮਹਾਨ ਦੇਸ਼ਾਂ ਨਾਲ ਵਪਾਰ ਨੂੰ ਕਾਫ਼ੀ ਹੱਦ ਤੱਕ ਵਧਾਉਣ ਜਾ ਰਿਹਾ ਹਾਂ"। ਵਪਾਰੀ, ਚੌਧਰ, ਸਿਹਰਾ ਤਿੰਨ ਸ਼ਬਦ ਹਨ, ਜੋ ਟਰੰਪ ਕਾਰਡ ਦੀ ਤਰਜਮਾਨੀ ਕਰਨ ਵਾਲੇ ਹਨ।

ਜੇਕਰ ਸੱਚਮੁੱਚ ਭਾਰਤ ਮਹਾਨ ਬਣ ਰਿਹਾ ਹੈ, ਜੇਕਰ ਸੱਚਮੁੱਚ ਭਾਰਤ ਵੱਡੀ ਆਰਥਿਕ ਸ਼ਕਤੀ ਬਣ ਰਿਹਾ ਹੈ ਤਾਂ ਉਹ "ਚੀਨ" ਵਾਂਗਰ ਦੁਨੀਆਂ ਦੇ ਵੱਡੇ "ਥਾਣੇਦਾਰ" ਵਿਰੁੱਧ ਹਿੱਕ ਡਾਹ ਕੇ ਕਿਉਂ ਨਹੀਂ ਖੜਦਾ? ਕਿਉਂ ਉਸ ਦੀਆਂ ਟੈਰਿਫ਼ ਸ਼ਰਤਾਂ ਅਤੇ ਹੋਰ ਹੁਕਮਾਂ ਨੂੰ ਅੱਖਾਂ ਮੀਟਕੇ ਮੰਨ ਕੇ ਉਸ ਦੀ "ਜੀ- ਹਜ਼ੂਰੀ" ਕਰ ਰਿਹਾ ਹੈ? ਅੱਜ ਟਰੰਪ ਨੇ ਦੋਹਾਂ ਦੇਸ਼ਾਂ ਨੂੰ ਆਪਣੀ ਮੁੱਠੀ 'ਚ ਕਰਕੇ ਇਹੋ-ਜਿਹਾ ਕਾਰਡ ਖੇਡਿਆ ਹੈ, ਜਿਸ ਨਾਲ ਦੇਸ ਭਾਰਤ ਦਾ "ਵੱਡੇ ਹੋਣ ਦਾ ਵੱਕਾਰ" ਦਾਅ 'ਤੇ ਲੱਗਾ ਹੈ।

# ਜੰਗ ਸਮੇਂ ਮੀਡੀਆ ਦੀ ਭੂਮਿਕਾ

ਪ੍ਰੋ. ਕੁਲਬੀਰ ਸਿੰਘ



ਯੁਧ ਸਮੇਂ ਮੀਡੀਆ ਦੀ ਭੂਮਿਕਾ ਬੇਹੱਦ ਮਹਤਵਪੂਰਨ ਹੁੰਦੀ ਹੈ ਕਿਉਂ ਕਿ ਇਸਦੀ ਜ਼ਿੰਮੇਵਾਰੀ ਲੋਕਾਂ ਨੂੰ ਤਾਜ਼ਾ ਸਹੀ ਸਥਿਤੀ ਤੋਂ ਜਾਣੂੰ ਕਰਵਾਉਣ ਦੀ ਹੁੰਦੀ ਹੈ। ਯੁਧ ਸਮੇਂ ਧਿਆਨ ਰੱਖਣ ਯੋਗ ਗੱਲਾਂ ਨੂੰ ਲੋਕਾਂ ਤੱਕ ਪਹੁੰਚਾਉਣਾ, ਸੰਜਮ ਤੇ ਸੰਕੋਚ ਲਈ ਪ੍ਰੇਰਨਾ, ਪ੍ਰਸ਼ਾਸਨ ਅਤੇ ਸਰਕਾਰਾਂ ਦੁਆਰਾ ਦਿੱਤੀਆਂ ਜਾ ਰਹੀਆਂ ਹਦਾਇਤਾਂ ਨੂੰ ਇਨਬਿਨ ਮੰਨਣ ਲਈ ਪ੍ਰੇਰਿਤ ਤੇ ਉਤਸ਼ਾਹਿਤ ਕਰਨਾ ਮੀਡੀਆ ਦਾ ਮੁਢਲਾ ਫ਼ਰਜ ਹੁੰਦਾ ਹੈ।

ਪਰੰਤੂ ਹੋ ਕੀ ਰਿਹਾ ਹੈ ? ਭਾਰਤੀ ਹਿੰਦੀ ਮੀਡੀਆ ਦੇ ਇੱਕ ਵੱਡੇ ਹਿੱਸੇ ਦਾ ਆਪਹੁਦਰਾਪਨ ਸੱਭ ਹੱਦਾਂ ਬੱਨ੍ਹੇ ਟੱਪ ਗਿਆ ਹੈ। 'ਸੂਤਰਾਂ ਦੇ ਹਵਾਲੇ' ਨੇ ਖ਼ਬਰ ਬੁਲਿਟਨ ਦਾ ਹੁਲੀਆ ਵਿਗਾੜ ਦਿੱਤਾ ਹੈ। ਜੰਗ ਦੀਆਂ, ਟਕਰਾ ਦੀਆਂ, ਹਮਲਿਆਂ ਦੀਆਂ ਅਜਿਹੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੈ, ਸਰੋਤ ਨਹੀਂ ਹੈ। ਉਦਾਹਰਨ ਵਜੋਂ 'ਪਾਕਿਸਤਾਨ 'ਤੇ ਜਲਦ ਕਬਜ਼ਾ ਹੋਣ ਵਾਲਾ ਹੈ', ਭਾਰਤ ਦਾ ਪਾਕਿਸਤਾਨ ਦੇ 7 ਸ਼ਹਿਰਾਂ 'ਤੇ ਕਬਜ਼ਾ, ਪਾਕਿਸਤਾਨ 'ਤੇ ਕਬਜ਼ਾ ਹੋ ਗਿਆ, ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ 'ਤੇ ਕਬਜ਼ਾ, ਪਾਕਿਸਤਾਨ ਦਾ ਸਰੈਂਡਰ, ਪਾਕਿਸਤਾਨ ਦੇ ਕਈ ਸ਼ਹਿਰਾਂ 'ਤੇ ਕਬਜ਼ਾ - ਕਰਾਚੀ ਨਕਸ਼ੇ ਤੋਂ ਗਾਇਬ, ਭਾਰਤ ਲਈ ਪਾਕਿਸਤਾਨ 'ਤੇ ਟੁੱਟ ਪਏ 56 ਦੇਸ਼। ਇਨ੍ਹਾਂ



ਹਿੰਦੀ ਚੈਨਲਾਂ ਨੇ 7-8 ਮਈ ਤੱਕ ਅੱਧਾ ਪਾਕਿਸਤਾਨ ਜਿੱਤ ਲਿਆ ਸੀ। ਅਗਲੇ ਦਿਨ 9 ਮਈ ਨੂੰ ਇਨ੍ਹਾਂ ਵਿਚੋਂ ਕੁਝ ਚੈਨਲਾਂ ਦੇ ਐਂਕਰ ਇਨ੍ਹਾਂ ਮਨਘੜ੍ਹਤ ਖ਼ਬਰਾਂ ਲਈ ਮੁਆਫ਼ੀ ਮੰਗ ਰਹੇ ਸਨ।

ਫ਼ੌਜ, ਪੁਲਿਸ ਅਤੇ ਪ੍ਰਸ਼ਾਸਨ ਲਗਾਤਾਰ ਅਪੀਲਾਂ ਕਰ ਰਹੇ ਹਨ ਕਿ ਫਰਜ਼ੀ ਖ਼ਬਰਾਂ, ਫਰਜ਼ੀ ਵੀਡੀਓ ਅਤੇ ਅਫ਼ਵਾਹਾਂ 'ਤੇ ਵਿਸ਼ਵਾਸ ਨਾ ਕਰੋ।

ਮੀਡੀਆ ਲਈ ਅਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਗਿਆ ਹੈ, 'ਭਾਰਤ ਪਾਕਿ ਤਣਾਅ ਦੌਰਾਨ ਰੱਖਿਆ ਕਾਰਜਾਂ ਤੇ ਸੁਰੱਖਿਆ ਬਲਾਂ ਦੀਆਂ ਗਤੀਵਿਧੀਆਂ ਦੀ ਲਾਈਵ ਕਵਰੇਜ ਨਾ ਕੀਤੀ ਜਾਵੇ।' ਪਰੰਤੂ ਮੰਨਦਾ ਸੁਣਦਾ ਸਮਝਦਾ ਕੌਣ ਹੈ ?

ਟੈਲੀਵਿਜ਼ਨ ਚੈਨਲਾਂ ਦਾ ਇੱਕ ਵੱਡਾ ਹਿੱਸਾ ਝੂਠ ਵਿਖਾ ਰਿਹਾ ਹੈ। ਸਾਇਰਨ ਵਜਾ ਰਿਹਾ ਹੈ। ਡਰ, ਘਬਰਾਹਟ ਤੇ ਸਨਸਨੀ ਦਾ ਮਾਹੌਲ ਪੈਦਾ ਕਰ ਰਿਹਾ ਹੈ। ਬਹੁਤੇ ਲੋਕਾਂ ਨੇ ਨਿਊਜ਼ ਚੈਨਲ ਵੇਖਣੇ ਬੰਦ ਕਰ ਦਿੱਤੇ ਹਨ ਅਤੇ ਬਹੁਤ ਸਾਰੇ ਸੋਸ਼ਲ ਮੀਡੀਆ 'ਤੇ ਅਜਿਹਾ ਕਰਨ ਦੀਆਂ ਅਪੀਲਾਂ ਕਰ ਰਹੇ ਹਨ।

ਦੂਸਰੇ ਪਾਸੇ ਪਾਕਿਸਤਾਨ ਚੈਨਲਾਂ ਅਤੇ ਸੋਸ਼ਲ ਮੀਡੀਆ ਦੁਆਰਾ ਲਗਾਤਾਰ ਗ਼ਲਤ ਜਾਣਕਾਰੀ ਫੈਲਾਈ ਜਾ ਰਹੀ ਹੈ। ਅਜਿਹਾ ਇੱਕ ਮੁਹਿੰਮ ਦੇ ਤਹਿਤ ਕੀਤਾ ਜਾ ਰਿਹਾ ਹੈ ਤਾਂ ਜੋ ਭਾਰਤੀ ਲੋਕਾਂ ਵਿਚ ਦਹਿਸ਼ਤ ਅਤੇ ਡਰ ਪੈਦਾ ਕੀਤਾ ਜਾ ਸਕੇ।

ਚਿੰਤਾ ਦਾ ਵਿਸ਼ਾ ਇਹ ਹੈ ਕਿ ਅਜਿਹੇ ਸੰਕਟ ਸਮੇਂ ਮੀਡੀਆ ਜਨਤਾ ਦੀ ਸੋਚ, ਜਨਤਾ ਦੀ ਧਾਰਨਾ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ। ਅਜਿਹੇ ਸਮੇਂ ਟੈਲੀਵਿਜਨ ਚੈਨਲਾਂ ਦੁਆਰਾ ਵਰਤੀ ਜਾ ਰਹੀ ਭਾਸ਼ਾ ਵੀ ਵੱਡੇ ਵਿਵਾਦ ਦਾ ਵਿਸ਼ਾ ਹੈ।

ਵਿਲੀਅਮ ਥਾਮਸ ਦਾ ਕਹਿਣਾ ਹੈ 'ਪੱਤਰਕਾਰ ਦੀ ਭੂਮਿਕਾ ਕਿਸੇ ਚੌਂਕੀਦਾਰ ਦੀ ਭੂਮਿਕਾ ਵਰਗੀ ਹੁੰਦੀ ਹੈ।' ਪਰੰਤੂ ਅਜੋਕੇ ਸਮਿਆਂ ਵਿਚ ਐਨ ਇਸਦੇ ਉੱਲਟ ਹੋ ਰਿਹਾ ਹੈ। ਟੈਲੀਵਿਜ਼ਨ ਚੈਨਲਾਂ ਦੇ ਐਂਕਰ ਗਲਤ, ਝੂਠੀਆਂ ਤੇ ਫਰਜ਼ੀ ਖ਼ਬਰਾਂ ਪ੍ਰਸਾਰਿਤ ਕਰ ਰਹੇ ਹਨ। ਅਫ਼ਵਾਹਾਂ ਫੈਲਾਅ ਰਹੇ ਹਨ। ਲੋਕਾਂ ਨੂੰ ਡਰਾ ਰਹੇ ਹਨ। ਕਿਸੇ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਹੈ 'ਜੰਗ ਨਾਲੋਂ ਵੱਧ ਅੱਗ ਤਾਂ ਮੀਡੀਆ ਲਗਾ ਰਿਹਾ ਹੈ।' ਕਿਸੇ ਹੋਰ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਰਾਹੀਂ ਕਿਹਾ ਹੈ, "ਮਿਹਰਬਾਨੀ ਕਰਕੇ ਟੀ.ਵੀ. ਬੰਦ ਕਰ ਦਿਓ। ਸੁਣਨਾ, ਸ਼ੇਅਰ ਕਰਨਾ ਬੰਦ ਕਰੋ ਕਿਉਂ ਕਿ ਇਹ ਚੈਨਲ ਨਫ਼ਰਤ ਫੈਲਾਅ ਰਹੇ ਹਨ। ਚੀਖ਼ ਚੀਖ਼ ਕੇ ਗਲਤ ਜਾਣਕਾਰੀ ਦੇ ਰਹੇ ਹਨ। ਕੇਵਲ ਸਰਕਾਰ ਅਤੇ ਪ੍ਰਸ਼ਾਸਨ ਦੁਆਰਾ ਪ੍ਰੈਸ ਕਾਨਫ਼ਰੰਸਾਂ ਰਾਹੀਂ ਦਿੱਤੀ ਜਾ ਰਹੀ ਜਾਣਕਾਰੀ 'ਤੇ ਭਰੋਸਾ ਕਰੋ। ਭਾਰਤ-ਪਾਕਿ ਟਕਰਾ 'ਤੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਹਨ। ਭਾਰਤੀ ਚੈਨਲਾਂ ਨੇ ਥੋੜ੍ਹੀ ਬਹੁਤੀ ਬਚੀ ਭਰੋਸੇਯੋਗਤਾ ਵੀ ਗਵਾ ਲਈ ਹੈ। ਭਰੋਸੇਯੋਗਤਾ ਨੂੰ ਜੋ ਨੁਕਸਾਨ ਪਹੁੰਚਿਆ ਹੈ ਉਸਦੀ ਪੂਰਤੀ ਜਲਦੀ ਸੰਭਵ ਨਹੀਂ। ਅਮਰੀਕਾ, ਇੰਗਲੈਂਡ, ਰੂਸ ਅਤੇ ਚੀਨ ਦਾ ਮੀਡੀਆ ਭਾਰਤ-ਪਾਕਿ ਟਕਰਾ ਨੂੰ ਆਪਣੇ ਆਪਣੇ ਢੰਗ ਨਾਲ, ਆਪਣੇ ਆਪਣੇ ਨਜ਼ਰੀਏ ਤੋਂ ਕਵਰ ਕਰ ਰਿਹਾ ਹੈ।

ਕੁਝ ਮੁਲਕ ਟਕਰਾ ਘਟਾਉਣ ਲਈ ਅੱਗੇ ਆ ਰਹੇ ਹਨ ਉਨ੍ਹਾਂ ਦਾ ਸੁਆਗਤ ਕੀਤਾ ਜਾਣਾ ਚਾਹੀਦਾ ਹੈ। ਹੋਰ ਮੁਲਕਾਂ ਨੂੰ ਵੀ ਆਪੋ ਆਪਣਾ ਪ੍ਰਭਾਵ ਵਰਤ ਕੇ ਦੋਹਾਂ ਮੁਲਕਾਂ ਦਰਮਿਆਨ ਪੈਦਾ ਹੋਏ ਟਕਰਾ ਨੂੰ ਘਟਾ ਕੇ ਗੱਲਬਾਤ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਜੰਗ ਤਾਂ ਆਪਣੇ ਆਪ ਵਿਚ ਮਸਲਾ ਹੈ। ਜੰਗ ਦੇ ਦੁਰਪ੍ਰਭਾਵਾਂ ਦਾ ਅਨੁਮਾਨ ਲਗਾਉਣਾ ਮੁਸ਼ਕਲ ਹੈ ਕਿਉਂ ਕਿ ਇਹ ਬਹੁਤ ਵਿਆਪਕ ਹੁੰਦੇ ਹਨ। ਸਰੀਰਕ, ਮਾਨਸਿਕ, ਸਮਾਜਕ, ਆਰਥਿਕ, ਰਾਜਨੀਤਕ ਅਤੇ ਵਾਤਾਵਰਨ ਖੇਤਰਾਂ ਵਿਚ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੇ ਜਾਂਦੇ ਹਨ।

ਅਜੋਕੇ ਸਮਿਆਂ ਵਿਚ ਸ਼ਾਂਤੀ ਦਾ ਬੇਹੱਦ ਮਹੱਤਵ ਹੈ। ਸਮਾਜਕ ਵਿਕਾਸ ਅਤੇ ਸਥਿਰਤਾ ਸ਼ਾਂਤ ਸਮਿਆਂ ਵਿਚ ਹੀ ਸੰਭਵ ਹੈ। ਸ਼ਾਂਤ ਸਮਿਆਂ ਵਿਚ ਹੀ ਬਿਹਤਰ ਦੁਨੀਆਂ ਦਾ ਸੁਪਨਾ ਪੂਰਾ ਹੋ ਸਕਦਾ ਹੈ।

## ਇਕ ਚੰਦਰੀ ਬੁੜ੍ਹੀ ਵਰਗੇ ਨਾ ਬਣੀਏਂ ਆਪਾਂ !



ਇਹ ਸਿਰਲੇਖ ਪੜ੍ਹਕੇ ਸ਼ਾਇਦ ਪਾਠਕਾਂ ਦੇ ਮਨ ਵਿਚ ਉਹ ਮਾਈ ਆ ਗਈ ਹੋਵੇ ਗੀ ਜਿਹਨੂੰ ਸਦਾ ਚੰਦਰੇ ਬੋਲ ਬੋਲਣ ਦੀ ਆਦਤ ਕਰਕੇ ਘਰ ਵਾਲ਼ਿਆਂ ਨੇ ਮੁੰਡੇ ਦੀ ਜੰਞ ਚੜ੍ਹਨ ਵੇਲੇ ਕਮਰੇ ਅੰਦਰ ਡੱਕ ਦਿੱਤਾ ਸੀ। ਪਰ ਸਾਰੀਆਂ ਰਸਮਾਂ ਨੇਪਰੇ ਚੜ੍ਹਨ 'ਤੇ ਜਦ ਉਹਨੂੰ ਅੰਦਰੋਂ ਬਾਹਰ ਕੱਢਿਆ ਗਿਆ ਸੀ, ਉਹਨੇ ਫੇਰ ਵੀ ਵਿਆਂਦੜ ਮੁੰਡੇ ਦੇ ਘੋੜੀ ਚੜ੍ਹਨ ਵੇਲੇ, ਸਿਰ ਸਜੇ ਸਿਹਰੇ 'ਚ ਨੁਕਸ ਕੱਢ ਦਿੱਤਾ ਸੀ-"ਵੇ ਆਹ ਸਿਹਰੇ ਨੂੰ ਤਾਂ ਸਹੀ ਤਰਾਂ 'ਅੱਗ ਲਾ ਲੈ' ਪਹਿਲਾਂ ?"

ਏਦਾਂ ਦੀ ਹੀ ਫਿਤਰਤ ਵਾਲ਼ੀ ਮਾਤਾ ਸੀ ਮੇਰੇ ਇਕ ਜਾਣੂ ਸੱਜਣ ਦੀ। ਮੈਂ ਤੇ ਮੇਰਾ ਜਾਣੂ ਅਸੀਂ ਦੋਵੇਂ ਕਿਸੇ ਦੇ ਘਰੋਂ ਅਫਸੋਸ ਕਰਕੇ ਆ ਰਹੇ ਸਾਂ। ਉਹ ਮੈਨੂੰ ਦੱਸੇ ਅਖੇ ਯਾਰ ਕਿਆ ਗੱਲ ਕਰਨੀ ਐਂ... ਜੇ ਪਿੰਡ 'ਚ ਕੋਈ ਮੌਤ ਹੋ ਜਾਵੇ ਤਾਂ ਸਾਡੀ ਮਾਈ ਨੂੰ ਚਾਅ ਈ ਚੜ੍ਹ ਜਾਂਦਾ ਐ !

ਹਥਲੇ ਸਾਰੇ ਜਰੂਰੀ ਕੰਮ ਛੱਡ ਕੇ ਉਹ ਗਲ਼ੀਉ ਗਲ਼ੀ ਗੇੜੀ ਮਾਰਦੀ ਫਿਰਦੀ ਹੈ !

'ਕੁੜੇ ਬਚਿੰਤੀਏ ਪਤਾ ਲੱਗਾ ਤੈਨੂੰ ? ਫਲਾਣਾ ਸੂੰਹ ਸੁੱਤਾ ਪਿਆ ਈ ਰਹਿ ਗਿਆ ਕਹਿੰਦੇ..!'

ਕੰਮੀਂ ਕਾਰੀਂ ਤੁਰੇ ਜਾਂਦਿਆਂ ਨੂੰ ਰੋਕ ਰੋਕ ਦੱਸੂ ਗੀ-

'ਵੇ ਬੁੱਘਿਆ, ਕਹਿੰਦੇ ਫਲਾਣਾ ਫੁੜ੍ਹਕ ਗਿਆ ਰਾਤੀਂ..!'

ਕਿਸੇ ਦਾ ਦਰਵਾਜਾ ਖੜਕਾ ਕੇ 'ਭੈਣੇ ਘਰੇ ਈ ਐਂ ?' ਪੁੱਛਦਿਆਂ ਮਰ ਗਏ ਪ੍ਰਾਣੀ ਦੀ ਸੂਚਨਾ ਦਊ ਗੀ !

'ਹੈ ਹੈ ਕੁੜੇ...ਖੌਰੇ ਇਲਾਜ ਖੁਣੋ ਈ ਚੱਲ ਵਸਿਆ ਫਲਾਣਾ...!'

ਜਾਣੂ ਮਿੱਤਰ ਕਹਿੰਦਾ,ਇੰਜ ਸਾਡੀ ਮਾਈ ਅੱਧੇ ਕੁ ਪਿੰਡ ਨੂੰ 'ਸੁਣਾਉਣੀ' ਸੁਣਾ ਕੇ ਫੇਰ ਮ੍ਰਿਤਕ ਦੇ ਘਰੇ ਜਾਂਦੀ ਹੁੰਦੀ ਐ !!

ਸਿਆਣੇ ਕਹਿੰਦੇ ਨੇ ਭਾਵੇਂ ਉਹ ਸੱਚੀ ਹੀ ਹੋਵੇ ਪਰ ਚੰਦਰੀ ਗੱਲ ਮੂੰਹੋਂ ਵੀ ਨਹੀਂ ਕੱਢੀ ਦੀ ! ਜਿਵੇਂ ਸਾਡੇ ਪਿੰਡਾਂ ਵਿਚ ਕੈਂਸਰ ਤੋਂ ਪੀੜਤ ਮਰੀਜ਼ ਬਾਰੇ ਏਦਾਂ ਕਿਹਾ ਜਾਂਦਾ ਹੈ ਕਿ ਫਲਾਣੇ ਨੂੰ 'ਚੰਦਰੀ ਬੀਮਾਰੀ' ਲੱਗ ਗਈ ਹੈ !

ਮੇਰੇ ਕਹਿਣ ਦਾ ਮਤਲਬ ਹੈ ਕਿ ਕਲਹਿਣੇ ਜੰਗ ਦੀਆਂ ਮਨਹੂਸ ਖਬਰਾਂ/ਜਾਣਕਾਰੀਆਂ ਚਾਮ੍ਹਲ ਚਾਮ੍ਹਲ ਕੇ ਅੱਗੇ ਤੋਂ ਅੱਗੇ ਨਾ ਫੈਲਾਈਆਂ ਜਾਣ !

ਤਰਲੋਚਨ ਸਿੰਘ 'ਦੁਪਾਲ ਪੁਰ' 78146-92724, tsdupalpuri@yahoo.com

## ਨਕਲੀ ਪੁਲਿਸ ਅਫਸਰ ਬਣ ਕੇ ਬਜ਼ੁਰਗ ਔਰਤ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਭਾਰਤੀ ਵਿਦਿਆਰਥੀ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਾਰਥ ਕੈਰੋਲੀਨਾ ਵਿਚ ਇਕ 21 ਸਾਲਾ ਭਾਰਤੀ ਵਿਦਿਆਰਥੀ ਨੂੰ ਫਰਜੀ ਪੁਲਿਸ ਅਫਸਰ ਬਣ ਕੇ ਇਕ ਬਜ਼ੁਰਗ ਔਰਤ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਕਿਸ਼ਨ ਕੁਮਾਰ ਸਿੰਘ 2024 ਵਿਚ ਵਿਦਿਆਰਥੀ ਵੀਜ਼ੇ 'ਤੇ ਅਮਰੀਕਾ ਆਇਆ ਸੀ। ਉਹ ਸਿਨਸਿਨਾਟੀ,ਓਹੀਓ ਨੇੜੇ ਰਹਿ ਰਿਹਾ ਹੈ। ਉਸ ਨੂੰ ਗੁਇਲਫੋਰਡ ਕਾਊਂਟੀ ਵਿਚ ਗ੍ਰਿਫਤਾਰ ਕੀਤਾ ਗਿਆ। ਪੁਲਿਸ ਵਿਭਾਗ ਅਨੁਸਾਰ ਉਸ ਨੇ ਸੰਘੀ ਏਜੰਟ ਬਣ ਕੇ ਇਕ 78 ਸਾਲਾ ਔਰਤ ਕੋਲੋਂ ਪੈਸੇ ਲੈਣ ਦੀ ਕੋਸ਼ਿਸ ਕੀਤੀ। ਬਜ਼ੁਰਗ ਔਰਤ ਉਸ ਵੱਲੋਂ ਪਾਏ ਦਬਾਅ ਕਾਰਨ ਬੈਂਕ ਵਿਚੋਂ ਪੈਸੇ ਕਢਵਾਉਣ ਲਈ ਸਹਿਮਤ ਹੋ ਗਈ ਤੇ ਉਸ ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਪੈਸੇ ਲੈਣ ਆਇਆ ਸੀ। ਉਸ ਨੂੰ ਇਸ ਸਮੇ ਗੁਇਲਫੋਰਡ ਕਾਊਂਟੀ ਡੀਟੈਨਸ਼ਨ ਸੈਂਟਰ ਵਿਚ ਰੱਖਿਆ ਗਿਆ ਹੈ। ਗੁਇਲਫੋਰਡ ਕਾਊਂਟੀ ਸ਼ੈਰਿਫ ਦਫਤਰ ਨੇ ਚਿਤਾਵਨੀ ਦਿੱਤੀ ਹੈ ਕਿ ਧੋਖੇਬਾਜ ਲੋਕ ਸੀਨੀਅਰ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਜਿਸ ਤੋਂ ਸੁਚੇਤ ਰਿਹਾ ਜਾਵੇ। ਉਨਾਂ ਬਜ਼ੁਰਗਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਪੁਲਿਸ ਕਦੀ ਵੀ ਪੈਸੇ ਦੀ ਮੰਗ ਨਹੀਂ ਕਰਦੀ। ਜੇਕਰ ਕੋਈ ਉਨਾਂ ਕੋਲੋਂ ਪੈਸੇ ਦੀ ਮੰਗ ਕਰਦਾ ਹੈ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

# ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਪੰਜਾਬ ਦੇ ਪਾਣੀਆਂ ਅਤੇ ਗੈਰਤ ਦੀ ਰੱਖਿਆ ਲਈ ਖੁੱਲ੍ਹਾ ਖਤ

ਬਘੇਲ ਸਿੰਘ ਧਾਲੀਵਾਲ
99142-58142



ਭਗਵੰਤ ਸਿਆਂ, ਤੁਹਾਡੀ ਦ੍ਰਿੜਤਾ ਅਤੇ ਇਰਾਦਿਆਂ ਦੀ ਪਵਿੱਤਰਤਾ ਹੀ ਪੰਜਾਬ ਨੂੰ ਬੰਜਰ ਹੋਣੋਂ, ਸੁੰਨਾ ਹੋਣੋਂ ਅਤੇ ਇਤਿਹਾਸ ਦੀ ਤਰਾਸਦੀ ਦਾ ਸ਼ਿਕਾਰ ਹੋਣੋਂ ਬਚਾ ਸਕਦੀ ਹੈ। ਪੰਜਾਬ ਦੀ ਧਰਤੀ, ਜਿਸ ਦੀਆਂ ਨਦੀਆਂ ਨੇ ਸਦੀਆਂ ਤੋਂ ਸਾਡੀ ਸਭਿਅਤਾ ਨੂੰ ਸਿੰਜਿਆ, ਅੱਜ ਖਤਰੇ ਵਿੱਚ ਹੈ। ਪੰਜਾਬ ਦੇ ਪਾਣੀਆਂ 'ਤੇ ਕੇਂਦਰ ਅਤੇ ਗਵਾਂਢੀ ਰਾਜਾਂ ਦੀਆਂ ਨਜ਼ਰਾਂ ਹਨ, ਅਤੇ ਸਾਡੀ ਗੈਰਤ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਅਜਿਹੇ ਵਕਤ ਵਿੱਚ, ਪੰਜਾਬੀ ਜਨਤਾ ਦੀਆਂ ਉਮੀਦਾਂ ਤੁਹਾਡੇ ਨਾਲ ਜੁੜੀਆਂ ਹਨ।

2022 ਵਿੱਚ, ਪੰਜਾਬ ਦੇ ਲੋਕਾਂ ਨੇ ਪਿਛਲੀਆਂ ਸਰਕਾਰਾਂ ਦੀ ਲੁੱਟ, ਧੋਖੇਬਾਜ਼ੀ ਅਤੇ ਅਪਮਾਨ ਤੋਂ ਤੰਗ ਆ ਕੇ, ਆਮ ਆਦਮੀ ਪਾਰਟੀ ਨੂੰ 92 ਸੀਟਾਂ ਦਾ ਅਣਕਿਆਸਾ ਬਹੁਮਤ ਦਿੱਤਾ। ਇਹ ਜਿੱਤ ਸਿਰਫ਼ ਰਾਜਨੀਤਕ ਨਹੀਂ ਸੀ, ਸਗੋਂ ਲੋਕਾਂ ਦੀ ਚਿਰੋਕਣੀ ਨਿਰਾਸ਼ਤਾ, ਪੰਜਾਬ ਦੇ ਦੁੱਖਾਂ ਅਤੇ ਤੁਹਾਡੀ ਹਰਮਨ ਪਿਆਰਤਾ ਦਾ ਪ੍ਰਤੀਕ ਸੀ। ਲੋਕਾਂ ਨੇ ਤੁਹਾਨੂੰ ਇਸ ਲਈ ਚੁਣਿਆ, ਕਿਉਂਕਿ ਪੰਥ ਦੇ ਨਾਮ 'ਤੇ ਸਿਆਸਤ ਕਰਨ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਅਣਗੌਲਿਆ, ਸਿੱਖ ਨੌਜਵਾਨਾਂ ਦਾ ਖੂਨ ਵਹਾਇਆ, ਅਤੇ ਗੁਟਕਾ ਸਾਹਿਬ ਦੀ ਕਸਮ ਖਾ ਕੇ ਦਿੱਲੀ ਦੀ ਚੌਕੀਦਾਰੀ ਕੀਤੀ।

ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਅੱਗ ਵਿੱਚ ਝੋਂਕਿਆ ਗਿਆ, 1984 ਅਤੇ 1990 ਦੇ ਦਹਾਕੇ ਨੇ ਸਾਡੀ ਇੱਕ ਪੀੜ੍ਹੀ ਡਕਾਰੀ, ਅਤੇ ਡਰ ਦੇ ਮਾਰੇ ਮਾਪਿਆਂ ਨੇ ਆਪਣੀ ਔਲਾਦ ਨੂੰ ਵਿਦੇਸ਼ ਭੇਜਣ ਲਈ ਜ਼ਮੀਨਾਂ-ਜਾਇਦਾਦਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ।

ਨਤੀਜਾ, ਪੰਜਾਬ ਸੁੰਨ-ਮ-ਸੁੰਨਾ ਹੁੰਦਾ ਜਾ ਰਿਹਾ ਹੈ, ਅਤੇ ਬੁੱਢੇ ਮਾਪੇ ਇਕੱਲਾਪਨ ਦੇ ਸਾਥੀ ਬਣ ਗਏ। ਇਸ ਸਾਰੇ ਦੁੱਖ ਦੇ ਵਿਚਕਾਰ, ਤੁਹਾਡੀ ਪਾਰਟੀ ਨੂੰ ਮਿਲਿਆ ਬਹੁਮਤ ਲੋਕਾਂ ਦੀ ਆਖਰੀ ਉਮੀਦ ਸੀ। ਪਰ ਅਫ਼ਸੋਸ, ਦਿੱਲੀ ਦੀ ਸੱਤਾ ਨੇ ਪੰਜਾਬ ਨੂੰ ਕਦੇ ਆਪਣਾ ਨਹੀਂ ਸਮਝਿਆ। ਰਾਜ ਸਭਾ ਮੈਂਬਰਾਂ ਦੀ ਨਾਮਜ਼ਦਗੀ ਹੋਵੇ ਜਾਂ ਮੰਤਰੀ ਮੰਡਲ ਦੀ ਚੋਣ, ਦਿੱਲੀ ਵਾਲਿਆਂ ਨੇ ਤੁਹਾਨੂੰ "ਆਓ-ਆਓ ਮਨਾ ਕੇ" ਸੱਤਾ ਸੌਂਪੀ, ਜਿਸ ਨਾਲ ਪੰਜਾਬੀਆਂ ਦੇ ਮਨ ਵਿੱਚ ਸ਼ੱਕ ਪੈਦਾ ਹੋਇਆ।

ਲੋਕ ਚਾਹੁੰਦੇ ਸਨ ਕਿ ਤੁਹਾਡੀ ਸਰਕਾਰ ਕੇਂਦਰ ਦੀਆਂ ਪੰਜਾਬ-ਵਿਰੋਧੀ ਨੀਤੀਆਂ-ਚੰਡੀਗੜ੍ਹ 'ਤੇ ਦਾਅਵੇ ਦੀ ਸਮਾਪਤੀ, ਭਾਖੜਾ ਡੈਮ ਦੀ ਮਾਲਕੀ, ਐਸ.ਵਾਈ.ਐਲ. ਨਹਿਰ, ਅਤੇ ਹਿਮਾਚਲ ਦੀਆਂ ਪਾਣੀ ਦੀਆਂ ਮੰਗਾਂ-ਖ਼ਿਲਾਫ਼ ਮਤੇ ਪਾਸ ਕਰੇ। ਪਰ ਤੁਸੀਂ ਅਕਸਰ ਚੁੱਪ ਧਾਰੀ, ਜਿਸ ਨੇ ਪੰਜਾਬੀ ਗੈਰਤ ਨੂੰ ਠੇਸ



ਪਹੁੰਚਾਈ। ਫਿਰ ਵੀ, ਹਾਲ ਹੀ ਵਿੱਚ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੀ ਕੇਂਦਰੀ ਧੱਕੇਸ਼ਾਹੀ ਖ਼ਿਲਾਫ਼ ਤੁਹਾਡਾ ਹਿੱਕ ਡਾਹਕੇ ਖੜ੍ਹਨਾ ਪੰਜਾਬੀਆਂ ਲਈ ਇੱਕ ਸੁਨਹਿਰੀ ਸੁਨੇਹਾ ਸੀ।

ਇਸ ਨੇ ਲੋਕਾਂ ਦੀਆਂ ਉਮੀਦਾਂ ਨੂੰ ਜਗਾਇਆ ਕਿ ਸ਼ਾਇਦ ਭਗਵੰਤ ਸਿੰਘ ਮਾਨ ਪੰਜਾਬ ਦੀ ਆਵਾਜ਼ ਨੂੰ ਦਿੱਲੀ ਦੇ ਦਰਬਾਰ ਵਿੱਚ ਗੂੰਜਣ ਦੇਵੇਗਾ। ਪਰ ਮਨ ਵਿੱਚ ਤੌਖਲਾ ਹੈ-ਕੀ ਦਿੱਲੀ ਵਾਲੇ ਤੁਹਾਨੂੰ ਪੰਜਾਬ ਦੇ ਹੱਕ ਵਿੱਚ ਅੜੀ-ਚੋਟੀ ਦਾ ਜ਼ੋਰ ਲਾਉਣ ਦੇਣਗੇ? 75 ਸਾਲਾਂ ਤੋਂ ਪੰਜਾਬ ਨੇ ਧੋਖੇ ਹੀ ਸਹੇ ਹਨ।

ਅਕਾਲੀਆਂ ਅਤੇ ਕਾਂਗਰਸੀਆਂ ਦਾ ਸਿਆਸੀ ਪਤਨ ਇਸੇ ਕਰਕੇ ਹੋਇਆ-ਉਨ੍ਹਾਂ ਨੇ ਪੰਜਾਬ ਦੇ ਪਾਣੀਆਂ ਅਤੇ ਬਿਜਲੀ ਦੀ ਲੁੱਟ ਕਰਵਾਈ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੀ, ਅਤੇ ਪੰਜਾਬ ਦੇ ਹਿਤਾਂ ਨੂੰ ਕੇਂਦਰ ਦੀਆਂ ਰਹਿਮੋ-ਕਰਮ 'ਤੇ ਛੱਡ ਦਿੱਤਾ। ਭਗਵੰਤ ਸਿਆਂ, ਤੁਸੀਂ ਇੱਕ ਸਫ਼ਲ ਕਮੇਡੀਅਨ ਤੋਂ ਸਿਆਸਤਦਾਨ ਬਣੇ ਹੋ।

ਤੁਹਾਡੇ ਅੰਦਰ ਲੋਕ-ਸੇਵਾ ਦਾ ਜਜ਼ਬਾ ਹੈ, ਜਿਸ ਨੇ ਲੋਕਾਂ ਦੇ ਦਿਲ ਜਿੱਤੇ। ਪਰ ਸੱਤਾ ਕੰਡਿਆਂ ਦੀ ਸੇਜ ਹੈ, ਅਤੇ ਪੰਜਾਬ ਦੀ ਸੱਤਾ ਤਾਂ ਦਿੱਲੀ ਦੀਆਂ ਚਾਲਾਂ ਦਾ ਸ਼ਿਕਾਰ ਰਹੀ ਹੈ। ਸਿਆਣਿਆਂ ਦੀ ਕਹਾਵਤ ਹੈ ਕਿ ਚੰਗੇ ਗੁਣ ਦੁਸ਼ਮਣ ਤੋਂ ਵੀ ਸਿੱਖ ਲੈਣੇ ਚਾਹੀਦੇ। ਤੁਹਾਨੂੰ ਤੇਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਤੋਂ ਸਿੱਖਣਾ ਚਾਹੀਦਾ, ਜਿਨ੍ਹਾਂ ਨੇ 2018-2023 ਦੌਰਾਨ ਕੇਂਦਰ ਦੀਆਂ ਮਨਮਾਨੀਆਂ ਖ਼ਿਲਾਫ਼ ਕਿਸਾਨਾਂ ਨੂੰ ਅੰਦੋਲਨ ਲਈ ਪ੍ਰੇਰਿਆ, ਆਪਣੀ ਪਾਰਟੀ ਨੂੰ ਸੰਘਰਸ਼ ਵਿੱਚ ਸ਼ਾਮਲ ਕੀਤਾ, ਅਤੇ ਗ੍ਰਾਮ ਪੰਚਾਇਤਾਂ ਤੋਂ ਲੈ ਕੇ ਜ਼ਿਲ੍ਹਾ ਪ੍ਰੀਸ਼ਦਾਂ ਤੱਕ ਮਤੇ ਪਾਸ ਕਰਵਾਏ। ਉਨ੍ਹਾਂ ਦੀ ਇਹ ਲੋਕ-ਪ੍ਰਸਤੀ ਨੇ ਉਨ੍ਹਾਂ ਨੂੰ ਲੋਕ-ਨਾਇਕ ਬਣਾਇਆ।

ਅੱਜ ਪੰਜਾਬ ਦੀ ਹੋਣੀ ਤੁਹਾਡੇ ਹੱਥ ਹੈ। ਤੁਸੀਂ ਦੋ ਰਾਹਾਂ ਦੇ ਵਿਚਕਾਰ ਖੜ੍ਹੇ ਹੋ। ਇੱਕ ਰਾਹ ਦਿੱਲੀ ਦੀ ਚਾਪਲੂਸੀ ਦਾ ਹੈ, ਜੋ ਤੁਹਾਨੂੰ ਪੰਜਾਬ ਦੀ ਜਨਤਾ ਦੀਆਂ ਨਜ਼ਰਾਂ ਵਿੱਚ ਖਲਨਾਇਕ ਬਣਾਵੇਗਾ। ਦੂਜਾ ਰਾਹ ਪੰਜਾਬ ਦੀ ਗੈਰਤ, ਪਾਣੀਆਂ ਅਤੇ ਲੋਕਾਂ ਦੇ ਹੱਕ ਦਾ ਹੈ, ਜੋ ਤੁਹਾਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਜੜ ਦੇਵੇਗਾ। ਪੰਜਾਬ-ਵਿਰੋਧੀ ਤਾਕਤਾਂ ਤੁਹਾਨੂੰ ਬੇਅੰਤ ਸਿੰਘ ਜਾਂ ਬਾਦਲ ਵਰਗਾ ਮੋਹਰਾ ਬਣਾਉਣ ਦੀ ਤਾਕ ਵਿੱਚ ਹਨ। ਪਰ ਜੇ ਤੁਸੀਂ ਪੰਜਾਬ ਦੇ ਹੱਕ ਵਿੱਚ ਡਟ ਗਏ, ਤਾਂ ਨਾ ਸਿਰਫ਼ ਪੰਜਾਬੀ ਜਨਤਾ, ਸਗੋਂ ਇਤਿਹਾਸ ਵੀ ਤੁਹਾਨੂੰ ਸਲਾਮ ਕਰੇਗਾ।

ਪੰਜਾਬੀ ਜਨਤਾ ਦੀਆਂ ਮੰਗਾਂ : ਐਸ. ਵਾਈ. ਐਲ. ਨਹਿਰ, ਹਿਮਾਚਲ ਦੀਆਂ ਮੰਗਾਂ ਅਤੇ ਹਰਿਆਣਾ ਦੀਆਂ ਮਨਮਾਨੀਆਂ ਖ਼ਿਲਾਫ਼ ਸਖ਼ਤ ਰੁਖ ਅਖ਼ਤਿਆਰ ਕਰੋ। ਪੰਜਾਬ ਦੀ ਦਾਅਵੇਦਾਰੀ ਨੂੰ ਮੁੜ ਸਥਾਪਿਤ ਕਰਨ ਲਈ ਵਿਧਾਨ ਸਭਾ ਵਿੱਚ ਮਤੇ ਪਾਸ ਕਰੋ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਓ, ਜਿਸ ਨਾਲ ਪੰਥਕ ਜਜ਼ਬਾਤਾਂ ਦਾ ਸਤਿਕਾਰ ਹੋਵੇ। ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਉਣ ਲਈ ਠੋਸ ਕਦਮ ਚੁੱਕੋ। ਪੰਜਾਬ-ਪੱਖੀ ਨੁਮਾਇੰਦਿਆਂ ਨੂੰ ਭੇਜੋ, ਨਾ ਕਿ ਕਾਰਪੋਰੇਟ ਜਾਂ ਕੇਂਦਰੀ ਹਿਤਾਂ ਦੇ ਪੈਰੋਕਾਰਾਂ ਨੂੰ।

ਭਗਵੰਤ ਸਿਆਂ, "ਸੌ ਹੱਥ ਰੱਸਾ ਸਿਰੇ 'ਤੇ ਗੰਢ" ਵਾਲੀ ਗੱਲ ਹੈ। ਜੇ ਤੁਸੀਂ ਦਿੱਲੀ ਦਾ ਮਾਣ ਰੱਖਿਆ, ਤਾਂ ਪੰਜਾਬ 'ਚੋਂ ਗਏ। ਜੇ ਪੰਜਾਬ ਨਾਲ ਖੜ੍ਹੇ, ਤਾਂ ਦਿੱਲੀ ਨੂੰ ਮਨਜ਼ੂਰ ਨਹੀਂ ਹੋਣਾ। ਪਰ ਇਹ ਤੁਹਾਡੇ 'ਤੇ ਨਿਰਭਰ ਹੈ ਕਿ ਤੁਸੀਂ ਮਾਂ ਦੇ ਦੁੱਧ ਦੀ ਲਾਜ ਰੱਖੋਗੇ ਜਾਂ ਕਲੰਕ ਖੱਟੋਗੇ।

ਪੰਜਾਬ ਦੇ ਪਾਣੀਆਂ, ਗੈਰਤ ਅਤੇ ਲੋਕਾਂ ਦੇ ਹੱਕ ਲਈ ਲੜੋ। ਸਾਬਤ ਕਰੋ ਕਿ ਤੁਸੀਂ ਸਿਰਫ਼ ਮੁੱਖ ਮੰਤਰੀ ਨਹੀਂ, ਸਗੋਂ ਪੰਜਾਬ ਦਾ ਸੱਚਾ ਸਪੂਤ ਹੋ। ਜੇ ਹੱਕ ਲਈ ਡਟ ਗਏ, ਤਾਂ ਇਤਿਹਾਸ ਤੁਹਾਨੂੰ ਸੁਨਹਿਰੀ ਅੱਖਰਾਂ ਵਿੱਚ ਲਿਖੇਗਾ। ਨਹੀਂ ਤਾਂ, ਪੰਜਾਬੀ ਜਨਤਾ ਅਤੇ ਇਤਿਹਾਸ ਤੁਹਾਨੂੰ ਮੁਆਫ਼ ਨਹੀਂ ਕਰਨਗੇ।

## ★ ਖਿੜ ਖਿੜ ਹੱਸੋ ★

2 ਸਿੱਧੇ-ਸਾਦੇ ਪੇਂਡੂ ਅੱਤਵਾਦੀਆਂ 'ਚ ਸ਼ਾਮਲ ਹੋ ਗਏ। ਉਨ੍ਹਾਂ 'ਚੋਂ ਇਕ ਦੀ ਡਿਊਟੀ ਇਕ ਬੱਸ 'ਚ ਬੰਬ ਫਿਟ ਕਰਨ ਦੀ ਲਗਾਈ ਗਈ। ਉਹ ਬੰਬ ਫਿਟ ਕਰਨ ਚੱਲਿਆ ਤਾਂ ਉਸ ਦੇ ਸਾਥੀ ਨੇ ਪੁੱਛਿਆ, "ਜੇ ਫਿਟ ਕਰਨ ਵੇਲੇ ਬੰਬ ਫਟ ਗਿਆ ਤਾਂ ਕੀ ਹੋਵੇਗਾ?"

ਪਹਿਲਾ ਲਾਪ੍ਰਵਾਹੀ ਨਾਲ ਬੋਲਿਆ, "ਇਸ ਵਿਚ ਫਿਕਰ ਵਾਲੀ ਕੋਈ ਗੱਲ ਨਹੀਂ, ਮੇਰੇ ਕੋਲ ਇਕ ਹੋਰ ਬੰਬ ਵੀ ਹੈ।"

★ ★ ★

2 ਪੇਂਡੂ ਸ਼ਹਿਰ ਦੇ ਬੈਂਕ 'ਚ ਗਏ। ਉਨ੍ਹਾਂ 'ਚੋਂ ਇਕ ਕੋਰਾ ਅਨਪੜ੍ਹ ਸੀ ਪਰ ਦੂਜਾ ਥੋੜ੍ਹਾ ਬਹੁਤ ਪੜ੍ਹਿਆ-ਲਿਖਿਆ ਸੀ।

ਅਨਪੜ੍ਹ ਬੋਲਿਆ, "ਉਹ ਸਾਹਮਣੇ ਖਿੜਕੀ ਵਿਚ ਬੈਠੀ ਕੁੜੀ ਕਿੰਨੀ ਸੋਹਣੀ ਹੈ।"

ਪੜ੍ਹਿਆ ਲਿਖਿਆ ਪੇਂਡੂ ਬੋਲਿਆ, "ਮੈਨੂੰ ਉਸ ਦਾ ਨਾਂ ਪਤਾ ਹੈ। ਉਹ ਜਿਥੇ ਬੈਠੀ ਹੈ, ਉਸ ਖਿੜਕੀ ਦੇ ਬੋਰਡ 'ਤੇ ਉਸ ਦੇ ਨਾਂ ਦੀ ਤਖ਼ਤੀ ਲੱਗੀ ਹੈ।"

ਅਨਪੜ੍ਹ ਬੋਲਿਆ, "ਤਾਂ ਦੱਸ ਉਸ ਦਾ ਕੀ ਨਾਂ ਹੈ?"

ਪਹਿਲਾ ਬੋਲਿਆ, "ਉਸ ਦਾ ਨਾਂ ਹੈ-ਚਾਲੂ ਖਾਤਾ।"

★ ★ ★

ਸਬਜ਼ੀ ਦੀ ਰੇਹੜੀ ਲਗਾਉਣ ਵਾਲੇ ਦੇ ਘਰ ਮੁੰਡਾ ਹੋਇਆ। ਉਸ ਦੇ ਕਿਸੇ ਦੋਸਤ ਨੇ ਮੁੰਡੇ ਦੀ ਵਧਾਈ ਦਿੱਤੀ ਅਤੇ ਪੁੱਛਿਆ, "ਮੁੰਡਾ ਕਿਹੋ ਜਿਹਾ ਹੈ?"

ਸਬਜ਼ੀ ਵਾਲਾ ਬੋਲਿਆ, "ਇਕਦਮ ਤਾਜ਼ਾ।"

★ ★ ★

ਪਤਨੀ (ਪਤੀ ਨੂੰ), "ਮੈਂ ਤੁਹਾਨੂੰ ਇਕ ਗੱਲ ਦੱਸਣੀ ਭੁੱਲ ਗਈ, ਅਸੀਂ ਬਹੁਤ ਜਲਦੀ 4 ਤੋਂ 5 ਬਣਨ ਵਾਲੇ ਹਾਂ।"

ਪਤੀ (ਖੁਸ਼ ਹੋ ਕੇ), "ਬੜੀ ਬੁਰੀ ਗੱਲ ਹੈ, ਤੂੰ ਏਨੀ ਖੁਸ਼ੀ ਦੀ ਗੱਲ ਮੇਰੇ ਤੋਂ ਲੁਕਾ ਕੇ ਰੱਖੀ। ਅਸਲ 'ਚ ਮੈਂ ਵੀ ਚਾਹੁੰਦਾ ਸੀ ਕਿ ਇਕ ਬੇਟੀ ਤੇ ਇਕ ਬੇਟੇ ਤੋਂ ਬਾਅਦ ਇਕ ਬੇਟਾ ਹੋਰ ਹੋ ਜਾਵੇ।"

ਪਤਨੀ, "ਜ਼ਿਆਦਾ ਖੁਸ਼ ਹੋਣ ਦੀ ਲੋੜ ਨਹੀਂ, ਮੇਰੇ ਮੰਮੀ ਤੁਹਾਡੇ ਕੋਲ ਰਹਿਣ ਲਈ ਆ ਰਹੇ ਹਨ।"

★ ★ ★

"ਤਾਂਤਰਿਕ ਬਾਬਾ, ਤੁਸੀਂ ਮੇਰੇ ਬਾਰੇ ਜੋ ਕੁੱਝ ਵੀ ਦੱਸਿਆ, ਬਿਲਕੁਲ ਠੀਕ ਦੱਸਿਆ। ਹੁਣ ਤਾਂ ਮੈਂ ਦਫ਼ਤਰ ਜਾ ਰਿਹਾ ਹਾਂ, ਵਾਪਸ ਆ ਕੇ ਤੁਹਾਨੂੰ ਭੇਟਾ ਦੇਵਾਂਗਾ।" ਸ਼ਾਮ ਨੇ ਕਿਹਾ।

"ਭੇਟਾ ਹੁਣੇ ਦਿੰਦਾ ਜਾ ਬੇਟਾ! ਕਿਉਂਕਿ ਗ੍ਰਹਿਆਂ ਦੀ ਸਥਿਤੀ ਕਹਿੰਦੀ ਹੈ ਕਿ ਆਉਣ ਵੇਲੇ ਬੱਸ 'ਚ ਤੇਰੀ ਜੇਬ ਕੱਟੀ ਜਾਵੇਗੀ।" ਤਾਂਤਰਿਕ ਬਾਬਾ।


# ☬ ਡਰਬੀ ਵਿਖੇ ਸ਼ਹੀਦੀ ਟੂਰਨਾਮੈਂਟ ☬

## 18 ਮਈ 2025 ਐਤਵਾਰ ਨੂੰ ਪੰਜਾਬ ਟਾਈਮਜ਼ ਦੀ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ

## G.A.D. KHALSA, KABADDI CLUB DERBY PRESENTS

## SHAHEEDI TOURNAMENT on Sunday 18th May 2025

### *AT PANJAB TIMES, BRIDLE GATE LANE, DERBY, DE24 0QW*



ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ



ਸ਼ਹੀਦ ਭਾਈ ਬੇਅੰਤ ਸਿੰਘ



ਸ਼ਹੀਦ ਭਾਈ ਸਤਵੰਤ ਸਿੰਘ




ਸ਼ਹੀਦ ਭਾਈ ਅਮਰੀਕ ਸਿੰਘ



ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ



ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ



ਸ਼ਹੀਦ ਜਨਰਲ ਸੁਬੇਗ ਸਿੰਘ

ਜੀ ਏ ਡੀ ਖਾਲਸਾ ਡਰਬੀ ਵੱਲੋਂ ਡਰਬੀ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਸ਼ਹੀਦੀ ਟੂਰਨਾਮੈਂਟ 18 ਮਈ 2025 ਦਿਨ ਐਤਵਾਰ ਨੂੰ ਪੰਜਾਬ ਟਾਈਮਜ਼ ਦੇ ਦਫਤਰ ਨੇੜੇ, ਪੰਜਾਬ ਟਾਈਮਜ਼ ਦੀਆਂ ਗਰਾਊਂਡਾਂ ਵਿੱਚ Bridle Gate Lane, Alvaston, Derby DE24 0QW ਡਰਬੀ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਕਬੱਡੀ ਟੀਮਾਂ ਦੇ ਫਸਵੇਂ ਮੁਕਾਬਲੇ ਹੋਣਗੇ। ਸਮੂਹ ਡਰਬੀ ਅਤੇ ਯੂ ਕੇ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਮਾਂ-ਖੇਡ ਕਬੱਡੀ ਮੇਲੇ ਦਾ ਅਨੰਦ ਮਾਣੋ ਅਤੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਮੇਲੇ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਮਯਾਬ ਕਰੋ।

**ਨੋਟ:-** ਇਸ ਸਾਲ ਦੇ ਸਾਰੇ ਕਬੱਡੀ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਭਜੀ ਖੀਰਾਂ ਵਾਲੀ ਨੂੰ ਸਮਰਪਿਤ ਹੋਣਗੇ।

### =====: ਕੁਝ ਖਾਸ ਧਿਆਨਯੋਗ ਗੱਲਾਂ :=====

ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਸੂਲਾਂ ਮੁਤਾਬਿਕ ਹੋ ਰਿਹਾ ਹੈ। * ਰੈਫਰੀ ਦਾ ਫੈਸਲਾ ਆਖਰੀ ਹੋਵ-ਗਾ। * ਹਰ ਇੱਕ ਟੀਮ ਦਾ ਕੋਚ ਅਤੇ ਮੈਨੇਜਰ ਹੀ ਗਰਾਉਂਡ ਵਿੱਚ ਜਾ ਸਕਦੇ ਹਨ। * ਸ਼ਰਾਬ, ਮੀਟ ਅਤੇ ਨਸ਼ੇ ਦੀ ਵਰਤੋਂ ਦੀ ਸਖਤ ਮਨਾਹੀ ਹੈ ਪੁਲੀਸ ਵੱਲੋਂ ਗੱਡੀਆਂ ਚੈੱਕ ਕੀਤੀਆਂ ਜਾਣਗੀਆਂ, ਸ਼ਰਾਬ ਜਾਂ ਹੋਰ ਕਿਸੇ ਤਰ੍ਹਾਂ ਦਾ ਵੀ ਨਸ਼ਾ ਜ਼ਬਤ ਕਰ ਲਿਆ ਜਾਵੇਗਾ। ਭਾਵੇਂ ਉਹ ਕਿਸੇ ਕਲੱਬ ਜਾਂ ਘਰੇਲੂ ਕਲੱਬ ਦਾ ਪ੍ਰਮੋਟਰ ਵੀ ਕਿਉਂ ਨਾ ਹੋਵੇ।
* ਹਰੇਕ ਕਲੱਬ ਆਪਣੇ ਖਿਡਾਰੀਆਂ ਦੀ ਇੰਨਸ਼ੋਰੈਂਸ ਅਤੇ ਯੂਨੀਫਾਰਮ ਦੀ ਆਪ ਜਿੰਮੇਵਾਰ ਹੋਵੇਗੀ, ਕਿਸੇ ਵੀ ਮਸਲੇ ਸਬੰਧੀ ਆਖਰੀ ਫੈਸਲਾ ਟੂਰਨਾਮੈਂਟ ਕਮੇਟੀ ਦਾ ਹੋਵੇਗਾ। * ਸਕਿਊਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਗੱਡੀਆਂ ਦੀ ਤਲਾਸ਼ੀ ਲਈ ਜਾਵੇਗੀ। * ਟੂਰਨਾਮੈਂਟ ਕਮੇਟੀ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਦਾਖਲੇ ਤੋਂ ਮਨ੍ਹਾ ਕਰ ਸਕਦੀ ਹੈ।
* 5 ਮਿੰਟ ਤੋਂ ਵੱਧ ਲੇਟ ਹੋਣ ਵਾਲੀ ਟੀਮ ਨੂੰ ਸਕਰੈਚ ਕਰ ਦਿੱਤਾ ਜਾਵੇਗਾ ਅਤੇ ਟੀਮ ਨੂੰ ਫੈਡਰੇਸ਼ਨ ਦੇ ਅਸੂਲਾਂ ਮੁਤਾਬਕ ਜੁਰਮਾਨਾ ਵੀ ਭਰਨਾ ਪਵੇਗਾ।

ਡਰਬੀ ਦੇ ਸਾਰੇ ਗੁਰੂ ਘਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਾਂਦਾ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸੇ ਤਰ੍ਹਾਂ ਹੀ ਅੱਗੇ ਤੋਂ ਵੀ ਸਾਥ ਦਿੰਦੇ ਰਹਿਣ।

**ਟਿਕਟ:- ਦਾਖਲਾ ਫੀਸ 15 ਪੌਂਡ ਹੈ**

### GROUP - A ਡਰਬੀ ਟੂਰਨਾਮੈਂਟ ਦੀਆਂ ਟਾਈਆਂ

Pool - A
- HAYES / DERBY KC
- SLOUGH ICKENHAM KC
- 5th Match 12:50pm
- ST WOLVERHAMPTON/MEDWAY KC
- LEICESTER BRADFORD KC
- 3rd Match 11:40pm
- 7th Match 14:00pm

Pool - B
- ERITH WOOLWICH / SOUTHALL
- BIRMINGHAM COVENTRY KC
- 6th Match 13:25pm
- TELFORD KC
- GRAVESEND / BARKING KC
- 4th Match 12:15pm
- 8th Match 14:45pm

10th Match Final 17:00 PM

### GROUP - B

- MIDLAND TIGERS (B TEAM)
- BABA DEEP SINGH JI (B TEAM)
- 1st Match 10:30am
- LONDON TIGERS (B TEAM)
- MAUR CLUB (B TEAM)
- 2nd Match 11:05am

9th Match 15:20pm B TEAM Final

## ਬੇਨਤੀ ਕਰਤਾ - ਜੀ ਏ ਡੀ ਖਾਲਸਾ ਕਬੱਡੀ ਕਲੱਬ ਡਰਬੀ ਅਤੇ ਸਮੂਹ ਗੁਰਦੁਆਰਾ ਸਾਹਿਬ ਡਰਬੀ

ਚੇਅਰਮੈਨ - ਸੁਖਦੇਵ ਸਿੰਘ ਅਟਵਾਲ, ਕੁਲਵਿੰਦਰ ਸਿੰਘ ਛੋਕਰ, ਜਸਵੀਰ ਸਿੰਘ ਢਿੱਲੋਂ, ਹਰਚਰਨ ਸਿੰਘ ਬੋਲਾ, ਨਛੱਤਰ ਸਿੰਘ ਛੋਕਰ, ਮਹਿੰਦਰ ਸਿੰਘ ਮਾਨ, ਬਾਘਾ ਫਲਪੋਤਾ, ਬੂਟਾ ਸਿੰਘ ਸਹੋਤਾ, ਜੱਸ ਸਿੰਘ ਛੋਕਰ, ਜਸ਼ਨ ਸਿੰਘ, ਸਨੀ ਚੀਮਾ, ਜੀਤਾ ਨਵਾਂ ਸ਼ਹਿਰੀਆ, ਦੀਪਾ ਭੰਗਲ, ਮਹਿੰਦਰ ਸਿੰਘ ਨਾਗਰਾ, ਰਿੱਕੀ ਜੌਹਲ, ਹਰਪ੍ਰੀਤ ਸਿੰਘ ਛੋਕਰ, ਸ਼ਮਸ਼ੇਰ ਸਿੰਘ, ਰੂਬਲ ਸਿੰਘ, ਇੰਦਰਜੀਤ ਸਿੰਘ, ਜਸਵੀਰ ਸ਼ੀਰਾ, ਬਿੰਦਾ ਬੰਸੀਆਂ, ਅਮਰੀਕ ਸਿੰਘ ਮਾਹਲਪੁਰੀਆ, ਤਰਲੋਚਨ ਸਿੰਘ ਬਿਨਿੰਗ, ਗੁਰਮੇਲ ਸਿੰਘ ਕੰਗ, ਹੈਪੀ ਬਿਲਡਰ, ਚੀਮਾ ਬਿਲਡਰ, ਸੁੱਖਾ ਚੱਕਾਂ ਵਾਲਾ, ਗੋਪੀ ਪੰਨੂਆ, ਸੋਨੀ ਲੰਬੜ, ਵਰਿਆਮ ਸਿੰਘ, ਸੁਖਜੀਤ ਸਿੰਘ ਜੌਹਲ, ਰਜਿੰਦਰ ਸਿੰਘ ਪੁਰੇਵਾਲ, ਜਸਵੀਰ ਸਿੰਘ ਜੌਹਲ, ਬਲਵੀਰ ਸਿੰਘ ਸੰਧੂ ਕੌਂਸਲਰ, ਅਮਰੀਕ ਸਿੰਘ ਧਾਮੀ, ਅਮਰਜੀਤ ਸਿੰਘ ਤਾਰੀ ਬਿਧੀਪੁਰੀਆ, ਬਿੱਕਰ ਸਿੰਘ ਚਾਹਲ, ਹਰਦਿਆਲ ਸਿੰਘ ਧਮੜੈਤ, ਡਾ: ਖੇਲਾ, ਸੰਦੀਪ ਸਿੰਘ, ਸੁੱਚਾ ਸਿੰਘ ਬਿਨਿੰਗ, ਸਿਕੰਦਰ ਸਿੰਘ, ਸੁਖਪਾਲ ਸਿੰਘ ਪੱਡਾ, ਜਗਜੀਵਨ ਸਿੰਘ, ਗੁਰਵਿੰਦਰ ਸਿੰਘ, ਧਾਲੀਵਾਲ, ਬਲਵਿੰਦਰ ਸਿੰਘ ਛੋਕਰ, ਗੁਰਸੇਵਕ ਸਿੰਘ ਗਿੱਲ, ਪਵਨਦੀਪ ਸਿੰਘ, ਗੈਰੀ ਸੰਧੂ, ਹਰਦੀਪ ਸਿੰਘ, ਕਾਲਾ ਮੰਨਣ, ਮਨੀ ਬੈਂਸ, ਮਨਜਿੰਦਰ ਇਟਲੀ, ਬਿੰਦਾ ਚਾਹਲ, ਸੰਦੀਪ ਬਾਊਂਸਰ, ਝਲਮਣ ਸਿੰਘ, ਸੰਨੀ ਚਾਹਲ, ਸਤਨਾਮ ਸਿੰਘ, ਜੱਸੀ ਆਲਮਗੀਰ, ਜਤਿੰਦਰ ਸਿੰਘ, ਪਰਮ ਮਾਨਚੈਸਟਰ, ਐਮ ਪੀ ਬੀ ਗੈਂਗ, ਹਰਜਿੰਦਰ ਸਿੰਘ ਸੰਧਰ (ਬੋਈ) ਅਤੇ ਡਰਬੀ ਦੇ ਸਾਰੇ ਗੁਰਦੁਆਰਾ ਸਾਹਿਬਾਨ। **ਜੇ ਕਿਸੇ ਵੀ ਸੱਜਣ ਦਾ ਨਾਮ ਲਿਖਣ ਤੋਂ ਰਹਿ ਗਿਆ ਹੋਵੇ ਤਾਂ ਖਿਮਾ ਦੇ ਜਾਚਕ ਹਾਂ!**

==================== *FOR MORE INFORMATION:* ====================

Kulwinder Singh Chhokar 07974 875427 - Harjinder Singh Boy 07852 100653

**ਜਾਰੀ ਕਰਤਾ**


## GURU ARJAN DEV KHALSA KABADDI CLUB DERBY
## All Derby Gurdwara Sahibs and Supporters

# ਸੰਤਾਂ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਮੌਕੇ
# ਮਹਾਨ ਗੁਰਮਤਿ ਸਮਾਗਮ



ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ

**18 ਮਈ 2025**
**ਦਿਨ ਐਤਵਾਰ ਨੂੰ**
**ਗੁਰੂ ਅਮਰਦਾਸ ਜੀ**
**ਗੁਰਦੁਵਾਰਾ ਸਾਹਿਬ**
**ਲੈਸਟਰ ਵਿਖੇ ਹੋਣਗੇ**



ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ

ਸਤਿਕਾਰ ਯੋਗ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਹੋਤੀ ਮਰਦਾਨ ਸੰਪਰਦਾ ਦੇ ਸ੍ਰੀ ਮਾਨ 108 ਬ੍ਰਹਮ ਗਿਆਨੀ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਅਤੇ ਸ੍ਰੀਮਾਨ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ, ਦੋਵਾਂ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਅੰਦਰ 18 ਮਈ 2025 ਐਤਵਾਰ ਨੂੰ ਗੁਰਦਵਾਰਾ ਗੁਰੂ ਅਮਰਦਾਸ ਜੀ ਸਿੱਖ ਸੈਂਟਰ, 219 ਕਲੈਰੰਡਨ ਪਾਰਕ ਰੋਡ ਲੈਸਟਰ ਵਿਖੇ ਆਯੋਜਿਤ ਕੀਤੇ ਜਾ ਰਹੇ ਹਨ । ਆਪ ਸਰਬੱਤ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।

**ਤਿੰਨੇ ਦਿਨ ਗੁਰੂ ਕੇ ਅਤੁੱਟ ਲੰਗਰ ਵਰਤਣਗੇ**

**219 CLARENDON PARK ROAD, LEICESTER, LE2 3AN**




ਬੇਨਤੀ ਕਰਤਾ: ਸਵਰਗਵਾਸੀ ਗਿਆਨੀ ਦਾਨ ਸਿੰਘ ਜੀ ਸੰਘਾ ਦਾ ਸਮੂਹ ਪਰਿਵਾਰ, ਪ੍ਰਬੰਧਕ ਕਮੇਟੀ ਅਤੇ ਸਮੂਹ ਸੇਵਾਦਾਰ

ਸੰਪਰਕ: ਸ: ਅਮਰਦੀਪ ਸਿੰਘ ਸੰਘਾ
ਮੋਬਾਈਲ: 07404 509855




# ਭੰਗ ਮਨਚੰਦੇ ਦੇ


rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ





# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388


**ਆਓ ਚੌਥੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**

ਪਾਠ 8

ਟ ਠ ਡ ਢ ਣ

Exercise 1 : Draw the above letters on paper and cut & paste in your notebook.
(Material needed: Card stock, Scissors, glue)

Exercise 2 : Write the Gurmukhi Akhars 3 times for English sounds given below.

Daddaa ........ ........ ........

Tainkaa ........ ........ ........

Nahnhaa ........ ........ ........

Dhaddaa ........ ........ ........

Thathaa ........ ........ ........

Page 17 Level I

**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਿਆਨ ਰੂਪਨਗਰ
liberalthinker1621@gmial.com



# ਫੌਜਾਂ ਜਿੱਤ ਕੇ ਵੀ ਅੰਤ ਨੂੰ ਹਾਰੀਆਂ...!



**ਭਾਰਤ ਨੇ ਫੌਜੀ ਤੌਰ 'ਤੇ ਜਿੱਤ ਹਾਸਿਲ ਕੀਤੀ। ਲੋਕਾਂ ਦੇ ਹੌਂਸਲੇ ਉੱਚੇ ਸਨ। ਪਰ ਜਿਵੇਂ ਹੀ ਸੀਜ਼ਫਾਇਰ ਲਾਇਆ ਗਿਆ, ਲੋਕਾਂ ਵਿੱਚ ਨਿਰਾਸ਼ਾ ਦੀ ਲਹਿਰ ਦੌੜ ਗਈ। ਕਈ ਲੋਕਾਂ ਨੇ ਸੋਸ਼ਲ ਮੀਡੀਆ ਰਾਹੀਂ ਸਰਕਾਰ ਦੇ ਇਸ ਫੈਸਲੇ ਨੂੰ ਮਜਬੂਰੀ ਵਿੱਚ ਲਿਆ ਗਿਆ ਦੱਸਿਆ। ਸਵਾਲ ਇਹ ਨਹੀਂ ਕਿ ਸੀਜ਼ਫਾਇਰ ਹੋਇਆ ਜਾਂ ਨਹੀਂ – ਸਵਾਲ ਇਹ ਹੈ ਕਿ ਜਦੋ ਪੂਰਾ ਦੇਸ਼ ਇਕੱਠਾ ਹੋ ਕੇ ਵਿਰੋਧੀ ਨੂੰ ਮੂੰਹਤੋੜ ਜਵਾਬ ਦੇ ਰਿਹਾ ਸੀ, ਤਾਂ ਕਿਉਂ ਬਾਹਰੀ ਦਬਾਅ ਦੇ ਅੱਗੇ ਝੁਕਣਾ ਪਿਆ? ਜੰਗਾਂ ਸਿਰਫ਼ ਹਥਿਆਰਾਂ ਨਾਲ ਨਹੀਂ, ਇਰਾਦਿਆਂ ਨਾਲ ਜਿੱਤੀਆਂ ਜਾਂਦੀਆਂ ਹਨ। ਭਾਰਤ ਨੇ ਫੌਜੀ ਤੌਰ ਤੇ, ਰਣਨੀਤਿਕ ਤੌਰ ਤੇ ਅਤੇ ਆਲਮੀ ਪੱਧਰ ਤੇ ਸਾਬਤ ਕਰ ਦਿੱਤਾ ਕਿ ਉਹ ਕਿਸੇ ਵੀ ਹਮਲੇ ਦਾ ਉਚਿਤ ਜਵਾਬ ਦੇ ਸਕਦਾ ਹੈ।**

ਪਹਿਲਗਾਮ, ਕਸ਼ਮੀਰ ਵਿੱਚ ਹੋਈ ਇੱਕ ਦਰਦਨਾਕ ਘਟਨਾ ਨੇ ਸਾਰੇ ਦੇਸ਼ ਨੂੰ ਹਿੱਲਾ ਕੇ ਰੱਖ ਦਿੱਤਾ। ਆਤੰਕਵਾਦੀਆਂ ਵੱਲੋਂ ਭਾਰਤ ਦੇ 28 ਨਿਰਦੋਸ਼ ਨਾਗਰਿਕਾਂ ਦੀ ਨਿਰਦਈ ਹੱਤਿਆ ਨੇ ਨਾ ਸਿਰਫ਼ ਲੋਕਾਂ ਦੇ ਦਿਲਾਂ ਨੂੰ ਦੁਖੀ ਕੀਤਾ, ਸਗੋਂ ਭਾਰਤ ਦੀ ਸਰਕਾਰ ਅਤੇ ਫੌਜ ਨੂੰ ਵੀ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਹੁਣ ਹਲਾਤ ਬਰਦਾਸ਼ਤ ਕਰਨ ਯੋਗ ਨਹੀਂ ਹੈ, ਜਵਾਬੀ ਕਾਰਵਾਈ ਕਰਨੀ ਪੈਣੀ ਹੈ। ਆਖਿਰਕਾਰ, ਇਹ ਘਟਨਾ ਕੋਈ ਪਹਿਲੀ ਘਟਨਾ ਨਹੀਂ ਸੀ। ਸਾਲਾਂ ਤੋਂ ਪਾਕਿਸਤਾਨ ਵੱਲੋਂ ਆਤੰਕ ਨੂੰ ਉਕਸਾਉਣ ਅਤੇ ਭਾਰਤ ਦੇ ਅੰਦਰ ਖਲਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ, ਜਦੋਂ ਭਾਰਤ ਦੀ ਵੰਡ ਹੋਈ ਸੀ, ਤਾਂ ਪਾਕਿ-ਸਤਾਨ ਦੇ ਨਿਰਮਾਣ ਨਾਲ ਹੀ ਭਾਰਤ ਦੀਆਂ ਮੁਸ਼ਕਲਾਂ ਦਾ ਆਰੰਭ ਹੋ ਗਿਆ ਸੀ। ਅਨੇਕਾਂ ਯੁੱਧਾਂ ਵਿੱਚ ਭਾਰਤ ਨੇ ਹਮੇਸ਼ਾ ਫੌਜੀ ਤਾਕਤ ਅਤੇ ਸੰਘਰਸ਼ ਨਾਲ ਜਿੱਤ ਹਾਸਿਲ ਕੀਤੀ, ਪਰ ਸਿਆਸੀ ਮੰਚ ਤੇ ਹਮੇਸ਼ਾ ਕੋਈ ਨਾ ਕੋਈ ਘਾਟ ਰਹੀ ਹੈ। ਦੇਸ਼ ਦੀ ਅਜ਼ਾਦੀ ਤੋਂ ਬਾਅਦ 1948, 1965, 1971 ਅਤੇ 1999 ਦੀ ਕਾਰਗਿਲ ਜੰਗ – ਹਰ ਵਾਰੀ ਭਾਰਤ ਨੇ ਪਾਕਿਸਤਾਨ ਨੂੰ ਮੂੰਹ ਤੋੜ ਜਵਾਬ ਦਿੱਤਾ ਹੈ, ਪਰ ਜੰਗਾਂ ਦੀ ਗਿਣਤੀ ਦੇਖੀ ਜਾਵੇ ਤਾਂ ਇਹ ਸੋਲਾਂ ਆਨੇ ਸੱਚ ਹੈ ਕਿ ਭਾਰਤ ਨੇ ਜਿੱਤ ਹਾਸਿਲ ਕੀਤੀ, ਪਰ ਅੰਤ ਵਿੱਚ ਹਮੇਸ਼ਾ ਸੀਜ਼ਫਾਇਰ ਜਾਂ ਅੰਤਰਰਾਸ਼ਟਰੀ ਦਬਾਅ ਤਹਿਤ ਹਟਣਾ ਪਿਆ।

ਪਹਿਲਗਾਮ ਦੀ ਘਟਨਾ ਦੇ ਤੁਰੰਤ ਬਾਅਦ ਭਾਰਤ ਸਰਕਾਰ ਨੇ ਫੈਸਲਾ ਕੀਤਾ ਕਿ ਹੁਣ ਇਨ੍ਹਾਂ ਹਮਲਾਵਰਾਂ ਦੇ ਆਕਾ ਨੂੰ ਸਿੱਧਾ ਜਵਾਬ ਦਿੱਤਾ ਜਾਵੇ। ਸਰਕਾਰ ਨੇ ਰੂਸ ਤੋਂ ਖਰੀਦੇ ਐਸ-400 ਡਿਫੈਂਸ ਸਿਸਟਮ ਨੂੰ ਤਤਕਾਲ ਤੌਰ 'ਤੇ ਸਰਗਰਮ ਕਰ ਦਿੱਤਾ। ਜਦ ਪਾਕਿਸਤਾਨ ਵੱਲੋਂ ਮਿਜ਼ਾਈਲਾਂ, ਡਰੋਨਾਂ ਅਤੇ ਹੋਰ ਹਥਿਆਰਾਂ ਨਾਲ ਹਮਲੇ ਹੋਏ ਤਾਂ ਭਾਰਤ ਦੀ ਏਅਰ ਡਿਫੈਂਸ ਨੇ ਅਦੁੱਤੀ ਕਾਰਗੁਜ਼ਾਰੀ ਦਿਖਾਉਂਦੇ ਹੋਏ ਹਰੇਕ ਹਮਲੇ ਨੂੰ ਰਸਤੇ ਵਿੱਚ ਹੀ ਨਾਕਾਮ ਕਰ ਦਿੱਤਾ। ਜਾਨ ਮਾਲ ਦੀ ਰੱਖਿਆ ਹੋਈ ਅਤੇ ਭਾਰਤ ਦੀ ਤਿਆਰੀ ਨੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਪਾਕਿਸਤਾਨ ਦੀ ਆਰਥਿਕ ਹਾਲਤ ਪਹਿਲਾਂ ਹੀ ਤਰਸਯੋਗ ਮੰਗਤੇ ਵਾਲੀ ਹੋਈ ਪਈ ਹੈ। ਉੱਤੇ ਤੋਂ ਜੰਗ ਦੀ ਸਥਿਤੀ ਨੇ ਉਸਦੇ ਹੌਸਲੇ ਹੋਰ ਪੱਸਤ ਕਰ ਦਿੱਤੇ। ਕੋਈ ਵੀ ਦੇਸ਼ ਪਾਕਿਸਤਾਨ ਦੇ ਹੱਕ ਵਿੱਚ ਆਉਣ ਨੂੰ ਤਿਆਰ ਨਹੀਂ ਸੀ। ਇੱਥੋਂ ਤੱਕ ਕਿ ਚੀਨ, ਜੋ ਹਮੇਸ਼ਾ ਪਾਕਿਸਤਾਨ ਦਾ ਹਮਦਰਦ ਬਣਿਆ ਰਹਿੰਦਾ ਸੀ, ਉਸ ਨੇ ਵੀ ਇਸ ਵਾਰੀ ਪਾਸੇ ਹੋ ਕੇ ਖਾਮੋਸ਼ੀ ਵਰਤੀ। ਇਸ ਵਾਰ ਭਾਰਤ ਨੂੰ ਸੰਸਾਰ ਪੱਧਰ 'ਤੇ ਭਰਪੂਰ ਸਹਿਯੋਗ ਮਿਲਿਆ, ਕਿਉਂਕਿ ਹਰ ਕੋਈ ਜਾਣਦਾ ਹੈ ਕਿ ਆਤੰਕਵਾਦ ਮਨੁੱਖਤਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਭਾਰਤ ਦਾ ਇਹ ਕਦਮ ਚੁਸਤ, ਨਿਡਰ ਅਤੇ ਸਮੇਂ ਮੁਤਾਬਿਕ ਉਚਿਤ ਸੀ। ਪਰ ਸਭ ਤੋਂ ਵੱਡਾ ਦੁਖਦਾਈ ਮੰਜ਼ਰ ਤਦ ਬਣਿਆ ਜਦ ਭਾਰਤ ਦੇ ਅੰਦਰੋਂ ਹੀ ਕੁਝ ਚਿਹਰੇ ਅਜਿਹੇ ਦੇਖਣ ਨੂੰ ਮਿਲੇ ਜਿਨ੍ਹਾਂ ਨੇ ਨਾ ਤਾਂ ਫੌਜ ਦਾ ਸਮਰਥਨ ਕੀਤਾ, ਨਾ ਹੀ ਸਰਕਾਰ ਦੇ ਫੈਸਲੇ ਦੀ ਸਲਾਘਾ ਕੀਤੀ। ਇਹ ਅਜਿਹੇ ਚਿਹਰੇ ਸਿਨੇਮਾ, ਸੰਗੀਤ ਅਤੇ ਸੋਸ਼ਲ ਮੀਡੀਆ ਦੇ ਮੱਧਮ ਰਾਹੀਂ ਲੋਕਾਂ ਦੇ ਰੋਲ ਮਾਡਲ ਬਣੇ ਹੋਏ ਹਨ, ਪਰ ਜਦੋ ਦੇਸ਼ ਨੂੰ ਉਹਨਾਂ ਦੀ ਸਭ ਤੋਂ ਵੱਧ ਲੋੜ ਸੀ, ਤਦ ਇਹ ਚੁੱਪ ਕਰ ਗਏ। ਇਹਨਾਂ ਵਿੱਚੋਂ ਕਈ ਅਜਿਹੇ ਹਨ ਜੋ "ਆਲ ਆਈਜ਼ ਆਨ ਫਲੀਸਤੀਨ", "ਆਲ ਆਈਜ਼ ਆਨ ਗਾਜਾ" ਜਿਹੇ ਨਾਅਰੇ ਲਾਉਂਦੇ ਰਹੇ, ਪਰ "ਆਲ ਆਈਜ਼ ਆਨ ਪਹਿਲਗਾਮ" ਉਤੇ ਕੋਈ ਅਵਾਜ਼ ਨਹੀਂ ਉਠਾਈ। ਇਹ ਗੱਲ ਸਾਫ਼ ਦਰਸਾਉਂਦੀ ਹੈ ਕਿ ਅਨੇਕਾਂ ਹਸਤੀਆਂ ਲਈ ਦੇਸ਼ ਭਲਾਈ ਨਾਲੋਂ ਆਪਣੀ ਪ੍ਰਸਿੱਧੀ ਅਤੇ ਟਰੈਫਿਕ ਵੱਧ ਮਹੱਤਵਪੂਰਨ ਹੈ।


ਇੱਕ ਹੋਰ ਵਿਸ਼ੇਸ਼ ਗੱਲ ਇਹ ਵੀ ਸੀ ਕਿ ਪਾਕਿਸਤਾਨ ਦੇ ਕਈ ਅਦਾਕਾਰ, ਪੱਤਰਕਾਰ ਅਤੇ ਪ੍ਰਮੁੱਖ ਹਸਤੀਆਂ ਜੋ ਭਾਰਤ ਵਿੱਚ ਆ ਕੇ ਮੋਟੀਆਂ ਰਕਮਾਂ ਕਮਾ ਚੁੱਕੀਆਂ ਹਨ, ਉਹ ਸਾਰੇ ਵੀ ਪਾਕਿਸਤਾਨ ਦੇ ਹੱਕ ਵਿੱਚ ਟਿੱਪਣੀਆਂ ਕਰਦੇ ਹੋਏ ਭਾਰਤ ਦੇ ਵਿਰੁੱਧ ਸੋਸ਼ਲ ਮੀਡੀਆ ਉੱਤੇ ਜ਼ਹਿਰ ਉਗਲਦੇ ਰਹੇ। ਇਹਨਾਂ ਦੀ ਦੋਗਲੀ ਭੂਮਿਕਾ ਵੀ ਇਸ ਘਟਨਾ ਵਿਚ ਸਾਫ਼ ਉਭਰੀ। ਜਦ ਭਾਰਤ ਨੇ ਜੰਗ ਵਿੱਚ ਹਮੇਸ਼ਾ ਦੀ ਤਰ੍ਹਾਂ ਉਪਰ ਹੱਥ ਬਣਾਇਆ ਹੋਇਆ ਸੀ, ਉਸ ਸਮੇਂ 'ਤੇ ਅਮਰੀਕਾ ਨੇ ਵਿਚੋਲੇ ਦੀ ਭੂਮਿਕਾ ਨਿਭਾਉਂਦਿਆਂ ਸੀਜ਼ ਫਾਇਰ ਦੀ ਘੋਸ਼ਣਾ ਕਰਵਾ ਦਿੱਤੀ। ਇਹ ਘੋਸ਼ਣਾ ਜਿਵੇਂ ਹੀ ਹੋਈ, ਤਿੰਨ ਘੰਟਿਆਂ ਵਿੱਚ ਪਾਕਿਸਤਾਨ ਨੇ ਇਸ ਦੀ ਉਲੰਘਣਾ ਕਰਦੇ ਹੋਏ ਫਿਰ ਤੋਂ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਹ ਗੱਲ ਦਰਸਾਉਂਦੀ ਹੈ ਕਿ ਪਾਕਿਸਤਾਨ ਤੇ ਨਾ ਸੀਜ਼ ਫਾਇਰ ਦਾ ਪ੍ਰਭਾਵ ਹੈ, ਨਾ ਹੀ ਅੰਤਰਰਾਸ਼ਟਰੀ ਦਬਾਅ ਹੈ।

ਉੱਥੇ ਹੀ, ਵਰਲਡ ਬੈਂਕ ਵੱਲੋਂ ਪਾਕਿ-ਸਤਾਨ ਨੂੰ ਇੱਕ ਬਿਲੀਅਨ ਡਾਲਰ ਦੀ ਮਦਦ ਦੇਣ ਦੀ ਘੋਸ਼ਣਾ ਹੋਈ, ਜਿਸ ਉੱਤੇ ਵਾਜਿਬ ਸਵਾਲ ਉੱਠਣ ਲਗੇ। ਜਦ ਪਤਾ ਹੈ ਕਿ ਪਾਕਿਸਤਾਨ ਇਸ ਮਦਦ ਨੂੰ ਆਤੰਕ ਵਧਾਉਣ ਲਈ ਵਰਤਦਾ ਹੈ, ਤਾਂ ਫਿਰ ਇਹ ਮਦਦ ਕਿਉਂ? ਕੀ ਇਹ ਮਦਦ ਉਸਦੀ ਮਾੜੀ ਆਰਥਿਕਤਾ ਲਈ ਸੀ ਜਾਂ ਆਤੰਕ ਨੂੰ ਜਿਉਂਦਾ ਰੱਖਣ ਲਈ? ਭਾਰਤ ਨੇ ਫੌਜੀ ਤੌਰ 'ਤੇ ਜਿੱਤ ਹਾਸਿਲ ਕੀਤੀ। ਲੋਕਾਂ ਦੇ ਹੌਸਲੇ ਉੱਚੇ ਸਨ। ਪਰ ਜਿਵੇਂ ਹੀ ਸੀਜ਼ਫਾਇਰ ਲਾਇਆ ਗਿਆ, ਲੋਕਾਂ ਵਿੱਚ ਨਿਰਾਸ਼ਾ ਦੀ ਲਹਿਰ ਦੌੜ ਗਈ। ਕਈ ਲੋਕਾਂ ਨੇ ਸੋਸ਼ਲ ਮੀਡੀਆ ਰਾਹੀਂ ਸਰਕਾਰ ਦੇ ਇਸ ਫੈਸਲੇ ਨੂੰ ਮਜਬੂਰੀ ਵਿੱਚ ਲਿਆ ਗਿਆ ਦੱਸਿਆ। ਸਵਾਲ ਇਹ ਨਹੀਂ ਕਿ ਸੀਜ਼ਫਾਇਰ ਹੋਇਆ ਜਾਂ ਨਹੀਂ – ਸਵਾਲ ਇਹ ਹੈ ਕਿ ਜਦੋ ਪੂਰਾ ਦੇਸ਼ ਇਕੱਠਾ ਹੋ ਕੇ ਵਿਰੋਧੀ ਨੂੰ ਮੂੰਹਤੋੜ ਜਵਾਬ ਦੇ ਰਿਹਾ ਸੀ, ਤਾਂ ਕਿਉਂ ਬਾਹਰੀ ਦਬਾਅ ਦੇ ਅੱਗੇ ਝੁਕਣਾ ਪਿਆ? ਜੰਗਾਂ ਸਿਰਫ਼ ਹਥਿਆਰਾਂ ਨਾਲ ਨਹੀਂ, ਇਰਾਦਿਆਂ ਨਾਲ ਜਿੱਤੀਆਂ ਜਾਂਦੀਆਂ ਹਨ। ਭਾਰਤ ਨੇ ਫੌਜੀ ਤੌਰ ਤੇ, ਰਣਨੀਤਿਕ ਤੌਰ ਤੇ ਅਤੇ ਆਲਮੀ ਪੱਧਰ ਤੇ ਸਾਬਤ ਕਰ ਦਿੱਤਾ ਕਿ ਉਹ ਕਿਸੇ ਵੀ ਹਮਲੇ ਦਾ ਉਚਿਤ ਜਵਾਬ ਦੇ ਸਕਦਾ ਹੈ। ਪਰ ਜਦ ਆਪਣੀ ਜਿੱਤ ਨੂੰ ਪੂਰੀ ਤਰ੍ਹਾਂ ਅਮਲ ਵਿੱਚ ਲਿਆਂਦਾ ਨਾ ਜਾਵੇ ਅਤੇ ਦੁਸ਼ਮਣ ਨੂੰ ਇਕ ਵਾਰ ਫਿਰ ਤੋਂ ਜਿਉਂਦਾ ਛੱਡ ਦਿੱਤਾ ਜਾਵੇ, ਤਾਂ ਉਹ ਦੋਬਾਰਾ ਹੌਸਲਾ ਜੁਟਾਉਂਦਾ ਹੈ। ਇਸ ਵਾਰ ਵੀ ਅਜਿਹਾ ਹੀ ਹੋਇਆ। ਭਾਰਤ ਇਸ ਵਾਰ ਫਿਰ ਤੋਂ ਜਿੱਤ ਦੇ ਆਖਰੀ ਮੁਕਾਮ ਤੇ ਪੁੱਜ ਚੁੱਕਾ ਸੀ, ਪਰ ਆਖ਼ਰਕਾਰ ਸੀਜ਼ਫਾਇਰ ਨੇ ਉਹ ਜਿੱਤ ਅਧੂਰੀ ਛੱਡ ਦਿੱਤੀ। ਇਸ ਸਥਿਤੀ ਲਈ ਹੀ ਕਿਹਾ ਜਾਂਦਾ ਹੈ – "ਫੌਜਾਂ ਜਿੱਤ ਕੇ ਵੀ ਅੰਤ ਨੂੰ ਹਾਰੀਆਂ...!"

# ਸਥਾਨਕ ਲੋਕਾਂ ਨੂੰ ਨੌਕਰੀਆਂ ਦੇਣ ਵਾਸਤੇ ਹੁਨਰਮੰਦ ਕਾਮਿਆਂ ਲਈ ਵੀਜ਼ੇ 'ਤੇ ਪਾਬੰਦੀ ਲਗਾਏਗਾ ਬ੍ਰਿਟੇਨ

ਬ੍ਰਿਟਿਸ਼ ਸਰਕਾਰ ਨੇ ਐਤਵਾਰ ਨੂੰ ਸਮੂਹਿਕ ਇਮੀਗ੍ਰੇਸ਼ਨ ਚ ਇੱਕ ਅਸਫਲ ਮੁਕਤ ਬਾਜ਼ਾਰ ਪ੍ਰਯੋਗ ਨੂੰ ਖ਼ਤਮ ਕਰਨ ਦੀਆਂ ਯੋਜਨਾਵਾਂ ਦੀ ਰੂਪਰੇਖਾ ਤਿਆਰ ਕੀਤੀ, ਜਿਸ ਤਹਿਤ ਹੁਨਰਮੰਦ ਕਾਮਿਆਂ ਲਈ ਵੀਜ਼ੇ ਨੂੰ ਗ੍ਰੈਜੂਏਟ ਪੱਧਰ ਦੀਆਂ ਨੌਕਰੀਆਂ ਤੱਕ ਸੀਮਤ ਕਰ ਦਿਤਾ ਜਾਵੇਗਾ ਅਤੇ ਕਾਰੋਬਾਰਾਂ ਨੂੰ ਸਥਾਨਕ ਕਾਮਿਆਂ ਲਈ ਸਿਖਲਾਈ ਵਧਾਉਣ ਲਈ ਮਜਬੂਰ ਕੀਤਾ ਜਾਵੇਗਾ। ਸਥਾਨਕ ਚੋਣਾਂ ਚ ਨਾਈਜਲ ਫੈਰਾਜ ਦੀ ਸੱਜੇ-ਪੱਖੀ, ਰਿਫਾਰਮ ਯੂਕੇ ਪਾਰਟੀ ਦੀ ਸਫ਼ਲਤਾ ਤੋਂ ਬਾਅਦ ਪ੍ਰਧਾਨ ਮੰਤਰੀ ਕੀਰ ਸਟਾਰਮਰ ਤੇ ਸ਼ੁੱਧ ਪ੍ਰਵਾਸ ਘਟਾਉਣ ਦਾ ਦਬਾਅ ਹੈ। ਸਰਕਾਰ ਦੀਆਂ ਨਵੀਆਂ ਯੋਜਨਾਵਾਂ ਦੇ ਤਹਿਤ, ਹੁਨਰਮੰਦ ਵੀਜ਼ੇ ਸਿਰਫ਼ ਗ੍ਰੈਜੂਏਟ ਨੌਕਰੀਆਂ ਵਾਲੇ ਲੋਕਾਂ ਨੂੰ ਦਿੱਤੇ ਜਾਣਗੇ, ਜਦੋਂ ਕਿ ਘੱਟ ਹੁਨਰਮੰਦ ਭੂਮਿਕਾਵਾਂ ਲਈ ਵੀਜ਼ੇ ਸਿਰਫ਼ ਦੇਸ਼ ਦੀ ਉਦਯੋਗਿਕ ਰਣਨੀਤੀ ਲਈ ਮਹੱਤਵਪੂਰਨ ਖੇਤਰਾਂ ਵਿੱਚ ਜਾਰੀ ਕੀਤੇ ਜਾਣਗੇ, ਅਤੇ ਬਦਲੇ ਵਿੱਚ ਕਾਰੋਬਾਰਾਂ ਨੂੰ ਬ੍ਰਿਟਿਸ਼ ਕਾਮਿਆਂ ਦੀ ਸਿਖਲਾਈ ਵਧਾਉਣੀ ਪਵੇਗੀ। ਦੇਖਭਾਲ ਖੇਤਰ ਦੀਆਂ ਕੰਪਨੀਆਂ ਹੁਣ ਵਿਦੇਸ਼ਾਂ ਵਿੱਚ ਭਰਤੀ ਕੀਤੇ ਗਏ ਕਾਮਿਆਂ ਲਈ ਵੀਜ਼ਾ ਨਹੀਂ ਲੈ ਸਕਣਗੀਆਂ। ਸਰਕਾਰ ਨੇ ਕਿਹਾ ਕਿ ਇਹ ਬਦਲਾਅ ਇੱਕ ਨੀਤੀ ਦਸਤਾਵੇਜ਼ ਦਾ ਹਿੱਸਾ ਹੋਣਗੇ, ਜਿਸਨੂੰ ਵ੍ਹਾਈਟ ਪੇਪਰ ਵਜੋਂ ਜਾਣਿਆ ਜਾਂਦਾ ਹੈ, ਜੋ ਸੋਮਵਾਰ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ, ਜਿਸ ਵਿੱਚ ਦੱਸਿਆ ਜਾਵੇਗਾ ਕਿ ਮੰਤਰੀ ਇਮੀਗ੍ਰੇਸ਼ਨ ਨੂੰ ਘਟਾਉਣ ਦੀ ਯੋਜਨਾ ਕਿਵੇਂ ਬਣਾਉਂਦੇ ਹਨ। ਬ੍ਰਿਟਿਸ਼ ਮਾਲਕਾਂ ਨੇ ਵਿਦੇਸ਼ੀ ਕਾਮਿਆਂ ਲਈ ਨਿਯਮਾਂ ਨੂੰ ਸਖ਼ਤ ਕਰਨ ਦੀਆਂ ਸਰਕਾਰ ਦੀਆਂ ਯੋਜਨਾਵਾਂ ਫ਼ਰਸਤੋਤੇ ਚਿੰਤਾ ਪ੍ਰਗਟ ਕੀਤੀ ਹੈ, ਇਹ ਕਹਿੰਦੇ ਹੋਏ ਕਿ ਨੌਕਰੀਆਂ ਦੇ ਬਾਜ਼ਾਰ ਵਿੱਚ ਕਮੀ ਨੂੰ ਪੂਰਾ ਕਰਨ ਲਈ ਇਨ੍ਹਾਂ ਦੀ ਲੋੜ ਹੈ।

# ਸਿਹਤ ਤੇ ਸੁੰਦਰਤਾ



## ਗਰਮੀਆਂ ਵਿੱਚ ਸੌਂਫ ਦਾ ਪਾਣੀ ਪੀਣ ਦੇ ਲਾਭ



ਸੌਂਫ ਦਾ ਪਾਣੀ ਗਰਮੀਆਂ ਵਿੱਚ ਪਾਚਨ ਸੁਧਾਰਦਾ ਹੈ, ਸਰੀਰ ਨੂੰ ਠੰਢਕ ਦਿੰਦਾ ਹੈ, ਡੀਹਾਈਡਰੇਸ਼ਨ ਰੋਕਦਾ ਹੈ, ਭਾਰ ਘਟਾਉਂਦਾ ਹੈ, ਚਮੜੀ ਨੂੰ ਸਿਹਤਮੰਦ ਰੱਖਦਾ ਹੈ, ਇਮਿਊਨਿਟੀ ਵਧਾਉਂਦਾ ਹੈ ਅਤੇ ਅੱਖਾਂ ਦੀ ਸਿਹਤ ਸੁਧਾਰਦਾ ਹੈ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ, ਫਾਈਬਰ ਅਤੇ ਵਿਟਾਮਿਨ ਸੀ ਸਰੀਰ ਨੂੰ ਕਈ ਸਮੱਸਿਆਵਾਂ ਤੋਂ ਬਚਾਉਂਦੇ ਹਨ। ਨਿੰਬੂ ਅਤੇ ਹਲਦੀ ਵਾਲੇ ਪਾਣੀ ਦੇ ਸਿਹਤ ਲਾਭ-ਸਵੇਰੇ ਖਾਲੀ ਪੇਟ ਨਿੰਬੂ ਅਤੇ ਹਲਦੀ ਵਾਲਾ ਪਾਣੀ ਪੀਣ ਨਾਲ ਸਰੀਰ ਡੀਟੌਕਸੀਫਾਈ ਹੁੰਦਾ ਹੈ, ਭਾਰ ਘਟਦਾ ਹੈ, ਇਮਿਊਨਿਟੀ ਮਜ਼ਬੂਤ ਹੁੰਦੀ ਹੈ, ਪਾਚਨ ਸੁਧਰਦਾ ਹੈ, ਚਮੜੀ ਨਿਖਰਦੀ ਹੈ, ਜੋੜਾਂ ਦੇ ਦਰਦ ਤੋਂ ਰਾਹਤ ਮਿਲਦੀ ਹੈ ਅਤੇ ਬਲੱਡ ਸ਼ੂਗਰ-ਕੋਲੈਸਟ੍ਰੋਲ ਕੰਟਰੋਲ ਹੁੰਦਾ ਹੈ। ਇਸ ਨੂੰ ਬਣਾਉਣ ਲਈ ਕੋਸੇ ਪਾਣੀ ਵਿੱਚ ਨਿੰਬੂ ਦਾ ਰਸ ਅਤੇ ਚੁਟਕੀ ਹਲਦੀ ਮਿਲਾਓ।

## ਇਨ੍ਹਾਂ ਲੋਕਾਂ ਨੂੰ ਪਨੀਰ ਖਾਣ ਤੋਂ ਕਰਨਾ ਚਾਹੀਦਾ ਪਰਹੇਜ਼

ਪਨੀਰ 'ਚ ਪਾਏ ਜਾਣ ਵਾਲੇ ਪੌਸ਼ਟਿਕ ਤੱਤ ਤੁਹਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੋ ਸਕਦੇ ਹਨ। ਇਸ 'ਚ ਪ੍ਰੋਟੀਨ, ਕੈਲਸ਼ੀਅਮ ਅਤੇ ਹੋਰ ਜ਼ਰੂਰੀ ਤੱਤ ਹੁੰਦੇ ਹਨ, ਜੋ ਹੱਡੀਆਂ ਅਤੇ ਸਰੀਰ ਦੀ ਤਾਕਤ ਵਧਾਉਣ 'ਚ ਮਦਦ ਕਰਦੇ ਹਨ ਪਰ, ਕੁਝ ਲੋਕਾਂ ਨੂੰ ਪਨੀਰ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਪਨੀਰ ਦਾ ਸੇਵਨ ਕਰਦੇ ਹੋ, ਤਾਂ ਤੁਹਾਨੂੰ ਇਸ ਦੇ ਕੁਝ ਮਾੜੇ ਪ੍ਰਭਾਵਾਂ ਬਾਰੇ ਵੀ ਜਾਣਨ ਦੀ ਜ਼ਰੂਰਤ ਹੈ। ਆਓ ਜਾਣਦੇ ਹਾਂ ਪਨੀਰ ਦੇ ਫਾਇਦਿਆਂ ਦੇ ਨਾਲ-ਨਾਲ ਇਸਦੇ ਕੁਝ ਮਾੜੇ ਪ੍ਰਭਾਵਾਂ ਬਾਰੇ।

**ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਖਤਰਨਾਕ**-ਪਨੀਰ 'ਚ ਸੋਡੀਅਮ ਦੀ ਮਾਤਰਾ ਜ਼ਿਆਦਾ ਹੋ ਸਕਦੀ ਹੈ। ਜੇਕਰ ਤੁਹਾਨੂੰ ਹਾਈ ਬਲੱਡ ਪ੍ਰੈਸ਼ਰ ਹੈ, ਤਾਂ ਤੁਹਾਨੂੰ ਪਨੀਰ ਦਾ ਸੇਵਨ ਸੀਮਤ ਕਰਨਾ ਚਾਹੀਦਾ ਹੈ। ਬਹੁਤ ਜ਼ਿਆਦਾ ਪਨੀਰ ਖਾਣ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਹੋਰ ਵੀ ਵੱਧ ਸਕਦਾ ਹੈ, ਜਿਸ ਨਾਲ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।

**ਫੂਡ ਪੋਇਜ਼ਨਿੰਗ ਦੇ ਮਰੀਜ਼ਾਂ ਲਈ ਹਾਨੀਕਾਰਕ**-ਫੂਡ ਪੋਇਜ਼ਨਿੰਗ ਦੌਰਾਨ ਵਿਅਕਤੀ ਨੂੰ ਹਲਕਾ ਅਤੇ ਆਸਾਨੀ ਨਾਲ ਪਚਣ ਵਾਲਾ ਭੋਜਨ ਖਾਣਾ ਚਾਹੀਦਾ ਹੈ। ਪ੍ਰੋਟੀਨ ਨਾਲ ਭਰਪੂਰ ਭੋਜਨ ਜਿਵੇਂ ਕਿ ਪਨੀਰ, ਖਾਸ ਕਰਕੇ ਜੇਕਰ ਉਨ੍ਹਾਂ ਨੂੰ ਸਹੀ ਢੰਗ ਨਾਲ ਨਾ ਪਕਾਇਆ ਜਾਵੇ, ਪੇਟ ਦੀਆਂ ਸਮੱਸਿਆਵਾਂ ਨੂੰ ਹੋਰ ਵਧਾ ਸਕਦੇ ਹਨ। ਇਸ



ਨਾਲ ਦਸਤ, ਪੇਟ ਦਰਦ ਅਤੇ ਪੇਟ ਦੀਆਂ ਹੋਰ ਸਮੱਸਿਆਵਾਂ ਹੋ ਸਕਦੀਆਂ ਹਨ।


**ਇਨਫੈਕਸ਼ਨ ਤੇ ਐਲਰਜੀ ਦਾ ਖਤਰਾ**-ਕੱਚਾ ਪਨੀਰ ਜਾਂ ਘੱਟ ਗੁਣਵੱਤਾ ਵਾਲਾ ਪਨੀਰ ਇਨਫੈਕਸ਼ਨ ਦਾ ਕਾਰਨ ਬਣ ਸਕਦਾ ਹੈ। ਜੇਕਰ ਤੁਹਾਨੂੰ ਡੇਅਰੀ ਉਤਪਾਦਾਂ ਤੋਂ ਐਲਰਜੀ ਹੈ, ਤਾਂ ਪਨੀਰ ਖਾਣ ਨਾਲ ਤੁਹਾਡੀ ਚਮੜੀ 'ਤੇ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਹੋ ਸਕਦੀਆਂ ਹਨ, ਜਿਵੇਂ ਕਿ ਧੱਫੜ ਅਤੇ ਖੁਜਲੀ।

**ਦਿਲ ਦੀਆਂ ਬਿਮਾਰੀਆਂ ਦਾ ਖਤਰਾ**-ਚਰਬੀ ਵਾਲਾ ਪਨੀਰ, ਜਿਵੇਂ ਕਿ ਕਰੀਮ, ਸਰੀਰ 'ਚ ਕੋਲੈਸਟ੍ਰੋਲ ਦੀ ਮਾਤਰਾ ਵਧਾ ਸਕਦਾ ਹੈ। ਇਸਦਾ ਜ਼ਿਆਦਾ ਸੇਵਨ ਗੰਭੀਰ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਜੇਕਰ ਤੁਸੀਂ ਦਿਲ ਦੀ ਬਿਮਾਰੀ ਤੋਂ ਪੀੜਤ ਹੋ, ਤਾਂ ਆਪਣੀ ਖੁਰਾਕ 'ਚੋਂ ਪਨੀਰ ਨੂੰ ਸੀਮਤ ਕਰੋ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਭਾਖੜਾ ਡੈਮ 'ਤੇ ਹੋਏ ਘਟਨਾਕ੍ਰਮ ਦਾ ਮਾਮਲਾ ਹਾਈਕੋਰਟ ਪਹੁੰਚਿਆ- ਇਕ ਖ਼ਬਰ**

-ਹਾਈ ਕੋਰਟ ਤਾਂ ਬਹਾਨਾ ਏਂ, ਦਿੱਲੀ ਦੀ ਅੱਖ ਟੀਰੀ ਏ, ਕਿਤੇ ਹੋਰ ਹੀ ਨਿਸ਼ਾਨਾ ਏ।



***ਪਾਕਿ ਦੇ ਰੱਖਿਆ ਮੰਤਰੀ ਦਾ ਬਿਆਨ ਹਾਸੋਹੀਣਾ, 'ਅਖੇ ਅਸੀਂ ਜਾਣ ਬੁੱਝ ਕੇ ਭਾਰਤ ਦੇ ਡਰੋਨ ਨਹੀਂ ਰੋਕੇ'**

-ਦਾਖੇ ਹੱਥ ਨਾ ਅੱਪੜੇ, ਆਖੇ ਥੂ ਕੌੜੀ।



***ਪਾਣੀਆਂ ਦੇ ਮਸਲੇ 'ਤੇ ਪੰਜਾਬ ਸਰਕਾਰ ਸਿਆਸੀ ਰੋਟੀਆਂ ਸੇਕ ਰਹੀ ਹੈ- ਨਾਇਬ ਸੈਣੀ**

-ਸੈਣੀ ਸਾਹਿਬ ਤੌਣ ਤੁਹਾਨੂੰ ਗੁਆਂਢੋਂ ਮਿਲਦੀ ਐ ਤੇ ਰੋਟੀਆਂ ਸਗੋਂ ਤੁਸੀਂ ਸੇਕਦੇ ਹੋ।



***ਦੇਸ਼ ਦਾ ਸੰਵਿਧਾਨ ਸਰਬਉੱਚ ਹੈ: -ਨਵੇਂ ਚੀਫ਼ ਜਸਟਿਸ ਆਫ਼ ਇੰਡੀਆ, ਬੀ. ਆਰ. ਗਵਈ**

-ਨੀ ਉਹ ਆਉਂਦਾ ਪਰੈਣੀ ਕੱਸੀ, ਹੁਣ ਮੈਂ ਕੀ ਕਰਾਂ।



***ਪਾਣੀਆਂ ਦੇ ਮੁੱਦੇ 'ਤੇ ਪੰਜਾਬ ਸਰਕਾਰ ਨੇ ਭਾਜਪਾ ਵਿਰੁੱਧ ਖੋਲ੍ਹਿਆ ਮੋਰਚਾ- ਇਕ ਖ਼ਬਰ**

-ਮੱਥਾ ਭਾਜਪਾ ਦੇ ਨਾਲ਼ ਲਾਉਣਾ ਪੈਣਾ ਏ ਪੰਜਾਬ ਵਾਸੀਓ।



***ਰੂਸ-ਯੂਕਰੇਨ ਜੰਗ ਰੁਕਣ ਦੇ ਆਸਾਰ ਬਣਨ ਲੱਗੇ- ਇਕ ਖ਼ਬਰ**

-ਕਾਲੀਆਂ ਘਟਾਵਾਂ ਵਿਚ ਬਗਲਾ, ਬੋਤਾ ਆਵੇ ਮੇਰੇ ਵੀਰ ਦਾ।



***ਚੰਡੀਗੜ੍ਹ ਦੇ ਕਾਂਗਰਸੀ ਸਾਂਸਦ ਮਨੀਸ਼ ਤਿਵਾੜੀ ਹੁਣ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੋਣਗੇ- ਇਕ ਖ਼ਬਰ**

-ਨੈਣ ਹੀਰ ਦੇ ਵੇਖ ਕੇ ਆਹ ਭਰਦਾ, ਵਾਂਗ ਆਸ਼ਕਾਂ ਅੱਖੀਆਂ ਮੀਟਦਾ ਏ।

***ਜੇਬ ਵਿਚ ਚਿੱਟਾ ਲੁਕੋ ਕੇ ਜੇਲ੍ਹ 'ਚ ਲਿਜਾਂਦਾ ਥਾਣੇਦਾਰ ਫੜਿਆ ਗਿਆ- ਇਕ ਖ਼ਬਰ**

-ਵਾਦੜੀਆਂ ਸਜਾਦੜੀਆਂ, ਨਿਭਣ ਸਿਰਾਂ ਦੇ ਨਾਲ਼।



***ਕਮਲਾ ਹੈਰਿਸ ਵਲੋਂ ਰਾਸ਼ਟਰਪਤੀ ਟਰੰਪ ਵਿਰੁੱਧ ਇਕਜੁੱਟ ਹੋਣ ਦਾ ਸੱਦਾ- ਇਕ ਖ਼ਬਰ**

-ਲੌਂਗ ਘੜਾ ਦਊਂਗਾ, ਗੁੱਸਾ ਛੱਡ ਮੁਟਿਆਰੇ।



***ਸਿੰਧੂ ਜਲ ਸਮਝੌਤੇ ਬਾਰੇ ਸਾਡੀ ਭੂਮਿਕਾ ਸਿਰਫ਼ ਵਿਚੋਲੀਏ ਵਾਲ਼ੀ ਹੈ- ਅਜੇ ਬੰਗਾ, ਪ੍ਰਧਾਨ ਵਿਸ਼ਵ ਬੈਂਕ**

-ਐਡਾ ਤੇਰਾ ਕਿਹੜਾ ਦਰਦੀ, ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ।



***ਪਾਕਿਸਤਾਨ ਨੇ ਸਾਰੀਆਂ ਹੱਦਾਂ ਪਾਰ ਕੀਤੀਆਂ- ਉਮਰ ਅਬਦੁੱਲਾ**

-ਮੂੰਹ ਉਂਗਲਾਂ ਘੱਤ ਕੇ ਕਹਿਣ ਸਭੇ, ਕਾਰੇ ਕਰਨ ਥੀਂ ਇਹ ਨਾ ਸੰਗਦਾ ਏ।

***ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਨੂੰ ਵੀ ਸੁਣਨੀਆਂ ਪੈ ਰਹੀਆਂ ਹਨ ਲੋਕਾਂ ਦੀਆਂ ਕੌੜੀਆਂ ਗੱਲਾਂ- ਇਕ ਖ਼ਬਰ**

-ਜਿਹੜਾ ਪੜ੍ਹੇ ਨਵਾਜ਼ ਤੇ ਹਲਾਲ ਖਾਵੇ, ਉਹਨੂੰ ਮੇਹਣਾ ਮਸ਼ਕਰੀ ਲਾਂਵਦੇ ਹੋ।

***ਅੱਤਵਾਦ ਵਿਰੁੱਧ ਜੰਗ ਵਿਚ ਅਮਰੀਕਾ ਭਾਰਤ ਨਾਲ਼ ਖੜ੍ਹਾ ਹੈ-ਇਕ ਖ਼ਬਰ**

-ਇਹ ਦੁਨੀਆਂ ਮਤਲਬ ਦੀ, ਇਥੇ ਕੋਈ ਨਹੀਂ ਕਿਸੇ ਦਾ ਦਰਦੀ।



***ਵਿਰੋਧੀ ਧਿਰ ਦੇ ਅਹੁਦੇ ਦੀ ਮਰਿਆਦਾ ਨੂੰ ਠੇਸ ਨਾ ਪਹੁੰਚਾਵੇ ਪੰਜਾਬ ਸਰਕਾਰ- ਜਾਖੜ**

-ਜਿਹੜੇ ਸਾਡੇ ਹੱਕ 'ਚ ਖਲੋਏ, ਸਾਰੇ ਸਾਨੂੰ ਯਾਦ ਨੇ।



***ਪਰਤਾਪ ਸਿੰਘ ਬਾਜਵਾ ਨੂੰ ਪੁਲਿਸ ਪ੍ਰੇਸ਼ਾਨ ਨਾ ਕਰੇ-ਹਾਈ ਕੋਰਟ**

-ਵੀਰਾ ਤੇਰੇ ਫੁਲਕੇ ਨੂੰ, ਮੈਂ ਖੰਡ ਦਾ ਪ੍ਰੇਥਣ ਲਾਵਾਂ।

* * * * * * *

# ਜੰਗ ਨਾਲੋਂ ਜੰਗ-ਬੰਦੀ ਬਿਹਤਰ : ਨਫ਼ਾ ਨੁਕਸਾਨ ਨਹੀਂ ਵੇਖੀਦਾ

ਉਜਾਗਰ ਸਿੰਘ



ਜੰਗ ਸ਼ਬਦ ਹੀ ਖ਼ਤਰਨਾਕ ਹੁੰਦਾ ਹੈ। ਜੰਗ ਦਾ ਤਬਾਹਕੁਨ ਹੋਣਾ ਕੁਦਰਤੀ ਹੈ। ਜੰਗ ਤਬਾਹੀ ਦਾ ਪ੍ਰਤੀਕ ਹੁੰਦਾ ਹੈ। ਜੰਗ ਦੇ ਨਤੀਜੇ ਕਦੀਂ ਵੀ ਸਾਕਾਰਾਤਮਕ ਨਹੀਂ ਹੋ ਸਕਦੇ। ਜੰਗ ਦੇ ਨਤੀਜੇ ਹਮੇਸ਼ਾ ਦਿਲ ਨੂੰ ਦੁਖਾਉਣ, ਦਹਿਲਾਉਣ ਵਾਲੇ ਤੇ ਹਿਰਦੇਵੇਦਿਕ ਹੁੰਦੇ ਹਨ। ਜੰਗ-ਬੰਦੀ ਸਾਕਾਰਾਤਮਕ ਸੋਚ ਦਾ ਪ੍ਰਗਟਾਵਾ ਹੁੰਦੀ ਹੈ। ਜੰਗ-ਬੰਦੀ ਵਿੱਚ ਨਫ਼ਾ ਨੁਕਸਾਨ ਨਹੀਂ ਵੇਖਿਆ ਜਾਣਾ ਚਾਹੀਦਾ। ਜੰਗ ਮਾਨਵਤਾ ਦਾ ਘਾਣ ਕਰਦੀ ਹੈ, ਪ੍ਰੰਤੂ ਜੰਗ-ਬੰਦੀ ਮਾਨਵਤਾ ਦੇ ਭਲੇ ਵਿੱਚ ਹੁੰਦੀ ਹੈ ਤੇ ਮਾਨਵਤਾ ਦਾ ਬਚਾਓ ਕਰਦੀ ਹੈ। ਸ਼ਾਂਤੀ ਦਾ ਪ੍ਰਤੀਕ ਹੁੰਦੀ ਹੈ। ਸੁਹਾਵਣਾ ਜੀਵਨ ਜਿਓਣ ਲਈ ਸਾਂਤਮਈ ਵਾਤਾਵਰਨ ਜ਼ਰੂਰੀ ਹੁੰਦਾ ਹੈ। ਦੇਸ਼ ਦਾ ਆਰਥਿਕ, ਸਮਾਜਿਕ, ਸਭਿਅਚਾਰਕ, ਵਿਗਿਆਨਕ, ਸਰੀਰਕ ਤੇ ਮਾਨਸਿਕ ਵਿਕਾਸ ਸ਼ਾਂਤੀ ਦੇ ਸਮੇਂ ਹੀ ਹੋ ਸਕਦਾ ਹੈ। ਇਸ ਲਈ ਕਿਸੇ ਵੀ ਦੇਸ਼ ਦੇ ਵਿਕਾਸ ਲਈ ਸ਼ਾਂਤੀ ਹੋਣੀ ਜ਼ਰੂਰੀ ਹੁੰਦੀ ਹੈ। ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਦੇ ਅਮਨਪਸੰਦ ਲੋਕਾਂ ਨੇ ਸਵਾਗਤ ਕੀਤਾ ਹੈ। ਜੰਗ-ਬੰਦੀ ਦਾ ਐਲਾਨ ਹੋਣ 'ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। 22 ਅਪ੍ਰੈਲ 2025 ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਅਤਵਾਦੀ ਹਮਲੇ ਵਿੱਚ 26 ਸੈਰ ਸਪਾਟਾ ਕਰਨ ਗਏ ਬੇਕਸੂਰ ਮਾਸੂਮ ਲੋਕ ਮਾਰੇ ਗਏ ਸਨ। ਉਸ ਸਮੇਂ ਭਾਰਤ ਵਿੱਚ ਪਾਕਿਸਤਾਨ ਵਿਰੁੱਧ ਰੋਸ ਦੀ ਲਹਿਰ ਉਠ ਖੜ੍ਹੀ ਹੋਈ ਸੀ। ਭਾਰਤ ਦੇ ਲੋਕ ਸਰਕਾਰ ਤੋਂ ਪਾਕਿਸਤਾਨ ਤੋਂ ਬਦਲਾ ਲੈਣ ਲਈ ਕੋਈ ਸਾਰਥਿਕ ਕਾਰਵਾਈ ਉਮੀਦ ਰੱਖਦੇ ਸਨ। ਭਾਰਤ ਨੇ ਪੂਰੀ ਤਿਆਰੀ ਤੋਂ ਬਾਅਦ 6-7 ਮਈ ਦੀ ਰਾਤ ਨੂੰ ਪਾਕਿਸਤਾਨ ਵਿੱਚ ਸਥਿਤ ਅਤਵਾਦੀਆਂ ਦੇ 9 ਸਿਖਲਈ ਟਿਕਾਣਿਆਂ 'ਤੇ 'ਅਪ੍ਰੇਸ਼ਨ ਸਿੰਧੂਰ' ਰਾਹੀਂ ਹਮਲਾ ਕਰਕੇ ਸਿਖਲਾਈ ਸੈਂਟਰ ਤਬਾਹ ਕਰ ਦਿੱਤੇ। ਫਿਰ ਪਾਕਿਸਤਾਨ ਦੇ 6 ਏਅਰ ਬੇਸ ਵੀ ਤਬਾਹ ਕਰ ਦਿੱਤੇ। ਪਾਕਿਸਤਾਨ ਨੇ ਵੀ ਭਾਰਤ 'ਤੇ ਡਰੋਨਾ ਨਾਲ ਹਮਲੇ ਕੀਤੇ। ਇੱਕ ਕਿਸਮ ਨਾਲ ਦੋਹਾਂ ਦੇਸ਼ਾਂ ਦਰਮਿਆਨ ਲੜਾਈ ਸ਼ੁਰੂ ਹੋ ਗਈ। ਐਲ ਓ ਸੀ 'ਤੇ ਵੀ ਗੋਲਾਬਾਰੀ ਹੁੰਦੀ ਰਹੀ। ਪੁਣਛ ਵਿੱਚ ਪਾਕਿਸਤਾਨ ਨੇ ਭਾਰਤ ਦਾ ਨੁਕਸਾਨ ਕੀਤਾ। ਇੱਕ ਕਿਸਮ ਨਾਲ ਦਹਿਸ਼ਤ ਦਾ ਮਾਹੌਲ ਬਣ ਗਿਆ। 'ਅਪ੍ਰੇਸ਼ਨ ਸਿੰਧੂਰ' ਕਰਨਾ ਬਿਲਕੁਲ ਜ਼ਾਇਜ ਸੀ ਪ੍ਰੰਤੂ ਇਸ ਨਾਲ ਬਦਲਾ ਤਾਂ ਲੈ ਲਿਆ ਪ੍ਰੰਤੂ ਜੇਕਰ ਜੰਗ ਜ਼ਾਰੀ ਰਹਿੰਦੀ ਤਾਂ ਬਹੁਤ ਸਾਰੀਆਂ ਇਸਤਰੀਆਂ ਦੇ ਸਿੰਧੂਰ ਲਹਿ ਜਾਣੇ ਸਨ। 10 ਮਈ ਨੂੰ ਸ਼ਾਮ 5-00 ਵਜੇ ਅਮਰੀਕਾ ਦੀ ਵਿਚੋਲਗੀ ਨਾਲ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਨੇ ਐਲਾਨ ਕਰ ਦਿੱਤਾ, ਇਸ ਤੋਂ ਬਾਅਦ ਸ਼ੋਸ਼ਲ ਮੀਡੀਆ 'ਤੇ ਦੋਹਾਂ ਦੇਸ਼ਾਂ ਵੱਲੋਂ ਆਪੋ ਆਪਣੀ ਜਿੱਤ ਦੇ ਦਾਅਵੇ ਹੋਣ ਲੱਗ ਪਏ। ਭਾਰਤ ਵਿੱਚ ਕੁਝ ਲੋਕਾਂ ਨੇ ਜੰਗ-ਬੰਦੀ ਦਾ



ਸਵਾਗਤ ਕੀਤਾ, ਪ੍ਰੰਤੂ ਕੁਝ ਲੋਕਾਂ ਨੇ ਭਾਰਤ ਵੱਲੋਂ ਅਮਰੀਕਾ ਦੀ ਵਿਚੋਲਗੀ 'ਤੇ ਸਵਾਲ ਚੁੱਕਦਿਆਂ ਇਸਨੂੰ ਭਾਰਤ ਦੇ ਹਿੱਤ ਵਿਰੁੱਧ ਕਿਹਾ, ਸਗੋਂ ਇਸਨੂੰ ਭਾਰਤ ਦੀ ਹਾਰ ਦੇ ਰੂਪ ਵਿੱਚ ਪ੍ਰਚਾਰਿਆ ਗਿਆ। ਜੋ ਸਰਾਸਰ ਗ਼ਲਤ ਹੈ, ਡੀਫੈਸ ਪੜਚੋਲਕਾਰਾਂ ਅਨੁਸਾਰ ਜੰਗ-ਬੰਦੀ ਨੂੰ ਜਿੱਤ-ਹਾਰ ਤੇ ਨਫ਼ਾ-ਨੁਕਸਾਨ ਦੇ ਤੌਰ 'ਤੇ ਨਹੀਂ ਵੇਖਣਾ ਚਾਹੀਦਾ। ਜੰਗ-ਬੰਦੀ ਦੇਸ਼ ਦੀ ਆਰਥਿਕਤਾ ਲਈ ਲਾਹੇਬੰਦ ਹੁੰਦੀ ਹੈ। ਲੋਕ ਆਪਣਾ ਰੋਜ ਮਰ੍ਹਾ ਦਾ ਕਾਰੋਬਾਰ ਕਰਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਨ ਦੇ ਸਮਰੱਥ ਹੁੰਦੇ ਹਨ। ਜੰਗ ਦੌਰਾਨ ਜਨ-ਜੀਵਨ ਵਿੱਚ ਖੜੋਤ ਆ ਜਾਂਦੀ ਹੈ। ਕਰਫਿਊ ਤੇ ਬਲੈਕ ਆਊਟ ਕਾਰੋਬਾਰ ਬੰਦ ਕਰ ਦਿੰਦੀ ਹੈ। ਜਾਨ-ਮਾਲ ਦਾ ਵੱਖਰਾ ਨੁਕਸਾਨ ਹੁੰਦਾ ਹੈ। ਮਨੁੱਖੀ ਜੀਵਨ ਦਾ ਬਚਾਓ ਸਭ ਤੋਂ ਵੱਡੀ ਪ੍ਰਾਪਤੀ ਹੁੰਦਾ ਹੈ। ਲੋਕਾਂ ਦਾ ਸੁੱਖ-ਚੈਨ ਖ਼ਤਮ ਹੋ ਜਾਂਦਾ ਹੈ। ਜੰਗ-ਬੰਦੀ ਦੇਸ਼ ਅਤੇ ਲੋਕਾਂ ਦੇ ਹਿੱਤ ਵਿੱਚ ਹੁੰਦੀ ਹੈ। ਸਰਕਾਰਾਂ ਦਾ ਮੰਤਵ ਵੀ ਲੋਕ ਹਿੱਤਾਂ 'ਤੇ ਪਹਿਰਾ ਦੇਣਾ ਹੁੰਦਾ ਹੈ। ਭਾਰਤ ਲਈ ਜੰਗ-ਬੰਦੀ ਇਸ ਕਰਕੇ ਵੀ ਜ਼ਰੂਰੀ ਹੈ ਕਿ ਉਸ ਦੇ ਲਗਪਗ ਸਾਰੇ ਗੁਆਂਢੀ ਦੇਸ਼ਾਂ ਦੇ ਭਾਰਤ ਨਾਲ ਸੰਬੰਧ ਸਾਜਗਾਰ ਨਹੀਂ ਹਨ।

ਚੀਨ ਹਮੇਸ਼ਾ ਭਾਰਤ ਲਈ ਖ਼ਤਰਾ ਬਣਿਆਂ ਰਹਿੰਦਾ ਭਾਰਤ ਖਾਸ ਤੌਰ 'ਤੇ ਪੰਜਾਬ ਨੇ 1947 ਵਿੱਚ ਦੇਸ ਦੀ ਵੰਡ, 1965 ਚੀਨ ਨਾਲ ਜੰਗ, 1971 ਪਾਕਿਸਤਾਨ ਨਾਲ ਲੜਾਈ, ਕਾਰਗਿੱਲ, ਪੁਲਵਾਮਾ ਤੇ ਹੁਣ ਪਹਿਲਗਾਮ ਦੇ ਭਿਆਨਕ ਨਤੀਜਿਆਂ ਦਾ ਸੰਤਾਪ ਭੋਗਿਆ ਹੈ। ਹਜ਼ਾਰਾਂ ਫੌਜੀਆਂ ਅਤੇ ਸਿਵਲੀਅਨ ਦਾ ਖ਼ੂਨ ਡੁਲ੍ਹਿਆ, ਇਸਤਰੀਆਂ ਵਿਧਵਾ ਹੋਈਆਂ, ਮਾਵਾਂ ਦੇ ਪੁੱਤ ਸ਼ਹੀਦ ਹੋਏ, ਭੈਣਾਂ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਤੋਂ ਰਹਿ ਗਈਆਂ ਤੇ ਬੱਚੇ ਮਾਤਾ ਪਿਤਾ ਤੋਂ ਵਾਂਝੇ ਹੋ ਗਏ। 1971 ਦੀ ਜੰਗ ਵਿੱਚ ਪਾਕਿਸਤਾਨਦਾ ਨੁਕਸਾਨ ਬਹੁਤ ਹੀ ਜਿਜ਼ਆਦ ਹੋਇਆ। ਪਾਕਿਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਬੰਗਲਾ ਦੇਸ ਪਾਕਿਸਤਾਨ ਨਾਲੋਂ ਵੱਖ ਹੋ ਗਿਆ। ਪਾਕਿਸਤਾਨ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਸਦੇ 93000 ਫੌਜੀਆਂ ਨੇ ਜਨਰਲ ਜਗਜੀਤ ਸਿੰਘ ਅਰੋੜਾ ਅੱਗੇ ਹਥਿਆਰ ਸੁੱਟ ਦਿੱਤੇ। ਪਾਕਿਸਤਾਨ ਇਤਨੀ ਬੁਰੀ ਤਰ੍ਹਾਂ ਹਾਰ ਤੇ ਨੁਕਸਾਨ ਕਰਵਾਉਣ ਤੋਂ ਬਾਅਦ ਵੀ ਸੁਧਰਨ ਦਾ ਨਾਮ ਨਹੀਂ ਲੈ ਰਿਹਾ। ਮਨੁੱਖਤਾ ਦਾ ਖ਼ੂਨ ਡੁਲ੍ਹਦਾ ਹੈ। ਅਸਲ ਵਿੱਚ ਪਾਕਿਸਤਾਨ ਵਿੱਚ ਲੋਕਾਂ ਦੀ ਸਰਕਾਰ 'ਤੇ ਫੌਜ ਭਾਰੂ ਹੈ। ਉਥੇ ਫੌਜ ਦੀ ਹੀ ਪੁਗਦੀ ਹੈ। ਫੌਜ ਅਜਿਹੇ ਪੰਗੇ ਛੇੜੀ ਰੱਖਦੀ ਹੈ ਤਾਂ ਜੋ ਸਰਕਾਰ ਨੂੰ ਆਪਣੇ ਥੱਲੇ ਲਾ ਕੇ ਰੱਖ ਸਕੇ। ਜੰਗ ਕੋਈ ਖੇਡ ਨਹੀਂ ਹੁੰਦੀ। ਅੱਤਵਾਦੀਆਂ ਨੂੰ ਵੀ ਪਤਾ ਹੁੰਦਾ ਹੈ ਕਿ ਉਨ੍ਹਾਂ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ ਪ੍ਰੰਤੂ ਪਾਕਿਸਤਾਨ ਸਰਕਾਰ ਦੀ ਪੁਸਸ਼ ਪਨਾਹੀ ਹੋਣ ਕਰਕੇ ਗੁਮਰਾਹ ਹੋ ਕੇ ਫਿਰ ਵੀ ਉਹ ਅਜਿਹੇ ਕੰਮ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਪੰਜਾਬ ਨੇ 1980ਵਿਆਂ ਵਿੱਚ ਪਾਕਿਸਤਾਨ ਦੀ ਸ਼ਹਿ 'ਤੇ ਕਥਿਤ ਅਤਵਾਦੀਆਂ ਤੇ ਸਰਕਾਰਾਂ ਦੀਆਂ ਜ਼ਿਆਦਤੀਆਂ ਦਾ ਸੰਤਾਪ ਭੋਗਿਆ। ਪੰਜਾਬ ਦੀ ਨੌਜਵਾਨੀ ਦਾ ਘਾਣ ਹੋਇਆ। ਇਸੇ ਤਰ੍ਹਾਂ 1984 ਵਿੱਚ ਦਿੱਲੀ ਅਤੇ ਦੇਸ ਦੇ ਹੋਰ ਹਿੱਸਿਆਂ ਵਿੱਚ ਸਿੱਖ ਨਸਲਕੁਸ਼ੀ ਹੋਈ, ਜਿਸ ਦਾ ਦੁੱਖ ਅੱਜ ਤੱਕ ਪੰਜਾਬੀਆਂ/ਸਿੱਖਾਂ ਦੇ ਅੱਲੇ ਜ਼ਖਮਾਂ ਵਿੱਚੋਂ ਰਿਸ ਰਿਹਾ ਹੈ। ਇਨ੍ਹਾਂ ਜੰਗਾਂ ਅਤੇ ਦੁਰਘਟਨਾਵਾਂ ਦਾ ਸਭ ਤੋਂ ਵੱਧ ਨੁਕਸਾਨ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਹੋਇਆ ਹੈ, ਜਿਨ੍ਹਾਂ ਨੇ ਆਪਣੇ ਪਿੰਡੇ ਤੇ ਸਾਰਾ ਕੁਝ ਹੰਢਾਇਆ ਹੈ। ਇਨ੍ਹਾਂ ਪੰਜਾਬੀਆਂ ਨੂੰ ਪੁੱਛੋ ਜੰਗ ਦਾ ਕੀ ਨੁਕਸਾਨ ਹੁੰਦਾ ਹੈ? ਪੰਜਾਬੀ ਜੰਗ-ਬੰਦੀ ਦਾ ਸਵਾਗਤ ਕਰਦੇ ਹਨ। ਉਹ ਦੋਵੇਂ ਦੇਸਾਂ ਦੇ ਸਿਆਸਤਦਾਨਾ ਨੂੰ ਪੰਜਾਬੀਆਂ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਕੂਟਨੀਤਕ ਸੰਬੰਧਾਂ ਨਾਲ ਸਾਰੇ ਮਸਲੇ ਹੱਲ ਕਰਨ। ਕਿਸੇ ਵੀ ਦੇਸ਼ ਦੇ ਲੋਕਾਂ ਦਾ ਖ਼ੂਨ ਅਜਾਈਂ ਨਹੀਂ ਡੁਲ੍ਹਣਾ ਚਾਹੀਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਪ੍ਰੰਤੂ ਭਾਰਤ ਦੀ ਵੀ ਬਹੁਤੀ ਚੰਗੀ ਨਹੀਂ ਉਹ ਵੀ ਕਰਜ਼ਈ ਹੋਇਆ ਪਿਆ ਹੈ। ਸੰਸਾਰ ਦੇ ਵੱਡੇ ਦੇਸ਼ ਆਪੋ ਆਪਣੇ ਹਥਿਆਰ ਵੇਚਣ ਲਈ ਦੋਹਾਂ ਦੇਸਾਂ ਦੀ ਆਰਥਿਕਤਾ ਨੂੰ ਢਾਅ ਲਾ ਰਹੇ ਹਨ। ਰੂਸ ਜਿਸਨੂੰ ਭਾਰਤ ਆਪਣਾ ਹਮਦਰਦ ਕਹਿੰਦਾ ਹੈ, ਉਹ ਪਾਕਿਸਤਾਨ ਨੂੰ ਵੀ ਹਥਿਆਰ ਵੇਚਦਾ ਹੈ। ਹੀਰੋਸੀਮਾ ਤੇ ਨਾਗਾ ਸਾਕੀ ਦੇ ਪ੍ਰਮਾਣੂ ਹਮਲੇ ਦਾ ਭੂਤ ਅਜੇ ਤੱਕ ਮੰਡਰਾ ਰਿਹਾ ਹੈ, ਡੀਫੈਂਸ ਪੜਚੋਲਕਾਰਾਂ ਦੀ ਰਾਏ ਹੈ ਕਿ ਅਮਰੀਕਾ ਭਾਂਪ ਗਿਆ ਸੀ ਕਿ ਜੇਕਰ ਕਿਸੇ ਇੱਕ ਦੇਸ ਨੇ ਅਣਗਹਿਲੀ ਵਰਤ ਲਈ ਤਾਂ ਸੰਸਾਰ ਜੰਗ ਲੱਗ ਸਕਦੀ ਹੈ, ਸੰਸਾਰ ਆਰਥਿਕ ਮੰਦਹਾਲੀ ਵਿੱਚ ਤਾਂ ਪਹੁੰਚੇਗਾ ਹੀ ਪ੍ਰੰਤੂ ਪ੍ਰਮਾਣੂੰ ਖ਼ਤਰਾ ਸਭ ਤੋਂ ਵੱਧ ਨੁਕਸਾਨਦਾਇਕ ਹੋ ਸਕਦਾ ਹੈ, ਕਿਉਂਕਿ ਭਾਰਤ ਤੇ ਪਾਕਿਸਤਾਨ ਦੋਹਾਂ ਦੇਸਾਂ ਕੋਲ ਪ੍ਰਮਾਣੂ ਸ਼ਕਤੀ ਹੈ। ਰੂਸ ਅਤੇ ਯੂਕਰੇਨ ਦੀ ਲੜਾਈ ਖ਼ਤਮ ਹੋਣ ਵਿੱਚ ਨਹੀਂ ਆ ਰਹੀ। ਇਹ ਅਹੰਕਾਰ ਦੀ ਲੜਾਈ ਨਹੀਂ ਸਗੋਂ ਸ਼ਾਂਤੀ ਦਾ ਮਸਲਾ ਹੈ। ਜਿਹੜੇ ਲੋਕ ਸ਼ੋਸ਼ਲ ਮੀਡੀਆ 'ਤੇ ਬੈਠਕੇ ਡੀਂਗਾਂ ਮਾਰ ਰਹੇ ਹਨ ਤੇ ਲੜਾਈ ਜਾਰੀ ਰੱਖਣ ਲਈ ਉਕਸਾ ਰਹੇ ਹਨ, ਉਨ੍ਹਾਂ ਨੂੰ ਜੰਗ ਦੇ ਸੰਤਾਪ ਬਾਰੇ ਤਜਰਬਾ ਨਹੀਂ। ਸਰਹੱਦਾਂ 'ਤੇ ਜਦੋਂ ਸਾਡੇ ਸੈਨਿਕ ਸ਼ਹੀਦ ਹੁੰਦੇ ਹਨ ਤਾਂ ਕਿਤਨੇ ਘਰਾਂ ਵਿੱਚ ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਸ਼ੋਸ਼ਲ ਮੀਡੀਆ ਤੇ ਪੋਸਟਾਂ ਪਾ ਕੇ ਦਮਗਜ਼ੇ ਮਾਰਨੇ ਸੌਖੇ ਹਨ, ਪ੍ਰੰਤੂ ਸਰਹੱਦਾਂ ਤੇ ਜਾ ਕੇ ਲੜਨਾ ਅਤਿ ਮੁਸ਼ਕਲ ਹੁੰਦਾ ਹੈ। ਫੌਜੀ ਭਰਾ ਕੜਾਕੇ ਦੀ ਠੰਡ ਵਿੱਚ ਲੜਦੇ ਹਨ। ਪੀਣ ਲਈ ਪਾਣੀ ਨਹੀਂ ਮਿਲਦਾ, ਬਰਫ ਨੂੰ ਪਿਘਲਾ ਕੇ ਪਾਣੀ ਪੀਂਦੇ ਹਨ। ਅਸੀਂ ਘਰਾਂ ਵਿੱਚ ਬੈਠੇ ਗੱਲਾਂ ਕਰਨ ਜੋਗੇ ਹਾਂ। ਇਸਤੋਂ ਇਲਾਵਾ ਜਿਹੜੇ ਸਰਹੱਦੀ ਪਿੰਡਾਂ ਦੇ ਲੋਕ ਕਿਸਾਨ ਰਹਿੰਦੇ ਹਨ, ਉਨ੍ਹਾਂ ਨੂੰ ਪੁੱਛੋ ਕਿਵੇਂ ਉਨ੍ਹਾਂ ਦੇ ਸਿਰਾਂ 'ਤੇ ਮੌਤ ਦਾ ਸਾਇਆ ਲਟਕਦਾ ਰਹਿੰਦਾ ਹੈ। ਉਹ ਹਮੇਸ਼ਾ ਤਲਵਾਰ ਦੀ ਨੋਕ 'ਤੇ ਜ਼ਿੰਦਗੀ ਬਸਰ ਕਰ ਰਹੇ ਹਨ। ਹਰ ਵਕਤ ਮੌਤ ਦਾ ਡਰ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਟੀ ਵੀ ਅਤੇ ਵੈਬ ਚੈਨਲਾਂ ਵਾਲਿਆਂ ਨੂੰ ਵੀ ਕੜਕ-ਕੜਕ ਕੇ ਲੋਕਾਂ ਨੂੰ ਉਕਸਾਉਣਾ ਨਹੀਂ ਚਾਹੀਦਾ। ਗ਼ਲਤ ਤੇ ਗੁੰਮਰਾਹਕੁਨ ਬਿਨਾ ਕਨਫਰਮ ਕੀਤੇ ਖ਼ਬਰਾਂ ਵੀ ਨਹੀਂ ਲਗਾਉਣੀਆਂ ਚਾਹੀਦੀਆਂ। ਅਖ਼ਬਾਰਾਂ ਦੇ ਪ੍ਰਤੀਨਿਧਾਂ ਨੂੰ ਵੀ ਖ਼ਬਰਾਂ ਭੇਜਣ ਲੱਗੇ ਸੁਣੀਆਂ ਸੁਣਾਈਆਂ ਖ਼ਬਰਾਂ ਨਹੀਂ ਲਗਾਉਣੀਆਂ ਚਾਹੀਦੀਆਂ।

ਕੁਝ ਦੇਸ ਵਿਰੋਧੀ ਲੋਕ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ, ਜਿਹੜੀਆਂ ਲੋਕਾਂ ਵਿੱਚ ਡਰ ਪੈਦਾ ਕਰਦੀਆਂ ਹਨ। ਇਸ ਲਈ ਸਾਰਿਆਂ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ। ਪਹਿਲਗਾਮ ਵਿਖੇ ਮਾਰੇ ਗਏ ਸੈਲਾਨੀਆਂ ਦਾ ਦੁੱਖ ਹਰ ਭਾਰਤੀ ਨੂੰ ਹੈ, ਪ੍ਰੰਤੂ ਸਮੇਂ ਦੀ ਨਜ਼ਾਕਤ ਅਤੇ ਦੇਸ ਦੀ ਸਰਕਾਰ ਦੀਆਂ ਹਦਾਇਤਾਂ ਦੀ ਪਹਿਰੇਦਾਰੀ ਕਰਨਾ ਹਰ ਭਾਰਤੀ ਦਾ ਫ਼ਰਜ਼ ਬਣਦਾ ਹੈ।

-94178 13072
ujagarsingh48@yahoo.com

'ਅਪ੍ਰੇਸ਼ਨ ਸਿੰਧੂਰ' ਕਰਨਾ ਬਿਲਕੁਲ ਜ਼ਾਇਜ ਸੀ ਪ੍ਰੰਤੂ ਇਸ ਨਾਲ ਬਦਲਾ ਤਾਂ ਲੈ ਲਿਆ ਪ੍ਰੰਤੂ ਜੇਕਰ ਜੰਗ ਜ਼ਾਰੀ ਰਹਿੰਦੀ ਤਾਂ ਬਹੁਤ ਸਾਰੀਆਂ ਇਸਤਰੀਆਂ ਦੇ ਸਿੰਧੂਰ ਲਹਿ ਜਾਣੇ ਸਨ। 10 ਮਈ ਨੂੰ ਸ਼ਾਮ 5-00 ਵਜੇ ਅਮਰੀਕਾ ਦੀ ਵਿਚੋਲਗੀ ਨਾਲ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਨੇ ਐਲਾਨ ਕਰ ਦਿੱਤਾ, ਇਸ ਤੋਂ ਬਾਅਦ ਸ਼ੋਸ਼ਲ ਮੀਡੀਆ 'ਤੇ ਦੋਹਾਂ ਦੇਸ਼ਾਂ ਵੱਲੋਂ ਆਪੋ ਆਪਣੀ ਜਿੱਤ ਦੇ ਦਾਅਵੇ ਹੋਣ ਲੱਗ ਪਏ। ਭਾਰਤ ਵਿੱਚ ਕੁਝ ਲੋਕਾਂ ਨੇ ਜੰਗ-ਬੰਦੀ ਦਾ ਸਵਾਗਤ ਕੀਤਾ, ਪ੍ਰੰਤੂ ਕੁਝ ਲੋਕਾਂ ਨੇ ਭਾਰਤ ਵੱਲੋਂ ਅਮਰੀਕਾ ਦੀ ਵਿਚੋਲਗੀ 'ਤੇ ਸਵਾਲ ਚੁੱਕਦਿਆਂ ਇਸਨੂੰ ਭਾਰਤ ਦੇ ਹਿੱਤ ਵਿਰੁੱਧ ਕਿਹਾ, ਸਗੋਂ ਇਸਨੂੰ ਭਾਰਤ ਦੀ ਹਾਰ ਦੇ ਰੂਪ ਵਿੱਚ ਪ੍ਰਚਾਰਿਆ ਗਿਆ।

# ਸਰਹਿੰਦ ਫ਼ਤਿਹ ਦਿਵਸ ਤਾਰੀਖ ਬਨਾਮ ਪ੍ਰਵਿਸ਼ਟਾ

– ਲੇਖਕ–
ਸਰਵਜੀਤ ਸਿੰਘ ਸੈਕਰਾਮੈਂਟੋ



ਸਿੱਖ ਰਾਜ ਦਾ ਬਾਨੀ ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਸਾਹਿਬ ਜੀ ਦੇ ਥਾਪੜੇ ਨਾਲ ਦੱਖਣ ਤੋਂ ਤਾਂ ਪੰਜ ਸਿੰਘਾ ਦੇ ਨਾਲ ਹੀ ਤੁਰਿਆਂ ਸੀ ਪਰ, ਪੰਜਾਬ ਤਾਈ ਪਹੁੰਚਦਿਆਂ ਉਸ ਦੇ ਕਾਫਲੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰਬੰਦ ਸਿੱਖ ਵਿੱਚ ਸ਼ਾਮਿਲ ਹੋ ਚੁੱਕੇ ਸਨ। ਬਾਬਾ ਬੰਦਾ ਬਹਾਦਰ ਵੱਲੋਂ ਪਹਿਲੀ ਕਾਰਵਾਈ, ਖਰਖੋਂਦਾ ਦੇ ਇਲਾਕੇ (ਸੋਨੀਪਤ ਅਤੇ ਰੋਹਤਕ ਦਾ ਇਲਾਕਾ) ਵਿੱਚ, ਸਰਕਾਰੀ ਸ਼ਹਿ ਤੇ ਲੁੱਟ ਮਾਰ ਕਰਨ ਵਾਲਿਆਂ ਖਿਲਾਫ਼ ਕੀਤੀ ਸੀ। ਇਥੋਂ ਸੋਨੀਪਤ ਅਤੇ ਕੈਥਲ ਦਾ ਪ੍ਰਬੰਧ ਖਾਲਸਾ ਪੰਚਾਇਤ ਦੇ ਹਵਾਲੇ ਕਰਕੇ, ਖਾਲਸਾ ਲਸ਼ਕਰ ਸਮਾਣੇ ਆ ਗਰਜਿਆ। ਇਥੋਂ ਦਾ ਪ੍ਰਬੰਧ ਭਾਈ ਫ਼ਤਿਹ ਸਿੰਘ ਨੂੰ ਸੌਂਪ ਕੇ, ਖਾਲਸਾ ਫੌਜਾਂ ਘੁਮਾੜ ਹੁੰਦੀਆਂ ਹੋਈਆਂ ਸਢੌਰੇ ਆ ਪੁੱਜੀਆਂ। ਇਥੋਂ ਦੇ ਕਿਲੇ ਤੇ ਕਬਜਾ ਕਰਕੇ, ਨਿਸ਼ਾਨ ਸਾਹਿਬ ਝੁਲਾ ਦਿੱਤਾ। ਇਸ ਸਮੇਂ ਦੌਰਾਨ ਬੰਦਾ ਸਿੰਘ ਬਹਾਦਰ ਦੀ ਫੌਜੀ ਅਤੇ ਆਰਥਿਕ ਤਾਕਤ ਵਿੱਚ ਅਥਾਹ ਵਾਧਾ ਹੋ ਚੁੱਕਾ ਸੀ। ਹੁਣ ਇਸ ਤੋਂ ਅਗਲਾ ਨਿਸ਼ਾਨ ਸੀ ਸਰਹਿੰਦ। ਖਾਲਸਾ ਫੌਜਾਂ ਦਾ ਰਾਹ ਰੋਕਣ ਲਈ, ਵਜ਼ੀਰ ਖਾਨ ਦੀਆਂ ਫੌਜਾਂ ਨੇ ਚੱਪੜ ਚਿੜੀ (ਛੱਪੜ ਅਤੇ ਝਿੜੀ) ਦੇ ਮੈਦਾਨ ਵਿੱਚ ਮੋਰਚਾ ਆ ਮੱਲਿਆ।

ਸਿੱਖ ਇਤਿਹਾਸ ਵਿੱਚ ਸਭ ਤੋਂ ਮਹੱਤਵ ਪੂਰਨ ਲੜਾਈ ਚੱਪੜ ਚਿੜੀ ਦੇ ਮੈਦਾਨ ਵਿੱਚ 12 ਮਈ 1710 ਈ: (ਜੂਲੀਅਨ) ਨੂੰ ਹੋਈ ਸੀ, ਜਿਸ ਵਿੱਚ ਮੁਗਲ ਫੌਜਾ ਨੂੰ ਲੱਕ-ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਜਿੱਤ ਨੇ ਖਾਲਸਾ ਰਾਜ ਦਾ ਮੁੱਢ ਬੰਨਿਆਂ ਸੀ। ਡਾ ਸੁਖਦਿਆਲ ਸਿੰਘ ਨੇ ਇਹ ਤਾਰੀਖ 22 ਮਈ 1710 ਈ; ਲਿਖੀ ਹੈ। (ਬੰਦਾ ਬਹਾਦਰ ਦਾ ਇਤਿਹਾਸਕ ਅਧਿਐਨ ਪੰਨਾ 111) ਚੱਪੜ ਚਿੜੀ ਦੀ ਲੜਾਈ ਦੀ ਤਾਰੀਖ ਸਰਕਾਰੀ ਕੈਲੰਡਰ ਮੁਤਾਬਕ 24 ਰਬਿਉਲ ਅਵਲ ਸੰਮਤ 1122 ਹਿਜਰੀ ਲਿਖੀ ਮਿਲਦੀ ਹੈ। Later Mughals ਦੇ ਕਰਤਾ Wililam Irvine (1840-1911) ਨੇ ਵੀ ਇਹ ਤਾਰੀਖ ਹੀ ਲਿਖੀ ਹੈ, "This was on the 24 Raib I , 1122 (22nd May 1710) " (Page 95)। ਯਾਦ ਰਹੇ ਵਿਲੀਅਮ ਇਰਵਿਨ ਪਹਿਲੇ ਪੰਨੇ ਉੱਪਰ ਹੀ ਅੰਗਰੇਜੀ ਤਾਰੀਖ ਦੇ ਨਾਲ 'New Style' ਲਿਖਿਆ ਹੈ ਜਿਸ ਦਾ ਭਾਵ ਹੈ ਗਰੈਗੋਰੀਅਨ ਕੈਲੰਡਰ । ਹੁਣ ਜੇ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ ਸ਼ਨਿਚਰਵਾਰ, 13 ਮਈ, 1710 ਈ: (ਜੂਲੀਅਨ) ਬਣਦੀ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ ਕਿ 12 ਮਈ ਸਹੀ ਹੈ ਜਾਂ 13, ਮਈ ਹੈ? ਹਿਜਰੀ ਕੈਲੰਡਰ ਵਿੱਚ ਮਹੀਨੇ ਦਾ ਆਰੰਭ ਚੰਦ ਦੇ ਵਿਖਾਈ ਦੇਣ (Observaitonal) ਨਾਲ ਹੁੰਦਾ ਹੈ। ਨਾ ਕਿ ਗਿਣਤੀਆਂ-ਮਿਣਤੀਆਂ (Arithmeitc) ਨਾਲ। ਇਸ ਲਈ ਇਕ ਦਿਨ ਦਾ ਫਰਕ ਹੈ। ਡਾ ਹਰਚੰਦ ਸਿੰਘ ਸਰਹੱਦੀ ਨੇ ਆਪਣੀ ਕਿਤਾਬ ਵਿੱਚ ਦਿਨ "ਜੁਮਾ" (ਸ਼ੁਕਰਵਾਰ) ਵੀ ਲਿਖਿਆ ਹੋਇਆ ਹੈ। ਇਸ ਲਈ 12 ਮਈ (ਸ਼ੁਕਰਾਵਾਰ) ਨੂੰ ਹੀ ਸਹੀ ਮੰਨ ਕੇ ਚਲਦੇ ਹਾਂ।

ਕਿਉਂਕਿ ਇਹ ਤਾਰੀਖ ਸਤੰਬਰ 1752 ਈ: ਤੋਂ ਪਹਿਲਾ ਦੀ ਹੈ। ਇਸ ਲਈ ਇਹ ਜੂਲੀਅਨ ਕੈਲੰਡਰ ਅਨੁਸਾਰ ਹੈ। ਭਾਵੇਂ ਰੋਮ ਵਾਸੀਆਂ ਨੇ ਅਕਤੂਬਰ, 1582 ਈ: ਵਿੱਚ ਜੂਲੀਅਨ ਕੈਲੰਡਰ ਵਿੱਚ ਸੋਧ ਕਰਕੇ ਗਰੈਗੋਰੀਅਨ ਕੈਲੰਡਰ ਬਣਾ ਲਿਆ ਸੀ, ਪਰ ਇੰਗਲੈਂਡ ਨੇ ਇਸ ਸੋਧ ਨੂੰ 1752 ਈ: ਵਿੱਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿੱਚ ਅੰਗਰੇਜਾਂ ਦੇ ਆਉਣ ਨਾਲ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਆਪਣੇ ਦੇਸ਼ ਵਿੱਚ ਜੂਲੀਅਨ ਕੈਲੰਡਰ ਕਦੇ ਵੀ ਲਾਗੂ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਅਨੁਸਾਰ ਇਤਿਹਾਸਕ ਦਿਹਾੜੇ ਕਿਵੇਂ ਮਨਾਏ ਜਾ ਸਕਦੇ ਹਨ? ਹੁਣ ਜੇ ਇਸ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ 14 ਜੇਠ ਸੰਮਤ 1767 ਬਿਕ੍ਰਮੀ ਬਣਦੀ ਹੈ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਚੱਪੜ ਚਿੜੀ ਦੇ ਮੈਦਾਨ ਵਿੱਚ ਯੁੱਧ 14 ਜੇਠ ਸੰਮਤ 1767 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਹੋਇਆ ਸੀ। 16 ਜੇਠ ਨੂੰ ਸਰਹਿੰਦ ਉੱਪਰ ਕਬਜਾ ਕੀਤਾ ਗਿਆ ਸੀ। ਪਰ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਪਿਛਲੇ ਕਈ ਸਾਲਾਂ ਦੇ ਕੈਲੰਡਰ ਵਿੱਚ "ਬਾਬਾ ਬੰਦਾ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ" 12 ਮਈ ਦਾ ਦਰਜ ਕੀਤਾ ਜਾਂਦਾ ਹੈ। ਸੰਮਤ 546 ਨਾਨਕਸ਼ਾਹੀ ਦੇ ਕੈਲੰਡਰ ਵਿੱਚ 'ਸਰਹਿੰਦ ਫ਼ਤਿਹ ਦਿਵਸ" 14 ਮਈ ਦਾ ਦਰਜ ਹੈ। ਜੋ ਕੇ ਸਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਲ ਇਹ ਦਿਹਾੜੇ 10 ਤੋਂ 12 ਮਈ ਤੀਕ ਮਨਾਏ ਜਾ ਰਹੇ ਹਨ।

ਬਾਬਾ ਬੰਦਾ ਬਹਾਦਰ ਦੀ ਸ਼ਹੀਦੀ 11 ਹਾੜ ਸੰਮਤ 1773 ਬਿਕ੍ਰਮੀ, 29 ਜਮਾਦੀ ਉਲ ਸਾਨੀ 1129 ਹਿਜਰੀ, ਦਿਨ ਸ਼ਨਿਚਰਵਾਰ ਨੂੰ ਹੋਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਇਹ ਦਿਹਾੜਾ ਹਰ 11 ਹਾੜ ਦਾ ਹੀ ਦਰਜ ਹੈ। ਹੁਣ ਜੇ ਇਸ ਪ੍ਰਵਿਸ਼ਟੇ ਨੂੰ ਤਾਰੀਖ ਵਿਚ ਬਦਲੀ ਕਰੀਏ ਤਾਂ ਇਹ 9 ਜੂਨ, 1716 ਈ: (ਜੂਲੀਅਨ) ਬਣਦੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ, ਸਰਹਿੰਦ ਫ਼ਤਿਹ ਦਿਵਸ ਤਾਂ ਅੰਗਰੇਜੀ ਤਾਰੀਖਾਂ ਮੁਤਾਬਕ ਮਨਾਉਂਦੀ ਹੈ। ਅਤੇ ਬਾਬਾ ਬੰਦਾ ਬਹਾਦਰ ਦਾ ਸ਼ਹੀਦੀ ਦਿਹਾੜਾ ਪ੍ਰਵਿਸ਼ਟਿਆਂ ਮੁਤਾ-ਬਕ। ਹੁਣ ਇਹ ਇਸ ਸਵਾਲ ਦਾ ਜਵਾਬ ਕੌਣ ਦੇਵੇਗਾ ਕਿ ਇਹ ਦੋਵੇਂ ਦਿਹਾੜੇ ਇਕੋ ਕੈਲੰਡਰ ਮੁਤਾਬਕ, 12 ਮਈ ਅਤੇ 9 ਜੂਨ (ਤਾਰੀਖਾਂ ਮੁਤਾਬਕ) ਜਾਂ 14 ਜੇਠ ਅਤੇ 11 ਹਾੜ ( ਪ੍ਰਵਿਸ਼ਟਿਆਂ) ਮੁਤਾਬਕ ਕਿਉ ਨਹੀਂ ਮਨਾਏ ਜਾ ਸਕਦੇ?

# ★ ਮਿੰਨੀ ਕਹਾਣੀਆਂ ★

## ਬੇਗਾਨਾ ਘਰ

ਗੁਰਜੀਤ ਨੇ ਪਿੰਡ ਦੇ ਬਾਹਰਵਾਰ ਨਵੀਂ ਕੋਠੀ ਬਣਾਉਣ ਦਾ ਫੈਸਲਾ ਕੀਤਾ ਅਤੇ ਉਸ ਨੇ ਆਪਣੀ ਘਰਵਾਲੀ ਬੰਸੋ ਨਾਲ਼ ਸਲਾਹ ਕਰਕੇ ਸ਼ਹਿਰੋਂ ਇੱਕ ਨਕਸ਼ਾ ਬਣਵਾ ਲਿਆ। ਘਰ ਦੇ ਵਿਹੜੇ ਵਿੱਚ ਸਾਰਾ ਪਰਿਵਾਰ ਬੜੇ ਈ ਚਾਅ ਨਾਲ਼ ਨਕਸ਼ੇ ਵੱਲ ਵੇਖ ਰਿਹਾ ਸੀ। ਦੋਵੇਂ ਬੱਚਿਆਂ ਦੇ ਚਿਹਰੇ ਵੀ ਖੁਸ਼ੀ ਨਾਲ਼ ਫੁੱਲੇ ਨਹੀਂ ਸਮਾ ਰਹੇ ਸਨ। ਰੀਝ ਲਾ ਕੇ ਨਕਸ਼ਾ ਦੇਖਦੀ ਹੋਈ ਗੁਰਜੀਤ ਦੀ ਬੇਟੀ ਬਲਜੀਤ ਕਹਿਣ ਲੱਗੀ, ਹਾਅ ਪਾਪਾ !! ਕਿੰਨਾ ਸੋਹਣਾ ਘਰ ਬਣੂ ਆਪਣਾ ! ਆਹ ਮੂਹਰੇ ਆਲ਼ਾ ਕਮਰਾ ਤਾਂ ਮੈ ਰੱਖੂੰਗੀ, ਨਾਲ਼ੇ ਓਹ ਉਤਲਾ ਚੁਬਾਰਾ ਵੀਂ !!"

ਇਹ ਸੁਣਦੇ ਹੀ ਪੁੱਤਰ ਮਨਜੋਤ ਬੋਲਿਆ, "ਵੱਡੀ ਆਈ ਐਂ !! ਅੰਏਂ ਕਿਵੇਂ ਤੂੰ ਰੱਖੇਂਗੀ !! ਓਹ ਚੁਬਾਰਾ ਤਾਂ ਬਈ ਮੇਰਾ ਐ"

"ਫੇਰ ਬਈ ਹੇਠਾਂ ਆਲ਼ੇ ਸਾਰੇ ਕਮਰੇ ਮੇਰੇ !!" ਬਲਜੀਤ ਮੇਰ ਮਾਰਦਿਆਂ ਬੋਲੀ।

"ਇੱਕ ਕਮਰਾ ਮੈਂ ਹੇਠਾਂ ਤੋਂ ਵੀ ਲਊਂਗਾ, ਦਿੰਨਾਂ ਤੈਨੂੰ ਸਾਰੇ ਕਮਰੇ ! ਭੂਤਨੀ ਜੀ ਨਾ ਹੋਵੇ !! "

ਮਨਜੋਤ ਨੂੰ ਗੁੱਸੇ ਵਿੱਚ ਆਏ ਨੂੰ ਦੇਖ ਕੇ ਬੰਸੋ ਘੂਰਦੀ ਹੋਈ ਬੋਲੀ, "ਕਿਉਂ ਐਵੀਂ ਜਵਾਕੜੀ ਨਾਲ਼ ਲੜੀ ਜਾਨਾਂ, ਅਕਲ ਨਹੀਂ ਤੈਨੂੰ ? ਸਾਰਾ ਘਰ ਈ ਤੇਰਾ ਐ !!, ਪੰਜ-ਸੱਤ ਸਾਲਾਂ ਨੂੰ ਏਹ ਤਾਂ ਵਿਚਾਰੀ ਨੇ ਤੁਰ ਜਾਣਾ ਬੇਗਾਨੇ ਘਰੇ, ਸਾਂਭ ਲਈਂ ਫੇਰ ਆਪਦਾ ਸਾਰਾ ਘਰ !! "

"ਫੇਰ ਕੀ ਫੈਦਾ ! ਫੇਰ ਤਾਂ ਮੈਂ ਵੀ ਨੀਂ ਐਥੇ ਰਹਿਣਾ !!" ਮਨਜੋਤ ਭੁਸਕਦਾ ਬੋਲਿਆ। "ਹੈਂ ਪੁੱਤ !! ਤੈਂ ਹੋਰ ਕਿੱਥੇ ਰਹਿਣਾ ?" ਬੰਸੋ ਤ੍ਰਭਕ ਕੇ ਬੋਲੀ।

ਅੱਗੋਂ ਮਨਜੋਤ ਅੱਖਾਂ ਪੂੰਝਦਾ ਬੋਲਿਆ, "ਬੀਬੀ !! ਮੈਂ ਤਾਂ ਪੜ੍ਹ ਕੇ, ਬਾਹਰਲੇ ਦੇਸ਼ ਜਾਊਂ, ਉਥੇ ਈ ਆਪਣਾ ਨਵਾਂ ਘਰ ਬਣਾਊਂਗਾ !! ਐਹ ਘਰੇ ਤਾਂ ਤੁਸੀਂ ਦੋਵਾਂ ਨੇ ਹੀ ਰਹਿ ਜਾਣਾ ਐ"।

ਮਾਸਟਰ ਸੁਖਵਿੰਦਰ ਦਾਨਗੜ੍ਹ

## ਵਰਤ

'ਜਾਗਰਾ, ਕੀ ਗੱਲ ਅੱਜ ਜੱਸੀ ਤੇ ਰਾਣੀ ਨ੍ਹੀ ਦਿੱਸਦੀਆਂ ਕਿਤੇ, ਸੁੱਖ ਤਾਂ ਹੈ' ਸਰਪੰਚ ਗੁਰਮੀਤ ਸਿੰਘ, ਮਨਰੇਗਾ ਮਜ਼ਦੂਰ ਜਾਗਰ ਨੂੰ ਬੋਲਿਆ।

'ਸਰਪੰਚ ਸਾਹਬ, ਅੱਜ ਉਨ੍ਹਾਂ ਦੋਵਾਂ ਨੇ ਵਰਤ ਰੱਖਿਆ ਹੋਇਆ ਏ, ਤਾਂ ਕਰਕੇ ਉਨ੍ਹਾਂ ਨੇ ਅੱਜ ਕੰਮ 'ਤੇ ਨ੍ਹੀ ਆਉਣਾ' ਜਾਗਰ ਬੋਲਿਆ।

'ਜਾਗਰਾ, ਮੈਨੂੰ ਇਕ ਗੱਲ ਦੀ ਸਮਝ ਨ੍ਹੀ ਆਉਂਦੀ, ਇਹ ਲੋਕ ਅਨਾਜ ਦਾ ਹੀ ਵਰਤ ਕਿਉਂ ਰੱਖਦੇ ਨੇ, ਕਦੇ-ਕਦੇ ਲੋਭ-ਲਾਲਚ, ਨਿੰਦਿਆਂ-ਚੁਗਲੀ, ਝੂਠ-ਫਰੇਬ, ਕਾਮ-ਕਰੋਧ ਅਤੇ ਭੈੜੇ ਵਿਚਾਰਾਂ ਦਾ ਵੀ ਤਾਂ ਵਰਤ ਰੱਖਣਾ ਚਾਹੀਦਾ ਹੈ'।

ਏਨਾ ਕਹਿ ਕੇ ਸਰਪੰਚ ਗੁਰਮੀਤ ਸਿੰਘ ਆਏ ਹੋਏ ਮਜ਼ਦੂਰਾਂ ਦੀ ਰਜਿਸਟਰ ਵਿੱਚ ਹਾਜ਼ਰੀ ਲਗਾਉਣ ਲੱਗ ਪਿਆ।

ਤਸਵਿੰਦਰ ਸਿੰਘ ਬੜੈਚ

## ਅੰਬੀਆਂ

ਓਹਨਾ ਵੇਲਿਆਂ ਵਿੱਚ ਕੱਚੀਆਂ ਅੰਬੀਆਂ ਪਸ਼ੇਰੀ (ਪੰਜ ਸੇਰ ਮਤਲੱਬ ਪੰਜ ਕਿੱਲੋ) ਦੇ ਹਿਸਾਬ ਨਾਲ ਮਿਲਦੀਆਂ ਸਨ। ਮਾਤਾ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਾਪਾ ਜੀ ਪਸ਼ੇਰੀ ਯ ਦੋ ਪਸ਼ੇਰੀ ਅੰਬੀਆਂ ਸ਼ਹਿਰੋ ਲਿਆਉਂਦੇ। ਫਿਰ ਮਾਤਾ ਜੀ ਅੰਬੀਆਂ ਨੂੰ ਰਗੜ ਰਗੜ ਕੇ ਧੋਂਦੇ ਤੇ ਸਕਾਉਂਦੇ। ਅਗਲੇ ਦਿਨ ਪਾਪਾ ਜੀ ਸ਼ਰੀਫ ਲੋਹਾਰ ਤੋਂ ਤੇਸਾ ਲਿਆਉਂਦੇ। ਬੋਰੀ ਵਿਛਾ ਕੇ ਅੰਬੀਆਂ ਕੱਟਦੇ। ਅਸੀ ਤਿੰਨੋ ਭੈਣ ਭਰਾ ਬੋਰੀ ਦੇ ਲਾਗੇ ਬੈਠਦੇ। ਸਾਡੀ ਅੱਖ ਕਿਸੇ ਪੀਲੀ ਯ ਪੋਲੀ ਜਿਹੀ ਅੰਬੀ ਤੇ ਹੁੰਦੀ। ਕਿਉਂਕਿ ਪੀਲੀਆਂ ਅੰਬੀਆਂ ਖਟ ਮਿਠੀਆਂ ਹੁੰਦੀਆਂ ਹਨ। ਜੇ...ਕੋਈ ਪੀਲੇ ਰੰਗ ਦੀ ਅੰਬੀ ਨਜ਼ਰ ਪੈਂਦੀ ਤਾਂ ਝਪਟ ਕੇ ਪੈਂਦੇ ਕਿ ਬਣ ਗਈ ਮੌਜ਼। ਪਾਪਾ ਜੀ ਵਰਜਦੇ ਕਿ ਕਿਤੇ ਤੈਸਾ ਹੀ ਨਾ ਵੱਜ ਜਾਵੇ। ਪਰ ਓਦੋਂ ਕਿਹੜਾ ਘਰੇ ਮਿੱਠੇ ਅੰਬ ਵਾਧੂ ਆਉਂਦੇ ਸਨ। ਖੱਟੀਆਂ ਅੰਬੀਆਂ ਚੂਸਕੇ ਗੁਜਾਰਾ ਕਰਦੇ।

ਫਿਰ ਇੱਕ ਵਾਰੀ ਅਸੀਂ ਚੰਡੀਗੜ੍ਹ ਗਏ ਵੇਖਿਆ ਲੋਕ ਕਿੱਲੋ ਯ ਦੋ ਕਿਲੋ ਅੰਬੀਆਂ ਲੈਕੇ ਓਥੋਂ ਹੀ ਕਟਵਾ ਰਹੇ ਸਨ।

ਅੱਜ ਕੱਲ੍ਹ ਹੁਣ ਛੋਟੇ ਸ਼ਹਿਰਾਂ ਵਿੱਚ ਅੰਬੀਆਂ ਬਜ਼ਾਰੋ ਹੀ ਕੱਟੀਆਂ ਮਿਲ ਜਾਂਦੀਆਂ ਹਨ। ਤੇ ਹਰ ਸ਼ਹਿਰ ਹੀ ਚੰਡੀਗੜ੍ਹ ਬਣਿਆ ਪਿਆ ਹੈ। ਊਂ ਗੱਲ ਆ ਇੱਕ।-

ਰਮੇਸ਼ ਸੇਠੀ ਬਾਦਲ

## ਘੱਟ ਪੜ੍ਹਿਆ ਮੁੰਡਾ

ਜਰਨੈਲ ਸਿੰਘ ਨੇ ਆਪਣੀ ਲੜਕੀ ਬਲਵਿੰਦਰ ਦੇ ਵਿਆਹ ਦਾ ਕਾਰਡ ਆਪਣੇ ਪਿੰਡ ਦੇ ਸਰਕਾਰੀ ਹਾਈ ਸਕੂਲ ਦੇ ਮੁਖੀ ਨੂੰ ਫੜਾਂਦਿਆਂ ਆਖਿਆ," ਸਾਹਿਬ ਜੀ, ਆ ਲਉ ਬਲਵਿੰਦਰ ਦੇ ਵਿਆਹ ਦਾ ਕਾਰਡ। ਮੈਂ ਸੋਚਿਆ, ਉਸ ਦੇ ਵਿਆਹ ਦਾ ਕਾਰਡ ਮੈਂ ਤੁਹਾਨੂੰ ਆਪ ਦੇ ਕੇ ਆਉਨਾ। ਉਹ ਤੁਹਾਡੇ ਸਕੂਲੋਂ ਪੜ੍ਹੀ ਜੁ ਹੋਈ।"

ਵਿਆਹ ਦਾ ਕਾਰਡ ਲੈਂਦਿਆਂ ਸਕੂਲ ਮੁਖੀ ਨੇ ਜਰਨੈਲ ਸਿੰਘ ਨੂੰ ਆਖਿਆ, "ਮੁੰਡਾ ਕਿੰਨਾ ਕੁ ਪੜ੍ਹਿਆ ਹੋਇਐ ਤੇ ਕੰਮ ਕੀ ਕਰਦੈ ?"

"ਸਾਹਿਬ ਜੀ, ਮੁੰਡਾ ਦਸਵੀਂ ਪਾਸ ਐ। ਸੋਹਣਾ, ਸੁਨੱਖਾ ਤੇ ਉੱਚਾ, ਲੰਮਾ ਐ ਤੇ ਆਪਣੇ ਡੈਡੀ ਨਾਲ ਖੇਤੀ ਕਰਦੈ।"

"ਪਰ ਏਨੇ ਘੱਟ ਪੜ੍ਹੇ ਮੁੰਡੇ ਨਾਲ ਬਲਵਿੰਦਰ ਦਾ ਵਿਆਹ ਕਰਨ ਦੀ ਤੁਹਾਨੂੰ ਕੀ ਲੋੜ ਐ। ਨਾਲੇ ਕਹਿੰਦੇ, ਤੁਹਾਡੀ ਬਲਵਿੰਦਰ ਤਾਂ ਐੱਮ ਏ ਕਰਦੀ ਐ।"

"ਸਾਹਿਬ ਜੀ, ਮੁੰਡਾ ਪੜ੍ਹਿਆ ਚਾਹੇ ਘੱਟ ਐ, ਪਰ ਉਸ ਦਾ ਘਰ-ਬਾਰ ਬੜਾ ਚੰਗਾ ਐ। ਉਸ ਦੀਆਂ ਦੋ ਭੈਣਾਂ ਇਟਲੀ 'ਚ ਐ। ਮੁੰਡੇ ਦਾ ਇਟਲੀ ਜਾਣ ਦਾ ਤੁੱਕਾ ਲੱਗ ਸਕਦੈ। ਜੇ ਨਾ ਵੀ ਲੱਗੇ, ਤਾਂ ਵੀ ਕੋਈ ਗੱਲ ਨਹੀਂ। ਮੁੰਡੇ ਦੇ ਹਿੱਸੇ ਪੂਰੇ ਦਸ ਕਿੱਲੇ ਜ਼ਮੀਨ ਦੇ ਆਂਦੇ ਐ। ਸਾਡੀ ਬਲਵਿੰਦਰ ਉਸ ਦੇ ਘਰ ਭੁੱਖੀ ਨੀ ਮਰਨ ਲੱਗੀ।" ਇਹ ਕਹਿ ਕੇ ਜਰਨੈਲ ਸਿੰਘ ਛੇਤੀ ਨਾਲ ਸਕੂਲ ਮੁਖੀ ਦੇ ਦਫ਼ਤਰ ਵਿੱਚੋਂ ਬਾਹਰ ਆ ਗਿਆ।-ਮਹਿੰਦਰ ਸਿੰਘ ਮਾਨ

# ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਖ਼ਾਲਸਾ ਰਾਜ ਦੀ ਨੀਂਹ ਰੱਖੀ



## ਸਰਹੰਦ ਫਤਿਹ ਦਿਵਸ 'ਤੇ ਵਿਸ਼ੇਸ਼


**ਡਾ. ਚਰਨਜੀਤ ਸਿੰਘ ਗੁਮਟਾਲਾ**

91 9417533060

gumtalacs@gmail.com




ਨਾਂਦੇੜ ਦੇ ਕਿਆਮ ਦੌਰਾਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦੁਰ ਨੂੰ ਪੰਜਾਬ ਵੱਲ ਸਿੱਖਾਂ ਦਾ ਜਥੇਦਾਰ ਥਾਪ ਕੇ ਰਵਾਨਾ ਕੀਤਾ ਸੀ। ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਆਪਣੇ ਭੱਥੇ ਦੇ ਪੰਜ ਤੀਰ, ਪੰਜ ਪਿਆਰਿਆਂ ਦੇ ਰੂਪ ਵਿੱਚ ਭਾਈ ਬਾਜ਼ ਸਿੰਘ, ਭਾਈ ਕਾਹਨ ਸਿੰਘ, ਭਾਈ ਬਿਨੋਦ ਸਿੰਘ, ਭਾਈ ਰਣ ਸਿੰਘ ਅਤੇ ਭਾਈ ਦਇਆ ਸਿਘ, ਪੰਜੀ ਸਿੰਘਾਂ ਦਾ ਇੱਕ ਜੱਥਾ, ਇੱਕ ਨਿਸ਼ਾਨ ਸਾਹਿਬ, ਇੱਕ ਨ.ਗਾਰਾ, ਪੰਜਾਬ ਦੇ ਪ੍ਰਮੁੱਖ ਸਿੰਘਾਂ ਦੇ ਨਾਂ ਹੁਕਮਨਾਮੇ ਦੇ ਕੇ ਰਵਾਨਾ ਕੀਤਾ। ਅਜੇ ਬੰਦਾ ਸਿੰਘ ਅਤੇ ਸਿੰਘਾਂ ਨੇ ਵੀਹ ਕੋਹ (60 ਕਿਲੋਮੀਟਰ) ਹੀ ਸਫ਼ਰ ਤਹਿ ਕੀਤਾ ਸੀ ਕਿ ਪਿੱਛੋਂ ਗੁਰੂ ਗੋਬਿੰਦ ਸਿੰਘ ਉਤੇ ਵਜ਼ੀਰ ਖਾਂ ਵੱਲੋਂ ਭੇਜੇ ਦੋ ਪਠਾਣਾਂ ਨੇ ਹਮਲਾ ਕਰਾ ਦਿੱਤਾ। ਇਹ ਸਾਰਾ ਜੱਥਾ ਖਬਰ ਸੁਣਦੇ ਹੀ ਵਾਪਿਸ ਆ ਗਿਆ। ਗੁਰੂ ਸਾਹਿਬ ਦੇ ਗੁਰਪੁਰੀ ਸਿਧਾਰਨ ਅਤੇ ਅੰਤਮ ਅਰਦਾਸ ਦੀਆਂ ਰਸਮਾਂ ਪੂਰੀਆਂ ਕਰਕੇ ਹੀ ਇਹ ਜੱਥਾ ਪੰਜਾਬ ਵੱਲ ਵਧਿਆ ਸੀ।

ਬੰਦਾ ਸਿੰਘ ਬਹਾਦੁਰ ਕੋਲ ਹਥਿਆਰਾਂ, ਪੈਸਿਆਂ ਅਤੇ ਵਿਅਕਤੀਆਂ ਦੀ ਬਹੁਤ ਘਾਟ ਸੀ ਪਰ ਭਾਰਤਪੁਰ ਦੇ ਲਾਗੇ ਇੱਕ ਸਿੱਖ ਸੋਦਾਗਰ ਨੇ ਕਈ ਵਰ੍ਹਿਆਂ ਦੀ ਆਪਣੀ ਦਸਵੰਦ ਦੀ ਰਕਮ ਆ ਕੇ ਬੰਦਾ ਸਿੰਘ ਨੂੰ ਭੇਟਾ ਕੀਤੀ। ਦਿੱਲੀ ਦੇ ਬਾਹਰਵਾਰ ਬੰਦਾ ਸਿੰਘ ਨੇ ਆਪਣਾ ਸਫ਼ਰ ਬੜੀ ਹੁਸ਼ਿਆਰੀ ਅਤੇ ਸਿਦਕਦਿਲੀ ਨਾਲ ਜਾਰੀ ਰੱਖਿਆ ਤਾਂ ਜੋ ਸ਼ਾਹੀ ਫੌਜਾਂ ਨਾਲ ਟਕਰਾਓ ਨਾ ਹੋ ਜਾਵੇ। ਲੋਕ ਉਸ ਨੂੰ ਗੁਰੂ ਸਾਹਿਬ ਵੱਲੋਂ ਜਥੇਦਾਰ (ਫੌਜਾਂ ਦਾ ਚੀਫ਼-ਕਮਾਂਡਰ) ਥਾਪਿਆ ਸਮਝ ਕੇ ਕਈ ਸੁਗਾਤਾਂ ਲੈ ਕੇ ਆਣ ਮਿਲਦੇ ਅਤੇ ਉਹ ਲੋਕਾਂ ਦੀ ਖੁਸ਼ਹਾਲੀ ਅਤੇ ਸਿਹਤਯਾਬੀ ਲਈ ਅਰਦਾਸਾਂ ਕਰਦਾ। ਬੰਦਾ ਸਿੰਘ ਦਾ ਜੱਥਾ ਆਖਰ ਬਾਗਰ ਪੁੱਜਾ। ਉੱਥੇ ਲਾਗੇ ਹੀ ਡਾਕੂ ਇੱਕ ਪਿੰਡ ਲੁੱਟਣ ਆਏ ਸਨ। ਡਾਕੂਆਂ ਦੇ ਮੁੱਖੀ ਨੂੰ ਮਾਰ ਕੇ ਬੰਦਾ ਸਿੰਘ ਨੇ ਬਾਕੀ ਡਾਕੂਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ। ਇਹ ਵੇਖ ਕੇ ਆਸਪਾਸ ਦੇ ਪਿੰਡਾਂ ਦੇ ਨੌਜਵਾਨ ਸਿੱਖ ਸੱਜ ਕੇ ਬੰਦਾ ਸਿੰਘ ਦੀਆਂ ਫੌਜਾਂ ਵਿੱਚ ਭਰਤੀ ਹੋ ਗਏ। ਆਸ ਪਾਸ ਦੇ ਪਿੰਡ ਵਾਲਿਆਂ ਖੁਸ਼ੀ ਮਨਾਈ ਅਤੇ ਰਾਸ਼ਨ, ਦੁੱਧ, ਦਹੀਂ ਆਦਿ ਲੈ ਕੇ ਬੰਦਾ ਸਿੰਘ ਅੱਗੇ ਹਾਜ਼ਰ ਹੋਏ।

ਬੰਦਾ ਸਿੰਘ ਇਹ ਜੱਥਾ ਸੋਨੀਪਤ ਤੇ ਰੋਹਤਕ ਦੇ ਵਿਚਕਾਰ ਸਥਿਤ ਕਸਬਾ ਖਰਖੋਦਾ ਪੁੱਜਾ। ਦਿੱਲੀ ਤੋਂ ਇਹ ਕਸਬਾ 36 ਕਿਲੋਮੀਟਰ ਦੂਰ ਹੈ। ਇੱਥੇ ਬੰਦਾ ਸਿੰਘ ਨੇ ਸੇਹਰੀ ਅਤੇ ਖੰਡਾ ਪਿੰਡਾਂ ਵਿਚਕਾਰ ਮੁਕਾਮ ਕੀਤਾ।

ਬੰਦਾ ਸਿੰਘ ਨੂੰ ਇੱਥੇ ਹੀ ਸੂਹਿਆਂ ਨੇ ਖ਼ਬਰ ਦਿੱਤੀ ਕਿ ਕੈਥਲ ਨੇੜੇ ਸ਼ਾਹੀ ਖ਼ਜ਼ਾਨਾ ਬੜੀ ਹਿਫ਼ਾਜ਼ਤ ਨਾਲ ਦਿੱਲੀ ਵੱਲ ਜਾ ਰਿਹਾ ਹੈ। ਖ਼ਬਰ ਮਿਲਦੇ ਸਾਰ ਬੰਦਾ ਸਿੰਘ ਨੇ ਆਪਣੇ ਜੰਗਜੂ ਸਿੰਘਾਂ ਨਾਲ ਜ਼ਬਰਦਸਤ ਹੱਲਾ ਬੋਲਿਆ। ਸ਼ਾਹੀ ਦਸਤਾ ਆਪਣੇ ਬਹੁਤੇ ਫੌਜੀ ਮਰਵਾ ਕੇ ਸ਼ਾਹੀ ਖਜ਼ਾਨਾ, ਘੋੜੇ, ਹਥਿਆਰ ਸੁੱਟ ਕੇ ਤਿੱਤਰ ਹੋ ਗਿਆ। ਬੰਦਾ ਸਿੰਘ ਨੇ ਸਾਰਾ ਮਾਲ ਆਪਣੇ ਸਿੱਖਾਂ ਵਿੱਚ ਵੰਡ ਕੇ ਹਥਿਆਰਾਂ ਤੇ ਘੋੜਿਆਂ ਨਾਲ ਆਪਣੀ ਸ਼ਕਤੀ ਨੂੰ ਮਜ਼ਬੂਤ ਕੀਤਾ।

ਸਿਹਰੀ-ਖੰਡਾ ਦੇ ਮੁਕਾਮ ਦੌਰਾਨ ਬੰਦਾ ਸਿੰਘ ਬਹਾਦਰ ਨੇ ਯੁੱਧ ਨੀਤੀ ਦੀ ਪੈਂਤੜੇਬਾਜ਼ੀ ਉਪਰ ਵਿਚਾਰ ਕੀਤੀ। ਬੰਦਾ ਸਿੰਘ ਨੇ ਗੁਰੂ ਸਾਹਿਬ ਵੱਲੋਂ ਲਿਖੇ ਹੁਕਮਨਾਮੇ ਅਤੇ ਆਪਣੇ ਵੱਲੋਂ ਪੰਜਾਬ ਦੇ ਸਿੰਘਾਂ ਵੱਲ ਚਿੱਠੀਆਂ ਭੇਜੀਆਂ, "ਅਸੀਂ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਤੇ ਉਸ ਦੇ ਹਮਾਇਤੀਆਂ, ਸਲਾਹਕਾਰਾਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਕੀਤੇ ਜ਼ੁਲਮਾਂ ਦੀ ਸਜ਼ਾ ਦੇਣ ਲਈ ਆ ਰਹੇ ਹਾਂ। ਜਿਨ੍ਹਾਂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਵੈਰ ਕਮਾਇਆ ਸੀ, ਉਨ੍ਹਾਂ ਨੂੰ ਵੀ ਸੋਧਿਆ ਜਾਵੇਗਾ ਅਤੇ ਸਭ ਦੁਸ਼ਟਾਂ ਦੀ ਜੜ੍ਹ ਉਖੇੜੀ ਜਾਵੇਗੀ। ਇਸ ਲਈ ਧਰਮਯੁੱਧ ਲਈ ਤਿਆਰ-ਬਰ-ਤਿਆਰ ਹੋ ਕੇ ਮੇਰੇ ਨਾਲ ਆ ਰਲੋ"। ਇਹ ਖਬਰ ਸੁਣਦੇ ਹੀ ਸਿੱਖ ਬਲਦ, ਘਰ ਘਾਟ ਵੇਚ ਕੇ ਹਥਿਆਰ, ਘੋੜੇ ਅਤੇ ਬਾਰੂਦ ਖਰੀਦ ਕੇ ਬੰਦਾ ਸਿੰਘ ਵੱਲ ਤੁਰੰਤ ਚਾਲੇ ਪਾ ਦਿੱਤੇ।

ਬੰਦਾ ਸਿੰਘ ਨੇ ਇਹ ਐਲਾਨ-ਨਾਮਾ ਵੀ ਜਾਰੀ ਕੀਤਾ ਜੋ ਲੋਕੀਂ ਜ਼ਾਲਮ ਮੁਗਲਾਂ, ਜ਼ਿੰਮੀਦਾਰਾਂ ਆਦਿ ਤੋਂ ਸਤਾਏ, ਲਿਤਾੜੇ ਜਾ ਰਹੇ ਹਨ, ਉਹ ਵੀ ਖ਼ਾਲਸਾਈ ਝੰਡੇ ਹੇਠ ਇਕੱਤਰ ਹੋ ਜਾਣ। ਇਹ ਐਲਾਨ-ਨਾਮਾ ਸੁਣਦੇ ਸਾਰ ਹੀ ਸਾਰੇ ਧਰਮਾਂ ਦੇ ਲੋਕ ਕਿ ਮੁਸਲਮਾਨ ਤੇ ਕਿ ਹਿੰਦੂ ਇਕੱਠੇ ਹੋ ਕੇ ਨਵੇਂ ਇਨਕਲਾਬ ਦੀ ਉਡੀਕ ਕਰਨ ਲੱਗੇ। ਸਮਾਜ ਦੇ ਲਿਤਾੜੇ ਗਰੀਬ ਲੋਕਾਂ ਦੀ ਢਾਲ ਬਣ ਕੇ ਉਸ ਨੇ ਆਪਣਾ ਕਾਰਜ ਆਰੰਭ ਕੀਤਾ। ਬੰਦਾ ਸਿੰਘ ਨੂੰ ਲੋਕਾਂ ਦੀ ਤਹਿ ਦਿਲੋਂ ਹਮਦਰਦੀ ਪ੍ਰਾਪਤ ਹੋ ਗਈ।

ਸਮਾਣਾ, ਬੰਦਾ ਸਿੰਘ ਬਹਾਦਰ ਦੇ ਹਮਲੇ ਦੀ ਫ਼ਰਿਸਤ 'ਤੇ ਪਹਿਲੇ ਨੰਬਰ 'ਤੇ ਆਉਂਦਾ ਸੀ। ਸਮਾਣਾ ਇੱਕ ਹਿਸਾਬ ਨਾਲ ਪੁੱਖਤਾ ਗੜ੍ਹੀ ਸੀ। ਗੁਰੂ ਤੇਗ ਬਹਾਦਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਫੌਜਦਾਰ ਜ਼ਾਲਮ ਜਲਾਲ-ਉ-ਦੀਨ ਸਾਸ਼ਲ ਬੇਗ ਤੇ ਬਾਸ਼ਲ ਬੇਗ ਇੱਥੋਂ ਦੇ ਹੀ ਰਹਿਣ ਵਾਲੇ ਸਨ।

ਬੰਦਾ ਸਿੰਘ 26 ਨਵੰਬਰ 1709 ਈ. ਨੂੰ ਕਿਲ੍ਹਾ-ਨੁਮਾ ਸਮਾਣੇ ਨੂੰ ਚਾਰ ਪਾਸਿਉਂ ਘੇਰਾ ਪਾ ਲਿਆ। ਇੱਥੇ ਬੜੀ ਘੁਮਸਾਨ ਦੀ ਲੜਾਈ ਹੋਈ। ਸਿੱਖਾਂ ਹੱਥੋਂ ਜਲਾਲ-ਉ-ਦੀਨ, ਸਾਸ਼ਲ ਬੇਗ ਅਤੇ ਬਾਸ਼ਲ ਬੇਗ ਮਾਰੇ ਗਏ। ਸਮਾਣੇ ਵਿੱਚ ਮੁਗਲ ਫੌਜੀ, ਸਯੱਦ ਆਦਿ ਦਸ ਹਜ਼ਾਰ ਦੇ ਕਰੀਬ ਮਾਰੇ ਗਏ। ਇਸ ਜਿੱਤ ਨੇ ਸਿੰਘਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਅਤੇ ਬੰਦੇ ਸਿੰਘ ਨੇ ਭਾਈ ਫਤਹਿ ਸਿੰਘ ਨੂੰ ਸਮਾਣੇ ਦਾ ਫੌਜਦਾਰ ਮੁਕੱਰਰ ਕੀਤਾ।

ਭਾਵੇਂ ਬਹਾਦਰ ਸ਼ਾਹ ਨੂੰ ਸਿੱਖਾਂ ਦੇ ਵਿਦਰੋਹ ਦੀਆਂ ਖਬਰਾਂ ਨਵੰਬਰ 1709 ਈ. ਤੋਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਪਰ ਵਜ਼ੀਰ ਖਾਂ ਦੀ ਚਿੱਠੀ 25 ਫਰਵਰੀ 1710 ਈ. ਨੂੰ ਬਾਦਸ਼ਾਹ ਅੱਗੇ ਪੇਸ਼ ਹੋਈ ਜਿਸ ਵਿੱਚ ਲਿਖਿਆ ਸੀ, "ਕੁੱਤੇ-ਸੁਭਾ ਸਿੱਖਾਂ ਦੇ ਗੁਰੂ (ਬੰਦਾ ਸਿੰਘ) ਨੇ ਆਪਣਾ ਨਾਮ 'ਬੰਦਾ' ਰੱਖ ਕੇ ਤੇ ਕੋਈ ਇੱਕ ਲੱਖ ਕੁੱਤੇ-ਸੁਭਾਅ ਸਾਵਾਰਾਂ ਤੇ ਪਿਆਦਾ ਸਿੰਘਾਂ ਨੂੰ ਆਪਣੇ ਨਾਲ ਇਕੱਠੇ ਕਰਕੇ, ਸ਼ੋਰ-ਸ਼ਰਾਬਾ ਤੇ ਫਸਾਦ ਪਾ ਕੇ ਗਰੀਬਾਂ, ਮਸਕੀਨਾਂ, ਸ਼ੈਖ਼ਾਂ ਤੇ ਵੱਡੇ ਵੱਡੇ ਸ਼ਯਦਾਂ ਦੇ ਘਰਾਂ ਨੂੰ ਉਜਾੜ ਦਿੱਤਾ ਤੇ ਉਹ ਇਸਲਾਮ ਵਾਲਿਆਂ ਵਿੱਚੋਂ ਕਿਸੇ ਛੋਟੇ-ਵੱਡੇ ਤੇ ਜਵਾਨ ਤੇ ਬੁੱਢੇ ਨੂੰ ਜਿਉਂਦਾ ਨਹੀਂ ਛੱਡਣਾ ਚਾਹੁੰਦਾ ਹੈ। ਐ ਬਾਦਸ਼ਾਹ ਜੇ ਇਸ ਨੂੰ ਸੋਧਣ ਵਿੱਚ ਢਿੱਲ-ਮੱਠ ਹੋਈ ਤਾਂ ਇਸ ਜਹਾਨ ਦੇ ਬਾਦਸ਼ਾਹ ਦੀ ਹਕੂਮਤ ਵਿੱਚ ਆਏ ਦਿਨ ਗੜਬੜ ਪੈਂਦੀ ਰਹੇਗੀ। ਇਹ ਵਕਤ ਮਰਦਾਨਗੀ ਵਿਖਾਉਣ ਦਾ ਹੈ"।

ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕੈਥਲ 'ਤੇ ਹਮਲਾ ਕੀਤਾ। ਥੋੜ੍ਹੀ ਜਿਹੀ ਲੜਾਈ ਤੋਂ ਬਾਅਦ ਮੁਗਲ ਫੌਜਾਂ ਬੇਸ਼ੁਮਾਰ ਹਥਿਆਰ, ਘੋੜੇ ਅਤੇ ਲਾਸ਼ਾਂ ਛੱਡ ਕੇ ਮੈਦਾਨੇ-ਜੰਗ 'ਚ ਤਿੱਤਰ ਹੋ ਗਈ। ਫੌਜੀ ਰਣਨੀਤੀ ਤਹਿਤ ਬੰਦਾ ਸਿੰਘ ਨੇ ਸਰਹਿੰਦ 'ਤੇ ਹਮਲਾ ਕਰਨਾ ਮੁਨਾਸਬ ਨਾ ਸਮਝਿਆ ਕਿਉਂਕਿ ਉਸ ਨੂੰ ਮਾਝੇ, ਮਾਲਵੇ ਤੇ ਦੁਆਬੇ ਤੋਂ ਹਥਿਆਰਬੰਦ ਸਿੰਘਾਂ ਦੀ ਉਡੀਕ ਕਰਨਾ ਚਾਹੁੰਦਾ ਸੀ। ਇਸੇ ਲਈ ਬੰਦਾ ਸਿੰਘ ਨੇ ਸਰਹਿੰਦ ਤੋਂ ਪਹਿਲਾਂ ਘੁੜਾਮ, ਠਸਕਾ, ਸ਼ਾਹਬਾਦ ਤੇ ਮੁਸਤਫਾਬਾਦ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਮੁਸਤਫ਼ਾਬਾਦ ਵਿੱਚ ਗਹਿਗਚ ਲੜਾਈ ਹੋਈ ਜਿਥੇ ਦੋ ਹਜ਼ਾਰ ਫੌਜੀਆਂ ਨੇ ਬੰਦਾ ਸਿੰਘ ਅੱਗੇ ਹਥਿਆਰ ਸੁੱਟ ਕੇ ਹਾਰ ਮੰਨ ਲਈ।

ਨਾਰਨੌਲ ਦੇ ਸਥਾਨ 'ਤੇ ਬੰਦਾ ਸਿੰਘ ਨੇ ਲੋਕਾਂ ਨੂੰ ਲੁਟੇਰਿਆਂ ਤੇ ਡਾਕੂਆਂ ਤੋਂ ਮੁਕਤੀ ਦਿਵਾਈ ਅਤੇ ਕੈਥਲ ਦੇ ਫੌਜਦਾਰ ਨੂੰ ਸਬਕ ਸਿਖਾਇਆ। ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕਪੂਰੀ 'ਤੇ ਹਮਲਾ ਕੀਤਾ। ਉਥੋਂ ਦੇ ਫੌਜਦਾਰ ਕਦਮ-ਉ-ਦੀਨ ਨੂੰ ਮਾਰ ਕੇ ਸਾਰੇ ਸ਼ਹਿਰ ਨੂੰ ਅੱਗ ਲਾ ਦਿੱਤੀ। ਇਸ ਲੜਾਈ ਵਿੱਚ ਬੇਸ਼ੁਮਾਰ ਹਥਿਆਰ, ਖਜ਼ਾਨਾ ਤੇ ਘੋੜੇ ਸਿੰਘਾਂ ਦੇ ਹੱਥ ਆਏ, ਜਿਨ੍ਹਾਂ ਦੀ ਉਨ੍ਹਾਂ ਨੂੰ ਤੁਰੰਤ ਲੋੜ ਸੀ।

ਸਢੌਰਾ ਸ਼ਹਿਰ, ਅਮੀਰ ਸ਼ਹਿਰਾਂ ਵਿੱਚ ਸ਼ੁਮਾਰ ਹੁੰਦਾ ਸੀ। ਇਥੋਂ ਦਾ ਫੌਜਦਾਰ ਜ਼ਾਲਮ ਉਸਮਾਨ ਖਾਨ ਰਾਜ ਪ੍ਰਬੰਧਕ ਕਰਕੇ ਸਾਰੇ ਇਲਾਕੇ ਵਿੱਚ ਮੰਨਿਆ ਜਾਂਦਾ ਸੀ। ਹਿੰਦੂਆਂ ਦੀਆਂ ਮ੍ਰਿਤਕ ਲਾਸ਼ਾਂ ਨੂੰ ਸਾੜ੍ਹਨ ਦੀ ਮਨਾਈ ਕਰਕੇ, ਖੁੱਲ੍ਹੇ-ਮੈਦਾਨਾਂ ਵਿੱਚ ਗਊ ਹੱਤਿਆ ਕਰਾਉਂਦਾ ਸੀ। ਇਸੇ ਲਈ ਬਹੁਤੇ ਹਿੰਦੂ ਸਢੌਰਾ ਛੱਡ ਕੇ ਚਲੇ ਗਏ ਸਨ। ਹਿੰਦੂਆਂ ਨੇ ਬੰਦਾ ਸਿੰਘ ਅੱਗੇ ਅਜਿਹੇ ਜ਼ੁਲਮ ਤੋਂ ਆਜ਼ਾਦ ਕਰਾਉਣ ਦੀ ਬੇਨਤੀ ਕੀਤੀ। ਅਖ਼ਬਾਰਾਤ-ਏ-ਦਰਬਾਰ-ਏ ਮੋਅਲਾਂ ਅਨੁਸਾਰ ਜੋ ਜਨਵਰੀ 31, 1709 ਨੂੰ ਬਾਦਸ਼ਾਹ ਨੂੰ ਘੱਲੀ ਗਈ ਸੀ, ਉਸ ਵਿੱਚ 70,000 ਸਿੱਖਾਂ ਦਾ ਸਢੌਰਾ ਵਿੱਚ ਇਕੱਠ ਦਾ ਜ਼ਿਕਰ ਕੀਤਾ ਗਿਆ ਸੀ।

**ਬਾਕੀ ਹਿਸਾ ਸਫਾ 46 ਤੇ ਪੜ੍ਹੋ** →

ਬੰਦਾ ਸਿੰਘ ਨੇ ਇਹ ਐਲਾਨ-ਨਾਮਾ ਵੀ ਜਾਰੀ ਕੀਤਾ ਜੋ ਲੋਕੀਂ ਜ਼ਾਲਮ ਮੁਗਲਾਂ, ਜ਼ਿੰਮੀਦਾਰਾਂ ਆਦਿ ਤੋਂ ਸਤਾਏ, ਲਿਤਾੜੇ ਜਾ ਰਹੇ ਹਨ, ਉਹ ਵੀ ਖ਼ਾਲਸਾਈ ਝੰਡੇ ਹੇਠ ਇਕੱਤਰ ਹੋ ਜਾਣ। ਇਹ ਐਲਾਨ-ਨਾਮਾ ਸੁਣਦੇ ਸਾਰ ਹੀ ਸਾਰੇ ਧਰਮਾਂ ਦੇ ਲੋਕ ਕਿ ਮੁਸਲਮਾਨ ਤੇ ਕਿ ਹਿੰਦੂ ਇਕੱਠੇ ਹੋ ਕੇ ਨਵੇਂ ਇਨਕਲਾਬ ਦੀ ਉਡੀਕ ਕਰਨ ਲੱਗੇ। ਸਮਾਜ ਦੇ ਲਿਤਾੜੇ ਗਰੀਬ ਲੋਕਾਂ ਦੀ ਢਾਲ ਬਣ ਕੇ ਉਸ ਨੇ ਆਪਣਾ ਕਾਰਜ ਆਰੰਭ ਕੀਤਾ। ਬੰਦਾ ਸਿੰਘ ਨੂੰ ਲੋਕਾਂ ਦੀ ਤਹਿ ਦਿਲੋਂ ਹਮਦਰਦੀ ਪ੍ਰਾਪਤ ਹੋ ਗਈ। ਸਮਾਣਾ, ਬੰਦਾ ਸਿੰਘ ਬਹਾਦੁਰ ਦੇ ਹਮਲੇ ਦੀ ਫ਼ਰਿਸਤ 'ਤੇ ਪਹਿਲੇ ਨੰਬਰ 'ਤੇ ਆਉਂਦਾ ਸੀ। ਸਮਾਣਾ ਇੱਕ ਹਿਸਾਬ ਨਾਲ ਪੁੱਖਤਾ ਗੜ੍ਹੀ ਸੀ। ਗੁਰੂ ਤੇਗ ਬਹਾਦੁਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਫੌਜਦਾਰ ਜ਼ਾਲਮ ਜਲਾਲ-ਉ-ਦੀਨ ਸਾਸ਼ਲ ਬੇਗ ਤੇ ਬਾਸ਼ਲ ਬੇਗ ਇੱਥੋਂ ਦੇ ਹੀ ਰਹਿਣ ਵਾਲੇ ਸਨ।

45 ਸਫ਼ੇ ਦੀ ਬਾਕੀ

ਸਢੌਰਾ ਦੀ ਗਹਿਗਚ ਲੜਾਈ ਵਿੱਚ ਦੋਵੇਂ ਪਾਸਿਆਂ ਤੋਂ ਹਜ਼ਾਰਾਂ ਸੂਰਮੇ ਮੈਦਾਨ-ਏ-ਜੰਗ ਵਿੱਚ ਮਾਰੇ ਗਏ। ਅਖੀਰ ਸਢੌਰਾ ਬੰਦਾ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਮਜ਼ਲੂਮ ਲੋਕਾਂ ਨੇ ਜ਼ਾਲਮਾਂ ਤੋਂ ਚੁਣ ਚੁਣ ਕੇ ਬਦਲੇ ਲਏ ਅਤੇ ਲੁੱਟ-ਮਾਰ ਕੀਤੀ।

ਬਹਾਦਰ ਸ਼ਾਹ ਬਾਦਸ਼ਾਹ ਨੇ ਰੁਸਤਮ ਦਿਲ ਖਾਨ ਨੂੰ ਸ਼ਾਹੀ ਕੈਂਪ ਲਈ ਯੋਗ ਥਾਂ ਦੀ ਭਾਲ ਲਈ ਰਵਾਨਾ ਕੀਤਾ ਤਾਂ ਸ਼ਾਹੀ ਫੌਜੀ ਦਸਤਾ ਸਢੌਰਾ ਤੋਂ 4-5 ਕੋਹ (12-15 ਕਿਲੋਮੀਟਰ) ਪੁੱਜਾ ਸੀ। "ਰਸਤੇ ਵਿੱਚ ਅਚਾਨਕ ਸਿੱਖਾਂ ਦੇ ਤੀਹ-ਚਾਲੀ ਹਜ਼ਾਰ ਸਵਾਰ, ਬੇਸ਼ੁਮਾਰ ਪਿਆਦੇ ਦਸ-ਬਾਰਾਂ ਕੋਹ ਤੋਂ ਧਾਵਾ ਕਰਕੇ 'ਫ਼ਤਹਿ-ਦਰਸ਼ਨ' ਦੇ ਨਾਹਰੇ ਮਾਰਦੇ ਹੋਏ ਬਾਦਸ਼ਾਹੀ ਲਸ਼ਕਰ ਉਤੇ ਟੁੱਟ ਕੇ ਪੈ ਗਏ।

ਬੰਦਾ ਸਿੰਘ ਬਹਾਦੁਰ ਨੇ ਇੱਕ ਨਵਾਂ ਜੰਗੀ ਨਾਹਰਾ 'ਫ਼ਤਹਿ ਦਰਸ਼ਨ' ਜਾਰੀ ਕੀਤਾ ਜਿਸ ਦਾ ਭਾਵ ਸੀ ਕਿ ਮੈਦਾਨ-ਏ-ਜੰਗ ਵਿੱਚ ਜਿੱਤ ਦੇ ਦਰਸ਼ਨ-ਦੀਦਾਰੇ ਕਰਨੇ ਹਨ। ਇਹ ਨਾਹਰਾ ਸਿੱਖ ਫੌਜੀਆਂ ਨੂੰ ਜੰਗ-ਗਾਹ ਵਿੱਚ ਚੜ੍ਹਦੀਕਲਾ ਵਿੱਚ ਰਹਿ ਕੇ ਹਰ ਹਾਲਤ ਵਿੱਚ ਜਿੱਤ ਪ੍ਰਾਪਤੀ ਨੂੰ ਯਕੀਨੀ ਬਣਾਉਂਦਾ ਸੀ।

ਹੁਣ ਸਿੱਖਾਂ ਨੇ ਸਰਹਿੰਦ ਦਾ ਰੁੱਖ ਕਰਨਾ ਸੀ। ਸਰਹਿੰਦ ਦੇ ਸੂਬੇ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਹਾਂ ਵਿੱਚ ਚੁਣ ਕੇ ਸ਼ਹੀਦ ਕੀਤਾ ਸੀ। ਸਰਹਿੰਦ ਹੀ ਸੀ ਜਿਸ ਨੇ ਸਿੱਖਾਂ ਦੇ ਭਵਿੱਖ ਦਾ ਫੈਸਲਾ ਕਰਨੀ ਸੀ। ਵਜ਼ੀਰ ਖਾਂ ਸਿੱਖਾਂ ਦੀਆਂ ਰੋਜ਼ਮਰਾ ਦੀਆਂ ਜਿੱਤਾਂ ਤੋਂ ਪੂਰੀ ਤਰ੍ਹਾਂ ਘਬਰਾਇਆ ਸੀ ਪਰ ਉਸ ਨੇ ਹਜ਼ਾਰਾਂ ਜਹਾਦੀ ਇਕੱਠੇ ਕਰਕੇ ਸਿੱਖਾਂ ਨਾਲ ਜੰਗ ਕਰਨਾ ਚਾਹੁੰਦਾ ਸੀ।

ਮਾਝੇ-ਮਾਲਵੇ ਦੇ ਸਿੰਘ ਕੀਰਤਪੁਰ ਸਾਹਿਬ ਵੱਲੋਂ ਆਉਂਦੇ ਵੇਖ ਮਲੇਰ-ਕੋਟਲੇ ਦੇ ਮੁਗਲ ਫੌਜਾਂ ਨਾਲ ਲੜਾਈ ਜ਼ਬਰਦਸਤ ਹੋਈ ਅਤੇ ਮਲੇਰਕੋਟਲਾ ਦੀ ਸਾਰੀ ਫੌਜ ਜੰਗ-ਗਾਹ ਵਿੱਚੋਂ ਭੱਜ ਗਈ। ਇਸ ਤਰ੍ਹਾਂ ਮਾਝੇ-ਦੁਆਬੇ ਆਦਿ ਦੇ ਹਜ਼ਾਰਾਂ ਸਿੱਖ, ਚਪੜ-ਚਿੜੀ ਦੇ ਸਥਾਨ 'ਤੇ ਬੰਦਾ ਸਿੰਘ ਬਹਾਦੁਰ ਦੀਆਂ ਫੌਜਾਂ ਨਾਲ ਆ ਮਿਲੇ।

ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਸਰਹਿੰਦ ਤੋਂ 12-15 ਕਿਲੋਮੀਟਰ ਦੂਰ 'ਚਪੜ-ਚਿੜੀ' ਦੇ ਸਥਾਨ 'ਤੇ ਸਿੱਖਾਂ ਨਾਲ ਜੰਗ ਕਰਨ ਲਈ ਕਮਰਕਸੇ ਕਰ ਬੈਠਾ। ਸਿੱਖਾਂ ਕੋਲ ਵਜ਼ੀਰ ਖਾਂ ਦੇ ਮੁਕਾਬਲੇ ਬੜੇ ਘੱਟ ਘੋੜੇ ਤੇ ਹਥਿਆਰ ਸਨ ਪਰ ਸਿੱਖ ਸਾਹਿਬਜ਼ਾਦਿਆਂ ਦੇ ਖ਼ੂਨ ਦਾ ਬਦਲਾ ਲੈਣ ਲਈ ਉਤਾਵਲੇ ਸਨ। ਸਿੱਖਾਂ ਦੀ ਗਿਣਤੀ ਵੀ ਦੁਸ਼ਮਣ ਦੇ ਮੁਕਾਬਲੇ ਘੱਟ ਸੀ। ਸੂਬਾ ਵਜ਼ੀਰ ਖਾਂ ਕੋਲ ਕੁਝ ਤੋਪਾਂ ਸਨ। ਇਹ ਤੋਪਾਂ ਹਾਥੀਆਂ ਦੀਆਂ ਕਤਾਰਾਂ ਤੋਂ ਵਖਰੀਆਂ ਸਨ। ਖ਼ਾਲਸਾ ਫ਼ੌਜਾਂ ਦਾ ਸਵਾਗਤ ਵਜ਼ੀਰ ਖਾਨ ਦੀਆਂ ਤੋਪਾਂ ਨੇ ਕੀਤਾ। ਪਹਿਲੇ ਗੋਲਿਆਂ ਨਾਲ ਹੀ ਬੰਦਾ ਸਿੰਘ ਨਾਲ ਮਿਲੇ ਗ਼ੈਰ-ਸਿੱਖ ਧਾੜਵੀ ਦਸਤੇ, ਤੋਪਾਂ ਦੀ ਮਾਰ ਤੋਂ ਦੂਰ ਨਿਕਲ ਗਏ। ਬੰਦਾ ਸਿੰਘ ਬਹਾਦੁਰ ਦੇ ਹਰਾਵਲ ਦਸਤੇ ਤੋਪਾਂ ਤੇ ਹਾਥੀਆਂ ਦੀਆਂ ਕਤਾਰਾਂ ਤੋਂ ਹੁਸ਼ਿਆਰੀ ਨਾਲ ਅੱਗੇ ਵੱਧ ਕੇ ਦੁਸ਼ਮਣ 'ਤੇ ਟੁੱਟ ਪਏ। ਤੋਪਾਂ ਨੇ ਭਾਵੇਂ ਸਿੱਖਾਂ ਦਾ ਨੁਕਸਾਨ ਕੀਤਾ ਅਤੇ ਦੁਸ਼ਮਣਾਂ ਨੇ ਵੀ ਜੰਮ ਕੇ ਲੜਾਈ ਲੜੀ। ਵਜ਼ੀਰ ਖਾਂ ਵਲੋਂ ਅੰਦਰਖਾਤੇ ਇੱਕ ਹੋਰ ਮੁਸਲਮਾਨ ਦਸਤਾ, ਬੰਦਾ ਸਿੰਘ ਨਾਲ ਆ ਮਿਲਿਆ ਸੀ, ਜੋ ਤੋਪਾਂ ਦੀ ਆਵਾਜ਼ ਨਾਲ ਨੱਠ ਗਿਆ। ਭਾਵੇਂ ਕੁਝ ਦੇਰ ਲਈ ਲੜਾਈ ਦਾ ਰੁੱਖ ਬਦਲ ਗਿਆ ਅਤੇ ਦੁਸ਼ਮਣ ਦਾ ਪਾਸਾ ਭਾਰੀ ਹੋ ਗਿਆ। ਬੰਦਾ ਸਿੰਘ ਬਹਾਦੁਰ ਦੂਰ ਉੱਚੇ ਟਿੱਬੇ 'ਤੇ ਬੈਠਾ ਜੰਗ ਦੇ ਹਾਲਤਾਂ 'ਤੇ ਨਜ਼ਰ ਰੱਖ ਰਿਹਾ ਸੀ। ਜਦੋਂ ਉਸ ਨੇ ਸਿੱਖਾਂ ਦੀ ਡਾਵਾਂ ਡੋਲ ਹਾਲਤ ਵੇਖੀ ਤਾਂ ਉਹ ਘੋੜੇ ਨੂੰ ਸਰਪਟ ਦੜਾਉਂਦਾ 'ਅਕਾਲ ਅਕਾਲ' ਦੇ ਜੈਕਾਰੇ ਛੱਡਦਾ, ਅੱਖ ਦੇ ਫੋਰ ਵਿੱਚ ਸ਼ਿਦਤ ਨਾਲ ਦੁਸ਼ਮਣ 'ਤੇ ਟੁੱਟ ਪਿਆ। ਇਹ ਵੇਖ ਸਿੱਖਾਂ ਵਿੱਚ ਜੋਸ਼ ਠਾਠਾਂ ਮਾਰਨ ਲੱਗਾ ਅਤੇ ਮਲੇਰਕੋਟੀਏ ਸਰਦਾਰ ਸ਼ੇਰ ਮੁਹੰਮਦ ਖਾਨ ਤੇ ਖਵਾਜਾ ਅਲੀ ਨੂੰ ਇਕੋ ਹੱਲੇ ਵਿੱਚ ਮਾਰ ਦਿੱਤਾ। ਮੁਗਲ ਫੌਜਾਂ ਦੇ ਦੋ ਬਹਾਦੁਰ ਸਰਦਾਰਾਂ ਦੀ ਮੌਤ ਵੇਖ ਵਜ਼ੀਰ ਖਾਂ ਦੀ ਫੌਜ ਵਿੱਚ ਖਲ-ਬਲੀ ਪੈ ਗਈ।

ਸਵੇਰ ਤੋਂ ਸ਼ੁਰੂ ਹੋਈ ਲੜਾਈ ਸ਼ਾਮ ਦੇ ਚਾਰ ਵਜੇ ਤੱਕ ਚਲਦੀ ਰਹੀ। ਅਚਾਨਕ ਬੰਦਾ ਸਿੰਘ ਬਹਾਦੁਰ ਨੇ ਗੁਰੂ ਗੋਬਿੰਦ ਸਿੰਘ ਵਲੋਂ ਬਖ਼ਸ਼ੇ ਪੰਜ ਤੀਰਾਂ ਵਿੱਚੋਂ ਇੱਕ ਤੀਰ ਦਾ ਨਿਸ਼ਾਨਾ ਲਾ ਕੇ ਵਜ਼ੀਰ ਖਾਂ ਵੱਲ ਮਾਰਿਆ ਤਾਂ ਉਹ ਹਾਥੀ ਤੋਂ ਡਿੱਗ ਪਿਆ। ਵਜ਼ੀਰ ਖਾਂ ਦੀ ਮੌਤ ਦੀ ਖ਼ਬਰ ਸੁਣਦੇ ਹੀ ਮੁਗਲ ਫੌਜ ਮੈਦਾਨ-ਏ-ਜੰਗ ਵਿੱਚੋਂ ਭੱਜ ਗਈ ਅਤੇ ਸਿੱਖਾਂ ਨੇ ਜਿੱਤ ਦੇ ਨਗਾਰੇ ਸ਼ਾਦਿਆਨੇ ਵਜਾਉਂਦੇ, ਫਤਹਿ ਯਾਬੀਆਂ ਦੀ ਸ਼ਕਲ ਵਿੱਚ ਸਰਹਿੰਦ ਵੱਲ ਤੁਰ ਪਏ। ਵਜ਼ੀਰ ਖਾਂ ਹਾਲੀ ਜੀਉਂਦਾ ਸੀ ਕਿ ਸਿੱਖਾਂ ਨੇ ਉਸ ਦੀਆਂ ਲੱਤਾਂ ਬੰਨ ਕੇ ਘੋੜੇ ਪਿੱਛੇ ਨੂੜ ਦਿੱਤਾ। ਸਰਹਿੰਦ ਦੀਆਂ ਗਲੀਆਂ, ਬਜ਼ਾਰਾਂ ਵਿੱਚ ਉਸ ਦੀ ਲਾਸ਼ ਨੂੰ ਘਸੀਟਿਆ ਗਿਆ। ਆਖਰ ਉਸ ਦੀ ਲਾਸ਼ ਨੂੰ ਇੱਕ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ ਤਾਂ ਜੋ ਜ਼ਾਲਮਾਂ ਨੂੰ ਸਬਕ ਮਿਲੇ। ਸਿੱਖਾਂ ਨੂੰ ਭਾਰੀ ਜੰਗੀ ਸਮਾਨ, ਹਾਥੀ, ਘੋੜੇ, ਤੋਪਾਂ, ਹਥਿਆਰ ਹੱਥ ਲੱਗੇ ਅਤੇ ਉਹ ਜੈਕਾਰੇ ਲਾਉਂਦੇ ਸ਼ਹਿਰ ਸਰਹਿੰਦ ਵਿੱਚ ਦਾਖਲ ਹੋਏ।

ਸਰਹਿੰਦ ਦੇ ਬਾਸ਼ੰਦਿਆਂ ਨੇ ਜਦੋਂ ਵਜ਼ੀਰ ਖਾਂ ਦੇ ਮਰਨ ਦੀ ਖ਼ਬਰ ਸੁਣੀ ਤਾਂ ਲੋਕ ਘਰ-ਬਾਰ ਛੱਡ ਕੇ ਨੱਠ ਪਏ। ਵਜ਼ੀਰ ਖਾਂ ਦਾ ਬੇਟਾ ਆਪਣੇ ਕਬੀਲੇ ਨਾਲ ਦਿੱਲੀ ਵੱਲ ਭੱਜ ਗਿਆ। ਵਜ਼ੀਰ ਖਾਂ ਦਾ ਦੀਵਾਨ ਸੁੱਚਾ ਨੰਦ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨਾਲ ਧਰੋ ਕਮਾਇਆ ਸੀ ਅਤੇ ਗਰੀਬਾਂ, ਮਜ਼ਲੂਮਾਂ ਲੋਕਾਂ 'ਤੇ ਬੜੇ ਜ਼ੁਲਮ ਕੀਤੇ ਸਨ, ਭੱਜਣ ਦੀਆਂ ਤਿਆਰੀਆਂ ਕਰ ਰਿਹਾ ਸੀ ਕਿ ਸਿੰਘਾਂ ਨੇ ਆਣ ਦਬੋਚ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਦੀਆਂ ਫੌਜਾਂ ਸ਼ਾਹੀ ਖਜ਼ਾਨੇ, ਸ਼ਾਹੀ ਮਹਿਲਾਂ, ਅਮੀਰਾਂ ਦੇ ਮਕਾਨਾਂ ਆਦਿ ਦੀ ਖੂਬ ਲੁੱਟ ਕੀਤੀ। ਇਸ ਲੁੱਟਪੁਟ ਵਿੱਚ ਸ਼ਹਿਰ ਦੇ ਆਸ ਪਾਸ ਦੇ ਧਾੜਵੀ, ਬਾਦਸ਼ਾਹ ਵੀ ਸਨ, ਜੋ ਮਾਲਮਤਾ ਲੁੱਟ ਕੇ ਭੱਜ ਗਏ।

ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ। ਚੌਥੇ ਦਿਨ ਬੰਦਾ ਸਿੰਘ ਨੇ ਲੁੱਟਮਾਰ, ਹੁਕਮ ਦੇ ਕੇ ਬੰਦ ਕਰਾ ਦਿੱਤੀ। ਕਿਲ੍ਹੇ 'ਤੇ ਖ਼ਾਲਸਾਈ ਨਿਸ਼ਾਨ ਝੁਲਾ ਦਿੱਤਾ। ਸ. ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਤੇ ਭਾਈ ਆਲੀ ਸਿੰਘ ਨੂੰ ਉਸਦਾ ਸਹਾਇਕ ਮੁਕਰਰ ਕਰ ਦਿੱਤਾ। ਇਨ੍ਹਾਂ ਦੋਵਾਂ ਸਰਦਾਰਾਂ ਨੇ ਆਲੇ ਦੁਆਲੇ ਦੇ ਸਾਰੇ ਇਲਾਕੇ ਦਾ ਪ੍ਰਬੰਧ ਸੰਭਾਲ ਲਿਆ। ਫ਼ਾਰਸੀ ਲਿਖਤਾਂ ਵਿੱਚ ਬਾਜ਼ ਸਿੰਘ ਨੂੰ ਆਮ ਤੌਰ 'ਤੇ ਨਾਰ ਸਿੰਘ ਕਰਕੇ ਲਿਖਿਆ ਹੈ। ਫ਼ਾਰਸੀ ਸ਼ਬਦਾਵਲੀ ਵਿੱਚ ਨਾਰ ਦਾ ਅਰਥ ਉਹ ਸ਼ੇਰ ਜੋ ਅੱਗ ਵਰਸਾਉਂਦਾ ਸੀ। ਸਚਮੁੱਚ ਬਾਜ ਸਿੰਘ, ਨਾਰ ਸਿੰਘ ਬਣ ਕੇ ਮੈਦਾਨ-ਏ-ਜੰਗ ਵਿੱਚ ਅਜਿਹੀ ਬਹਾਦੁਰੀ ਦੇ ਕਾਰਨਾਮੇ ਕਰਦਾ ਸੀ ਕਿ ਦੁਸ਼ਮਣਾਂ ਵਿੱਚ ਭੱਜ਼ਥੂ ਪਾ ਦੇਂਦੇ ਸੀ। ਇਸੇ ਲਈ ਬਾਜ਼ ਸਿੰਘ ਨੂੰ ਨਾਰ ਸਿੰਘ ਕਰਕੇ ਫ਼ਾਰਸੀ ਲਿਖਾਰੀ ਮੁਖਾਤਿਬ ਹੁੰਦੇ ਸਨ।

ਸਰਹਿੰਦ ਦੀ ਜਿੱਤ ਤੋਂ ਬਾਅਦ ਸੁਨਾਮ, ਘੁੜਾਮ, ਮਲੇਰਕੋਟਲਾ ਆਦਿ ਮਾਮੂਲੀ ਝੜਪਾਂ ਪਿੱਛੋਂ ਸਿੱਖਾਂ ਦੇ ਕਬਜ਼ੇ ਵਿੱਚ ਆ ਗਏ। ਸਿੱਖਾਂ ਦਾ ਸਰਹਿੰਦ ਦੇ ਕੁਲ ਅਠਾਈ ਪਰਗਣਿਆਂ 'ਤੇ ਕੰਟਰੋਲ ਹੋ ਚੁੱਕਾ ਸੀ। ਇਸ ਤਰ੍ਹਾਂ ਸਾਰੇ ਇਲਾਕੇ ਨੂੰ ਸ. ਬਾਜ਼ ਸਿੰਘ, ਬਿਨੋਦ ਸਿੰਘ, ਰਾਮ ਸਿੰਘ, ਸ਼ਾਮ ਸਿੰਘ, ਫ਼ਤਹਿ ਸਿੰਘ, ਕੋਇਰ ਸਿੰਘ ਆਦਿ ਸਿਆਸੀ ਪ੍ਰਬੰਧਕਾਂ ਦੇ ਹਵਾਲੇ ਕਰ ਦਿੱਤਾ।

ਸਰਹਿੰਦ ਦੀ ਲੜਾਈ ਮਗਰੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਤੇ ਮੁਸਲਮਾਨ ਸਿੱਖ ਧਰਮ ਵਿੱਚ ਸ਼ਾਮਲ ਹੋ ਗਏ, ਜਿਸ ਦੀ ਗਵਾਈ ਫ਼ਾਰਸੀ ਲਿਖਤਾਂ ਵਿੱਚ ਮੌਜੂਦ ਹੈ। 28 ਅਪ੍ਰੈਲ 1711 ਈ. ਦੀ 'ਅਖ਼ਬਾਰਾਤ-ਏ-ਦਰਬਾਰ-ਮੁਆਲਾ ਦੀ ਰਿਪੋਰਟ ਅਨੁਸਾਰ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ 5000 ਮੁਸਲਮਾਨ ਭਰਤੀ ਹੋ ਗਏ ਹਨ ਅਤੇ ਇਨ੍ਹਾਂ ਦੀ ਗਿਣਤੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਉਸ (ਬੰਦਾ ਸਿੰਘ) ਨੇ ਮੁਸਲਮਾਨ ਨੂੰ ਖੁੱਤਬਾ ਅਤੇ ਨਿਮਾਜ਼ ਪੜ੍ਹਨ ਦੀ ਆਜ਼ਾਦੀ ਦੇ ਦਿੱਤੀ ਹੈ। ਉਹ ਮੁਸਲਮਾਨਾਂ ਨੂੰ 'ਨਿਮਾਜ਼ੀ ਸਿੰਘ' ਕਹਿ ਕੇ ਬੁਲਾਉਂਦਾ ਹੈ।

"ਕੀ ਹਿੰਦੂ ਤੇ ਕੀ ਮੁਸਲਮਾਨ, ਜਿਹੜਾ ਵੀ ਉਸ ਕੋਲ ਪੁੱਜ ਗਿਆ, ਉਸ ਨੂੰ 'ਸਿੰਘ' ਦੇ ਖਿਤਾਬ ਨਾਲ ਸੰਬੋਧਨ ਕਰਵਾਉਂਦਾ ਸੀ, ਜਿਵੇਂ ਕਿ ਦੀਨਦਾਰ ਖਾਂ, ਜਿਹੜਾ ਉਸ ਇਲਾਕੇ ਦਾ ਰਈਸ ਸੀ, ਨੂੰ ਦੀਨਦਾਰ ਸਿੰਘ ਦੀ ਉਪਾਧੀ ਦਿੱਤੀ ਅਤੇ ਸਰਹਿੰਦ ਦਾ ਖ਼ਬਰ ਨਵੀਸ ਮੀਰ ਨਸੀਰੁਦੀਨ ਸਿੰਘ ਬਣ ਗਿਆ। ਇਸੇ ਤਰ੍ਹਾਂ ਬਹੁਤ ਸਾਰੇ ਲੋਕ ਇਸਲਾਮੀ ਛੱਡ ਕੇ ਝੜ ਦੇ ਰਾਹ ਪੈ ਗਏ ਤੇ ਉਸ ਦਾ ਸਾਥ ਦੇਣ ਲਈ ਪੱਕੇ ਕੌਲ ਇਕਰਾਰ ਕਰ ਲਏ।" ਉਪਰ ਦਿੱਤੀ ਸੰਖੇਪ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਨੇ ਮੁਗਲ ਫ਼ੌਜਾਂ ਨੂੰ ਵੱਡੀ ਸ਼ਿਕਸਤ ਦੇ ਕੇ ਸਮਾਣਾ, ਸਢੌਰਾ, ਸਰਹਿੰਦ ਆਦਿ 'ਤੇ ਖਾਲਸਈ ਝੰਡੇ ਝੁਲਾ ਕੇ ਨਵੇਂ ਅਧਿਆਇਆਂ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਦੀ ਗਵਾਹੀ ਫ਼ਾਰਸੀ ਲਿਖਤਾਂ ਵਿੱਚੋਂ ਬਾਖੂਬੀ ਪ੍ਰਗਟ ਹੁੰਦੀ ਹੈ।

ਵਿਸਥਾਰ ਲਈ ਵੇਖੋ : ਡਾ. ਜਸਬੀਰ ਸਿੰਘ ਸਰਨਾ, ਤੇਗ਼-ਏ-ਆਤਿਸ਼ਬਾਰ, ਬੰਦਾ ਸਿੰਘ ਬਹਾਦੁਰ, ਪ੍ਰਕਾਸ਼ਿਤ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਯੂਥ ਆਰਗੇਨਾਈਜ਼ੇਸ਼ਨ (ਰਜਿ.) ਰਾਜੌਰੀ (ਜੇ ਐਂਡ ਕੇ), ਪੰਨਾ-9-17)


*******

## ਮਿੰਨੀ ਕਹਾਣੀ

# ਨਸ਼ੇ ਕਰਨ ਵਾਲੇ



ਕਈ ਸਾਲ ਪਹਿਲਾਂ ਪੰਮੇ ਦੇ ਡੈਡੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਉਸ ਦਾ ਡੈਡੀ ਸਾਬਕਾ ਫੌਜੀ ਸੀ। ਇਸ ਕਰਕੇ ਉਸ ਦੀ ਮੰਮੀ ਨੂੰ ਉਸ ਦੇ ਡੈਡੀ ਵਾਲੀ ਪੈਨਸ਼ਨ ਲੱਗ ਗਈ ਸੀ। ਪੈਨਸ਼ਨ ਨਾਲ ਪੰਮੇ ਤੇ ਉਸ ਦੀ ਮੰਮੀ ਦਾ ਗੁਜ਼ਾਰਾ ਚੱਲੀ ਜਾਂਦਾ ਸੀ। ਪੰਮੇ ਦਾ ਵੱਡਾ ਭਰਾ ਉਨ੍ਹਾਂ ਤੋਂ ਵੱਖ ਰਹਿੰਦਾ ਸੀ। ਮਾੜੀ ਸੰਗਤ ਵਿੱਚ ਪੈ ਕੇ ਪੰਮਾ ਨਸ਼ੇ ਕਰਨ ਲੱਗ ਪਿਆ ਸੀ। ਉਹ ਕੋਈ ਕੰਮ ਵੀ ਨਹੀਂ ਸੀ ਕਰਦਾ। ਉਸ ਦੀ ਮੰਮੀ ਤੇ ਉਸ ਦੇ ਵੱਡੇ ਭਰਾ ਨੇ ਉਸ ਨੂੰ ਬਥੇਰਾ ਸਮਝਾਇਆ ਕਿ ਨਸ਼ੇ ਸਿਹਤ ਲਈ ਹਾਨੀਕਾਰਕ ਹਨ। ਇਹ ਸਰੀਰ ਨੂੰ ਅੰਦਰੋਂ ਖੋਖਲਾ ਕਰ ਦਿੰਦੇ ਹਨ ਪਰ ਉਸ ਨੇ ਦੋਹਾਂ ਦੀ ਇਕ ਨਾ ਸੁਣੀ। ਇਕ ਦਿਨ ਉਸ ਦੀ ਮੰਮੀ ਵੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ। ਮੰਮੀ ਦੇ ਮਰਨ ਨਾਲ ਆਮਦਨ ਦਾ ਇੱਕੋ ਇੱਕ ਜ਼ਰੀਆ ਵੀ ਬੰਦ ਹੋ ਗਿਆ। ਉਸ ਨੇ ਨਸ਼ੇ ਕਰਨ ਲਈ ਬਹਾਨੇ ਮਾਰ ਕੇ ਲੋਕਾਂ ਤੋਂ ਪੈਸੇ 'ਕੱਠੇ ਕਰਨੇ ਸ਼ੁਰੂ ਕਰ ਦਿੱਤੇ ਪਰ ਉਸ ਦੀ ਇਹ ਖੇਡ ਬਹੁਤਾ ਚਿਰ ਨਾ ਚੱਲੀ। ਲੋਕਾਂ ਨੇ ਉਸ ਨੂੰ ਪੈਸੇ ਦੇਣੇ ਉੱਕਾ ਹੀ ਬੰਦ ਕਰ ਦਿੱਤੇ। ਅੱਜ ਉਸ ਨੇ ਰੋਟੀ ਤੇ ਨਸ਼ੇ ਨਾ ਮਿਲਣ ਕਰਕੇ ਪਿੰਡ ਦੇ ਟੋਭੇ ਵਿੱਚ ਛਾਲ ਮਾਰ ਦਿੱਤੀ। ਜਦੋਂ ਤੱਕ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ, ਉਸ ਦੀ ਮੌਤ ਹੋ ਚੁੱਕੀ ਸੀ। ਪਹਿਲਾਂ ਜਦੋਂ ਵੀ ਪਿੰਡ ਵਿੱਚ ਕਿਸੇ ਦੀ ਮੌਤ ਹੁੰਦੀ ਸੀ ਤਾਂ ਪਿੰਡ ਦੇ ਗੁਰਦੁਆਰੇ ਦੇ ਸਪੀਕਰ ਤੋਂ ਇਹ ਅਨਾਊਂਸਮੈਂਟ ਕੀਤੀ ਜਾਂਦੀ ਸੀ ਕਿ ਫਲਾਣੇ ਦਾ ਅੰਤਮ ਸਸਕਾਰ ਹੋਣ ਲੱਗਾ ਆ, ਜਿਸ ਕਿਸੇ ਨੇ ਵੀ ਅੰਤਮ ਸਸਕਾਰ ਵਿੱਚ ਸ਼ਾਮਲ ਹੋਣਾ ਆਂ, ਉਹ ਫਲਾਣੇ ਦੇ ਘਰ ਪਹੁੰਚ ਜਾਵੇ ਪਰ ਅੱਜ ਪਿੰਡ ਦੇ ਗੁਰਦੁਆਰੇ ਦੇ ਸਪੀਕਰ ਤੋਂ ਕੋਈ ਅਨਾਊਂਸਮੈਂਟ ਨਹੀਂ ਹੋਈ। ਪੰਮੇ ਦਾ ਚੁੱਪ ਕਰਕੇ ਅੰਤਮ ਸਸਕਾਰ ਕਰ ਦਿੱਤਾ ਗਿਆ। ਉਹ ਜਿੰਨੀ ਕੁ ਇੱਜ਼ਤ ਦਾ ਹੱਕਦਾਰ ਸੀ, ਪਿੰਡ ਵਾਲਿਆਂ ਨੇ ਉਸ ਨੂੰ ਉੱਨੀ ਕੁ ਇੱਜ਼ਤ ਦੇ ਦਿੱਤੀ।



ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ ਐਮ ਐੱਲ ਏ ਹਾਊਸ
ਕੇਨਾਲ ਰੋਡ, ਨਵਾਂ ਸ਼ਹਿਰ-144514
ਫੋਨ -9915803554

# ਕਾਵਿ-ਕਿਆਰੀ

(ਗੀਤ)

## ਵਾਸਤਾ



ਨਛੱਤਰ ਸਿੰਘ ਭੋਗਲ
"ਭਾਖੜੀਆਣਾ"

ਵਾਸਤਾ ਖੁਦਾ ਦਾ ਪਾਵਾਂ, ਦੋਹਾਂ ਸਰਕਾਰਾਂ ਨੂੰ,
ਅੱਗ 'ਚ ਨਾ ਫੁੱਲ ਲੂਹਿਉ ਆਖਾਂ ਸਰਕਾਰਾਂ ਨੂੰ,
ਹਿੰਦ ਅਤੇ ਪਾਕਿ, ਮੇਰੀ ਦੋਹਾਂ ਨੂੰ ਦੁਹਾਈ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

ਪਹਿਲਾਂ ਲੜੇ ਜੰਗ, ਯਾਰੋ ਕੀ ਆਪਾਂ ਖੱਟਿਆ,
ਪੈਂਠ ਤੇ ਇਕੱਤਰ ਨੇ, ਝੁੱਗਾ ਸਾਡਾ ਪੁੱਟਿਆ,
ਨੜਿੱਨਵੇਂ 'ਚ ਕਾਰਗਿਲ, ਅੱਗ ਹੀ ਵਰ੍ਹਾਈ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

ਗ਼ੁੱਸੇ-ਗਿਲੇ, ਗੱਲ-ਬਾਤ ਕਰਕੇ ਨਜਿੱਠ ਲਓ,
ਧਮਕੀਆਂ, ਦਬਕੇ, ਵ.ਗਾ ਕੇ ਦੂਰ ਸਿੱਟ ਦਓ,
ਹਿੰਦ ਵੀਰ ਵੱਡਾ, ਪਾਕਿ ਛੋਟਾ ਤੇਰਾ ਭਾਈ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

ਵਪਾਰੀਆਂ ਨੇ ਵੇਚਣੇ ਨੇ ਬੰਬ ਹਥਿਆਰ ਬਈ,
ਭਰਾ ਪੁੱਤ ਆਪਣੇ ਹੀ ਲੈਣੇ ਆਪਾਂ ਮਾਰ ਬਈ,
ਇਹਦੇ ਵਿੱਚ ਯਾਰੋ ਦੱਸੋ ਕਿੱਥੋਂ ਦੀ ਭਲਾਈ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

ਅਮਨ ਪੁਜਾਰੀ ਬਣੋ, ਬਣੋ ਸ਼ਾਂਤੀ ਦੇ ਪੁੰਜ ਬਈ,
ਪਾਉ ਗਲ਼ਵਕੜੀ ਨਾ ਜਾਇਉ ਤੁਸੀਂ ਖੁੰਝ ਬਈ,
ਨਹੀ ਤਾਂ ਅਣਭੋਲ਼ ਜਿੰਦਾਂ ਜਾਣੀਆਂ ਅਜਾਈਂ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

ਬਣੋ ਦਿਲਦਾਰ, ਪਈਆਂ ਸਾਂਝਾਂ ਉੱਤੇ ਮਾਣ ਹੋਵੇ,
ਸਾਥੀ ਦੁੱਖ-ਸੁੱਖ ਦੇ, ਤੇ ਜਾਨ ਵਿੱਚ ਜਾਨ ਹੋਵੇ,
ਬਾਡਰ ਦੇ ਦੋਵੇਂ ਪਾਸੇ, ਸਤੀ ਪਈ ਲੁਕਾਈ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

ਹੌਕਿਆਂ ਦੀ ਅੱਗ ਵਿੱਚ ਸੜਦੇ ਹੀ ਰਹਾਂਗੇ,
ਅਣ-ਕਹੇ ਦੁੱਖ ਆਪਾਂ ਸੀਨੇ ਉੱਤੇ ਸਹਾਂਗੇ,
ਘਾਟੇ ਵਾਲਾ ਸੌਦਾ, ਕੋਈ ਖੱਟੀ ਨਾ ਕਮਾਈ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

ਦੰਦਲਾਂ ਪੈ ਜਾਣੀਆਂ, ਨਾ ਹੱਸਾਂਗੇ ਨਾ ਬੋਲਾਂਗੇ,
ਹੱਥਾਂ ਨਾਲ ਦਿੱਤੀ ਗੰਢ, ਦੰਦਾਂ ਨਾਲ ਖੋਲ੍ਹਾਂਗੇ,
ਨਛੱਤਰ ਸਿੰਘ ਭੋਗਲ, ਨਹੀਂ ਮਾਰਦਾ ਭਕਾਈ ਐ।
ਜੰਗ ਨਾ ਲਗਾਇਓ, ਥੋਡੀ ਏਸੇ 'ਚ ਭਲਾਈ ਐ॥

## ਜੰਗ 'ਤੇ ਜੰਗ



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

ਹਰ ਇੱਕ ਜ਼ੁਬਾਨ 'ਤੇ, ਖ਼ੂਨ ਦਾ ਬਦਲਾ ਖ਼ੂਨ ਹੈ,
ਬਾਤਚੀਤ ਦੇ ਹਰ ਕੇਂਦਰ ਦਾ, ਇਹੀ ਸਿਰਫ ਮਜ਼ਮੂਨ ਹੈ।

ਬਲੈਕ ਆਊਟ ਅਤੇ ਬੰਕਰਾਂ ਦੇ ਸਿਲਸਿਲੇ ਦਾ ਜ਼ੋਰ ਹੈ,
ਸੰਜੀਦਗੀ ਦੀ ਸੋਚ ਨਹੀਂ, ਬਦਲੇ ਦਾ ਭਾਰੀ ਜਨੂੰਨ ਹੈ।

ਬੇ ਕਸੂਰੀ ਮਾਸੂਮ ਜਾਨਾਂ, ਜਾਂਦੀਆਂ 'ਤੇ ਰੁਲ਼ਦੀਆਂ,
ਸ਼ਾਸਕਾਂ ਦੇ ਹੱਥ 'ਚ ਪੈਸਾ, ਤਾਕਤ ਅਤੇ ਕਾਨੂੰਨ ਹੈ।

ਅਰਸ਼ ਤੋਂ ਬਰਸੇ ਅੰਗਾਰੇ, ਅਮਨ ਦਾ ਇਲਾਜ ਨਹੀਂ ,
ਭੁੱਲ ਕੇ ਵੀ ਨਾ ਸਮਝੋ ਕਿ, ਇਹ ਕੋਈ ਮਾਜੂਨ ਹੈ।

ਲਾਉਣ ਤੇ ਬੁਝਾਉਣ ਲਈ, ਖੜਪੰਚ ਕਈ ਨੇ ਕਾਹਲੇ,
ਵਹਿਮ ਨਾ ਰੱਖਿਓ ਕੋਈ, ਕਿ ਸਾਡਾ ਕੋਈ ਮਗ਼ਨੂਨ ਹੈ।

ਬਿਨਾ ਛੱਤ 'ਤੇ ਬਿਨਾ ਘਰ ਦੇ, ਰੜੇ ਹੀ ਜਿਹੜਾ ਬੈਠਾ ਹੈ,
ਜੰਗ ਦੀ ਚੱਕੀ ਵਿੱਚ ਪਿਸਦਾ, ਮਾਸੂਮ ਅਤੇ ਮਜ਼ਲੂਮ ਹੈ।

ਹਰ ਜੰਗ ਦੇ ਮਗਰੋਂ ਤੋਬਾ, ਅਤੇ ਹਰ ਤੋਬਾ ਦੇ ਪਿੱਛੋਂ ਜੰਗ,
ਇਹ ਕਿਹੜੀ ਹੈ ਸਿਆਣਪ, 'ਤੇ ਇਹ ਕਿਹੜਾ ਸਕੂਨ ਹੈ?

## ਪੱਥਰ



–ਪਰਮਿੰਦਰ ਸਿੰਘ ਸਿੱਧੂ

**ਸੁਣਿਆ ਰੱਬ ਰਿਜ਼ਕ ਦਿੰਦਾ ਏ, ਪੱਥਰਾਂ ਵਿੱਚ ਵੀ ਕੀੜੇ ਨੂੰ**
ਫੁੱਲਾਂ ਜਿਹੇ ਬੱਚੇ ਫਿਰ ਕਿਉਂ, ਸੌਂਦੇ ਭੁੱਖੇ ਤੋੜਦੇ ਪੱਥਰ ਜੋ !
ਕੌਣ ਕਿਵੇਂ ਕਿਉਂ ਡੰਗ ਰਿਹਾ, ਅਮਨ ਚੈਨ ਕਰ ਭੰਗ ਰਿਹਾ
ਫਿਰਕੂ ਲੋਕ ਦੇਣ ਸਲਾਹਾਂ ਸਾਨੂੰ, ਹੱਥੀਂ ਛੇੜਨ ਖੱਖਰ ਜੋ !
ਕੀ ਜਾਨਣ ਦੁੱਖ ਮਾਪਿਆਂ ਦਾ, ਬੰਨਣ ਮੁੱਢ ਸਿਆਪਿਆਂ ਦਾ
ਝੂਠੀ ਵੀਡਿਉ ਵਾਇਰਲ ਕਰਕੇ, ਝੁਲਾਉਂਦੇ ਝੂਠੇ ਝੱਖੜ ਜੋ !
ਕਿਉਂ ਤੈਨੂੰ ਰੱਬਾ ਦਿੱਸਦੇ ਨਾ, ਕਿਉਂ ਤੇਰੀ ਚੱਕੀ ਪਿੱਸਦੇ ਨਾ
ਮੌਤ ਵੰਡਕੇ ਨਸ਼ਿਆ ਰਾਹੀਂ, ਨਿੱਤ ਹੀ ਵਛਾਉਂਦੇ ਸੱਥਰ ਜੋ !
ਉਲਝੇ ਲੋਕੀਂ ਧਰਮਾਂ ਕਰਕੇ, ਝੂਠੇ ਵਹਿਮਾਂ–ਭਰਮਾਂ ਕਰਕੇ
ਬੰਦ ਕਰੀ ਕਿਉਂ ਬੈਠੇ ਅੱਖਾਂ, ਕਹਾਉਣ ਰੱਬ ਦੇ ਫੱਕਰ ਜੋ !
ਮੌਤ ਨੂੰ ਉਹ ਮਾਸੀ ਕਹਿੰਦਾ, ਚੜ੍ਹ ਸੂਲੀ ਵੀ ਹੱਸਦਾ ਰਹਿੰਦਾ
ਲੋਕਾਂ ਲਈ ਜ਼ੁਲਮੀ ਹਾਕਮ ਨੂੰ, ਮੂਹਰੇ ਹੋ ਦਿੰਦਾ ਟੱਕਰ ਜੋ !
ਧੋਖਾ ਜਾਂ ਉਹ ਵਫ਼ਾ ਕਰੂਗਾ, ਨੁਕਸਾਨ ਜਾਂ ਨਫਾ ਕਰੂਗਾ
ਕਰੀਏ ਕਿੰਝ ਯਕੀਨ ਉਸ 'ਤੇ, ਸਦਾ ਕਹੇ ਸੱਤ ਨੂੰ ਸੱਤਰ ਜੋ !
ਪਵਿੱਤਰ ਨਹੀਂ ਪਾਪੀ ਹੋਣਗੇ, ਸੱਚੀਂ ਰੂਹ ਸਰਾਪੀ ਹੋਣਗੇ
ਪਰਮਿੰਦਰ ਜਿਹੇ ਮਾਂ ਬੋਲੀ ਦੇ, ਭੁੱਲ ਜਾਂਦੇ ਪੈਤੀਂ ਅੱਖਰ ਜੋ !

## ਕਵਿਤਾ

ਲੇਖਕ–ਸੁਖਬੀਰ ਸਿੰਘ ਯੂ ਕੇ



ਗੀਤਾਂ ਫ਼ਿਲਮਾਂ ਵਿੱਚ ਜਿਹੜੇ ਮਿੰਟ ਵਿੱਚ ਬੰਦਾ ਮਾਰ ਦਿੰਦੇ,
ਇਕੋ ਹੱਥ ਦੇ ਨਾਲ ਹੀ ਜਿਹੜੇ ਜਹਾਜ਼ ਫੜ ਕੇ ਉਤਾਰ ਦਿੰਦੇ
ਵੇਖ ਵੇਖ ਕੇ ਮੁੰਡੇ ਸਾਡੇ ਜਿਨ੍ਹਾਂ ਨੂੰ ਉਸਤਾਦ ਕਹਿੰਦੇ ਨੇ,
ਕਰਵਾ ਬੇਜਤੀ ਹੱਥ ਜੋੜ ਕੇ ਫੋਟੋ ਖਿਚਵਾਉਣ ਲਈ ਬਹਿੰਦੇ
ਅਸਲੀ ਉਸਤਾਦਾਂ ਅੱਜ ਜ਼ਿੰਦਗੀ ਦੇ ਕੱਢੇ ਸਾਰੇ ਭੁਲੇਖੇ ਜੀ
ਅਸਲੀ ਹੀਰੋ ਬਾਰਡਰਾਂ ਉੱਤੇ ਅੱਜ ਹੈ ਲੜਦੇ ਵੇਖੇ ਜੀ

6 ਕ ਪਾ ਕੇ 32 ਬੋਰ ਵਿੱਚ ਮੰਨੀ ਜਾਈਏ ਬਦਮਾਸ਼ੀ ਜੀ,
ਵੇਖੋ ਜਾ 47 ਕਿੱਦਾਂ ਕਰਦੀ ਪਟੇ ਖ਼ਲਾਸੀ ਜੀ
ਫਿਰ ਵੀ ਕਦੇ ਨਾ ਫੁਕਰੀ ਮਾਰ ਦੇ ਵੇਖੇ ਫੌਜੀ ਵੀਰ,
ਹਿੱਕ ਡਾਹ ਕੇ ਡਰ ਵਾਲਾ ਜੋ ਰਹੇ ਨੇ ਸੀਨਾ ਚੀਰ
ਸਤਕਾਰ ਇੱਜ਼ਤ ਅਸਲੀ ਬਣਦਾ ਜਿਹੜਾ ਇਨ੍ਹਾਂ ਨੂੰ ਦਈਏ
ਜ਼ਿੰਦਗੀ ਵਿੱਚ ਡਿਸੀਪਲਨ ਜਰੂਰੀ ਏਨਾ ਕੋਲੋਂ ਲਈਏ
ਗੀਤਾਂ ਵਾਲੇ ਲੁਕਣ ਦੀਆਂ ਸਕੀਮਾਂ ਹੁਣ ਮੈਂ ਘੜਦੇ ਵੇਖੇ ਜੀ
ਅਸਲੀ ਹੀਰੋ ਬਾਰਡਰਾਂ ਉੱਤੇ ਅੱਜ ਹੈ ਲੜਦੇ ਵੇਖੇ ਜੀ

* * * * * *

## ਬਾਜ਼ੀ ਤੇ ਭਾਜੀ

ਫਿਰ ਦਿੱਲੀਏ ਪੰਜਾਬ ਹੀ ਲੱਭਾ, ਤੈਨੂੰ ਆਤਸ਼ ਬਾਜ਼ੀ ਲਈ।
ਪੰਜਾਬੀ ਹੀ ਜਾਨਾਂ ਦੇਵਣਗੇ , ਮੁੜ ਕੇ ਪੈਂਦੀ ਭਾਜੀ ਲਈ।

ਸੰਨ ਪੈਂਹਠ 'ਚ ਬਿਆਸਾ ਤਾਈਂ ਤੂੰ ਤਾਂ ਪਿੱਛੇ ਹਟਦੀ ਸੀ,
ਸਿੰਘ ਸਰਦਾਰ ਨਾ ਰਾਜ਼ੀ ਹੋਏ ਤੇਰੀ ਜਾਅਲਸਾਜ਼ੀ ਲਈ।

ਛੂਤ ਛਾਤ ਦੇ ਕਰਕੇ ਬਿੱਪਰ ਤੇਰਾ ਰਿਹਾ ਗੁਲਾਮ ਦਿੱਲੀਏ,
ਚੇਤੇ ਰੱਖੀਂ ਢੋਈ ਨਹੀਂ ਹੈ ਇਹਦੇ ਵਰਗੇ ਪਾਜ਼ੀ ਲਈ।

ਤੈਨੂੰ ਤਾਂ ਵੋਟਾਂ ਤੇ ਨੋਟਾਂ ਦੀ ਹੀ ਹੋੜ ਰਹੀ ਦਿੱਲੀਏ
ਜੀਵਨ ਅਤੇ ਮੌਤ ਦਾ ਮੁੱਦਾ ਬਣਿਆ ਹੋਇਆ ਗਾਜ਼ੀ ਲਈ।


ਬਿੱਪਰਵਾਦ ਨੂੰ ਡਰ ਓਸ ਦਾ ਦਿਨ ਰਾਤੀਂ ਖਾਈ ਜਾਂਦਾ ਹੈ,
ਗਿਣਤੀ ਦੇ ਉਪਦੇਸ਼ ਦਾ ਮੁੱਦਾ ਬਣਿਆ ਹੈ ਜੋ ਕਾਜ਼ੀ ਲਈ।

ਸਿਰ ਦੇਣ ਦੇ ਨਾਲੋਂ ਸਿਰ ਵਰਤਣ ਦੀ ਹੁਣ ਕਰੇਗਾ ਪੰਥ,
ਸਿੰਘ ਜੋ ਬਾਲਣ ਬਣਦੇ ਰਹੇ ਨੇ, ਤੇਰੀ ਹੀ ਸਿਰਤਾਜ਼ੀ ਲਈ।

ਦੇਸ਼ ਪੰਜਾਬ ਦਾ ਲੁੱਟ ਕੇ ਪਾਣੀ, ਬੰਜਰ ਉਹਨੂੰ ਕਰਨਾ ਲੋਚੇਂ,
ਮਸ਼ਹੂਰ ਹੈ ਲਾਲਾ ਬਿਰਤੀ ਤੇਰੀ ਦਿੱਲੀਏ ਬੇ ਲਿਹਾਜ਼ੀ ਲਈ।

ਜਿਸ ਪੰਜਾਬ ਦੇ ਰਾਹ ਵਿਚ ਦਿੱਲੀਏ ਤਿੱਖੇ ਕਿੱਲ ਤੂੰ ਗੱਡੇ ਨੇ,
ਦਿਨ ਰਾਤ ਉਹ ਸੁਲਘ ਰਿਹਾ ਹੈ ਤੇਰੀ ਤਿਕੜਮਬਾਜ਼ੀ ਲਈ।

ਜਾਪੇ ਕਿ ਹੁਣ ਕਹਿਰ ਸਮੇਂ ਦਾ ਤੇਰੇ ਸਿਰ 'ਤੇ ਕੜਕਣ ਵਾਲਾ,
'ਢੇਸੀ' ਦੀ ਕਿਰਪਾਨ ਕਲਮ ਹੈ, ਸੌਂਹੇਂ ਸਿਰ ਦੀ ਬਾਜ਼ੀ ਲਈ।



ਕੁਲਵੰਤ ਸਿੰਘ ਢੇਸੀ

ਕਾਵਿ-ਵਿਅੰਗ

## ਧੰਨਵਾਦ ਟਰੰਪ ਜੀ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268


ਫਾਇਦੇ ਮੰਦ ਨਹੀਂ ਸਗੋਂ ਨੁਕਸਾਨ ਹੁੰਦਾ
ਜੰਗ 'ਜਿੱਤਣੇ' ਵਾਲ਼ੇ ਤੇ 'ਹਾਰਿਆਂ' ਦਾ।
ਵੱਡੇ ਮੁਲਕਾਂ ਦਾ ਹੋਈ ਵਿਉਪਾਰ ਜਾਂਦਾ
ਜਮ੍ਹਾਂ ਕੀਤੇ ਹਥਿਆਰ 'ਭੰਡਾਰਿਆਂ' ਦਾ।
ਜਿਸ ਪ੍ਰਵਾਰ 'ਚੋਂ ਕੋਈ 'ਸ਼ਹੀਦ' ਹੋ ਜਏ
ਪੁੱਛੀਏ ਹਾਲ ਕੀ ਗਮਾਂ ਦੇ ਮਾਰਿਆਂ ਦਾ।
ਜੀਣਾ ਦੁੱਭਰ ਹੋ ਜਾਂਦਾ ਏ ਉਮਰ ਸਾਰੀ
ਬਾਕੀ ਟੱਬਰ ਦੇ ਜੀਆਂ ਵਿਚਾਰਿਆਂ ਦਾ।
ਸੇਕ ਝੱਲਣਾ ਪੈਂਦਾ ਫਿਰ 'ਪੀੜ੍ਹੀਆਂ' ਨੂੰ
ਸਾੜੇ ਨਫਰਤ ਦੇ ਬੀਅ ਖਿਲਾਰਿਆਂ ਦਾ।
ਲੱਖ ਸ਼ੁਕਰ ਕਿ ਪੈ ਗਿਆ 'ਭੋਗ' ਜਲਦੀ
ਮਚੇ ਹਫਤਾ ਕੁ ਭਰ ਤੋਂ 'ਹੜਕੰਪ' ਦਾ ਜੀ।
ਠੰਢੇ ਕਰ'ਤਾ ਜਿਨ ਦੋਹਾਂ ਹੀ 'ਤੱਤਿਆਂ' ਨੂੰ
ਲੱਖ ਧੰਨਵਾਦ ਅਮਰੀਕਨ ਟਰੰਪ ਦਾ ਜੀ।
–ਤਰਲੋਚਨ ਸਿੰਘ ਦੁਪਾਲ ਪੁਰ


### ਜਨਮ ਉਤਸਵ 'ਤੇ 16 ਮਈ ਨੂੰ ਵਿਸ਼ੇਸ਼

# ਮਹਾਨ ਪਰਉਪਕਾਰੀ ਸਨ ਸੰਤ ਜਵਾਲਾ ਸਿੰਘ ਹਰਖੋਵਾਲੀਏ ਅਤੇ ਸੰਤ ਹਰੀ ਸਿੰਘ ਕਹਾਰਪੁਰੀਏ

– ਲੇਖਕ –
ਰਣਧੀਰ ਸਿੰਘ ਸੰਬਲ
ਯੂ ਕੇ
ਫੋਨ :07417443300







ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦਾ ਜਨਮ ਪਿਤਾ ਸ: ਨਰਾਇਣ ਸਿੰਘ ਦੇ ਗ੍ਰਹਿ ਤੇ ਮਾਤਾ ਰਾਜ ਕੌਰ ਦੀ ਕੁੱਖੋਂ 3 ਮਈ 1889 ਈ: ਨੂੰ ਬਲਾਕ ਮਾਹਿਲਪੁਰ ਤੋਂ 2 ਕਿਲੋਮੀਟਰ ਦੀ ਵਿੱਥ 'ਤੇ ਇਤਿਹਾਸਕ ਨਗਰੀ ਲੰਗੇਰੀ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਹੋਇਆ। ਉਹ ਬਚਪਨ ਤੋਂ ਹੀ ਸਾਧੂ ਸੁਭਾਅ ਵਾਲੀ ਬਿਰਤੀ ਤੇ ਸਿਮਰਨ ਕਰਨ ਵਾਲੇ ਸਨ। ਉਹ 10 ਅਪ੍ਰੈਲ 1907 ਈ: ਨੂੰ ਫੌਜ ਵਿੱਚ ਭਰਤੀ ਹੋ ਗਏ ਤੇ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਰਾਵਲਪਿੰਡੀ ਛਾਉਣੀ ਵਿੱਚ ਭੇਜਿਆ ਗਿਆ। ਰੰਗਰੂਟੀ ਕਰਨ ਉਪਰੰਤ ਉਹ ਸਭ ਤੋਂ ਵਧੀਆ ਨਿਸ਼ਾਨਚੀ ਐਲਾਨੇ ਗਏ ਤੇ ਉਹ ਦੌੜਾਂ ਵਿੱਚ ਪਹਿਲੇ ਸਥਾਨ 'ਤੇ ਆਉਂਦੇ ਰਹੇ। ਰਾਵਲਪਿੰਡੀ ਤੋਂ ਹੋਤੀ ਮਰਦਾਨ ਡੇਰੇ ਪਹੁੰਚ ਕੇ ਸੰਤ ਬਾਬਾ ਕਰਮ ਸਿੰਘ ਤੋਂ ਵਰੋਸਾਏ ਉਨ੍ਹਾਂ ਦੇ ਜਾਨਸ਼ੀਨ ਸੰਤ ਬਾਬਾ ਆਇਆ ਸਿੰਘ ਦੇ ਵੈਸਾਖ ਦੀ ਸੰਗਰਾਂਦ 1910 ਈ: ਨੂੰ ਦਰਸ਼ਨ ਕੀਤੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਨੇ ਪਹਿਲੀ ਵਿਸ਼ਵ ਜੰਗ ਵਿੱਚ ਹਿੱਸਾ ਲੈਂਦਿਆਂ ਵੱਖ-ਵੱਖ ਦੇਸ਼ਾਂ ਵਿੱਚ ਆਪਣਾ ਯੋਗਦਾਨ ਪਾਇਆ। ਆਪ 15 ਜਨਵਰੀ 1917 ਈ: ਨੂੰ ਪਲਟਨ ਵਿੱਚੋਂ ਨਾਂਅ ਕਟਵਾ ਕੇ ਸੰਤ ਆਇਆ ਸਿੰਘ ਦੇ ਆਦੇਸ਼ਾਂ ਅਨੁਸਾਰ ਸੇਵਾ ਸਿਮਰਨ ਤੇ ਬੰਦਗੀ ਕਰਨ ਲਈ ਸਰਬੱਤ ਦੇ ਭਲੇ ਲਈ ਦੁਆਬੇ ਦੇ ਜ਼ਿਲ੍ਹਾ ਹੁਸ਼ਿਆਰਪੁਰ ਤੋਂ 8 ਕਿਲੋਮੀਟਰ ਵਿੱਥ 'ਤੇ ਸੰਘਣੇ ਜੰਗਲਾਂ ਵਿੱਚ ਹਰਖੋਵਾਲ ਨੇੜੇ ਪਹਿਲਾਂ ਆਪ ਨੇ ਇਕ ਕੁਟੀਆ ਬਣਾਈ ਤੇ ਫਿਰ ਸੰਸਾਰੀ ਜੀਆਂ ਦੀ ਭਲਾਈ ਲਈ ਧਰਮ ਪ੍ਰਚਾਰ ਦੇ ਮਹਾਨ ਕੇਂਦਰ ਦਾ ਨਿਰਮਾਣ ਕੀਤਾ, ਪ੍ਰਾਣੀਆਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ।

ਡੇਰਾ ਸੰਤ ਗੜ੍ਹ ਹਰਖੋਵਾਲ ਵਿਖੇ ਵਿਸ਼ੇਸ਼ ਸਮਾਗਮਾਂ ਮੌਕੇ ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ, ਸੰਤ ਬਾਬਾ ਭਗਵਾਨ ਸਿੰਘ ਰੇਰੂ ਸਾਹਿਬ ਵਾਲੇ, ਦਮਦਮੀ ਟਕਸਾਲ ਦੇ ਜਥੇਦਾਰ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਜਥੇ ਸਮੇਤ ਪਹੁੰਚ ਕੇ ਕਥਾ ਪ੍ਰਵਾਹ ਕਰਦੇ ਰਹੇ। ਭਾਰਤ ਵਿੱਚ ਵੱਖ-ਵੱਖ ਥਾਈਂ ਆਪ ਦੇ ਨਾਂਅ 'ਤੇ ਇਕ ਦਰਜਨ ਤੋਂ ਵੱਧ ਧਾਰਮਿਕ ਸਥਾਨ ਉਸਾਰੇ ਹੋਏ ਹਨ। ਸੰਤ ਬਾਬਾ ਜਵਾਲਾ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਸੰਤ ਬਾਬਾ ਤ੍ਰਿਲੋਕ ਸਿੰਘ ਤੇ ਸੰਗਤ ਦੀ ਬੇਨਤੀ 'ਤੇ ਮਾਤਾ ਸਾਹਿਬ ਕੌਰ ਤੇ ਪੰਥ ਮਾਤਾ ਸੁੰਦਰ ਕੌਰ ਦੀ ਪਾਵਨ ਰਮਣੀਕ ਯਾਦਗਾਰ ਇਮਾਰਤ ਦਾ ਨਵੇਂ ਸਿਰਿਓਂ ਨਿਰਮਾਣ ਕਰਵਾਇਆ। ਇਸ ਤੋਂ ਇਲਾਵਾ ਆਪ ਨੇ ਹੋਰ ਵੀ ਬਹੁਤ ਕਾਰਜ ਕੀਤੇ। ਜਿਸ ਸਮੇਂ ਆਪ ਡੇਰਾ ਡੁਮੇਲੀ ਵਿਖੇ ਪ੍ਰਭੂ ਚਰਨਾਂ ਵਿੱਚ ਬਿਰਾਜਣ ਲੱਗੇ, ਉਸ ਸਮੇਂ ਆਪ ਕੋਲ ਸੰਤ ਮਹਿੰਦਰ ਸਿੰਘ ਹਰਖੋਵਾਲੀਏ, ਸੰਤ ਗਿਆਨ ਸਿੰਘ, ਭਾਈ ਤਾਰਾ ਸਿੰਘ, ਸੰਤ ਗੱਜਣ ਸਿੰਘ, ਸੂਬੇਦਾਰ ਉਜਾਗਰ ਸਿੰਘ, ਗਿਆਨੀ ਹਰਬੰਸ ਸਿੰਘ ਤੇ ਹੋਰ ਹਾਜ਼ਰ ਸਨ। ਆਪ ਅੰਤ ਸਮੇਂ ਡੇਰਾ ਡੁਮੇਲੀ ਦੇ ਬਰਾਂਡੇ ਵਾਲੀ ਕੋਠੀ ਵਿੱਚ ਸਨ ਤੇ ਆਪ ਨੇ ਆਪਣੇ ਨਿਕਟਵਰਤੀ ਸਿੰਘਾਂ ਨੂੰ ਕੋਲ ਬੁਲਾ ਕੇ ਇਹ ਕਿਹਾ ਕਿ ਅੱਛਾ ਗੁਰਮੁਖੋ ਹੁਣ ਅਸੀਂ ਚੱਲਦੇ ਹਾਂ ਤੇ ਤੁਸੀਂ ਸਾਡੀ ਦੇਹ ਨੂੰ ਇਤਿਹਾਸਕ ਸਥਾਨ ਗੁਰਦੁਆਰਾ ਸ੍ਰੀ ਬਿਭੌਰ ਸਾਹਿਬ ਦੇ ਨਜ਼ਦੀਕ ਜਲ ਪ੍ਰਵਾਹ ਕਰ ਦੇਣਾ। ਦੁਆਬੇ ਦੀ ਧਰਤੀ ਨੂੰ ਸਦਾ ਲਈ ਪਵਿੱਤਰ ਕਰਕੇ ਅੰਤ ਆਪ ਨੇ 13 ਨਵੰਬਰ 1957 ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਵਾਸਾ ਕਰ ਲਿਆ।

ਐਸੇ ਹੀ ਪਰਉਪਕਾਰੀ ਧੁਰ ਦਰਗਾਹ ਤੋਂ ਬਖ਼ਸ਼ੇ ਹੋਏ ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਤੋਂ ਵਰੋਸਾਏ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲੇ ਹੋਏ ਹਨ। ਆਪ ਜੀ ਦਾ ਜਨਮ ਸਿੱਖ ਘਰਾਣੇ ਵਿੱਚ ਪਿੰਡ ਜਿਆਣ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਪਿਤਾ ਸ: ਅਤਰ ਸਿੰਘ ਲਿਦੜ ਦੇ ਘਰ ਮਾਤਾ ਅਤਰ ਕੌਰ ਦੀ ਕੁੱਖੋਂ 20 ਦਸੰਬਰ ਸੰਨ 1885 ਨੂੰ ਹੋਇਆ।

ਛੋਟੀ ਉਮਰ ਵਿੱਚ ਹੀ ਆਪ ਜੀ ਨੂੰ ਸੇਵਾ ਸਿਮਰਨ ਅਤੇ ਗੁਰਬਾਣੀ ਪੜ੍ਹਨ ਦਾ ਸ਼ੌਕ ਜਾਗ ਪਿਆ। ਆਪ ਜੀ ਮੁੱਢਲੀ ਵਿੱਦਿਆ ਪ੍ਰਾਪਤ ਕਰਕੇ ਸੰਨ 1905 ਮਾਰਚ ਦੀ 15 ਨੂੰ ਫੌਜ ਵਿੱਚ ਭਰਤੀ ਹੋ ਗਏ। ਫੌਜ ਵਿੱਚ ਆਪ 1908 ਤੱਕ ਰਹੇ, ਫਿਰ ਆਪਣਾ ਨਾਮ ਕਟਵਾ ਕੇ ਬਾਬਾ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਦੀ ਚਰਨ ਸ਼ਰਨ ਆ ਕੇ ਸੰਤ ਮਾਰਗ ਧਾਰਨ ਕਰ ਲਿਆ। ਜਿਆਣ ਰਹਿ ਕੇ ਆਪ ਨੇ ਮਹਾਂਪੁਰਖਾਂ ਅਤੇ ਸੰਗਤਾਂ ਦੀ ਬੜੀ ਅਣਥੱਕ ਸੇਵਾ ਕੀਤੀ। ਮਹਾਪੁਰਖਾਂ ਦੇ ਹੁਕਮ ਅਨੁਸਾਰ 15 ਅਕਤੂਬਰ ਸੰਨ 1913 ਨੂੰ ਮਾਹਿਲਪੁਰ ਦੇ ਨਜ਼ਦੀਕ ਪਿੰਡ ਕਹਾਰਪੁਰ ਚਲੇ ਗਏ, ਇਥੇ ਆਪ ਜੀ ਝਿੜੀ ਵਿੱਚ ਇਕ ਅੰਬ ਦੇ ਦਰੱਖਤ ਹੇਠ ਕਈ ਦਿਨ ਭੁੱਖੇ ਰਹਿ ਕੇ ਪ੍ਰਭੂ ਦੀ ਅਰਾਧਨਾ ਕਰਦੇ ਰਹੇ। ਇਥੇ ਹੀ ਨਗਰ ਦੇ ਲੋਕਾਂ ਨੇ ਇਕ ਕੁਟੀਆ ਬਣਵਾ ਦਿੱਤੀ। ਆਪ ਜੀ ਨੇ ਕੰਢੀ ਦੇ ਇਲਾਕੇ ਵਿੱਚ ਸੰਗਤਾਂ ਨੂੰ ਸੇਵਾ ਸਿਮਰਨ ਦਾ ਉਪਦੇਸ਼ ਦੇ ਕੇ ਹਜ਼ਾਰਾਂ ਪ੍ਰਾਣੀਆਂ ਨੂੰ ਪੰਜਾਂ ਪਿਆਰਿਆਂ ਸਹਿਤ, ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਅਤੇ ਸੰਤ ਹਰਨਾਮ ਸਿੰਘ ਜੀ ਦੇ ਹੁਕਮ ਅਨੁਸਾਰ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਜੀ ਦੀ ਸੰਨ 1935 ਈਸਵੀ ਨੂੰ ਪੰਜਾਂ ਪਿਆਰਿਆਂ ਨਾਲ ਨੀਂਹ ਪੱਥਰ ਰੱਖ ਕੇ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਰਵਾਇਆ। ਪੰਜਾਂ ਪਿਆਰਿਆਂ ਵਿੱਚ ਸੰਤ ਹਰੀ ਸਿੰਘ ਕਹਾਰਪੁਰੀ, ਮਾਸਟਰ ਤਾਰਾ ਸਿੰਘ, ਜਥੇਦਾਰ ਪ੍ਰਤਾਪ ਸਿੰਘ, ਮਹਾਰਾਜਾ ਭੁਪਿੰਦਰ ਸਿੰਘ ਪਟਿਆਲੇ ਵਾਲੇ ਅਤੇ ਜਥੇਦਾਰ ਬਾਬਾ ਚੇਤ ਸਿੰਘ ਜੀ ਬੁੱਢਾ ਦਲ ਵਾਲੇ ਸ਼ਾਮਿਲ ਹੋਏ। ਇਸ ਦੇ ਸਾਥ ਹੀ ਸੰਤ ਗਿਆਨੀ ਸ਼ੇਰ ਸਿੰਘ, ਮਹੰਤ ਰਤਨ ਸਿੰਘ, ਸੰਤ ਕਿਰਪਾਲ ਸਿੰਘ, ਸੰਤ ਬਾਬਾ ਜਵਾਲਾ ਸਿੰਘ, ਸੰਤ ਬਿਸ਼ਨ ਸਿੰਘ, ਨੰਗਲ ਖੁਰਦ, ਸੰਤ ਬਿਸ਼ਨ ਸਿੰਘ ਜੀ ਮੇਘੋ ਵਾਲੀਏ, ਸੰਤ ਹਰੀ ਸਿੰਘ ਸੁਖਈ ਅਤੇ ਸੰਤ ਪੁੰਨਾ ਸਿੰਘ ਜੀ ਨੂੰ ਵੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸੰਤ ਹਰੀ ਸਿੰਘ ਜੀ ਨੇ ਕੰਢੀ ਇਲਾਕੇ ਵਿੱਚ ਸਿੱਖੀ ਲਹਿਰ ਦੀ 1917 ਈਸਵੀ ਵਿੱਚ ਅਰੰਭਤਾ ਕਰਕੇ ਅੰਮ੍ਰਿਤ ਛਕਾਇਆ । ਲੋਕਾਂ ਨੂੰ ਤਮਾਖੂ ਨਾ ਵਰਤਣ ਲਈ ਪ੍ਰੇਰਿਆ ਅਤੇ ਪ੍ਰਚਾਰ ਰਾਹੀਂ ਗ੍ਰੰਥਾਂ ਦੇ ਹਵਾਲੇ ਦੇ ਕੇ ਨਿਖੇਧੀ ਕੀਤੀ। ਕੰਢੀ ਇਲਾਕੇ ਵਿੱਚ ਸਿੱਖੀ ਦਾ ਮਹਾਨ ਪ੍ਰਚਾਰ ਕੀਤਾ।

ਸੰਤ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਨੇ ਆਪ ਨੂੰ ਸ੍ਰੀ ਅਨੰਦਪੁਰ ਸਾਹਿਬ ਸੰਗਤਾਂ ਦੇ ਇਕੱਠ ਵਿੱਚ 10 ਮਾਰਚ ਸੰਨ 1925 ਨੂੰ ਸ੍ਰੀ ਕੇਸ ਗੜ੍ਹ ਸਾਹਿਬ ਜੀ ਦੀ ਸੇਵਾ ਸੌਂਪੀ ਸੀ, ਉਹ ਆਪ ਜੀ ਨੇ ਬੜੀ ਘਾਲਣਾ ਤੇ ਉੱਦਮ ਕਰਕੇ ਸੰਪੂਰਨ ਕਰਵਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਮੰਗਲ ਬਦਲਣ 'ਤੇ ਉਨ੍ਹਾਂ ਬਹੁਤ ਇਤਰਾਜ਼ ਕੀਤਾ। ਸਿੱਖ ਪੰਥ ਤੇ ਸੰਤ ਸਮਾਜ ਵਿੱਚ ਮੀਟਿੰਗਾਂ ਸਮੇਂ ਹਰ ਜਗ੍ਹਾ ਜਾਂਦੇ ਰਹੇ। ਹਰ ਸਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ 'ਤੇ ਲੰਗਰ ਅਤੇ ਦੀਵਾਨ ਸਜਾਉਂਦੇ ਰਹੇ। ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਜੀ ਦੀ ਨਵੀਂ ਇਮਾਰਤ ਦੀ ਸੇਵਾ ਕਰਾਉਣ ਤੇ 9 ਮਾਰਚ ਸੰਨ 1943 ਨੂੰ ਹੋਲੇ ਮਹੱਲੇ 'ਤੇ ਆਪ ਜੀ ਨੂੰ ਸੰਤ ਸਮਾਜ ਤੇ ਪੰਥ ਵੱਲੋਂ ਸਨਮਾਨਿਤ ਕੀਤਾ ਗਿਆ। ਹਜ਼ਾਰਾਂ ਪ੍ਰਾਣੀਆਂ ਨੂੰ ਸੇਵਾ ਸਿਮਰਨ ਨਾਲ ਜੋੜਕੇ 21 ਅਕਤੂਬਰ ਸੰਨ 1973 ਈ: ਨੂੰ ਐਤਵਾਰ ਦੇ ਦਿਨ ਪੰਜ ਭੂਤਕ ਸਰੀਰ ਤਿਆਗ ਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ।

ਮਹਾਪੁਰਖਾਂ ਦੇ ਅਤੀ ਨਿਕਟਵਰਤੀ ਗਿਆਨੀ ਦਾਨ ਸਿੰਘ ਜੀ ਸੰਘਾ ਦੇ ਸਪੁੱਤਰ ਸ੍ਰੀ ਮਾਨ ਅਮਰਦੀਪ ਸਿੰਘ ਜੀ ਸੰਘਾ ਅਨੁਸਾਰ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਅਤੇ ਸੰਤ ਹਰੀ ਸਿੰਘ ਜੀ ਕਹਾਰਪੁਰੀ ਵਾਲਿਆਂ ਦਾ ਪਾਵਨ ਜਨਮ ਦਿਹਾੜਾ, ਹੋਤੀ ਮਰਦਾਨ ਦੀ ਸੰਪਰਦਾਇ ਤੇ ਹਰਖੋਵਾਲੀ ਸੰਪਰਦਾਇ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਪਾਵਨ ਅਸਥਾਨ ਗੁਰ-ਦੁਆਰਾ ਗੁਰੂ ਅਮਰਦਾਸ ਜੀ ਸਿੱਖ ਸੈਂਟਰ ਲੈਸਟਰ 219 ਕਲੈਰੰਡਨ ਪਾਰਕ ਰੋਡ ਲੈਸਟਰ ਵਿਖੇ 18 ਮਈ ਦਿਨ ਐਤਵਾਰ ਨੂੰ ਸੱਚਖੰਡ ਵਾਸੀ ਗਿਆਨੀ ਦਾਨ ਸਿੰਘ ਜੀ ਸੰਘਾ ਵੱਲੋਂ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਗਿਆਨੀ ਦਾਨ ਸਿੰਘ ਜੀ ਸੰਘਾ ਪਰਿਵਾਰ ਵੱਲੋਂ ਅਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ 18 ਮਈ ਨੂੰ ਸਵੇਰੇ 10 ਵਜੇ ਭੋਗ ਪੈਣਗੇ। ਉਪਰੰਤ ਵਿਸ਼ੇਸ਼ ਦੀਵਾਨ ਸਜਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਹ ਸਾਰਾ ਪ੍ਰੋਗਰਾਮ ਸੰਤ ਜਵਾਲਾ ਸਿੰਘ ਜੀ ਹਰਖੋਵਾਲੀਏ ਤੋਂ ਵਰੋਸਾਏ ਸੰਤ ਮੁਹਿੰਦਰ ਸਿੰਘ ਹਰਖੋਵਾਲੀਏ ਇਨ੍ਹਾਂ ਤੋਂ ਵਰੋਸਾਏ ਸੰਤ ਦੀਦਾਰ ਸਿੰਘ ਜੀ ਹਰਖੋਵਾਲੀਏ ਇਨ੍ਹਾਂ ਤੋਂ ਵਰੋਸਾਏ ਮੌਜੂਦਾ ਜਾਨਸ਼ੀਨ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੀ ਅਗਵਾਈ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ




ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :

**07966 388 388**

# ਨਸ਼ੇ ਦੇ ਚੱਕਰਵਿਊ ਫਸੀਆਂ ਪੰਜਾਬ ਦੀਆਂ ਔਰਤਾਂ

ਮੋਹਨ ਸ਼ਰਮਾ



ਨਸ਼ੇ ਦੇ ਪ੍ਰਕੋਪ ਕਾਰਨ ਇਕ ਭੈਣ, ਧੀ ਤੇ ਇਕ ਮਾਂ ਦੇ ਰੂਪ ਵਿਚ ਔਰਤ ਸਭ ਤੋਂ ਵੱਧ ਪੀੜਤ ਹੈ। ਜਿਸ ਔਰਤ ਦਾ ਇਕਲੌਤਾ ਪੁੱਤ ਨਸ਼ਿਆਂ ਦੀ ਦਲਦਲ ਵਿਚ ਧਸ ਕੇ ਸਿਵਿਆਂ ਦੇ ਰਾਹ ਪਿਆ ਹੈ, ਉਸ ਦੀ ਮਾਨਸਿਕ, ਸਰੀਰਕ, ਆਰਥਿਕ ਅਤੇ ਪਰਿਵਾਰਕ ਹਾਲਤ ਕੱਖਾਂ ਤੋਂ ਹੌਲੀ ਅਤੇ ਪਾਣੀਓਂ ਪਤਲੀ ਹੁੰਦੀ ਹੈ। ਵਿਹੜੇ ਵਿਚ ਅਣ-ਵਿਆਹੇ ਨੌਜਵਾਨ ਦੀ ਲਾਸ਼ ’ਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਜਦੋਂ ਭੈਣ ਲਾਸ਼ ਬਣੇ ਵੀਰ ਦੇ ਚਿਹਰੇ ’ਤੇ ਸਿਹਰਾ ਬੰਨ੍ਹਦੀ ਹੈ, ਉਹ ਦਰਦਮਈ ਦ੍ਰਿਸ਼ ਪੱਥਰਾਂ ਨੂੰ ਵੀ ਰੁਆਉਣ ਵਾਲਾ ਹੁੰਦਾ ਹੈ।

ਜਦੋਂ ਨੌਵੀਂ-ਦਸਵੀਂ ਵਿਚ ਪੜ੍ਹਦੀ ਹੁਸ਼ਿਆਰ ਕੁੜੀ ਵਜ਼ੀਫ਼ੇ ਵਾਲੀ ਰਾਸ਼ੀ ਆਪਣੀ ਅਧਿਆਪਕਾ ਨੂੰ ਫੜਾਉਂਦੀ ਹੋਈ ਰੋਣਹਾਕੀ ਆਵਾਜ਼ ਵਿਚ ਕਹਿੰਦੀ ਹੈ, “ਇਨ੍ਹਾਂ ਪੈਸਿਆਂ ਨੂੰ ਤੁਸੀਂ ਰੱਖ ਲਓ ਜੀ, ਜੇ ਮੈਂ ਘਰ ਲੈ ਗਈ ਤਾਂ ਬਾਪੂ ਨੇ ਮੈਥੋਂ ਖੋਹ ਕੇ ਇਨ੍ਹਾਂ ਪੈਸਿਆਂ ਨਾਲ ਨਸ਼ਾ ਡੱਫ ਲੈਣੈ।” ਅਜਿਹੀ ਸਥਿਤੀ ਵਿਚ ਨਸ਼ੇੜੀ ਬਾਪ ਕਾਰਨ ਧੀ ਆਪਣੀਆਂ ਰੀਝਾਂ ਨੂੰ ਛਿੱਕਲੀ ਪਾ ਕੇ ਰੱਖਦੀ ਹੈ। ਕਈ ਥਾਵਾਂ ’ਤੇ ਤਾਂ ਨਸ਼ੇੜੀਆਂ ਨੇ ਨਸ਼ਿਆਂ ਦਾ ਝੱਸ ਪੂਰਾ ਕਰਨ ਲਈ ਮਾਂ ਕੋਲੋਂ ਪੈਸੇ ਮੰਗਣ ਤੇ ਉਨ੍ਹਾਂ ਵੱਲੋਂ ਜਵਾਬ ਦੇਣ ’ਤੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਵਿਆਹੀਆਂ-ਵਰ੍ਹੀਆਂ ਮੁਟਿਆਰਾਂ ਰੋ ਕੇ ਆਪਣੇ ਦੁੱਖ ਦਾ ਇੰਜ ਪ੍ਰਗਟਾਵਾ ਕਰਦੀਆਂ ਹਨ, “ਪੇਕੀਂ ਭਰਾ ਤੋਂ ਰੱਖੜੀ ਬਨ੍ਹਾਉਣ ਜਾਂਦੀਆਂ ਹਾਂ, ਉਹ ਘਰੇ ਨਹੀਂ ਮਿਲਦਾ।”

ਕਿਤੇ ਆਪਣੇ ਵਰਗੇ ਨਸ਼ੇੜੀਆਂ ਨਾਲ ਬਹਿ ਕੇ ਨਸ਼ੇ ਦੇ ਟੀਕੇ ਲਾ ਰਿਹਾ ਹੁੰਦੈ। ਦਰਾਣੀਆਂ-ਜੇਠਾਣੀਆਂ ਵਿਅੰਗ ਨਾਲ ਕਹਿੰਦੀਆਂ ਨੇ, “ਆਪਣੇ ਭਰਾ ਨੂੰ ਗਲੀ ਵਿੱਚੋਂ ਚੁੱਕ ਲਿਆ। ਉਹਨੂੰ ਤਾਂ ਭੋਰਾ ਸੁਰਤ ਨਹੀਂ। ਇੰਜ ਸਹੁਰੇ ਰਹਿ ਕੇ ਵੀ ਨਸ਼ੇੜੀ ਭਰਾ ਕਾਰਨ ਨਮੋਸ਼ੀ ਝੱਲਣੀ ਪੈਂਦੀ ਹੈ।” ਨਸ਼ੇੜੀਆਂ ਕਾਰਨ ਔਰਤ ਨਾ ਹੀ ਘਰ ਵਿਚ ਸੁਰੱਖਿਅਤ ਹੈ ਅਤੇ ਨਾ ਹੀ ਬਾਹਰ। ਪਰ ਦੂਜੇ ਪਾਸੇ ਅਜਿਹੇ ਬਹੁਤ ਸਾਰੇ ਕੇਸ ਸਾਹਮਣੇ ਆ ਰਹੇ ਹਨ ਜਿੱਥੇ ਨਸ਼ਿਆਂ ਦੀ ਤਸਕਰੀ ਕਾਰਨ ਔਰਤਾਂ ਦੀ ਭੂਮਿਕਾ ਨੇ ਹੀ ਹੋਰ ਔਰਤਾਂ ਦੇ ਘਰਾਂ ਨੂੰ ਨਰਕ ਬਣਾ ਰੱਖਿਆ ਹੈ।

ਇਕ ਸਰਵੇਖਣ ਅਨੁਸਾਰ ਨਸ਼ਾ ਤਸਕਰੀ ਵਿਚ ਪੰਜਾਬੀ ਔਰਤਾਂ ਦੀ ਗ੍ਰਿਫ਼ਤਾਰੀ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। ਦੂਜੇ ਸ਼ਬਦਾਂ ਵਿਚ ਦੇਸ਼ ਦੇ ਦੂਜੇ ਸੂਬਿਆਂ ਨਾਲੋਂ ਪੰਜਾਬ ਦੀਆਂ ਔਰਤਾਂ ਨਸ਼ਾ ਤਸਕਰੀ ਵਿਚ ਮੋਹਰੀ ਹਨ। ਐੱਨਡੀਪੀਐੱਸ ਐਕਟ ਤਹਿਤ ਪਿਛਲੇ ਸਾਲ ਭਾਰਤ ਵਿਚ ਕੁੱਲ 9631 ਔਰਤਾਂ ਨਸ਼ਾ ਤਸਕਰੀ ਵਿਚ ਗ੍ਰਿਫ਼ਤਾਰ ਹੋਈਆਂ ਹਨ ਜਿਨ੍ਹਾਂ ਵਿਚ 3164 ਔਰਤਾਂ (32.85%) ਪੰਜਾਬ ਨਾਲ ਸਬੰਧਤ ਹਨ। ਪੰਜਾਬ ਦੇ ਦਰਜਨਾਂ ਪਿੰਡ ਅਜਿਹੇ ਹਨ ਜਿੱਥੇ ਨਸ਼ਾ ਤਸਕਰੀ ਦੇ ਜ਼ਿਆਦਾ ਕੇਸ ਔਰਤਾਂ ’ਤੇ ਬਣੇ ਹੋਏ ਹਨ। ਸਾਲ 2021 ਵਿਚ 1418 ਔਰਤਾਂ ਨਸ਼ਾ ਤਸਕਰੀ ਕਾਰਨ ਗ੍ਰਿਫ਼ਤਾਰ ਹੋਈਆਂ, 2022 ਵਿਚ 928 ਅਤੇ 2023 ਵਿਚ 788 ਔਰਤਾਂ ਨੂੰ ਇਸ ਕਾਲੇ ਧੰਦੇ ਕਾਰਨ ਗ੍ਰਿਫ਼ਤਾਰ ਕੀਤਾ ਹੈ। ਸਾਲ 2016 ਤੋਂ ਪਹਿਲਾਂ ਰਾਜਸਥਾਨ ਵਿਚ ਭੁੱਕੀ ਦੇ ਠੇਕੇ ਬਹੁਤ ਸਾਰੀਆਂ ਪੰਜਾਬਣ ਔਰਤਾਂ ਦੇ ਨਾਂ ਖੁੱਲ੍ਹੇ ਹੋਏ ਸਨ ਅਤੇ ਉਨ੍ਹਾਂ ਠੇਕਿਆਂ ਤੋਂ ਪੰਜਾਬ ਵਿਚ ਵੀ ਭੁੱਕੀ ਅਤੇ ਅਫੀਮ ਦੀ ਸਪਲਾਈ ਕਰਨ ਵਿਚ ਔਰਤਾਂ ਨੇ ਅਹਿਮ ਭੂਮਿਕਾ ਨਿਭਾਈ।



ਬਹੁਤ ਸਾਰੇ ਕੇਸਾਂ ਵਿਚ ਨਸ਼ਾ ਤਸਕਰੀ ਕਰਦਿਆਂ ਜਦੋਂ ਪਤੀ ਜੇਲ੍ਹ ਚਲਾ ਜਾਂਦਾ ਹੈ ਤਾਂ ਪਿੱਛੋਂ ਉਸ ਦੀ ਪਤਨੀ ਇਸ ਕਾਰਜ ਨੂੰ ਸੰਭਾਲ ਲੈਂਦੀ ਹੈ। ਦੁਖਾਂਤਕ ਪੱਖ ਇਹ ਵੀ ਹੈ ਕਿ ਉਨ੍ਹਾਂ ਦੀ ਔਲਾਦ ਵੀ ਇਸ ਕੰਮ ਵਿਚ ਉਨ੍ਹਾਂ ਦਾ ਪੂਰਾ ਸਹਿਯੋਗ ਦਿੰਦੀ ਹੈ। ਦੂਜੇ ਸ਼ਬਦਾਂ ਵਿਚ ਨਸ਼ਾ ਤਸ਼ਕਰੀ ਰਾਹੀਂ ਉਹ ਸਿਰਫ਼ ਹੋਰਾਂ ਦੇ ਬੱਚਿਆਂ ਦੀ ਜ਼ਿੰਦਗੀ ਹੀ ਬਰਬਾਦ ਨਹੀਂ ਕਰਦੀਆਂ ਸਗੋਂ ਆਪਣੀ ਔਲਾਦ ਦਾ ਭਵਿੱਖ ਵੀ ਧੁਆਂਖ ਦਿੰਦੀਆਂ ਹਨ।

ਕਈ ਕੇਸ ਤਾਂ ਅਜਿਹੇ ਵੀ ਸਾਹਮਣੇ ਆਏ ਹਨ ਜਿੱਥੇ ਨਸ਼ਾ ਤਸਕਰੀ ਦੇ ਦੋਸ਼ ਵਿਚ ਪੁਲਿਸ ਦੀ ਰੇਡ ਸਮੇਂ ਪਤੀ-ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤੇ ਪਿੱਛੋਂ ਉਨ੍ਹਾਂ ਦੇ ਬੱਚੇ ਸੜਕਾਂ ’ਤੇ ਰੁਲਦੇ ਫਿਰਦੇ ਹਨ। ਭਲਾ ਅਜਿਹੀ ਹਰਾਮ ਦੀ ਕਮਾਈ ਦਾ ਫ਼ਾਇਦਾ ਹੀ ਕੀ, ਜਿੱਥੇ ਔਲਾਦ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਣ? ਅਜਿਹੇ ਧੰਦੇ ਨਾਲ ਜੁੜੀਆਂ ਬਹੁਤ ਸਾਰੀਆਂ ਔਰਤਾਂ ਦੇ ਬੱਚਿਆਂ ਦਾ ਬਚਪਨ ਜੇਲ੍ਹ ਵਿਚ ਹੀ ਗੁਜ਼ਰਦਾ ਹੈ। ਜੇਲ੍ਹ ਵਿੱਚੋਂ ਬਾਹਰ ਨਿਕਲਣ ਤੋਂ ਬਾਅਦ ਉਹ ਵੀ ਅਪਰਾਧ ਦੀ ਦੁਨੀਆ ਵਿਚ ਸ਼ਾਮਲ ਹੋ ਜਾਂਦੇ ਹਨ। ਪਿਛਲੇ ਦਿਨੀਂ ਲੁਧਿਆਣੇ ਦੀ ਫ਼ੌਜੀ ਡਿਸਪੈਂਸਰੀ ਵਿਚ ਕੰਮ ਕਰਦੀ ਲੜਕੀ ਅਤੇ ਉਸ ਦੇ ਦੋ ਸਾਥੀਆਂ ਨੂੰ ਸੱਤ ਕਰੋੜ ਦੀ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਸੀ।

ਇਸੇ ਤਰ੍ਹਾਂ ਹੀ ਅੰਮ੍ਰਿਤਸਰ ਵਿਖੇ ਯੂਨੀਵਰਸਿਟੀ ਵਿਚ ਪੋਸਟ ਗ੍ਰੈਜੂਏਸ਼ਨ ਕਰ ਰਹੀ ਲੜਕੀ ਨੂੰ ਉਸ ਦੇ ਸਾਥੀ ਸਮੇਤ ਕਾਬੂ ਕੀਤਾ ਗਿਆ। ਉਹ ਕਾਰ ਰਾਹੀਂ ਹੈਰੋਇਨ ਸਪਲਾਈ ਕਰਨ ਲਈ ਜਾ ਰਹੇ ਸਨ।

ਜਦੋਂ ਯੂਨੀਵਰਸਿਟੀ ਵਿਚ ਪੜ੍ਹਦੀਆਂ ਅਜਿਹੀਆਂ ਲੜਕੀਆਂ ਨੂੰ ਇਸ ਕਾਲੇ ਧੰਦੇ ਵਿਚ ਫੜਿਆ ਜਾਂਦਾ ਹੈ ਤਾਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜ ਵੀ ਨਸ਼ੇ ਦੀ ਮਾਰ ਤੋਂ ਬਚ ਨਹੀਂ ਸਕੇ। ਪਾਇਲ ਇਲਾਕੇ ਵਿਚ ਨਸ਼ੀਲੇ ਪਾਊਡਰ, ਡਰੱਗ ਮਨੀ ਅਤੇ ਕਾਰ ਸਮੇਤ ਲੜਕੀ ਨੂੰ ਪੁਲਿਸ ਵੱਲੋਂ ਕਾਬੂ ਕੀਤਾ ਗਿਆ। ਕਈ ਵਾਰ ਵੱਡੇ ਤਸਕਰ ਆਪ ਸਾਹਮਣੇ ਆਉਣ ਦੀ ਥਾਂ ਲੜਕੀਆਂ ਜਾਂ ਨਾਬਾਲਗ ਬੱਚਿਆਂ ਰਾਹੀਂ ਨਸ਼ੇ ਦੀ ਸਪਲਾਈ ਕਰਵਾਉਂਦੇ ਹਨ ਤਾਂ ਜੋ ਉਨ੍ਹਾਂ ’ਤੇ ਸ਼ੱਕ ਨਾ ਕੀਤਾ ਜਾਵੇ। ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਦਸਵੀਂ ਪਾਸ ਕੁੜੀ ਨੇ ਨਸ਼ਾ ਨਾ ਮਿਲਣ ਕਾਰਨ ਫਾਹਾ ਲੈ ਲਿਆ ਸੀ। ਉਸ ਦਾ ਭਰਾ ਐੱਨਡੀਪੀਐੱਸ ਐਕਟ ਅਧੀਨ ਪਹਿਲਾਂ ਹੀ ਸਜ਼ਾ ਭੁਗਤ ਰਿਹਾ ਹੈ।

ਬਰਨਾਲਾ ਵਿਚ ਇਕ ਔਰਤ ਨੂੰ ਸ਼ਰਾਬ ਦੀ ਪੇਟੀ ਸਮੇਤ ਕਾਬੂ ਕੀਤਾ ਗਿਆ। ਬੀਤੇ ਵਰ੍ਹੇ 25 ਅਕਤੂਬਰ ਨੂੰ ਫਿਰੋਜ਼ਪੁਰ ਦਿਹਾਤੀ ਦੀ ਸਾਬਕਾ ਵਿਧਾਇਕਾ ਨੂੰ ਉਸ ਦੇ ਰਿਸ਼ਤੇਦਾਰ ਡਰਾਈਵਰ ਸਮੇਤ ਡਰੱਗਜ਼ ਦੀ ਖੇਪ ਸਪਲਾਈ ਕਰਦਿਆਂ ਰੰਗੇ ਹੱਥੀਂ ਫੜਿਆ ਗਿਆ। ਬਾਅਦ ਵਿਚ ਉਸ ਦੀ ਖਰੜ ਸਥਿਤ ਰਿਹਾਇਸ਼ ਤੋਂ 28 ਗ੍ਰਾਮ ਚਿੱਟਾ, ਇਕ ਲੱਖ ਛਪੰਜਾ ਹਜ਼ਾਰ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਕੋਠੀ ਵਿਚ ਖੜ੍ਹੀਆਂ ਚਾਰ ਗੱਡੀਆਂ ਵੀ ਪੁਲਿਸ ਨੇ ਕਬਜ਼ੇ ਵਿਚ ਲੈ ਲਈਆਂ।

ਸਾਬਕਾ ਵਿਧਾਇਕ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਕਿ ਨਸ਼ੇ ਦੇ ਕਾਰੋਬਾਰ ਵਿਚ ਵਾਧਾ ਕਰਨ ਲਈ ਸਿੱਧੇ ਜਾਂ ਅਸਿੱਧੇ ਰੂਪ ਵਿਚ ਬਹੁਤ ਸਾਰੇ ਸਿਆਸੀ ਲੋਕ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ। ਪਿਛਲੇ ਦਿਨੀਂ ਨਾਭਾ ਇਲਾਕੇ ਦੀ ਲੇਡੀ ਸਰਪੰਚ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ।

ਇਹ ਲੇਡੀ ਸਰਪੰਚ ਜਿੱਥੇ ਨਸ਼ਾ ਤਸਕਰਾਂ ਦੀ ਸਰਪ੍ਰਸਤੀ ਕਰਦੀ ਸੀ ਉੱਥੇ ਹੀ ਨਸ਼ਾ ਤਸਕਰ ਦੇ ਗ੍ਰਿਫ਼ਤਾਰ ਹੋਣ ’ਤੇ ਉਸ ਕੋਲੋਂ ਮੋਟੀ ਰਕਮ ਲੈ ਕੇ ਉਸ ਦੀ ਜ਼ਮਾਨਤ ਕਰਵਾਉਣ ਦਾ ਕੰਮ ਵੀ ਕਰਦੀ ਸੀ। ਅਜਿਹਾ ਕਰਦਿਆਂ ਉਸ ਨੂੰ ਰੰਗੇ ਹੱਥੀਂ ਫੜਿਆ ਗਿਆ। ਬਹੁਤ ਸਾਰੇ ਅਜਿਹੇ ਕੇਸ ਵੀ ਸਾਹਮਣੇ ਆਏ ਹਨ ਜਿੱਥੇ ਜੇਲ੍ਹਾਂ ਵਿਚ ਬੈਠੇ ਨਸ਼ਾ ਤਸਕਰਾਂ ਨੇ ਮੋਬਾਈਲ ਦੇ ਸਾਧਨਾਂ ਰਾਹੀਂ ਲੱਖਾਂ ਰੁਪਏ ਆਪਣੀਆਂ ਪਤਨੀਆਂ ਦੇ ਬੈਂਕ ਖਾਤੇ ਵਿਚ ਟਰਾਂਸਫਰ ਕੀਤੇ ਹਨ। ਮੋਗਾ ਵਿਖੇ 40 ਗ੍ਰਾਮ ਹੈਰੋਇਨ ਤੇ ਇਕ ਕਿੱਲੋ 900 ਗ੍ਰਾਮ ਭੁੱਕੀ ਸਮੇਤ ਦੋ ਔਰਤਾਂ ਨੂੰ ਕਾਬੂ ਕੀਤਾ ਗਿਆ ਹੈ। ਔਰਤਾਂ ਨੇ ਆਪਣਾ ਇਹ ਸਾਮਾਨ ਵੇਚਣ ਲਈ ਕੰਡਾ ਵੀ ਨਾਲ ਹੀ ਰੱਖਿਆ ਹੋਇਆ ਸੀ।

ਇਸ ਤੋਂ ਵੀ ਮਾਰੂ ਦੁਖਾਂਤ ਇਹ ਹੈ ਕਿ ਬਹੁਤ ਸਾਰੀਆਂ ਨੌਜਵਾਨ ਲੜਕੀਆਂ ਵੀ ਨਸ਼ੇ ਦੀ ਦਲਦਲ ਵਿਚ ਧਸ ਚੁੱਕੀਆਂ ਹਨ। ਅੰਮ੍ਰਿਤਸਰ ਵਿਚ ਨਸ਼ੇ ਵਿਚ ਧੁੱਤ ਕੁੜੀ ਦੀ ਵੀਡੀਓ ਵਾਇਰਲ ਹੋਈ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਲੁਧਿਆਣਾ, ਪਟਿਆਲਾ, ਚੰਡੀਗੜ੍ਹ, ਮੋਹਾਲੀ ਤੇ ਬਠਿੰਡਾ ਆਦਿ ਸ਼ਹਿਰਾਂ ਵਿਚ ਸਾਹਮਣੇ ਆਈਆਂ ਹਨ। ਪੰਜਾਬ ਦੇ ਇਕ ਧਾਰਮਿਕ ਅਸਥਾਨ ਦੇ ਬਾਥਰੂਮ ਵਿੱਚੋਂ ਨਸ਼ੇ ਦੀ ਓਵਰਡੋਜ਼ ਦਾ ਸ਼ਿਕਾਰ ਹੋਈ ਮੁਟਿਆਰ ਦੀ ਲਾਸ਼ ਮਿਲੀ ਸੀ। ਤ੍ਰਾਸਦੀ ਇਹ ਵੀ ਹੈ ਕਿ ਉਹ ਪਹਿਲਾਂ-ਪਹਿਲ ਸ਼ੌਕ ਜਾਂ ਸੰਗਤ ਦੇ ਅਸਰ ਹੇਠ ਨਸ਼ਾ ਕਰਨ ਲੱਗ ਪੈਂਦੀਆਂ ਹਨ ਪਰ ਮਗਰੋਂ ਨਸ਼ੇ ਦੀ ਪੂਰਤੀ ਲਈ ਦੇਹ ਵਪਾਰ ਦੇ ਧੰਦੇ ਵਿਚ ਪੈ ਜਾਂਦੀਆਂ ਹਨ।

ਚੰਡੀਗੜ੍ਹ ਦੇ ਕੁਝ ਪੱਤਰਕਾਰਾਂ ਨੂੰ ਸੂਹ ਮਿਲਣ ’ਤੇ ਤਿੰਨ ਪੱਤਰਕਾਰ ਰਾਤ ਸਮੇਂ ਬੱਸ ਸਟੈਂਡ ’ਤੇ ਗਏ। ਉੱਥੇ ਉਨ੍ਹਾਂ ਨੇ ਤਿੰਨ ਕੁੜੀਆਂ ਨੂੰ ਵੇਖਿਆ ਜਿਨ੍ਹਾਂ ਨੇ ਮੂੰਹ ਢਕੇ ਹੋਏ ਸਨ। ਪੁੱਛਗਿੱਛ ਉਪਰੰਤ ਪਤਾ ਲੱਗਿਆ ਕਿ ਉਨ੍ਹਾਂ ਵਿਚੋਂ ਦੋ ਪੰਜਾਬਣਾਂ ਤੇ ਇਕ ਕਿਸੇ ਹੋਰ ਸਟੇਟ ਨਾਲ ਸਬੰਧਤ ਸੀ। ਉਨ੍ਹਾਂ ਪ੍ਰਗਟਾਵਾ ਕੀਤਾ ਕਿ ਉਹ ਨਸ਼ੇ ਦੀ ਲਪੇਟ ਵਿਚ ਆ ਗਈਆਂ ਹਨ। ਇੱਥੇ ਕਾਊਂਟਰ ’ਤੇ ਗਾਹਕਾਂ ਦੀ ਉਡੀਕ ਕਰ ਰਹੀਆਂ ਹਨ।

ਚਿੱਟੇ ਦੀ ਖ਼ੁਰਾਕ ਜਾਂ ਨਕਦ ਰਾਸ਼ੀ ਦੇ ਕੇ ਗਾਹਕ ਉਨ੍ਹਾਂ ਨੂੰ ਲੈ ਕੇ ਜਾਂਦੇ ਹਨ। ਅਜਿਹੇ ਹੋਰ ਬਹੁਤ ਸਾਰੇ ਕੇਸ ਪੰਜਾਬ ਦੇ ਵੱਖ-ਵੱਖ ਥਾਵਾਂ ’ਤੇ ਧਿਆਨ ਵਿਚ ਆਏ ਹਨ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਅੰਦਾਜ਼ਨ 1900 ਔਰਤਾਂ ਦਾ ਏਡਜ਼ ਪੀੜਤ ਹੋਣਾ ਗੰਭੀਰ ਮਸਲਾ ਹੈ। ਇਸ ਸਭ ਦੌਰਾਨ ਸੁਖਾਵਾਂ ਪਹਿਲੂ ਇਹ ਹੈ ਕਿ ਪੰਜਾਬ ਵਿਚ ਕਈ ਥਾਵਾਂ ’ਤੇ ਔਰਤਾਂ ਨਸ਼ਿਆਂ ਵਿਰੁੱਧ ਲਾਮਬੱਧ ਹੋਈਆਂ ਹਨ। ਉਹ ਜਿੱਥੇ ਨਸ਼ਿਆਂ ਦੀ ਦਲਦਲ ਵਿਚ ਧਸੀਆਂ ਔਰਤਾਂ ਨੂੰ ਮੁੱਖਧਾਰਾ ਵਿਚ ਲਿਆਉਣ ਲਈ ਯਤਨਸ਼ੀਲ ਹਨ, ਉੱਥੇ ਹੀ ਉਨ੍ਹਾਂ ਨੇ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਵੀ ਸਿਰਤੋੜ ਯਤਨ ਜਾਰੀ ਰੱਖੇ ਹੋਏ ਹਨ। ਹੱਥਾਂ ਵਿਚ ਡਾਂਗਾਂ ਫੜ ਕੇ ਉਹ ਨਸ਼ਾ ਤਸਕਰਾਂ ਨੂੰ ਵੰਗਾਰ ਰਹੀਆਂ ਹਨ। ਪੰਜਾਬ ਲਈ ਇਹ ਸ਼ੁਭ ਸੰਕੇਤ ਹੈ।

# ਸਿੱਖ ਰਾਜ ਤੋ ਹੁਣ ਤੱਕ ਦੇ ਸੰਘਰਸ਼ ਨਾਲ ਸਬੰਧਤ ਦਿਹਾੜਿਆਂ ਨੂੰ ਨਿਊਯਾਰਕ ਵਿਖੇ ਚੜ੍ਹਦੀ ਕਲਾ ਨਾਲ ਮਨਾਇਆ






***ਸੈਕਰਾਮੈਂਟੋ, ਕੈਲੀਫੋਰਨੀਆ( ਹੁਸਨ ਲੜੋਆ ਬੰਗਾ)– ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ, ਕੁਈਨਜ ਵਿਲੇਜ ਵਿਖੇ ਸਮੂਹ ਪੰਥਕ ਜਥੇਬੰਦੀਆਂ ਵੱਲੋ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਹਾਨ ਪੰਥਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ, ਅਤੇ ਨਾਲ ਹੀ ਸਰਹੰਦ ਫਤਹਿ ਦਿਵਸ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ, ਹਰਪ੍ਰੀਤ ਸਿੰਘ ਰਾਣਾ, 29 ਅਪ੍ਰੈਲ 1986 ਦੇ ਖਾਲਿਸਤਾਨ ਐਲਾਨਨਾਮੇ, ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਉਲੀਕੇ ਗਏ।***

ਇਸ ਤੋਂ ਇਲਾਵਾ ਅਮਰੀਕਾ ਦੀ ਸਿਆਸਤ ਵਿੱਚ ਸਰਗਰਮ ਕਨੈਕਟੀਕਟ ਸਟੇਟ ਵਿੱਚ ਪਿਛਲੇ 15 ਸਾਲਾਂ ਤੋਂ ਵੱਖ–ਵੱਖ ਅਹੁਦਿਆਂ ਉੱਤੇ ਸੇਵਾਵਾਂ ਨਿਭਾਅ ਰਹੇ ਸ. ਸਵਰਨਜੀਤ ਸਿੰਘ ਖਾਲਸਾ, ਜੋ ਕਿ ਹੁਣ ਨੌਰਵਿਚ ਸਿਟੀ ਦੇ ਮੇਅਰ ਕੈਂਡੀਡੇਟ ਹਨ ਉਹਨਾਂ ਦੀ ਕਾਮਯਾਬੀ ਲਈ ਅਰਦਾਸ ਅਤੇ ਫੰਡ ਵੀ ਇਕੱਤਰ ਕੀਤਾ ਗਿਆ। ਸਵੇਰ ਸਮੇਂ ਸ਼੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦਿਨ ਭਰ ਦੇ ਦੀਵਾਨ ਵਿੱਚ ਕੀਰਤਨ, ਕਥਾ ਤੋ ਇਲਾਵਾ ਪੰਥਕ ਬੁਲਾਰਿਆਂ ਨੇ ਸਬੰਧਤ ਦਿਹਾੜਿਆਂ ਬਾਰੇ ਵਿਸਥਾਰ ਵਿੱਚ ਸੰਗਤਾਂ ਨਾਲ ਸਾਂਝ ਪਾਈ। ਸਿੱਖ ਹੱਕਾਂ ਦੀ ਪ੍ਰਾਪਤੀ ਅਤੇ ਸਿੱਖ ਮੁੱਦਿਆਂ ਨੂੰ ਅੱਗੇ ਵਧਾਉਣ ਲਈ ਮੌਜੂਦਾ ਸਮੇਂ ਅਮਰੀਕਾ ਦੀ ਸਿਆਸਤ ਵਿੱਚ ਸਿੱਖ ਨੌਜਵਾਨਾਂ ਨੂੰ ਸ਼ਾਮਲ ਹੋਣ ਲਈ ਪ੍ਰੇਰਨਾ ਸਰੋਤ ਵਜੋਂ ਸ. ਸਵਰਨਜੀਤ ਸਿੰਘ ਖਾਲਸਾ ਦੇ ਪੰਥਕ ਮੁੱਦਿਆਂ ਬਾਰੇ ਲਏ ਸਟੈਂਡ, ਅਤੇ ਜਬ ਲੱਗ ਖਾਲਸਾ ਰਹੈ ਨਿਆਰਾ ਦੇ ਸਿਧਾਂਤ ਉੱਤੇ ਪਹਿਰਾ ਦਿੰਦਿਆਂ ਕਰਵਾਏ ਗਏ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ । ਸ. ਸਵਰਨਜੀਤ ਸਿੰਘ ਖਾਲਸਾ ਦੀ ਮੇਅਰ ਚੋਣ ਵਿੱਚ ਮਦਦ ਲਈ ਵੋਟ ਦੇ ਨਾਲ ਸਿੱਖ ਸੰਗਤਾਂ ਨੇ ਖੁਲ ਕੇ ਮਾਇਕ ਯੋਗਦਾਨ ਵੀ ਪਾਇਆ। ਆਉਣ ਵਾਲੇ ਦਿਨਾਂ ਵਿਚ ਸਿੱਖ ਨੌਜਵਾਨ ਜਪਨੀਤ ਸਿੰਘ ਨੂੰ ਨਿਊਯਾਰਕ ਸਿਟੀ ਕੌਂਸਲ ਲਈ ਜਿਤਾਉਣ ਵਾਸਤੇ ਵੀ ਅਪੀਲ ਕੀਤੀ ਗਈ।

ਵਿਦਵਤਾ ਭਰਪੂਰ ਅਤੇ ਪੰਥਕ ਵਿਚਾਰਾਂ ਦੀ ਸਾਂਝ ਪਾਉਣ ਵਾਲੇ ਬੁਲਾਰਿਆਂ ਵਿੱਚ ਸ. ਹਿੰਮਤ ਸਿੰਘ, ਸ. ਸਵਰਨਜੀਤ ਸਿੰਘ ਖਾਲਸਾ, ਸ. ਸੁਰਜੀਤ ਸਿੰਘ ਕੁਲਾਰ, ਸ. ਅਵਤਾਰ ਸਿੰਘ ਪੰਨੂ, ਸ. ਜਸਬੀਰ ਸਿੰਘ, ਸ. ਰਜਿੰਦਰ ਸਿੰਘ, ਸ. ਤ੍ਰਿਲੋਚਨ ਸਿੰਘ ਭੱਟੀ, ਸ. ਜਪਨੀਤ ਸਿੰਘ ਆਦਿ ਸ਼ਾਮਲ ਸਨ, ਸਟੇਜ ਦੀ ਸੇਵਾ ਸ. ਗੁਰਮੇਲ ਸਿੰਘ ਨੇ ਬਾਖੂਬੀ ਨਿਭਾਈ। ਗਿਆਨੀ ਬਲਵਿੰਦਰ ਸਿੰਘ ਜੀ ਨੇ ਗੁਰਬਾਣੀ ਅਤੇ ਇਤਿਹਾਸ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਇਨ੍ਹਾਂ ਸਮਾਗਮਾਂ ਵਿਚ ਸਮੂਹ ਪੰਥਕ ਜਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿੱਖ ਯੂਥ ਆਫ ਅਮਰੀਕਾ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਸਿੱਖਸ ਫਾਰ ਜਸਟਿਸ, ਦਲ ਖਾਲਸਾ, ਧੰਨ ਧੰਨ ਬਾਬਾ ਬੁੱਢਾ ਜੀ ਐਸੋਸੀਏਸ਼ਨ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਹਰਿਆਣਾ, ਪੰਥਕ ਸਿੱਖ ਸੋਸਾਇਟੀ, ਸ਼ਹੀਦ ਊਧਮ ਸਿੰਘ ਸੋਸਾਇਟੀ, ਸ਼ਹੀਦ ਭਾਈ ਮਨੀ ਸਿੰਘ ਸੋਸਾਇਟੀ ਨਿਉਯਾਰਕ, ਸਿੱਖ ਕੌਂਸਲ ਆਫ ਨਿਉਯਾਰਕ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੇ ਵੀ ਸ਼ਮੂਲੀਅਤ ਕੀਤੀ।

## CHANGE OF NAME

I, JAGJIT SINGH ALIAS JAGDISH SINGH S/O MR MOHAN SINGH WHOSE PERMANENT ADDRESS IN INDIA IS VPO SUJJON, SBS NAGAR, PUNJAB, PIN: 144506 AND NOW LIVING AT 2 THE PADGETS, WALTHAM ABBEY, EN9 1SR, UK, HEREBY GIVE NOTICE OF MY INTENTION TO CHANGE MY NAME TO JAGJIT SINGH. (U/I)


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਅਮਰੀਕਾ ਵਿਚ 2 ਭਾਰਤੀ ਵਿਦਿਆਰਥੀਆਂ ਦੀ ਮੌਤ

ਕਲੀਵਲੈਂਡ : ਅਮਰੀਕਾ ਵਿਚ ਵਾਪਰੇ ਹੌਲਨਾਕ ਹਾਦਸੇ ਦੌਰਾਨ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਇਕ ਹੋਰ ਗੰਭੀਰ ਜ਼ਖਮੀ ਹੋ ਗਿਆ। ਵਿਦਿਆਰਥੀਆਂ ਦੀ ਸ਼ਨਾਖਤ 20 ਸਾਲ ਦੇ ਮਾਨਵ ਪਟੇਲ ਅਤੇ 23 ਸਾਲ ਦੇ ਸੌਰਵ ਪ੍ਰਭਾਕਰ ਵਜੋਂ ਕੀਤੀ ਗਈ ਹੈ ਜੋ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਪੜ੍ਹਦੇ ਸਨ। ਹਾਦਸਾ ਪੈਨਸਿਲਵੇਨੀਆ ਵਿਚ ਵਾਪਰਿਆ ਜਦੋਂ ਭਾਰਤੀ ਵਿਦਿਆਰਥੀਆਂ ਦੀ ਗੱਡੀ ਬੇਕਾਬੂ ਹੋ ਕੇ ਦਰੱਖਤ ਵਿਚ ਜਾ ਵੱਜੀ। ਗੱਡੀ ਵਿਚ ਸਵਾਰ ਦੋ ਜਣਿਆਂ ਨੇ ਮੌਕੇ ਤੇ ਹੀ ਦਮ ਤੋੜ ਦਿਤਾ ਜਦਕਿ ਤੀਜੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੈਨਸਿਲਵੇਨੀਆ ਸਟੇਟ ਪੁਲਿਸ ਨੇ ਦੱਸਿਆ ਕਿ ਦਰੱਖਤ ਨਾਲ ਟਕਰਾਉਣ ਮਗਰੋਂ ਗੱਡੀ ਇਕ ਪੁਲ ਨਾਲ ਵੀ ਟਕਰਾਈ।

## ਟਰੰਪ ਨੇ ਪ੍ਰਵਾਸੀਆਂ ਨੂੰ ਡਿਪੋਰਟ ਕਰਨ ’ਤੇ ਖਰਚੇ 21 ਮਿਲੀਅਨ ਡਾਲਰ

ਵਾਸ਼ਿੰਗਟਨ : ਟਰੰਪ ਸਰਕਾਰ ਨੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਦਿਆਂ ਫੌਜੀ ਜਹਾਜ਼ਾਂ ਰਾਹੀਂ ਗੁਆਂਤਨਾਮੋ ਬੇਅ ਜੇਲ ਭੇਜਣ ’ਤੇ 21 ਮਿਲੀਅਨ ਡਾਲਰ ਖਰਚ ਕਰ ਦਿਤੇ। ਡੈਮੋਕ੍ਰੈਟਿਕ ਪਾਰਟੀ ਦੀ ਸੈਨੇਟ ਮੈਂਬਰ ਐਲਿਜ਼ਾਬੈਥ ਵੌਰਨ ਵੱਲੋਂ ਸਦਨ ਵਿਚ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਇਹ ਜਾਣਕਾਰੀ ਉਭਰ ਕੇ ਸਾਹਮਣੇ ਆਈ ਜਿਨ੍ਹਾਂ ਦਾ ਦੋਸ਼ ਹੈ ਕਿ ਡੌਨਲਡ ਟਰੰਪ ਆਪਣੇ ਸਿਆਸੀ ਸਟੰਟਾਂ ਵਾਸਤੇ ਫੌਜੀ ਵਸੀਲਿਆਂ ਦੀ ਦੁਰਵਰਤੋਂ ਕਰ ਰਹੇ ਹਨ। ਪੈਂਟਾਗਨ ਵੱਲੋਂ ਮੁਹੱਈਆ ਕਰਵਾਏ ਵੇਰਵਿਆਂ ਮੁਤਾਬਕ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ 20 ਜਨਵਰੀ ਤੋਂ 8 ਅਪ੍ਰੈਲ ਦਰਮਿਆਨ ਫੌਜੀ ਜਹਾਜ਼ਾਂ ਨੇ ਗੁਆਂਤਨਾਮੋ ਬੇਅ ਜਾਣ ਵਾਸਤੇ 46 ਉਡਾਣਾਂ ਭਰੀਆਂ ਅਤੇ ਕੁਲ 802 ਘੰਟੇ ਜਹਾਜ਼ ਹਵਾ ਵਿਚ ਰਹੇ।

## ਹੋਟਲ ਵਿਚ ਨੌਜਵਾਨ ਦੀ ਹੱਤਿਆ, ਮਹਿਲਾ ਸਮੇਤ 2 ਨਾਮਜ਼ਦ

ਮਾਮਲਾ ਨਾਜਾਇਜ਼ ਸਬੰਧਾਂ ਦਾ

ਰਾਜਪੁਰਾ-ਗਗਨ ਚੌਂਕ ਨੇੜੇ ਪੈਂਦੇ ਹੋਟਲ ਕੈਨੇਡੀਅਨ ’ਚ ਇਕ ਜਨਸੂਆ ਵਾਸੀ ਕਰਨ (29) ਦੀ ਲਾਸ਼ ਮਿਲੀ। ਮ੍ਰਿਤਕ ਦੀ ਭੈਣ ਰੱਜੀ ਪਤਨੀ ਮਨਪ੍ਰੀਤ ਸਿੰਘ ਵਾਸੀ ਗੋਬਿੰਦਗੜ੍ਹ ਨੇ ਬਿਆਨ ਦਿੱਤੇ ਕਿ ਉਸ ਦਾ ਭਰਾ ਕਰਨ ਪਿੰਡ ਦੀ ਹੀ ਰਹਿਣ ਵਾਲੀ ਆਸ਼ਾ ਕੁਮਾਰੀ ਨੂੰ ਹੋਟਲ ’ਚ ਮਿਲਣ ਗਿਆ ਸੀ। ਆਸ਼ਾ ਅਤੇ ਹੋਟਲ ਦੇ ਮਾਲਕ ਤੇਜਿੰਦਰ ਸਿੰਘ ਨੇ ਮਿਲ ਕੇ ਉਸ ਨੂੰ ਕੋਈ ਜ਼ਹਿਰੀਲੀ ਚੀਜ਼ ਪਿਲਾ ਦਿੱਤੀ, ਜਿਸ ਕਾਰਨ ਉਸ ਦੇ ਭਰਾ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੀ ਭੈਣ ਦੇ ਬਿਆਨਾਂ ’ਤੇ ਤੇਜਿੰਦਰ ਸਿੰਘ ਵਾਸੀ ਭਗਤ ਸਿੰਘ ਕਾਲੋਨੀ ਰਾਜਪੁਰਾ ਅਤੇ ਆਸ਼ਾ ਕੁਮਾਰੀ ਵਾਸੀ ਜਨਸੂਆ ’ਤੇ ਕਤਲ ਦਾ ਮਾਮਲਾ ਦਰਜ ਕਰ ਕੇ ਦੋਸ਼ੀ ਤੇਜਿੰਦਰ ਸਿੰਘ ਨੂੰ ਹਿਰਾਸਤ ’ਚ ਲੈ ਲਿਆ ਹੈ। ਆਸ਼ਾ ਮੌਕੇ ਤੋਂ ਫਰਾਰ ਹੋ ਗਈ, ਜਿਸ ਦੀ ਪੁਲਸ ਭਾਲ ਕਰ ਰਹੀ ਹੈ। ਮਾਮਲਾ ਨਾਜਾਇਜ਼ ਸਬੰਧਾਂ ਦਾ ਦਸਿਆ ਜਾ ਰਿਹਾ ਹੈ।

## ਬਲਵਿੰਦਰ ਸਿੰਘ ਬਿੱਲਾ ਗਿੱਲ ਦੀਨੇਵਾਲੀਆ, ਬਲਜੀਤ ਸਿੰਘ ਮੱਲੀ ਅਤੇ ਪ੍ਰਤਾਪ ਸਿੰਘ ਮੋਮੀ ਵੱਲੋਂ

# ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਹੇਜ਼ ਕਬੱਡੀ ਕਲੱਬ ਨੂੰ ਸ਼ਾਨਦਾਰ ਟੂਰਨਾਮੈਂਟ ਕਰਵਾਉਣ 'ਤੇ ਲੱਖ ਲੱਖ ਵਧਾਈਆਂ
















ਬਲਵਿੰਦਰ ਸਿੰਘ ਬਿੱਲਾ ਗਿੱਲ ਦੀਨੇਵਾਲੀਆ

## ਜਾਰੀ ਕਰਤਾ:

# ਬਲਵਿੰਦਰ ਸਿੰਘ ਗਿੱਲ ਬਿੱਲਾ ਦੀਨੇਵਾਲੀਆ



ਹਰਜਿੰਦਰ ਸਿੰਘ ਗਿੱਲ ਸਾਬਕਾ ਸਰਪੰਚ ਪਿੰਡ ਦੀਨੇਵਾਲ

# ਹੇਜ਼ ਕਬੱਡੀ ਕਲੱਬ ਵੱਲੋਂ ਕਰਵਾਏ 2025 ਕਬੱਡੀ ਸੀਜ਼ਨ ਦੇ ਪਹਿਲੇ ਟੂਰਨਾਮੈਂਟ ਨੇ ਤੋੜੇ ਰਿਕਾਰਡ

## ਗਹਿਗੱਚ ਮੁਕਾਬਲਿਆਂ ਚੋਂ ਟੈਲਫੋਰਡ ਜੇਤੂ ਅਤੇ ਗ੍ਰੇਵਜ਼ੈਂਡ ਬਾਰਕਿੰਗ ਦੀ ਟੀਮ ਦੂਜੇ ਸਥਾਨ 'ਤੇ ਰਹੀ

### ਖੁਸ਼ੀ ਦੁੱਗਾ ਅਤੇ ਕੁਲਵਿੰਦਰ ਧਰਮਪੁਰਾ ਸਰਬੋਤਮ ਖਿਡਾਰੀ ਬਣੇ- ਹੇਜ਼ ਕਬੱਡੀ ਕਲੱਬ ਵੱਲੋਂ ਫੈਡਰੇਸ਼ਨ, ਕਲੱਬਾਂ ਅਤੇ ਸਮੂਹ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ





ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ - ਹੇਜ਼ ਟੂਰਨਾਮੈਂਟ ਦੀ ਰਿਪੋਰਟ ਅੰਦਰ ਦੇਖੋ

## ਜਾਰੀ ਕਰਤਾ: ਹੇਜ਼ ਕਬੱਡੀ ਕਲੱਬ ਲੰਡਨ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.


# ਨਿਊਯਾਰਕ ਵਿੱਚ ਸਿੱਖ ਪੰਥ: ਗੁਰੂ ਦੀ ਜੋਤ, ਮਨੁੱਖਤਾ ਦੀ ਸੇਵਾ

## ✪ ਨਿਊਯਾਰਕ ਦੀਆਂ ਕਈ ਸਿੱਖ ਸਖਸ਼ੀਅਤਾਂ ਨੇ ਪੰਥ ਦਾ ਨਾਮ ਰੋਸ਼ਨ ਕੀਤਾ ✪ ਗੁਰਦੁਆਰੇ ਬਣ ਰਹੇ ਹਨ ਮਨੁੱਖਤਾ ਤੇ ਸਰਬੱਤ ਦੇ ਭਲੇ ਦਾ ਕੇਂਦਰ ✪ ਅਮਰੀਕਨ ਸਰਕਾਰ ਸਿੱਖਾਂ ਨੂੰ ਕਰ ਰਹੀ ਹੈ ਉਤਸ਼ਾਹਿਤ









ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਨਿਊਯਾਰਕ, ਇਹ ਸ਼ਹਿਰ ਜਿਥੇ ਅਕਾਸ਼-ਛੂੰਹਦੀਆਂ ਇਮਾਰਤਾਂ ਦੇ ਵਿਚਕਾਰ ਮਨੁੱਖ ਦੀ ਆਤਮਾ ਆਪਣੀ ਪਛਾਣ ਲਈ ਤਰਸਦੀ ਹੈ, ਪਰ ਉਥੇ ਸਿੱਖ ਪੰਥ ਦੀ ਜੋਤ ਗੁਰੂ ਦੇ ਸ਼ਬਦ ਵਾਂਗ ਚਮਕਦੀ ਹੈ। ਇਹ ਸਿੱਖ, ਜਿਨ੍ਹਾਂ ਦੇ ਸਿਰ ਤੇ ਗੁਰੂ ਦੀ ਦਸਤਾਰ ਸੁਸ਼ੋਭਿਤ ਹੈ, ਜਿਨ੍ਹਾਂ ਦੇ ਕੇਸਾਂ ਦਾੜ੍ਹੇ ,ਸਾਬਤ ਸੂਰਤਿ ਵਿੱਚ ਸਤਿਗੁਰੂ ਦੀ ਸੂਰਤ ਝਲਕਦੀ ਹੈ, ਅਤੇ ਜਿਨ੍ਹਾਂ ਦੇ ਹੱਥ ਸੇਵਾ ਦੀ ਮਹਿਕ ਨਾਲ ਸੁਗੰਧਤ ਹਨ, ਨੇ ਇਸ ਵਿਦੇਸ਼ੀ ਧਰਤੀ ਉਪਰ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਸੁਨੇਹਾ ਇੱਕ ਜੀਵੰਤ ਸੁਰ ਵਿੱਚ ਗਾਇਆ ਹੈ।ਇਸ ਸ਼ਹਿਰ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਸਿੱਖ ਵਸਦੇ ਹਨ ਤੇ ਇਥੋਂ ਦੇ ਗੁਰਦੁਆਰੇ ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ, ਸਿੱਖ ਸੈਂਟਰ ਆਫ਼ ਨਿਊਯਾਰਕ, ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਤੇ ਸੱਚਖੰਡ ਗੁਰੂ ਨਾਨਕ ਦਰਬਾਰ ਆਦਿ ਗੁਰੂ ਦੀ ਜੋਤ ਦੇ ਸੰਗਮ ਸਥਾਨ ਹਨ, ਜਿੱਥੇ ਗੁਰੂ ਦਾ ਸ਼ਬਦ ਰਾਗ ਵਿੱਚ ਗੂੰਜਦਾ ਹੈ, ਤੇ ਲੰਗਰ ਦੀ ਮਹਿਕ ਹਰ ਜਾਤ, ਹਰ ਧਰਮ ਦੇ ਲੋਕਾਂ ਨੂੰ ਇੱਕ ਪੰਗਤ ਵਿਚ ਬਿਠਾਉਂਦੀ ਹੈ।

ਸਿੱਖ ਪਛਾਣ: ਪੱਗ ਦੀ ਸ਼ਾਨ, ਸੇਵਾ ਦਾ ਸੁਨੇਹਾ-9/11 ਦੀ ਤਬਾਹੀ ਤੋਂ ਬਾਅਦ, ਜਦੋਂ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਨ਼ਫਰਤ ਦੀਆਂ ਨਜ਼ਰਾਂ ਨਾਲ ਵੇਖਿਆ ਗਿਆ, ਉਦੋਂ ਸਿੱਖਾਂ ਨੇ ਸਿਰ਼ਫ ਦਸਤਾਰ ਦੀ ਸ਼ਾਨ ਨਹੀਂ, ਸਗੋਂ ਸੰਘਰਸ਼ ਦੀ ਗਾਥਾ ਵੀ ਲਿਖੀ। 2012 ਵਿੱਚ ਵਿਸਕਾਨਸਿਨ ਦੇ ਓਕ ਕ੍ਰੀਕ ਗੁਰਦੁਆਰੇ ਤੇ ਹੋਈ ਗੋਲੀਬਾਰੀ ਨੇ ਸਿੱਖਾਂ ਦੇ ਸਾਹਮਣੇ ਆਈਆਂ ਚੁਣੌਤੀਆਂ ਲਿਆਂਦੀਆਂ ।ਪਰ ਸਿੱਖ ਪੰਥ ਨੇ ਗੁਰੂ ਦੀ ਕਿਰਪਾ ਨਾਲ ਨਾ ਸਿਰ਼ਫ ਇਸ ਦੁੱਖ ਨੂੰ ਸਹਿਣ ਕੀਤਾ, ਸਗੋਂ ਸੇਵਾ ਦੇ ਚਾਨਣ ਨਾਲ ਅਮਰੀਕੀ ਸਮਾਜ ਦੇ ਨਸਲਵਾਦੀ ਹਨੇਰੇ ਨੂੰ ਪਛਾੜਕੇ ਸਰਬੱਤ ਦੇ ਭਲੇ ਦੇ ਫਲਸਫੇ ਤੇ ਸਿਖ ਪਛਾਣ ਨੂੰ ਰੌਸ਼ਨ ਕੀਤਾ। ਸਿੱਖ ਨੌਜਵਾਨ ਅੱਜ ਸਿਆਸਤ ਦੇ ਮੈਦਾਨ ਵਿੱਚ ਉਤਰ ਰਹੇ ਹਨ, ਸਿੱਖ ਕੋਐਲੀਸ਼ਨ ਵਰਗੇ ਸੰਗਠਨ ਸਿੱਖੀ ਦੀ ਆਵਾਜ਼ ਨੂੰ ਸਰਕਾਰੀ ਗਲਿਆਰਿਆਂ ਤੱਕ ਪਹੁੰਚਾਉਂਦੇ ਹਨ, ਅਤੇ ਅਮਰੀਕੀ ਸਕੂਲਾਂ ਵਿੱਚ ਸਿੱਖੀ ਦੀ ਸਿੱਖਿਆ ਦੇ ਪਾਠਕ੍ਰਮ ਨੇ ਸਤਿਗੁਰੂ ਦੇ ਸੁਨੇਹੇ ਨੂੰ ਨਵੀਂ ਪੀੜ੍ਹੀ ਦੇ ਹਿਰਦਿਆਂ ਵਿੱਚ ਬੀਜਣਾ ਸ਼ੁਰੂ ਕਰ ਦਿੱਤਾ।

ਪੰਜਾਬੀ ਭਾਸ਼ਾ : ਸਿੱਖੀ ਦੀ ਸੁਰ, ਸਿੱਖ ਸਭਿਆਚਾਰ ਦਾ ਚਾਨਣ-ਪੰਜਾਬੀ ਭਾਸ਼ਾ, ਜੋ ਸਿੱਖੀ ਦੀ ਰਾਗਮਈ ਸੁਰ ਹੈ, ਨਿਊਯਾਰਕ ਦੇ ਸਿੱਖ ਘਰਾਂ, ਗੁਰਦੁਆਰਿਆਂ ਤੇ ਵਿਸਾਖੀ ਦੀਆਂ ਪਰੇਡਾਂ ਵਿੱਚ ਅਜੇ ਵੀ ਗੂੰਜਦੀ ਹੈ। ਗੁਰਮੁਖੀ ਦੇ ਅੱਖਰ, ਜੋ ਗੁਰੂ ਅੰਗਦ ਦੇਵ ਜੀ ਨੇ ਸਾਨੂੰ ਬਖਸ਼ੇ, ਅਜੇ ਵੀ ਸਿੱਖ ਬੱਚਿਆਂ ਦੀ ਜ਼ੁਬਾਨ ਤੇ ਚੜ੍ਹਦੇ ਹਨ। ਪਰ ਸੱਚ ਇਹ ਵੀ ਹੈ ਕਿ ਅੰਗਰੇਜ਼ੀ ਦੀ ਚਮਕ ਨੇ ਪੰਜਾਬੀ ਦੀ ਮਹਿਕ ਨੂੰ ਨਵੀਂ ਪੀੜ੍ਹੀ ਵਿੱਚ ਕੁਝ ਫਿੱਕਾ ਕੀਤਾ ਹੈ। ਨੌਜਵਾਨ ਅਕਸਰ ਘਰਾਂ ਜਾਂ ਗੁਰਦੁਆਰਿਆਂ ਤੱਕ ਸੀਮਤ ਪੰਜਾਬੀ ਬੋਲਦੇ ਹਨ, ਪਰ ਸਿੱਖ ਸੰਗਠਨ ਅਤੇ ਗੁਰੂ-ਘਰਾਂ ਵਿੱਚ ਚੱਲਦੀਆਂ ਪੰਜਾਬੀ ਕਲਾਸਾਂ ਇਸ ਮਾਂ-ਬੋਲੀ ਨੂੰ ਜੀਉਂਦਾ ਰੱਖਣ ਦੀ ਜੱਦੋਜਹਿਦ ਵਿੱਚ ਲੱਗੇ ਹੋਏ ਹਨ। ਨਿਊਯਾਰਕ ਦੇ ਕੁਝ ਸਕੂਲਾਂ ਵਿੱਚ ਪੰਜਾਬੀ ਨੂੰ ਵਿਕਲਪਕ ਭਾਸ਼ਾ ਵਜੋਂ ਪੜ੍ਹਾਇਆ ਜਾ ਰਿਹਾ ਹੈ, ਜੋ ਗੁਰੂ ਦੀ ਬਖਸ਼ੀ ਹੋਈ ਇਸ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਸੌਂਪਣ ਦਾ ਇੱਕ ਸੁਨੇਹਾ ਹੈ।

ਸੇਵਾ: ਸਿੱਖੀ ਦਾ ਸੂਰਜ, ਮਨੁੱਖਤਾ ਦੀ ਰੌਸ਼ਨੀ-ਸਿੱਖੀ ਦੀ ਸੇਵਾ ਦਾ ਸੂਰਜ ਨਿਊਯਾਰਕ ਦੀ ਧਰਤੀ ਤੇ ਸਦਾ ਚਮਕਦਾ ਰਹਿੰਦਾ ਹੈ। ਗੁਰਦੁਆਰਿਆਂ ਵਿੱਚ ਹਰ ਹਫਤੇ ਵਰਤਾਇਆ ਜਾਣ ਵਾਲਾ ਲੰਗਰ ਸਿਰ਼ਫ ਭੋਜਨ ਨਹੀਂ, ਸਗੋਂ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਜੀਵੰਤ ਪ੍ਰਤੀਕ ਹੈ। ਇਸ ਲੰਗਰ ਦੀ ਪੰਗਤ ਤੇ ਹਰ ਜਾਤ, ਹਰ ਧਰਮ ਦਾ ਇਨਸਾਨ ਬੈਠਦਾ ਹੈ, ਤੇ ਗੁਰੂ ਦੀ ਸੇਵਾ ਦੀ ਮਹਿਕ ਸਾਰੇ ਸੰਸਾਰ ਨੂੰ ਇੱਕ ਕਰ ਦਿੰਦੀ ਹੈ। ਯੂਨਾਈਟਡ ਸਿੱਖਸ ਵਰਗੇ ਸੰਗਠਨ ਬੇਘਰਾਂ, ਗਰੀਬਾਂ ਤੇ ਜ਼ਰੂਰਤਮੰਦਾਂ ਨੂੰ ਭੋਜਨ, ਕੱਪੜੇ ਤੇ ਜ਼ਰੂਰੀ ਸਮਾਨ ਦੀ ਸੇਵਾ ਨਾਲ ਗੁਰੂ ਦੀ ਜੋਤ ਨੂੰ ਜਗਾਉਂਦੇ ਹਨ।ਕੋਰੋਨਾ ਮਹਾਮਾਰੀ ਦੇ ਹਨੇਰੇ ਵਿੱਚ, ਜਦੋਂ ਸੰਸਾਰ ਡਰ ਨਾਲ ਸਹਿਮਿਆ ਹੋਇਆ ਸੀ, ਸਿੱਖ ਭਾਈਚਾਰੇ ਨੇ ਲੰਗਰ ਦੀ ਮਹਿਕ ਨਾਲ ਹਜ਼ਾਰਾਂ ਜੀਆਂ ਨੂੰ ਜੀਵਨ ਦਾਨ ਦਿੱਤਾ। ਮੁਫਤ ਮਾਸਕ, ਸੈਨੀਟਾਈਜ਼ਰ, ਪੀਪੀਈ ਕਿੱਟਾਂ, ਟੈਸਟਿੰਗ ਤੇ ਵੈਕਸੀਨੇਸ਼ਨ ਮੁਹਿੰਮਾਂ ਵਿੱਚ ਸਿੱਖ ਡਾਕਟਰਾਂ ਤੇ ਸੇਵਾਦਾਰਾਂ ਨੇ ਗੁਰੂ ਦੀ ਸੇਵਾ ਦੀ ਅਜਿਹੀ ਮਿਸਾਲ ਕਾਇਮ ਕੀਤੀ, ਜਿਸ ਦੀ ਗੂੰਜ ਅਮਰੀਕੀ ਸਰਕਾਰ ਤੋਂ ਲੈ ਕੇ ਮੀਡੀਆ ਤੱਕ ਸੁਣਾਈ ਦਿੱਤੀ। ਤੂਫਾਨ, ਭੂਚਾਲ ਜਾਂ ਕੋਈ ਹੋਰ ਆਫਤ-ਸਿੱਖ ਸੰਗਠਨ ਹਰ ਮੁਸੀਬਤ ਵਿੱਚ ਰਾਹਤ ਸਮੱਗਰੀ, ਮੈਡੀਕਲ ਸਹਾਇਤਾ ਤੇ ਪੁਨਰਵਾਸ ਦੀ ਸੇਵਾ ਨਾਲ ਗੁਰੂ ਦੇ ਸੁਨੇਹੇ ਨੂੰ ਜੀਉਂਦੇ ਹਨ।

ਅਮਰੀਕੀ ਸਰਕਾਰ ਤੇ ਸਮਾਜ ਵਿੱਚ ਸਿੱਖੀ ਦਾ ਅਕਸ-ਅਮਰੀਕੀ ਸਮਾਜ ਵਿੱਚ ਸਿੱਖ ਨੂੰ ਮਿਹਨਤਕਸ਼, ਸਮਰਪਿਤ ਤੇ ਸੇਵਾ ਦਾ ਪੁਜਾਰੀ ਸਮਝਿਆ ਜਾਂਦਾ ਹੈ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਸਿੱਖ ਭਾਈਚਾਰੇ ਦੀ ਸੇਵਾ ਤੇ ਸਭਿਆਚਾਰਕ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਿੱਖੀ ਦੇ ਸਿਧਾਂਤਾਂ ਨੂੰ ਅਮਰੀਕੀ ਜੀਵਨ ਦਾ ਅਟੁੱਟ ਅੰਗ ਦੱਸਿਆ। ਡਾ. ਅਮਰਜੀਤ ਸਿੰਘ ਮਰਵਾਹ, ਜੋ ਸਿਹਤ ਸੇਵਾ ਤੇ ਸਮਾਜ ਸੇਵਾ ਦੇ ਮੋਰਚੇ ਤੇ ਸਿੱਖੀ ਦੀ ਜੋਤ ਜਗਾਉਂਦੇ ਹਨ, ਅਮਰਦੀਪ ਸਿੰਘ, ਜੋ ਸਿੱਖ ਕੋਐਲੀਸ਼ਨ ਦੀ ਅਗਵਾਈ ਵਿੱਚ ਸਿੱਖ ਅਧਿਕਾਰਾਂ ਦੀ ਲੜਾਈ ਲੜਦੇ ਹਨ, ਪਰਮਜੀਤ ਸਿੰਘ, ਜੋ ਸਿੱਖੀ ਦੇ ਮੁੱਲਾਂ ਨੂੰ ਅਮਰੀਕੀ ਸਮਾਜ ਵਿੱਚ ਪ੍ਰਚਾਰਦੇ ਹਨ, ਅਤੇ ਅੰਜਲੀ ਕੌਰ, ਜੋ ਸਿੱਖ ਅਧਿਕਾਰਾਂ ਤੇ ਸਿੱਖਿਆ ਦੀ ਅਗਵਾਈ ਕਰਦੀ ਹੈ-ਇਹ ਸਾਰੇ ਸਿੱਖ ਸਖਸ਼ੀਅਤਾਂ ਗੁਰੂ ਦੀ ਜੋਤ ਦੀਆਂ ਜੀਵੰਤ ਮਿਸਾਲਾਂ ਹਨ। ਅਮਰੀਕੀ ਮੀਡੀਆ ਨੇ ਸਿੱਖੀ ਦੀ ਸੇਵਾ ਨੂੰ ਸਦਾ ਸਿਰ ਤੇ ਚੁੱਕਿਆ ਹੈ।

ਨਿਊਯਾਰਕ ਟਾਈਮਜ਼ ਨੇ 2020 ਵਿੱਚ ਕੋਵਿਡ ਮਹਾਮਾਰੀ ਦੌਰਾਨ ਸਿੱਖ ਲੰਗਰ ਦੀ ਸੇਵਾ ਨੂੰ ਸਮਾਜਿਕ ਏਕਤਾ ਦੀ ਮਿਸਾਲ ਦੱਸਿਆ। ਵਾਸ਼ਿੰਗਟਨ ਪੋਸਟ ਨੇ 2012 ਦੀ ਓਕ ਕ੍ਰੀਕ ਤਰਾਸਦੀ ਤੋਂ ਬਾਅਦ ਸਿੱਖ ਸਹਿਣਸ਼ੀਲਤਾ ਤੇ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ। ਸੀਐਨਐਨ ਨੇ ਵਿਸਾਖੀ ਦੀਆਂ ਪਰੇਡਾਂ ਤੇ ਸਿੱਖ ਸੇਵਾਵਾਂ ਨੂੰ ਅਮਰੀਕੀ ਸਭਿਆਚਾਰ ਦਾ ਅੰਗ ਦੱਸਿਆ, ਅਤੇ ਹਫਪੋਸਟ ਨੇ ਖਾਲਸਾ ਏਡ ਦੀ ਮਨੁੱਖੀ ਸਹਾਇਤਾ ਨੂੰ ਸੇਵਾ ਦੀ ਮੂਰਤ ਦੱਸਿਆ। ਅਮਰੀਕੀ ਰਾਸ਼ਟਰਪਤੀਆਂ ਨੇ ਵੀ ਸਿੱਖੀ ਦੀ ਸੇਵਾ ਨੂੰ ਸਦਾ ਸਤਿਕਾਰਿਆ। ਓਬਾਮਾ ਨੇ 2015 ਵਿੱਚ ਸਿੱਖ ਸੰਗਠਨਾਂ ਦੀ ਮਨੁੱਖੀ ਸੇਵਾ ਨੂੰ ਅਮਰੀਕੀ ਸਮਾਜ ਦੀ ਸ਼ਾਨ ਦੱਸਿਆ। ਟਰੰਪ ਨੇ 2019 ਵਿੱਚ ਗੁਰਪੁਰਬ ਮੌਕੇ ਸਿੱਖ ਸੇਵਾ ਦੀ ਭਾਵਨਾ ਨੂੰ ਸਲਾਮ ਕੀਤਾ, ਅਤੇ ਬਾਈਡਨ ਨੇ 2021 ਵਿੱਚ ਵਿਸਾਖੀ ਮੌਕੇ ਸਿੱਖ ਸੇਵਾ ਤੇ ਸਮਾਨਤਾ ਦੀ ਵਚਨਬੱਧਤਾ ਨੂੰ ਸਤਿਕਾਰਿਆ।

ਗੁਰੂ ਗ੍ਰੰਥ ਸਾਹਿਬ : ਅਮਰੀਕੀ ਹਿਰਦਿਆਂ ਵਿੱਚ ਜੋਤ-ਗੁਰੂ ਗ੍ਰੰਥ ਸਾਹਿਬ, ਸਿੱਖੀ ਦਾ ਸਦੀਵੀ ਗੁਰੂ, ਅਮਰੀਕੀ ਸਮਾਜ ਵਿੱਚ ਹੌਲੀ-ਹੌਲੀ ਪਰ ਪੱਕੇ ਪੈਰੀਂ ਸਮਝਿਆ ਜਾ ਰਿਹਾ ਹੈ। ਸਿੱਖ ਸੰਗਠਨਾਂ ਨੇ ਸਕੂਲਾਂ, ਯੂਨੀਵਰਸਿਟੀਆਂ ਤੇ ਅੰਤਰਧਰਮ ਸਮਾਗਮਾਂ ਵਿੱਚ ਗੁਰੂ ਜੀ ਦੀਆਂ ਸਿੱਖਿਆਵਾਂ-ਸਮਾਨਤਾ, ਸੇਵਾ, ਸੱਚ-ਨੂੰ ਇੱਕ ਸੁਰੀਲੀ ਰਾਗ ਵਾਂਗ ਪਹੁੰਚਾਇਆ ਹੈ। ਅਮਰੀਕੀ ਅਕਾਦਮਿਕ ਅਦਾਰਿਆਂ ਵਿੱਚ ਸਿੱਖੀ ਦਾ ਅਧਿਐਨ ਸ਼ੁਰੂ ਹੋਇਆ ਹੈ, ਅਤੇ ਅਮਰੀਕੀ ਸੰਸਥਾਵਾਂ ਨੇ ਗੁਰਪੁਰਬ ਮੌਕਿਆਂ ਤੇ ਗੁਰੂ ਜੀ ਦੀ ਮਹੱਤਤਾ ਨੂੰ ਸਤਿਕਾਰਿਆ। ਪਰ ਅਜੇ ਵੀ ਬਹੁਤ ਸਾਰੇ ਅਮਰੀਕੀ ਸਿੱਖੀ ਨੂੰ ਸਿਰ਼ਫ ਇੱਕ ਧਰਮ ਦੇ ਰੂਪ ਵਿੱਚ ਜਾਣਦੇ ਹਨ-ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਿਕ ਡੂੰਘਾਈ ਨੂੰ ਸਮਝਣ ਲਈ ਅਜੇ ਸਮੇਂ ਤੇ ਸਿੱਖਿਆ ਦੀ ਲੋੜ ਹੈ।

ਸਿੱਖੀ ਦਾ ਸੁਨੇਹਾ: ਗੁਰੂ ਦੀ ਜੋਤ, ਸੰਸਾਰ ਦੀ ਰੌਸ਼ਨੀ-ਨਿਊਯਾਰਕ ਵਿੱਚ ਸਿੱਖ ਭਾਈਚਾਰਾ ਸਿਰ਼ਫ ਇੱਕ ਧਰਮ ਜਾਂ ਜਾਤ ਨਹੀਂ, ਸਗੋਂ ਗੁਰੂ ਨਾਨਕ ਦੀ ਬਖਸ਼ੀ ਹੋਈ ਜੀਵਨ-ਜਾਚ ਦਾ ਜੀਵੰਤ ਪ੍ਰਤੀਕ ਹੈ। ਇਸ ਸ਼ਹਿਰ ਦੀਆਂ ਗਲੀਆਂ ਵਿੱਚ ਜਿੱਥੇ ਨ਼ਫਰਤ ਦੀਆਂ ਹਵਾਵਾਂ ਅਜੇ ਵੀ ਵਗਦੀਆਂ ਹਨ, ਸਿੱਖ ਨੇ ਸੇਵਾ, ਸਮਰਪਣ ਤੇ ਸੰਘਰਸ਼ ਨਾਲ ਗੁਰੂ ਦੀ ਜੋਤ ਨੂੰ ਜਗਾਇਆ ਹੈ। ਸਿੱਖ ਸੰਗਠਨ, ਗੁਰਦੁਆਰੇ, ਤੇ ਸਿੱਖ ਨੌਜਵਾਨ ਅੱਜ ਪੰਜਾਬੀ ਸਭਿਆਚਾਰ, ਭਾਸ਼ਾ ਤੇ ਸਿੱਖੀ ਦੀ ਅਮਾਨਤ ਨੂੰ ਅਗਲੀ ਪੀੜ੍ਹੀ ਦੇ ਹਿਰਦਿਆਂ ਵਿੱਚ ਸੰਭਾਲਣ ਦੀ ਜੱਦੋਜਹਿਦ ਵਿੱਚ ਲੱਗੇ ਹਨ। ਜਿਵੇਂ ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਸੀ, ਸਿੱਖੀ ਕੋਈ ਬੰਨ੍ਹਿਆ-ਬਣਾਇਆ ਢਾਂਚਾ ਨਹੀਂ, ਸਗੋਂ ਇੱਕ ਜੀਵੰਤ ਰੂਹ ਹੈ, ਜੋ ਸੇਵਾ ਦੀ ਮਹਿਕ, ਸ਼ਬਦ ਦੀ ਸੁਰ, ਤੇ ਸੰਘਰਸ਼ ਦੀ ਤਾਕਤ ਨਾਲ ਸੰਸਾਰ ਨੂੰ ਰੌਸ਼ਨ ਕਰਦੀ ਹੈ। ਨਿਊਯਾਰਕ ਵਿੱਚ ਸਿੱਖ ਪੰਥ ਅੱਜ ਇਸੇ ਰੂਹ ਦੀ ਗਾਥਾ ਗਾਉਂਦਾ ਹੈ-ਗੁਰੂ ਦੀ ਜੋਤ ਨਾਲ, ਮਨੁੱਖਤਾ ਦੀ ਸੇਵਾ ਵਿੱਚ।

# ਸਿੱਖ ਧਰਮ ਵਿਚ ਅਖੰਡ ਪਾਠ ਦੀ ਪਰੰਪਰਾ ਕਦੋਂ ਸ਼ੁਰੂ ਹੋਈ?

ਤਲਵਿੰਦਰ ਸਿੰਘ ਬੁਟਰ





ਪੰਚਮ ਪਾਤਸ਼ਾਹ, ਬਾਣੀ ਕੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ, ਆਪਣੇ ਸਮੇਤ ਆਪਣੇ ਤੋਂ ਪੂਰਬਲੇ ਚਾਰ ਗੁਰੂ ਸਾਹਿਬਾਨ ਦੀ ਗੁਰਬਾਣੀ ਦੀਆਂ ਪੋਥੀਆਂ ਇਕੱਤਰ ਕਰਨ ਤੋਂ ਬਾਅਦ 15 ਭਗਤਾਂ, 11 ਭੱਟਾਂ ਅਤੇ 3 (ਕੁਝ ਇਤਿਹਾਸਕਾਰਾਂ ਅਨੁਸਾਰ 4) ਗੁਰਸਿੱਖਾਂ ਦੀ ਬਾਣੀ ਇਕੱਤਰ ਕਰਕੇ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਮਨੁੱਖਤਾ ਦੇ ਸੰਸਾਰੀ ਅਤੇ ਆਤਮਿਕ ਕਲਿਆਣ ਲਈ ਇਕ ਬੇਨਜ਼ੀਰ ਪਰਉਪਕਾਰ ਕੀਤਾ ਗਿਆ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਦੋਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਲਾਹੌਰ 'ਚ ਤੱਤੀ ਤਵੀ 'ਤੇ ਬਿਠਾ ਕੇ ਬੇਅੰਤ ਤਸੀਹੇ ਦੇਣ ਤੋਂ ਬਾਅਦ ਸ਼ਹੀਦ ਕਰਵਾਇਆ ਤਾਂ ਆਪ ਜੀ ਦੇ ਸਪੁੱਤਰ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੰਚਮ ਪਾਤਸ਼ਾਹ ਜੀ ਨਮਿਤ ਕੋਠੜੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਕਰਵਾਇਆ।

ਛੇਵੇਂ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਕੋਲੋਂ 13 ਦਿਨਾਂ 'ਚ ਸਹਿਜ ਪਾਠ ਸਰਵਣ ਕੀਤਾ। ਭੋਗ ਸਮੇਂ ਭਾਈ ਗੁਰਦਾਸ ਜੀ ਚੌਰ ਦੀ ਸੇਵਾ ਕਰ ਰਹੇ ਸਨ ਅਤੇ ਅਰਦਾਸ ਤੋਂ ਬਾਅਦ ਮੁਖਵਾਕ ਲੈ ਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

ਛੇਵੇਂ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਪੰਜ ਘੋੜੇ, ਇਕ ਹਾਥੀ, ਪੰਜ ਸੌ ਮੋਹਰਾਂ ਅਤੇ ਸੁੰਦਰ ਪੁਸ਼ਾਕੇ ਗ੍ਰੰਥੀ ਸਿੰਘ ਵਜੋਂ ਬਖ਼ਸ਼ਿਸ਼ ਕੀਤੇ। ਇੱਥੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਪਰੰਪਰਾ ਸ਼ੁਰੂ ਹੋਈ। ਇਸ ਤੋਂ ਬਾਅਦ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ, ਮਾਤਾ ਗੰਗਾ ਜੀ ਸੱਚਖੰਡ ਪਿਆਨਾ ਕੀਤੇ ਤਾਂ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਪੂਜਨੀਕ ਮਾਤਾ ਜੀ ਨਮਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭਾਈ ਗੁਰਦਾਸ ਜੀ ਪਾਸੋਂ ਸਹਿਜ ਪਾਠ ਕਰਵਾਇਆ। ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਉਪਰੰਤ ਵੀ ਉਨ੍ਹਾਂ ਨਮਿਤ ਸਹਿਜ ਪਾਠ ਕੀਤੇ ਗਏ।

ਇਸੇ ਤਰ੍ਹਾਂ ਸਭ ਤੋਂ ਪਹਿਲਾ ਅਖੰਡ ਪਾਠ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪ੍ਰਯਾਗਰਾਜ ਤ੍ਰਿਬੈਣੀ (ਇਲਾਹਾਬਾਦ) ਵਿਖੇ ਗੁਰਮਤਿ ਪ੍ਰਚਾਰ ਦੀ ਫੇਰੀ ਦੌਰਾਨ ਕਰਵਾਇਆ ਸੀ। ਜਿਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਸਾਰੀ ਉਮਰ ਲਗਪਗ 45 ਸਾਲ ਹੋ ਗਈ ਤਾਂ ਆਪ ਜੀ ਦੇ ਮਾਤਾ ਜੀ ਪੂਜਨੀਕ ਮਾਤਾ ਨਾਨਕੀ ਜੀ ਕਹਿਣ ਲੱਗੇ, 'ਆਪ ਦੇ ਪਿਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਚਨ ਕੀਤੇ ਸਨ ਕਿ ਤੁਸੀਂ ਪੋਤਰੇ ਨੂੰ ਖਿਡਾਵੋਗੇ। ਉਹ ਸਮਾਂ ਕਦੋਂ ਆਵੇਗਾ?' ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਫ਼ਰਮਾਉਣ ਲੱਗੇ, 'ਮਾਤਾ ਜੀ! ਇਹ ਵਾਹਿਗੁਰੂ ਜੀ ਦੇ ਵੱਸ ਹੈ। ਜਦੋਂ ਸੱਚੇ ਪਾਤਸ਼ਾਹ ਜੀ ਨੂੰ ਭਾਇਆ, ਉਹ ਅਵੱਸ਼ ਬਖ਼ਸ਼ਿਸ਼ ਕਰਨਗੇ।'

ਉਸ ਵਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤ੍ਰਿਬੈਣੀ (ਹੁਣ ਗੁਰਦੁਆਰਾ ਸਿੱਖ ਸੰਗਤ ਇਲਾਹਾਬਾਦ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾਇਆ। ਇਸ ਦੌਰਾਨ ਪੰਜ ਬ੍ਰਹਮ ਗਿਆਨੀ ਗੁਰਸਿੱਖਾਂ ਨੇ ਅਖੰਡ ਪਾਠ ਸਾਹਿਬ ਕੀਤਾ, ਜਿਨ੍ਹਾਂ 'ਚ ਭਾਈ ਮਤੀ ਦਾਸ ਜੀ, ਭਾਈ ਦਇਆਲਾ ਜੀ, ਭਾਈ ਗੁਰਬਖ਼ਸ਼ ਸਿੰਘ ਜੀ ਮਸੰਦ, ਭਾਈ ਗੁਰਦਿੱਤਾ ਜੀ (ਬਾਬਾ ਬੁੱਢਾ ਜੀ ਦੇ ਵੰਸ਼ਜ) ਅਤੇ ਭਾਈ ਸਤੀ ਰਾਮ ਸ਼ਾਮਿਲ ਸਨ। ਭੋਗ ਦੀ ਅਰਦਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪ ਕੀਤੀ। ਇਸ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਬਚਿੱਤ੍ਰ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪੂੰ ਜ਼ਿਕਰ ਕਰਦੇ ਹਨ:

ਮੁਰ ਪਿਤ ਪੂਰਬ ਕੀਯਸਿ ਪਯਾਨਾ ॥
ਭਾਂਤਿ ਭਾਂਤਿ ਕੇ ਤੀਰਥਿ ਨਾਨਾ ॥
ਜਬ ਹੀ ਜਾਤ ਤ੍ਰਿਬੇਣੀ ਭਏ ॥
ਪੁੰਨ ਦਾਨ ਦਿਨ ਕਰਤ ਬਿਤਏ ॥੧॥
ਤਹੀ ਪ੍ਰਕਾਸ ਹਮਾਰਾ ਭਯੋ ॥
ਪਟਨਾ ਸਹਰ ਬਿਖੈ ਭਵ ਲਯੋ ॥" ॥੨॥

ਦੂਜੀ ਵਾਰ ਅਖੰਡ ਪਾਠ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣੇ ਦੀ ਢਾਬ 'ਤੇ ਅਖੀਰਲੀ ਜੰਗ ਫ਼ਤਹਿ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਬਾਣੀ ਦਰਜ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸੰਪੂਰਨ ਕਰਨ ਤੋਂ ਬਾਅਦ ਕਰਵਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਵੱਲ ਰਵਾਨਾ ਹੋਣ ਤੋਂ ਤਿੰਨ ਦਿਨ ਪਹਿਲਾਂ, 23 ਸਾਵਣ, 1762 ਬਿਕਰਮੀ ਨੂੰ ਭਾਈ ਮਨੀ ਸਿੰਘ ਜੀ ਨੂੰ ਆਗਿਆ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ। ਉੱਚੀ ਠੇਰੀ 'ਤੇ ਪ੍ਰਕਾਸ਼ ਕੀਤਾ ਗਿਆ।

ਇਸੇ ਅਸਥਾਨ ਦਾ ਨਾਂਅ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਰੱਖਿਆ। ਦਸਮ ਪਾਤਸ਼ਾਹ ਜੀ ਨੇ ਸ਼ੁੱਧ ਗੁਰਬਾਣੀ ਪੜ੍ਹਨ ਵਾਲੇ ਪੰਜ ਅਖੰਡ ਪਾਠੀ ਸਿੰਘ ਚੁਣੇ। ਉਨ੍ਹਾਂ ਨੂੰ ਕੇਸਾਂ ਸਹਿਤ ਇਸ਼ਨਾਨ ਕਰਾਇਆ ਤੇ ਸਵੱਛ ਵਸਤਰ ਪਹਿਨਾਏ। ਪੰਜ ਪਹਿਰੇਦਾਰ, ਪੰਜ ਲਾਂਗਰੀ, ਪੰਜ ਵਰਨੀਏ ਲਾਏ। ਇਸ ਤਰ੍ਹਾਂ ਅਖੰਡ ਪਾਠ ਲਈ ਕੁੱਲ 25 ਸਿੰਘ ਨੀਯਤ ਕਰਨ ਤੋਂ ਬਾਅਦ ਨਾਰੀਅਲ, ਦਰਸ਼ਨੀ ਭੇਟਾ ਮਾਇਆ ਰੱਖ ਕੇ, ਕੜਾਹ ਪ੍ਰਸ਼ਾਦ ਤਿਆਰ ਕਰਕੇ ਚੌਕੀ 'ਤੇ ਰੱਖਿਆ ਗਿਆ। ਸ਼ਬਦ ਕੀਰਤਨ ਹੋਇਆ। ਫਿਰ ਅਨੰਦ ਸਾਹਿਬ ਦਾ ਪਾਠ ਕਰਕੇ, ਪਿੱਛੋਂ ਅਰਦਾਸ ਕੀਤੀ ਗਈ। ਭਾਈ ਮਨੀ ਸਿੰਘ ਜੀ ਨੇ ਗੁਰੂ ਜੀ ਦੀ ਆਗਿਆ ਲੈ ਕੇ ਅਖੰਡ ਪਾਠ ਪ੍ਰਾਰੰਭ ਕੀਤਾ। ਆਰੰਭ ਦਾ ਵਾਕ ਸੀ:

ਟੋਡੀ ਮਹਲਾ ੫
ਸਤਿਗੁਰ ਆਇਓ ਸਰਣਿ ਤੁਹਾਰੀ ॥
ਮਿਲੈ ਸੂਖੁ ਨਾਮੁ ਹਰਿ ਸੋਭਾ
ਚਿੰਤਾ ਲਾਹਿ ਹਮਾਰੀ ॥੧॥ਰਹਾਉ ॥
(ਅੰਗ: ੭੧੩)

ਗੁਰੂ ਜੀ ਅਤੇ ਸੰਗਤ ਨੇ ਰਲ ਕੇ ਸਾਰਾ ਅਖੰਡ ਪਾਠ ਸੁਣਿਆ। ਤੀਜੇ ਦਿਨ ਭੋਗ ਪਿਆ। ਸੰਗਤ ਨੇ ਬੜੀ ਖ਼ੁਸ਼ੀ ਮਨਾਈ।

ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਵੱਲ ਨਾਂਦੇੜ ਪਹੁੰਚਣ ਤੋਂ ਬਾਅਦ ਕੱਤਕ ਵਦੀ ਮੱਸਿਆ, ਸੰਮਤ 1765, ਈਸਵੀ 1708 ਨੂੰ ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ ਵਾਲੇ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾਇਆ। ਚੋਜੀ ਪ੍ਰੀਤਮ ਜੀ ਨੇ ਚਿੱਟਾ ਪੁਸ਼ਾਕਾ ਪਹਿਨ ਕੇ ਸਾਰਾ ਪਾਠ ਇਕੋ ਚੌਂਕੜੇ 'ਚ ਬੈਠ ਕੇ ਸੁਣਿਆ। ਕੱਤਕ ਸੁਦੀ ਦੂਜ ਸੰਮਤ 1765 ਬਿਕਰਮੀ ਦੀ ਸਵੇਰ ਨੂੰ ਭੋਗ ਪਿਆ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਗੁਰਬਖ਼ਸ਼ ਸਿੰਘ ਜੀ (ਜਿਨ੍ਹਾਂ ਦਾ ਸ਼ਹੀਦੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਹੈ), ਬਾਬਾ ਦੀਪ ਸਿੰਘ ਜੀ ਸ਼ਹੀਦ, ਪਿਆਰੇ ਭਾਈ ਧਰਮ ਸਿੰਘ ਜੀ, ਭਾਈ ਸੇਵਾ ਸਿੰਘ ਜੀ ਸੇਵਾਦਾਰ ਸ੍ਰੀ ਹਜ਼ੂਰ ਸਾਹਿਬ ਅਤੇ ਭਾਈ ਹਰਿ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜ੍ਹੇ ਕਰਕੇ ਪੰਜ ਪੈਸੇ, ਨਾਰੀਅਲ ਰੱਖ ਕੇ ਪੰਜ ਪਰਕਰਮਾ ਕੀਤੀਆਂ ਅਤੇ ਗੁਰਤਾਗੱਦੀ ਦਾ ਤਿਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਾਇਆ। ਫਿਰ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦੇ ਕੇ ਕੱਤਕ ਸੁਦੀ ਪੰਚਵੀਂ 1765 ਬਿਕਰਮੀ ਨੂੰ ਆਪ ਜੀ ਜੋਤੀ ਜੋਤਿ ਸਮਾ ਗਏ।

ਇਸ ਤਰ੍ਹਾਂ ਗੁਰੂ ਸਾਹਿਬਾਨ ਦੁਆਰਾ ਚਲਾਈ ਅਖੰਡ ਪਾਠ ਦੀ ਮਰਯਾਦਾ ਪੰਥ 'ਚ ਚਲੀ ਆ ਰਹੀ ਹੈ ਅਤੇ ਹਰ ਔਖੇ-ਸੌਖੇ ਸਮੇਂ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਵਾ ਕੇ ਅਕਾਲੀ ਬਾਣੀ ਦਾ ਆਸਰਾ ਤੱਕਦੇ ਆਏ ਹਨ। ਅਠਾਰ੍ਹਵੀਂ ਸਦੀ 'ਚ ਸਿੰਘ ਜੰਗਲਾਂ 'ਚ ਰਹਿੰਦਿਆਂ ਵੀ, ਇਕੱਤਰ ਹੋ ਕੇ ਤਿੰਨ ਦਿਨਾਂ 'ਚ ਅਖੰਡ ਪਾਠ ਪ੍ਰੇਮ ਨਾਲ ਕਰਦੇ, ਸੁਣਦੇ ਅਤੇ ਫਿਰ ਸ਼ਹੀਦੀਆਂ ਪਾਉਣ ਲਈ ਜਾਂਦੇ। ਇਤਿਹਾਸ 'ਚ ਜ਼ਿਕਰ ਮਿਲਦਾ ਹੈ ਕਿ ਕਾਹਨੂੰਵਾਨ ਦੇ ਛੰਭ 'ਚ ਵੀ ਲਾਹੌਰ ਦੇ ਦੀਵਾਨ ਲੱਖਪਤ ਰਾਏ ਨਾਲ ਜੰਗ ਤੋਂ ਬਾਅਦ ਸਿੰਘਾਂ ਨੇ ਛੰਭ 'ਚ ਅਖੰਡ ਪਾਠ ਕੀਤਾ। ਬੀਬੀ ਸੁੰਦਰੀ ਜਦੋਂ ਮੁਗ਼ਲਾਂ ਨਾਲ ਲੜਦਿਆਂ ਜ਼ਖ਼ਮੀ ਹੋ ਗਈ ਤਾਂ ਉਸ ਨੇ ਆਪਣਾ ਪਰਲੋਕ ਗਮਨ ਕਰਨ ਦਾ ਵੇਲਾ ਨੇੜੇ ਜਾਣ ਕੇ ਅਖੰਡ ਪਾਠ ਸੁਣਨ ਦੀ ਇੱਛਾ ਜ਼ਾਹਿਰ ਕੀਤੀ। ਇਸ ਤਰ੍ਹਾਂ 16 ਪਹਿਰ 'ਚ ਅਖੰਡ ਪਾਠ ਕੀਤਾ ਗਿਆ। ਭੋਗ ਤੋਂ ਬਾਅਦ ਇਕੱਤਰ ਹੋਏ ਸਿੰਘਾਂ ਦਾ ਭਾਰੀ ਦੀਵਾਨ ਲਗ ਗਿਆ। ਪਹਿਲਾਂ ਸਾਰਿਆਂ ਨੇ ਭੋਗ ਦੇ ਸ਼ਬਦ ਰਲ ਕੇ ਪੜ੍ਹੇ ਅਤੇ ਫਿਰ ਕੀਰਤਨ ਕੀਤਾ। ਅਨੰਦ ਸਾਹਿਬ ਦਾ ਪਾਠ ਕੀਤਾ ਗਿਆ। ਅਰਦਾਸ ਕਰਕੇ ਮੁਖਵਾਕ ਸੁਣ ਕੇ ਕੜਾਹ ਪ੍ਰਸ਼ਾਦ ਸੰਗਤ 'ਚ ਵਰਤਾਇਆ ਗਿਆ। ਇਸ ਤਰ੍ਹਾਂ ਬੀਬੀ ਸੁੰਦਰੀ ਅਕਾਲ ਪੁਰਖ ਦਾ ਜਸ ਸੁਣਦੀ ਹੋਈ ਸਾਰੇ ਸਿੰਘਾਂ ਨੂੰ ਫ਼ਤਹਿ ਬੁਲਾ ਕੇ ਸੱਚਖੰਡ ਜਾ ਬਿਰਾਜੀ।

ਸਮੇਂ-ਸਮੇਂ 'ਤੇ ਬੜੀਆਂ ਉੱਚੀਆਂ ਸੁਰਤੀਆਂ ਵਾਲੇ ਅਖੰਡ ਪਾਠੀ ਅਤੇ ਸਰੋਤੇ ਹੋਏ ਹਨ, ਜੋ ਇਕੋ ਚੌਂਕੜੇ 'ਚ ਪੂਰਾ ਅਖੰਡ ਪਾਠ ਕਰਦੇ ਅਤੇ ਸੁਣਦੇ ਰਹੇ। ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਨੇ ਬਾਬਾ ਨਾਰਾਇਣ ਸਿੰਘ ਪਿੱਥੋ ਵਾਲਿਆਂ ਕੋਲੋਂ ਇਕੋ ਚੌਂਕੜੇ 'ਚ ਬੈਠ ਕੇ ਪੂਰਾ ਅਖੰਡ ਪਾਠ ਸੁਣਿਆ ਸੀ ਅਤੇ ਭੇਟਾ ਵਜੋਂ ਉਨ੍ਹਾਂ ਨੂੰ ਜਦੋਂ ਜਗੀਰ ਦੇਣ ਦੀ ਪੇਸ਼ਕਸ਼ ਕੀਤੀ ਤਾਂ ਬਾਬਾ ਨਾਰਾਇਣ ਸਿੰਘ ਨੇ ਅੰਗੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਸਤਿਕਾਰ 'ਚ ਮਹਾਰਾਜਾ ਹੀਰਾ ਸਿੰਘ ਨੇ ਇਕ ਪਾਲਕੀ ਮੰਗਵਾਈ ਅਤੇ ਉਸ 'ਚ ਬਾਬਾ ਨਾਰਾਇਣ ਸਿੰਘ ਨੂੰ ਬਿਠਾ ਕੇ ਮਹਾਰਾਜਾ ਖ਼ੁਦ ਕਹਾਰਾਂ 'ਚ ਸ਼ਾਮਿਲ ਹੋ ਕੇ ਬਾਬਾ ਜੀ ਨੂੰ ਉਨ੍ਹਾਂ ਦੇ ਡੇਰੇ ਛੱਡਣ ਗਏ ਸਨ।

# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ: ਛੋਟਾ ਘੱਲੂਘਾਰਾ



## ਘੱਲੂਘਾਰੇ ’ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
91 9417533060
gumtalacs@gmail.com



ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼। ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਨੂੰਵਾਣ ਦੇ ਛੰਭ ਪਾਸ ਹੋਈ ਉਹ ਛੋਟਾ ਘਲੂਘਾਰਾ ਅਤੇ 28 ਮਾਘ ਸੰਮਤ1818 ( 5 ਫਰਵਰੀ 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁੱਪਰਹੀਕੇ ਦੇ ਮਕਾਮ ਹੋਈ ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ। ਜਿੱਥੋਂ ਤੀਕ ਛੋਟੇ ਘੱਲੂਘਾਰੇ ਦਾ ਸਬੰਧ ਹੈ, ਇਸ ਦੇ ਇਤਿਹਾਸਿਕ ਪਿਛੋਕੜ ‘ਤੇ ਜਦ ਅਸੀਂ ਝਾਤ ਪਾਉਂਦੇ ਹਾਂ ਤਾਂ ਪਤਾ ਲਗਦਾ ਹੈ ਕਿ 1 ਜੁਲਾਈ 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਯ ਸੀ।

ਯਹੀਆ ਖ਼ਾਨ ਨੇ ਤਾਕਤ ਹੱਥ ਵਿੱਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ ‘ਤੇ ਡਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੱਦੇ ਵਿੱਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ। ਸਿੰਘਾਂ ਸ਼ਹਿਰ ਵਿੱਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਂਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ।

ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿੱਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ।ਨਵਾਬ ਯਾਹੀਆ ਖ਼ਾਨ ਨੇ ‘ਯਿਹ ਅੱਛੀ ਕਾਰ’ ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਅਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ 1746 ਦੀ ਤਰੀਕ ਨਿਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮਲ, ਦੀਵਾਨ ਲਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲਖਪਤ ਰਾਇ ਨੂੰ ਬੇਦੋਸਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ। ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ ਤਾਂ ਵੀ ਨਹੀਂ ਛੱਡਾਂਗਾ। ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ।ਉਨ੍ਹਾਂ ਦੇ ਸਿਰਾਂ ਦੇ ਇਨਾਮ ਰਖੇ ਗਏ।ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ ਜਿੱਥੇ ਉਨ੍ਹਾਂ ਨੂੰ ਸ਼ਰੇਆਮ ਨਖਾਸ (ਘੋੜਾ ਮੰਡੀ) ਵਿੱਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਦਾ ਨਾਂ ਮਗਰੋਂ ਸ਼ਹੀਦ ਗੰਜ਼ ਪੈ ਗਿਆ।

ਲਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਸਿੱਖਾਂ ਦੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿੱਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਇ ਨੇ ਜੰਗਲ ਕਟਵਾਣੇ ਅਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ ’ਤੇ ਚਲਾਈਆਂ।

ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿੱਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿੱਚ ਹੈ ਕਿ ਦਾਅ ਨਾਲ ਲੜਿਆ ਜਾਏ। ਵਿਚਾਰ ਇਹ ਬਣੀ ਕਿ ਬਸੌਲੀ ਦੀਆਂ ਪਹਾੜੀਆਂ ਵਿੱਚ ਪਨਾਹ ਲਈ ਜਾਏ। ‘ਬਸੌਲੀ’ ਵਿੱਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰੇ ਹੋਏ ਪਾਇਆ। ਇਹ ਵਿਚਾਰ ਬਣੀ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ।

ਕਈ ਪਹਾੜੀ ਚੜ੍ਹ ਗਏ।ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ ‘ਤੇ ਹੱਲਾ ਬੋਲ ਦਿੱਤਾ ਜਾਏ। ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸੁਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਹਨਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿੱਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ ਮਾਝੇ ਮੁੜ ਸ਼ੋਰ ਮਚਾਵੋ। ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿੱਚ ਨਿਕਲ ਗਏ। ਪਹਿਲੀ ਜੂਨ 1746ਨੂੰ ਛੋਟੇ ਘੱਲੂਘਾਰੇ ਦਾ ਅਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿੱਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ।

ਸਿੱਖਾਂ ਪਗੜੀਆਂ ਉਤਾਰ ਕੇ ਪੈਰਾਂ ਵਿੱਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿੱਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਞੂ ਕੇ-ਸਰਦਾਰ ਤਰਲੋਕ ਸਿੰਘ ਧਿੰਘ,ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ, ਬਠਿੰਡੇ-ਨਕਈ ਸਰਦਾਰ. ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ।

ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂ-ਘਾਰੇ ਵਿੱਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੁੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿੱਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਊਂਦੇ ਵੀ ਪਕੜ ਕੇ ਲੈ ਗਿਆ ਅਤੇ ਉਹਨਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜ ਕੱਲ੍ਹ ਸ਼ਹੀਦ ਗੰਜ ਹੈ। ਇਸ ਘਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ ’ਤੇ ਗੁਰਦੁਆਰਾ ਬਣਾਇਆ ਗਿਆ ਹੈ। ਇਸ ਪਹਿਲੇ ਘਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ (ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

ਹਵਾਲਾ ਪੁਸਤਕਾਂ : 1 ਸਤਿਬੀਰ ਸਿੰਘ, ਪ੍ਰਿੰਸੀਪਲ, ਸਾਡਾ ਇਤਿਹਾਸ (ਭਾਗ ਦੂਜਾ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2010. 2.ਖੁਸ਼ਵੰਤ ਸਿੰਘ, (ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ). ਸਿੱਖ ਇਤਿਹਾਸ ਭਾਗ ਪਹਿਲਾ(1469-1839), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013. 3 ਨਾਭਾ, ਭਾਈ ਕਾਨ੍ਹ ਸਿੰਘ, ਗੁਰੁਸ਼ਬਦ ਰਤਾਨਕਰ ਮਹਾਨ ਕੋਸ਼ , ਭਾਸ਼ਾ ਵਿਭਾਗ, ਪੰਜਾਬ, 1990

*********

# , ,,,,,,ਜਦੋਂ ਨਗਰ ਕੌਂਸਲ ਪੁਨਤੀਨੀਆ ਦੇ ਮੇਅਰ ਤੋਮਬੋਲੀਲੋ ਨੇ ਕਿਹਾ ਕਿ ਨਗਰ ਕੀਰਤਨ ਸਭ ਦਾ ਸਾਂਝਾ ਪੁਰਬ ਹੈ ਤੇ ਕੌਂਸਲਰ ਰੀਤਾ ਨੇ ਪੰਜਾਬੀ ਸੂਟ ਪਾ ਸੰਗਤ ਨੂੰ ਦਿੱਤੀ ਪੰਜਾਬੀ ਵਿੱਚ ਵਧਾਈ





ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ ਪਿਛਲੇ ਕਰੀਬ 3-4 ਦਹਾਕਿਆਂ ਤੋਂ ਮਹਾਨ ਸਿੱਖ ਧਰਮ ਦਾ ਫਲਸਫ਼ਾ ਇਟਾਲੀਅਨ ਤੇ ਹੋਰ ਦੇਸ਼ਾਂ ਦੇ ਲੋਕਾਂ ਨੂੰ ਸਮਝਾਉਣ ਤਹਿਤ ਸਿੱਖ ਸੰਗਤ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਹੁਣ ਲੱਗਦਾ ਹੈ ਕਿ ਬੂਰ ਪੈਣਾ ਸ਼ੁਰੂ ਹੋ ਗਿਆ ਹੈ ਕਿਉਂ ਕਿ ਇਟਲੀ ਦੇ ਬਾਸ਼ਿੰਦਿਆਂ ਨੂੰ ਹਰ ਸਾਲ ਸਜਾਏ ਜਾਂਦੇ ਬਹੁ-ਗਿਣਤੀ ਨਗਰ ਕੀਰਤਨਾਂ ਦੀ ਸਮਝ ਲੱਗਣੀ ਸੁਰੂ ਹੋ ਗਈ ਹੈ।ਇਟਲੀ ਦੇ ਬਹੁਤੇ ਨਗਰ ਕੀਰਤਨਾਂ ਵਿੱਚ ਪ੍ਰਸ਼ਾਸ਼ਨਿਕ ਅਫ਼ਸਰ ਸਹਿਬਾਨ ਤੋਂ ਇਲਾਵਾ ਸਿਆਸੀ ਆਗੂਆਂ ਦੀ ਆਮਦ ਵੀ ਇਸ ਗੱਲ ਦੀ ਹਾਮੀ ਭਰਦੀ ਹੈ ਕਿ ਮਹਾਨ ਸਿੱਖ ਧਰਮ ਚੜ੍ਹਦੀ ਕਲਾ ਵੱਲ ਹਨ ਤੇ ਉਹ ਦਿਨ ਦੂਰ ਨਹੀਂ ਜਦੋਂ ਇਟਲੀ ਵਿੱਚ ਮਹਾਨ ਸਿੱਖ ਧਰਮ ਨੂੰ ਰਜਿਸਟਰਡ ਕਰਵਾਉਣ ਦੇ ਇਤਿਹਾਸ ਫੈਸਲੇ ਦੀ ਸੰਪੂਰਨਤਾ ਮੌਕੇ ਗੁਰ ਫਤਿਹ ਸਿੱਖ ਸੰਗਤਾਂ ਜੈਕਾਰਿਆ ਨਾਲ ਬੁਲਾਉਣਗੀਆਂ।ਇਟਲੀ ਵਿੱਚ ਮਹਾਨ ਸਿੱਖ ਧਰਮ ਨੂੰ ਰਜਿਸਟਰਡ ਕਰਵਾਉਣ ਵਿੱਚ ਇੱਕਲੀ ਸਿੱਖ ਸੰਗਤ ਹੀ ਨਹੀਂ ਸਗੋਂ ਇਟਾਲੀਅਨ ਲੋਕ ਵੀ ਮੋਢੇ ਨਾਲ ਮੋਢਾ ਜੋੜਨ ਲਈ ਲਾਮਬੰਦ ਹੋ ਰਹੇ ਜਿਸ ਦੀਆਂ ਕਈ ਉਦਹਾਰਣਾ ਹਨ ਪਰ ਅਸੀਂ ਤੁਹਾਡੇ ਨਾਲ ਸਾਂਝੀ ਕਰ ਰਹੇ ਹਾਂ ਤਾਜਾ ਮਿਸਾਲ ਲਾਸੀਓ ਸੂਬੇ ਦੇ ਜ਼ਿਲ੍ਹਾ ਲਾਤੀਨਾ ਅਧੀਨ ਆਉਂਦੇ ਗੁਰਦੁਆਰਾ ਸਾਹਿਬ ਸਿੰਘ ਸਭਾ ਪੁਰਾਣੀ ਇਮਾਰਤ ਪੁਨਤੀਨੀਆਂ ਦੀ ਜਿੱਥੇ ਖਾਲਸਾ ਪੰਥ ਦੇ ਸਾਜਨਾ ਦਿਵਸ ਸਮਰਪਿਤ ਸਜੇ ਨਗਰ ਕੀਰਤਨ ਦੀ ਸਟੇਜ ਤੋਂ ਨਗਰ ਕੌਂਸਲ ਪੁਨਤੀਨੀਆਂ ਮੇਅਰ ਅਲੀਜਿਓ ਤੋਮਬੋਲੀਲੋ ਨੇ ਹਾਜ਼ਰ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ ਉੱਥੇ ਇਹ ਵੀ ਕਿਹਾ ਇਹ ਤਿਉਹਾਰ ਸਿਰਫ਼ ਤੁਹਾਡਾ ਹੀ ਨਹੀਂ ਉਹਨਾਂ ਦਾ ਵੀ ਹੈ ਇਸ ਲਈ ਇਹ ਸਭ ਦਾ ਸਾਂਝਾ ਤਿਉਹਾਰ ਹੈ ਜਿਸ ਲਈ ਸਭ ਨੂੰ ਮੁਬਾਰਕਾਂ ਤੇ ਸਭ ਨੂੰ ਰਲ-ਮਿਲ ਮਨਾਉਣਾ ਚਾਹੀਦਾ ਹੈ।ਇਸ ਮੌਕੇ ਨਗਰ ਕੌਂਸਲ ਪੁਨਤੀਨੀਆਂ ਦੀ ਕੌਂਸਲਰ ਮੈਡਮ ਮਰੀਆ ਰੀਤਾ (ਜਿਹੜੀ ਕਿ ਇੱਕ ਨਾਮੀ ਵਕੀਲ ਵੀ ਹੈ)ਨੇ ਇਸ ਨਗਰ ਕੀਰਤਨ ਪ੍ਰਤੀ ਆਪਣੀ ਸ਼ਰਧਾ ਤੇ ਸਤਿਕਾਰ ਪ੍ਰਗਟ ਕਰਦਿਆਂ ਜਿੱਥੇ ਵਿਸ਼ੇਸ ਤੌਰ ਤੇ ਪੰਜਾਬੀ ਸੂਟ ਪਾਕੇ ਹਾਜ਼ਰੀ ਭਰੀ ਉੱਥੇ ਆਪਣੇ ਵੱਲੋਂ ਸੰਗਤਾਂ ਨੂੰ ਪੰਜਾਬੀ ਮਾਂ ਬੋਲੀ ਵਿੱਚ ਵਧਾਈਆਂ ਦਿੰਦਿਆਂ ਕਿਹਾ ਕਿ ਉਹ ਨਗਰ ਕੌਂਸਲ ਪੁਨਤੀਨੀਆਂ ਵੱਲੋਂ ਸਭ ਸੰਗਤ ਨੂੰ ਜੀ ਆਇਆ ਕਹਿੰਦੀ ਹੈ।ਤੁਸੀ ਪੁਨਤੀਨੀਆਂ ਸ਼ਹਿਰ ਵਿੱਚ ਇਸ ਗੁਰਪੁਰਬ ਨੂੰ ਮਨਾਇਆ ਇਸ ਲਈ ਤੁਹਾਡਾ ਧੰਨਵਾਦ ਹੈ।ਮੈਡਮ ਮਰੀਆ ਰੀਤਾ ਜਿਹੜੀ ਕਿ ਭਾਰਤੀ ਕਮਿਊਨਿਟੀ ਦੇ ਸਿੱਖ ਭਾਈਚਾਰੇ ਤੇ ਸਿੱਖ ਧਰਮ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਰੱਖਦੇ ਹਨ ਤੇ ਮਹਾਨ ਸਿੱਖ ਧਰਮ ਨੂੰ ਸਮਝਣ ਲਈ ਸੰਜੀਦਗੀ ਭਰੀਆਂ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ।ਗੁਰੂ ਸਾਹਿਬ ਜੀਓ ਦੇ ਸਤਿਕਾਰ ਵਜੋਂ ਪੰਜਾਬੀ ਸੂਟ ਤੇ ਸਿਰ ਢੱਕਕੇ ਹੀ ਨਗਰ ਕੀਰਤਨ ਵਿੱਚ ਪਹੁੰਚੇ ਹੀ ਨਹੀਂਸਗੋਂ ਸਟੇਜ ਉਪਰੋਂ ਪੰਜਾਬੀ ਮਾਂ ਬੋਲੀ ਵਿੱਚ ਬੋਲਕੇ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਇਟਾਲੀਅਨ ਭਾਈਚਾਰਾ ਹੁਣ ਭਾਰਤੀ ਸਿੱਖ ਭਾਈਚਾਰੇ ਦਾ ਬਰਾਬਰ ਸਹਿਯੋਗੀ ਹੈ ।ਇਸ ਸਲਾਂਘਾਯੋਗ ਪਲਾਂ ਮੌਕੇ ਹਾਜ਼ਰ ਸਿੱਖ ਸੰਗਤਾਂ ਵਿੱਚ ਜਿੱਥੇ ਖੁਸ਼ੀ ਦੇਖੀ ਜਾ ਰਹੀ ਸੀ ਉੱਥੇ ਇੰਝ ਪ੍ਰਤੀਕ ਹੋ ਰਿਹਾ ਸੀ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਇਟਾਲੀਅਨ ਤੇ ਭਾਰਤੀ ਸਿੱਖ ਭਾਈਚਾਰੇ ਦੇ ਲੋਕ ਰਲ-ਮਿਲ ਸਭ ਦਿਨ -ਤਿਉਹਾਰ ਮਨਾਉਣਗੇ।

# ਡੇਟਨ ਓਹਾਇਓ ਵਿਖੇ ਸਿੱਖ ਯੂਥ ਸਿਮਪੋਜ਼ੀਅਮ 2025 ਦਾ ਆਯੋਜਨ





ਡੇਟਨ, ਓਹਾਇਓ-(ਸਮੀਪ ਸਿੰਘ ਗੁਮਟਾਲਾ): ਸਲਾਨਾ ਸਿੱਖ ਯੂਥ ਸਿਮਪੋਜ਼ੀਅਮ 2025 ਦੇ ਸਥਾਨਕ ਪੱਧਰ ਦੇ ਭਾਸ਼ਣ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸਿੱਖ ਸੋਸਾਇਟੀ ਆਫ ਡੇਟਨ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਹੋਏ। ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੀ ਸਰਪ੍ਰਸਤੀ ਹੇਠ ਆਯੋਜਿਤ ਪ੍ਰੋਗਰਾਮ ਵਿੱਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 15 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਜਨਵਰੀ ਮਹੀਨੇ ਇਕ ਕਿਤਾਬ ਅਤੇ 3 ਸਵਾਲ ਦਿੱਤੇ ਜਾਂਦੇ ਹਨ। ਬੱਚਿਆਂ ਨੇ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਉਹਨਾਂ ਅੱਗੇ ਦੱਸਿਆ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਅਤੇ ਬੋਲਣ ਦਾ ਵੀ ਪਤਾ ਲੱਗਦਾ ਹੈ। ਸਿਮਪੋਜ਼ੀਅਮ ਵਾਲੇ ਦਿਨ ਹਰੇਕ ਬੱਚੇ ਦੀ ਮਿਹਨਤ ਉਹਨਾਂ ਦੇ ਭਾਸ਼ਣ ਰਾਹੀਂ ਸਾਫ ਝਲਕ ਰਹੀ ਸੀ।

ਇਸ ਸਾਲ ਪਹਿਲੇ ਗਰੁੱਪ ਨੂੰ "ਸਾਕਾ ਚਮਕੌਰ", ਦੂਜੇ ਨੂੰ "ਸਿੱਖ ਸਾਖੀਜ਼", ਤੀਜੇ ਨੂੰ "ਸਿੱਖ ਇਤੀਹਾਸ ਦੀਆਂ ਚੋਣਵੀਆਂ ਸਾਖੀਆਂ" ਅਤੇ ਚੌਥੇ ਨੂੰ "ਦ ਮੈਸੇਜ ਆਫ ਗੁਰਬਾਣੀ" ਪੁਸਤਕ ਦਿੱਤੀ ਗਈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਭਾਗ ਲੈਣ ਵਾਲੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਹਰੇਕ ਗਰੁਪ ਦੇ ਜੇਤੂ ਬੱਚੇ ਓਹਾਇਓ ਅਤੇ ਪੈਨਸਲਵੇਨੀਆਂ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।

# ਮਾਹਰਾਜ ਨੇ ਇਸ ਨੂੰ ਠੀਕ ਕਰ 'ਤਾ


ਆਪਣੀ ਪਤਨੀ ਦੀ 'ਮਾਨ ਡਾਇਗਨੋਸਟਿਕ ਐਂਡ ਰਿਸਰਚ ਸੈਂਟਰ ਜਲੰਧਰ' ਤੋਂ ਬਰੇਨ ਦੀ ਐੱਮ. ਆਰ. ਆਈ. ਕਰਵਾ ਕੇ ਜਦੋਂ ਅਸੀਂ ਬਹਿਰਾਮ ਦੇ ਲਾਗੇ ਪੁੱਜੇ, ਤਾਂ ਮੇਰੀ ਪਤਨੀ ਆਖਣ ਲੱਗੀ, "ਜਾਂਦੇ, ਜਾਂਦੇ ਭੈਣ ਨੂੰ ਮਿਲ ਜਾਂਦੇ ਆਂ। ਫੇਰ ਕਿੱਥੇ ਆਂਦੇ ਫਿਰਨਾਂ। ਹੁਣ ਓਸੇ ਪਟਰੋਲ ਨਾਲ ਸਰ ਜਾਣਾਂ। ਨਾਲੇ ਰਾਜੀ, ਖੁਸ਼ੀ ਦਾ ਪਤਾ ਲੱਗ ਜਊ।"



"ਜਿਵੇਂ ਤੇਰੀ ਮਰਜ਼ੀ।" ਮੈਂ ਆਖਿਆ।

ਬਹਿਰਾਮ ਪਹੁੰਚ ਕੇ ਮੈਂ ਕਾਰ ਆਪਣੀ ਪਤਨੀ ਦੀ ਭੈਣ ਦੇ ਘਰ ਵੱਲ ਨੂੰ ਮੋੜ ਲਈ। ਉਸ ਦੇ ਘਰ ਪਹੁੰਚ ਕੇ ਪਤਾ ਲੱਗਾ ਕਿ ਉਸ ਦੇ ਪਿੱਤੇ ਵਿੱਚ ਪੱਥਰੀਆਂ ਸਨ। ਤਿੰਨ ਦਿਨ ਪਹਿਲਾਂ ਡਾਕਟਰਾਂ ਨੇ ਅਪਰੇਸ਼ਨ ਨਾਲ ਉਸ ਦਾ ਪਿੱਤਾ ਕੱਢ ਦਿੱਤਾ ਸੀ। ਹੁਣ ਉਹ ਬੈੱਡ ਤੇ ਪਈ ਆਰਾਮ ਕਰ ਰਹੀ ਸੀ। ਅਸੀਂ ਦੋਵੇਂ ਉਸ ਕੋਲ ਕੁਰਸੀਆਂ ਤੇ ਬੈਠ ਗਏ। ਮੇਰੇ ਸਾਂਢੂ ਨੇ ਸਾਨੂੰ ਪੂਰੀ ਜਾਣਕਾਰੀ ਦਿੰਦਿਆਂ ਦੱਸਿਆ, "ਸੋਮੋ ਦੇ ਪੇਟ 'ਚ ਤਿੰਨ ਦਿਨ ਪਹਿਲਾਂ ਬਹੁਤ ਤੇਜ਼ ਦਰਦ ਹੋਇਆ ਸੀ। ਦਰਦ ਤਾਂ ਪਹਿਲਾਂ ਵੀ ਹੁੰਦਾ ਰਹਿੰਦਾ ਸੀ, ਪਰ ਐਤਕੀਂ ਦਾ ਦਰਦ ਬਹੁਤ ਤੇਜ਼ ਸੀ। ਰੁਕਣ ਦਾ ਨਾਂ ਹੀ ਨਹੀਂ ਸੀ ਲੈਂਦਾ। ਇਸ ਲਈ ਇਸ ਨੂੰ ਫਗਵਾੜਾ ਦੇ ਇਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਕਰਵਾਣਾ ਪਿਆ।

ਪੇਟ ਦੀ ਸਕੈਨ ਕਰਨ ਤੇ ਪਤਾ ਲੱਗਾ ਕਿ ਇਸ ਦੇ ਪਿੱਤੇ 'ਚ ਪੱਥਰੀਆਂ ਆਂ। ਡਾਕਟਰਾਂ ਨੇ ਫੁਰਤੀ ਵਰਤ ਕੇ ਇਸ ਦਾ ਪਿੱਤਾ ਕੱਢ 'ਤਾ। ਮਾਹਰਾਜ ਨੇ ਇਸ ਨੂੰ ਠੀਕ ਕਰ 'ਤਾ। ਉਸ ਨੇ ਸਾਡੀ ਨੇੜੇ ਹੋ ਕੇ ਸੁਣ ਲਈ। ਹੋਰ ਸਾਨੂੰ ਕੀ ਚਾਹੀਦਾ। ਪੈਸੇ ਲੱਗਿਓ ਭੁੱਲ ਜਾਣਗੇ।" ਆਪਣੇ ਸਾਂਢੂ ਦੀਆਂ ਗੱਲਾਂ ਸੁਣ ਕੇ ਮੈਂ ਡਾਕਟਰਾਂ ਵੱਲੋਂ ਕੀਤੇ ਇਲਾਜ ਵਿੱਚ ਦੂਰ ਬੈਠੇ 'ਉਸ ਮਾਹਰਾਜ' ਵੱਲੋਂ ਪਾਏ ਯੋਗਦਾਨ ਬਾਰੇ ਸੋਚਣ ਲੱਗ ਪਿਆ, ਜੋ ਆਪਣਾ ਇਲਾਜ ਅਮਰੀਕਾ ਜਾ ਕੇ ਕਰਵਾਉਂਦਾ ਹੈ।



ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ
ਕੇਨਾਲ ਰੋਡ, ਨਵਾਂ ਸ਼ਹਿਰ-144514
ਫੋਨ -9915803554

# ਸਿੱਖ ਵਿਗਿਆਨਕਾਂ ਦੀ ਦੇਣ ਦਰਸਾਉਂਦੀ ਹੈ ਡਾ ਸੁਰਜੀਤ ਸਿੰਘ ਭੱਟੀ ਦੀ ਪੁਸਤਕ "ਕੁਝ ਪ੍ਰਮੁੱਖ ਸਿੱਖ ਵਿਗਿਆਨਕ" (ਸਮ ਪ੍ਰੋਮੀਨੈਂਟ ਸਿੱਖ ਸਾਈਂਟਿਸਟਸ)


ਸਮੀਖਿਅਕ - ਜਸਵਿੰਦਰ ਸਿੰਘ ਰੁਪਾਲ,
ਕੈਲਗਰੀ (ਕੈਨੇਡਾ)
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ
(ਪੰਨੇ : 148, ਕੀਮਤ : 395 ਰੁਪਏ)

ਸਿੱਖਾਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ ਸਮਾਜ ਸੇਵਾ, ਖੇਤੀ ਅਤੇ ਦੇਸ਼ ਭਗਤੀ ਵਿਚ ਤਾਂ ਅੱਗੇ ਹਨ, ਪਰ ਵਿਗਿਆਨਕ ਖੋਜ ਕਾਰਜਾਂ ਵਿਚ ਪਿੱਛੇ ਹਨ। ਇਹ ਪੁਸਤਕ ਉਪਰੋਕਤ ਭੁਲੇਖੇ ਦਾ ਇੱਕ ਤਰਕਪੂਰਨ ਜਵਾਬ ਹੈ। ਪੁਸਤਕ ਇਸ ਗੱਲ ਦੀ ਗਵਾਹ ਹੈ ਕਿ ਸਿੱਖਾਂ ਨੇ ਦੇਸ਼ਾਂ ਵਿਦੇਸ਼ਾਂ ਵਿਚ ਆਪਣੇ ਗਿਆਨ ਅਤੇ ਵਿਗਿਆਨਕ ਖੋਜ ਕਾਰਜਾਂ ਨਾਲ ਹੈਰਾਨ ਕਰਨ ਵਾਲੀਆਂ ਵੱਡੀਆਂ ਮੱਲਾਂ ਮਾਰੀਆਂ ਹਨ। ਕਿਹਾ ਜਾਂਦਾ ਰਿਹਾ ਏ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਜ਼ਰੂਰ ਹੈ ਪਰ ਉਸ ਨੂੰ ਸਾਂਭਿਆ ਨਹੀਂ। ਡਾ. ਭੱਟੀ ਨੇ ਇਸ ਉਲਾਂਭੇ ਨੂੰ ਲਾਹੁਣ ਲਈ ਕੁਝ ਸਿਰਕੱਢ ਸਿੱਖ ਵਿਗਿਆਨਕਾਂ ਨੂੰ ਇਸ ਪੁਸਤਕ ਵਿਚ ਸ਼ਾਮਲ ਕੀਤਾ ਹੈ ਜਿਹਨਾਂ ਨੇ ਵਿਲੱਖਣ ਖੋਜਾਂ ਕੀਤੀਆਂ ਹਨ। ਪਰ ਬਹੁਤੇ ਸਿੱਖਾਂ ਨੂੰ ਵੀ ਇਸ ਦਾ ਗਿਆਨ ਨਹੀਂ ਅਤੇ ਉਹ ਸੰਸਾਰ ਨੂੰ ਸਿੱਖਾਂ ਦੀਆਂ ਪ੍ਰਾਪਤੀਆਂ ਬਾਰੇ ਕੁਝ ਵੀ ਦੱਸ ਨਹੀਂ ਸਕਦੇ। ਇਸ ਵਿਸ਼ੇ ਤੇ ਇਸ ਖੋਜਪੂਰਨ ਪੁਸਤਕ ਲਈ ਲੇਖਕ ਦੀ ਪ੍ਰਸੰਸਾ ਕਰਨੀ ਬਣਦੀ ਹੈ।

ਵਿਗਿਆਨ ਦੀ ਗੱਲ ਉਹ ਹੀ ਕਰ ਸਕਦਾ ਹੈ, ਜੋ ਆਪ ਇਸ ਨਾਲ ਧੁਰ ਅੰਦਰੋਂ ਜੁੜਿਆ ਹੋਵੇ। ਡਾ. ਭੱਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਪ੍ਰੋਫੈਸਰ, ਮੁਖੀ ਫਿਜਿਕਸ ਵਿਭਾਗ ਅਤੇ ਡੀਨ, ਫੈਕਲਟੀ ਆਫ ਸਾਇੰਸਜ਼ ਰਹਿ ਚੁੱਕੇ ਹਨ। ਉਨ੍ਹਾਂ ਦੇ ਵਿਗਿਆਨਕ ਵਿਸ਼ਿਆਂ ਤੇ 100 ਤੋਂ ਵੱਧ ਲੇਖ ਦੇਸ਼ ਵਿਦੇਸ਼ ਵਿੱਚ ਛਪ ਚੁੱਕੇ ਹਨ। ਕਈ ਵਿਦਿਆਰਥੀ ਉਨ੍ਹਾਂ ਦੀ ਨਿਗਰਾਨੀ ਵਿਚ ਪੀ ਐਚ ਡੀ ਕਰ ਚੁੱਕੇ ਹਨ। ਵੱਡੀ ਖੂਬੀ ਇਹ ਕਿ ਉਹ ਗੁਰਮਤਿ ਨੂੰ ਪ੍ਰਣਾਏ ਇੱਕ ਸਿਦਕੀ ਅਤੇ ਨਿਮਰਤਾ ਦੇ ਮਾਲਕ ਸਿੱਖ ਹਨ। ਉਨ੍ਹਾਂ ਨੇ ਬੜੀ ਮਿਹਨਤ ਕਰ ਕੇ ਇਨ੍ਹਾਂ ਹੀਰੇ ਵਿਗਿਆਨਕ ਸਿੱਖਾਂ ਦੀ ਪਰਖ ਕੀਤੀ ਹੈ।

ਪ੍ਰੋ. ਪੂਰਨ ਸਿੰਘ ਨੂੰ ਬਹੁਤੇ ਲੋਕ ਇੱਕ ਖੁਲ੍ਹਦਿਲੇ ਕਵੀ ਅਤੇ ਸ਼ਰਧਾਲੂ ਸਿੱਖ ਦੇ ਰੂਪ ਵਿਚ ਵਧੇਰੇ ਜਾਣਦੇ ਹਨ, ਪਰ ਉਨ੍ਹਾਂ ਦੀ ਵਿਗਿਆਨਕ ਦੇਣ ਪੜ੍ਹਦੇ ਹਾਂ, ਤਾਂ ਹੈਰਾਨ ਹੁੰਦੇ ਹਾਂ। ਕੁਦਰਤੀ ਸੋਮਿਆਂ ਤੋਂ ਉਨ੍ਹਾਂ ਨੇ ਖੁਸ਼ਬੂਦਾਰ ਅਤੇ ਉਦਯੋਗਿਕ ਤੇਲਾਂ ਤੇ ਡੂੰਗੀ ਖੋਜ ਕੀਤੀ। ਚੀਨੀ ਨੂੰ ਪਹਿਲਾਂ ਜਾਨਵਰਾਂ ਦੀ ਹੱਡੀਆਂ ਦੇ ਚਾਰਕੋਲ ਨਾਲ ਸਾਫ਼ ਕੀਤਾ ਜਾਂਦਾ ਸੀ, ਪਰ ਉਨ੍ਹਾਂ ਨੇ ਇਸ ਤੋਂ ਬਿਨਾਂ ਚੀਨੀ ਸਾਫ ਕਰਨ ਦਾ ਢੰਗ ਲੱਭਿਆ। ਉਨ੍ਹਾਂ ਦੀਆਂ ਨਵੀਆਂ ਖੋਜਾਂ ਦਾ ਉਦਯੋਗਾਂ ਅਤੇ ਲੋਕਾਂ ਵਲੋਂ ਭਰਪੂਰ ਸਵਾਗਤ ਕੀਤਾ ਗਿਆ।

ਡਾ ਬਾਵਾ ਕਰਤਾਰ ਸਿੰਘ ਨੂੰ 'ਸਟੀਰੀਓ ਕੈਮਿਸਟਰੀ' ਦਾ ਪਿਤਾ ਆਖਿਆ ਜਾਂਦਾ ਹੈ। ਉਨਾਂ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਹੋਣ ਦੇ ਬਾਵਜੂਦ ਕੋਈ ਡੇਰਾ ਬਣਾਉਣ ਦੀ ਥਾਂ ਮਿਹਨਤ ਅਤੇ ਖੋਜ ਵਿਚ ਜੀਵਨ ਗੁਜਾਰਿਆ ਅਤੇ 'ਔਪਟੀਕਲੀ ਐਕਟਿਵ' ਰਸਾਇਣਕ ਪਦਾਰਥਾਂ ਬਾਰੇ ਨਵੀਆਂ ਧਾਰਨਾਵਾਂ ਦਿੱਤੀਆਂ।




ਕਈ ਖੋਜਾਂ ਕਾਰਣ ਉਨ੍ਹਾਂ ਦੀ ਪ੍ਰਸਿੱਧੀ ਏਨੀ ਹੋਈ ਕਿ ਉਨ੍ਹਾਂ ਨੂੰ ਨੋਬੈਲ ਕਮੇਟੀ ਦੇ ਉਸ ਪੈਨਲ ਦਾ ਮੈਂਬਰ ਲਿਆ ਗਿਆ, ਜਿਸ ਨੇ ਕੈਮਿਸਟਰੀ ਵਿਚ ਨੋਬੈਲ ਪਰਾਈਜ ਦਿੱਤੇ ਜਾਣ ਲਈ ਨਾਵਾਂ ਦੀ ਸਿਫਾਰਸ਼ ਕਰਨੀ ਸੀ। ਪਰ ਕਮੇਟੀ ਉਨ੍ਹਾਂ ਦਾ ਆਪਣਾ ਨਾਮ ਭੁੱਲ ਗਈ। ਸਿੱਖੀ ਵਿੱਚ ਪਰਪੱਕ ਹੋਣ ਕਰਕੇ ਉਨ੍ਹਾਂ ਨੂੰ ਪਟਨਾ ਸਾਹਿਬ ਦੇ ਗੁਰਦੁਆਰਾ ਦਾ ਪ੍ਰਧਾਨ ਵੀ ਚੁਣਿਆ ਗਿਆ ਸੀ।

ਡਾ ਨਰਿੰਦਰ ਸਿੰਘ ਕਪਾਨੀ ਜਿਨ੍ਹਾਂ ਨੇ ਆਧੁਨਿਕ 'ਔਪਟੀਕਲ ਫਾਈਬਰ ਕੇਬਲਜ' ਦੀ ਖੋਜ ਕੀਤੀ ਸੀ, ਜਿਹੜੀ ਹਾਈ ਸਪੀਡ ਇੰਟਰਨੈੱਟ ਸੰਚਾਰ ਦੀ ਰੀੜ੍ਹ ਦੀ ਹੱਡੀ ਹੈ, ਦੇ ਨਾਮ 120 ਪੇਟੈਂਟ ਸਨ। ਉਨ੍ਹਾਂ ਨੇ ਫਾਈਬਰ ਨੂੰ ਅੰਦਰੋਂ ਪਾਲਿਸ਼ ਕਰਨ ਦੀ ਵਿਧੀ ਲੱਭੀ ਜਿਸ ਨਾਲ ਰੇਡੀਓ-ਤਰੰਗਾਂ ਦਾ ਅੰਦਰੂਨੀ ਪਰਾਵਰਤਨ ਦੌਰਾਨ ਨੁਕਸਾਨ ਬਚ ਗਿਆ। ਉਹ ਇੱਕ ਸਫਲ ਉੱਦਮੀ ਹੋਣ ਦੇ ਨਾਲ ਇਕ ਗੁਰਸਿਖ ਸਨ ਜਿਨਾਂ ਨੇ "ਦੀ ਸਿੱਖ ਫਾਊਂਡੇਸ਼ਨ" ਸੰਸਥਾ ਵੀ ਬਣਾਈ ਜੋ ਸਿੱਖ ਵਿਰਾਸਤ ਨੂੰ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਕੈਲੀਫੋਰਨੀਆ ਵਿਚ ਸਿੱਖ ਸਟੱਡੀਜ਼, ਔਪਟੋ-ਇਲੈਕਟ੍ਰੌਨਿਕਸ ਅਤੇ ਐਂਟਰਪਰੀਨਿਉਰਸ਼ਿਪ ਲਈ ਚੇਅਰਾਂ ਵੀ ਸਥਾਪਤ ਕਰਵਾਈਆਂ। ਲੇਖਕ ਅਨੁਸਾਰ ਉਹ ਨੋਬੈਲ ਇਨਾਮ ਦੇ ਹੱਕਦਾਰ ਸਨ।

ਡਾ ਹਰਕਿਸ਼ਨ ਸਿੰਘ ਨੇ ਚੰਡੀਗੜ੍ਹ ਵਿਚ ਮਾਣਮੱਤਾ ਅਦਾਰਾ 'ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਅਤੇ ਰੀਸਰਚ (ਨਿਪਰ) ਸਥਾਪਿਤ ਕਰਵਾਇਆ। ਇੱਕ ਦਵਾਈ ਦੀ ਖੋਜ ਕੀਤੀ ਜਿਹੜੀ ਸਟੀਰਿਓਡ ਦਾ ਬਦਲ ਸੀ। ਇਸ ਨੂੰ ਭਾਰਤ ਸਰਕਾਰ ਨੇ ਅਤੇ ਵਰਲਡ ਹੈਲਥ ਔਰਗੇਨਾਈਜੇਸ਼ਨ ਨੇ ਵੀ ਪ੍ਰਵਾਨਗੀ ਦਿੱਤੀ। 18 ਪੁਸਤਕਾਂ, 350 ਖੋਜ ਪੱਤਰ ਅਤੇ 14 ਪੇਟੈਂਟ ਵਾਲੇ ਇਸ ਖੋਜ ਵਿਗਿਆਨੀ ਨੂੰ 2017 ਵਿਚ ਭਾਰਤ ਸਰਕਾਰ ਨੇ 'ਪਦਮ ਸ਼੍ਰੀ' ਦਾ ਸਨਮਾਨ ਵੀ ਦਿੱਤਾ।

'ਪਦਮ ਭੂਸ਼ਨ' ਨਾਲ ਸਨਮਾਨਿਤ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਰਹਿ ਚੁੱਕੇ, ਡਾ ਖੇਮ ਸਿੰਘ ਗਿੱਲ ਨੂੰ 'ਹਰੀ ਕ੍ਰਾਂਤੀ ਦਾ ਪਿਤਾਮਾ' ਆਖਿਆ ਜਾਂਦਾ ਹੈ। ਉਨ੍ਹਾਂ ਨੇ ਕਣਕ, ਚੌਲਾਂ ਅਤੇ ਹੋਰ ਅਨਾਜਾਂ ਦੀਆਂ ਨਵੀਆਂ ਕਿਸਮਾਂ ਤਿਆਰ ਕੀਤੀਆਂ ਜਿਹੜੀਆਂ ਖਰਾਬ ਵਾਤਾਵਰਣ ਵਿਚ ਵੀ ਕਾਇਮ ਰਹਿ ਸਕਦੀਆਂ ਸਨ। ਇਸ ਤੋਂ ਏਸ਼ੀਆ ਵਿਚੋਂ ਅਨਾਜ ਦੀ ਕਮੀ ਦੂਰ ਹੋਈ ਅਤੇ ਪੈਦਾਵਾਰ ਵਿਚ ਕ੍ਰਾਂਤੀਕਾਰੀ ਵਾਧਾ ਹੋਇਆ। ਡਾ ਗਿੱਲ ਈਟਰਨਲ ਯੂਨੀਵਰਸਿਟੀ ਬੜੂ ਸਾਹਿਬ, ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਅਤੇ ਅਕਾਲ ਅਕੈਡਮੀਆਂ ਦੇ ਮੁੱਖ ਸਲਾਹਕਾਰ ਰਹੇ, ਜਿਥੇ ਪੜ੍ਹਾਈ ਦੇ ਨਾਲ ਸਿੱਖੀ ਅਧਿਆਤਮਕਤਾ ਅਤੇ ਜੀਵਨ ਦੀਆਂ ਕਦਰਾਂ ਕੀਮਤਾਂ ਸਿਖਾਈਆਂ ਜਾਂਦੀਆਂ ਹਨ।

ਡਾ ਕਰਤਾਰ ਸਿੰਘ ਲਾਲਵਾਨੀ ਨੇ ਕੁਦਰਤੀ ਦਵਾਈਆਂ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੀ ਕੰਪਨੀ (ਵੀਟਾਬਾਇਓਟਿਕਸ) ਦੇ ਬਣੇ ਵਿਟਾਮਿਨ-ਯੁਕਤ ਯੋਗਿਕ ਸੰਸਾਰ ਭਰ ਵਿਚ ਬਹੁਤ ਪ੍ਰਸਿੱਧ ਅਤੇ ਲਾਭਦਾਇਕ ਸਿੱਧ ਹੋਏ ਹਨ। ਉਨ੍ਹਾਂ ਨੂੰ ਆਪਣੀ ਖੋਜ ਕਾਰਨ ਮਿਲੇ ਬਹੁਤ ਸਾਰੇ ਸਨਮਾਨਾਂ ਵਿਚ ਇੰਗਲੈਂਡ ਦਾ ਉੱਚ ਸਨਮਾਨ "ਆਰਡਰ ਆਫ ਦੀ ਬ੍ਰਿਟਿਸ਼ ਐਂਪਾਇਰ" ਵੀ ਸੀ। ਉਨ੍ਹਾਂ ਔਰਤਾਂ ਅਤੇ ਬੱਚਿਆਂ ਦੀ ਸਿਹਤ ਸੰਭਾਲ ਲਈ ਫੰਡ ਦੇ ਕੇ 'ਬੇਬੀ ਲਾਈਫ਼ ਸੁਪੋਰਟ' ਨਾਂ ਦੀ ਸੰਸਥਾ ਬਣਾਈ।

ਡਾ ਦਵਿੰਦਰ ਸਿੰਘ ਚਾਹਲ ਨੇ ਜੈਵਿਕ ਰਹਿੰਦ-ਖੂੰਹਦ ਤੋਂ ਮਨੁੱਖੀ ਖੁਰਾਕ, ਪਸ਼ੂਆਂ ਦੀ ਫੀਡ ਅਤੇ ਸਾਫ ਬਾਲਣ ਬਣਾਉਣ ਦੇ ਤਰੀਕੇ ਲੱਭੇ ਜਿਨ੍ਹਾਂ ਨਾਲ ਪ੍ਰਦੂਸ਼ਣ ਵੀ ਘਟਦਾ ਹੈ। ਉਹ ਜਰਨਲ ਆਫ ਦੀ 'ਇੰਸਟੀਚਿਊਟ ਫ਼ਾਰ ਦੀ ਅੰਡਰਸਟੈਂਡਿੰਗ ਆਫ ਸਿਖਿਜ਼ਮ' ਦੇ ਸੰਪਾਦਕ ਹਨ। ਡਾ. ਚਾਹਲ ਨੇ ਸਿੱਖ ਵਿਚਾਰਧਾਰਾ ਬਾਰੇ ਕਈ ਪੁਸਤਕਾਂ ਅਤੇ ਖੋਜ ਪੇਪਰ ਲਿਖੇ। ਉਨ੍ਹਾਂ ਨੂੰ ਕਈ ਉੱਚ-ਪੱਧਰੀ ਸਨਮਾਨ ਮਿਲੇ।

'ਪਦਮ ਸ਼੍ਰੀ ਅਵਾਰਡ' ਨਾਲ ਸਨਮਾਨਿਤ ਡਾ ਗੁਰਦੇਵ ਸਿੰਘ ਖੁਸ਼ ਚਾਵਲ ਦੀ ਉਪਜ ਵਧਾਉਣ ਲਈ ਖੋਜ ਕਰਨ ਵਾਲੇ ਵਿਗਿਆਨੀ ਹਨ। ਉਨ੍ਹਾਂ ਨੇ ਇੰਟਰਨੈਸ਼ਨਲ ਰਾਈਸ ਰੀਸਰਚ ਇੰਸਟੀਚਿਊਟ ਫਿਲੀਪਾਈਨਜ ਵਿਚ ਕੰਮ ਕਰਦਿਆਂ ਹੋਇਆਂ ਚੌਲਾਂ ਦੀਆਂ ਵੱਧ ਝਾੜ ਦੇਣ ਵਾਲੀਆਂ 300 ਦੇ ਕਰੀਬ ਨਵੀਆਂ ਕਿਸਮਾਂ ਪੈਦਾ ਕੀਤੀਆਂ। ਉਨ੍ਹਾਂ ਨੂੰ ਕਈ ਭਾਰਤੀ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਤੋਂ ਸੈਂਕੜੇ ਸਨਮਾਨ ਪ੍ਰਾਪਤ ਹੋਏ ਜਿਨ੍ਹਾਂ ਵਿਚ ਨੋਬੈਲ ਪਰਾਈਜ ਦੇ ਬਰਾਬਰ ਦਾ 'ਵਰਲਡ ਫੂਡ ਪਰਾਈਜ' ਵੀ ਸ਼ਾਮਲ ਹੈ। ਉਹ ਪਹਿਲੇ ਸਿੱਖ 'ਫੈਲੋ ਆਫ ਰੌਇਲ ਸੋਸਾਇਟੀ' ਹਨ।

ਡਾ ਨਰੰਜਨ ਸਿੰਘ ਢੱਲਾ, ਦਿਲ ਨਾਲ ਸਬੰਧਿਤ ਬਿਮਾਰੀਆਂ ਦੇ ਵਿਸ਼ਵ-ਪ੍ਰਸਿੱਧ ਮਾਹਰ, ਨੇ ਨਵੀਆਂ ਖੋਜਾਂ ਕਰ ਕੇ ਕਈ ਮੱਲਾਂ ਮਾਰੀਆਂ ਹਨ। ਉਨ੍ਹਾਂ ਨੂੰ ਕੈਨੇਡਾ ਦਾ ਸਭ ਤੋਂ ਵੱਡਾ ਇਨਾਮ 'ਆਰਡਰ ਆਫ ਕੈਨੇਡਾ' ਅਤੇ 'ਕੈਨੇਡੀਅਨ ਮੈਡੀਕਲ ਖੋਜ' ਦਾ ਸਭ ਤੋਂ ਵੱਡਾ ਅਹੁਦਾ ਮਿਲਿਆ ਹੈ। ਇਸੇ ਤਰਾਂ ਆਪਣੇ ਨਾਮ ਤੇ 1400 ਦੇ ਕਰੀਬ ਪੇਟੈਂਟ ਕਰਵਾਉਣ ਵਾਲੇ ਡਾ. ਗੁਰਤੇਜ ਸਿੰਘ ਸੰਧੂ (ਅਮਰੀਕਨ ਖੋਜ ਵਿਗਿਆਨੀ ਥੌਮਸ ਐਡੀਸਨ ਦੇ ਰਿਕਾਰਡ 1100 ਤੋਂ ਵਧ) ਨੇ ਆਧੁਨਿਕ ਸਦੀ ਦੀ ਕੰਪਿਊਟਰ ਤਕਨਾਲੋਜੀ ਵਿਚ ਵੱਡਾ ਇਨਕਲਾਬ ਲਿਆਂਦਾ। ਲੇਖਕ ਨੂੰ ਇਸ ਵਿਗਿਆਨਕ ਦੇ ਅਧਿਆਪਕ ਰਹੇ ਹੋਣ ਦਾ ਮਾਣ ਹਾਸਲ ਹੈ।

ਇਨ੍ਹਾਂ ਤੋਂ ਇਲਾਵਾ ਪੁਸਤਕ ਵਿਚ ਇੱਸੇ ਪੱਧਰ ਦੀਆਂ ਖੋਜਾਂ ਕਰਨ ਵਾਲੇ ਹੋਰ ਵਿਗਿਆਨੀ ਹਨ; ਅੱਖਾਂ ਦੇ ਮਾਹਰ ਡਾ. ਸੋਹਨ ਸਿੰਘ, ਦਿਲ ਦੇ ਰੋਗਾਂ ਦੇ ਮਾਹਰ ਡਾ. ਹਰਵਿੰਦਰ ਸਿੰਘ, ਇੰਜੀਨੀਅਰ ਡਾ. ਰਘਬੀਰ ਸਿੰਘ ਖਾਂਡਪੁਰ, ਡਾ. ਸੰਤੋਖ ਸਿੰਘ ਬਦੇਸ਼ਾ ਅਤੇ ਪ੍ਰਸਿੱਧ ਇਜੀ. ਸ੍ਰ. ਜਸਬੀਰ ਸਿੰਘ ਸੇਠੀ। ਕਈ ਨਾਂ ਰਹਿ ਵੀ ਗਏ ਹਨ ਪਰ ਫਿਲਹਾਲ 15 ਵਿਗਿਆਨੀ ਹੀ ਸ਼ਾਮਲ ਕੀਤੇ ਗਏ ਹਨ। ਪੁਸਤਕ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਇਸ ਦਾ 'ਅਪੈਂਡਿਕਸ' ਵਾਲਾ ਭਾਗ। ਇਸ ਵਿਚ ਇਨ੍ਹਾਂ ਸਾਰੇ ਖੋਜੀਆਂ ਦੇ ਕੰਮਾਂ ਨੂੰ ਹੋਰ ਵਧੇਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਪੁਸਤਕ ਨੂੰ ਪੜ੍ਹਦਿਆਂ ਆਮ ਵਿਅਕਤੀ ਵੱਖੋ ਵੱਖ ਦੇਸ਼ਾਂ ਦੀਆਂ ਇੰਨੀਆਂ ਵੱਡੀਆਂ ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਅਤੇ ਸਰਕਾਰਾਂ ਦੇ ਉਨ੍ਹਾਂ ਵੱਡੇ ਇਨਾਮਾਂ ਬਾਰੇ ਜਾਣ ਕੇ ਹੈਰਾਨ ਹੁੰਦਾ ਹੈ ਅਤੇ ਮਾਣ ਮਹਿਸੂਸ ਕਰਦਾ ਹੈ ਜੋ ਸਿੱਖ ਕੌਮ ਦੇ ਇਨ੍ਹਾਂ ਹੀਰਿਆ ਨੂੰ ਮਿਲੇ ਹਨ। ਲੇਖਕ ਨੇ ਉਨ੍ਹਾਂ ਦੀ ਸਿੱਖੀ ਸੋਚ ਅਤੇ ਸਿੱਖੀ ਲਈ ਕੀਤੇ ਗਏ ਕੰਮਾਂ ਦਾ ਜ਼ਿਕਰ ਵੀ ਕੀਤਾ ਹੈ ਜਿਸ ਨੂੰ ਪੜ੍ਹ ਕੇ ਪਾਠਕ ਜਿਥੇ ਇਨ੍ਹਾਂ ਵਿਗਿਆਨਕ ਖੋਜੀਆਂ ਦੀ ਸੂਝ ਬੂਝ, ਸਿਆਣਪ ਅਤੇ ਮਿਹਨਤ ਦਾ ਸਤਿਕਾਰ ਕਰਦਾ ਹੈ, ਉੱਥੇ ਸਹਿਜੇ ਹੀ ਉਸ ਦਾ ਇਹ ਵਿਸ਼ਵਾਸ਼ ਵੀ ਪਕੇਰਾ ਹੁੰਦਾ ਹੈ ਕਿ ਅਕਾਲਪੁਰਖ ਪ੍ਰਤੀ ਰੱਖਿਆ ਨਿਸ਼ਚਾ ਆਪਣੀ ਕਲਾ ਜ਼ਰੂਰ ਵਰਤਾਉਂਦਾ ਹੈ ਜਿਸ ਨਾਲ ਵੱਡੀਆਂ ਪ੍ਰਾਪਤੀਆਂ ਹੁੰਦੀਆਂ ਹਨ। ਇਹ ਪੁਸਤਕ ਨੌਜਵਾਨ ਖੋਜੀਆਂ ਤੇ ਵਿਗਿਆਨਕਾਂ ਲਈ ਪ੍ਰੇਰਨਾ-ਸਰੋਤ ਹੈ। ਮੈਂ ਇਸ ਪੁਸਤਕ ਲਈ ਜਿੱਥੇ ਲੇਖਕ ਅਤੇ ਸਾਥੀਆਂ ਨੂੰ ਮੁਬਾਰਕ ਦਿੰਦਾ ਹਾਂ, ਉੱਥੇ ਹੀ ਬੇਨਤੀ ਕਰਦਾ ਹਾਂ ਕਿ ਇਸ ਨੂੰ ਹੋਰ ਭਾਸ਼ਾਵਾਂ, ਖਾਸ ਕਰਕੇ ਪੰਜਾਬੀ, ਵਿਚ ਵੀ ਛਾਪਣ ਦਾ ਉੱਦਮ ਕੀਤਾ ਜਾਵੇ ਤਾਂ ਕਿ ਸਿੱਖ ਵਸੋਂ ਦਾ ਹੋਰ ਹਿੱਸਾ ਵੀ ਕੌਮ ਦੇ ਇਨ੍ਹਾਂ ਸਪੂਤਾਂ ਤੇ ਮਾਣ ਕਰ ਸਕੇ।

* * * * * * *

# ਦੁਬਈ ਸਿਟੀ ਆਫ ਗੋਲਡ ਮਿਲਣਗੇ ਸੋਨੇ ਦੇ ਗਹਿਣੇ, ਸਿੱਕੇ ’ਤੇ ਅਸ਼ਰਫੀਆਂ












## ਟੋਰਾਂਟੋ ਤੋਂ ਦੁਬਈ ਟੂਰ

**ਡਾ. ਅਨਿਲ ਧੀਰ**
ਕਾਲਮਨਿਸਟ ਅਤੇ ਲੇਖਕ:
‘‘ਸੇਲਫ-ਕੇਅਰ ਟਿਪਸ ਐਨਸਾਈਕਲੋਪੀਡੀਆ’’
anil.dheer@yahoo.com



ਆਪਣੇ ਪਰਿਵਾਰ ਨਾਲ ਅੱਜ ਸਵੇਰੇ 11 ਵਜੇ ਦੁਬਈ ਸਿਟੀ ਆਫ ਗੋਲਡ ਯਾਨਿ ਦੁਬਈ ਗੋਲਡ ਸੌਕ, ਯੂਏਈ ’ਚ ਇੱਕ ਰਵਾਇਤੀ ਬਾਜ਼ਾਰ ਜਾਣ, ਦੇਖਣ ’ਤੇ ਘੁੱਮਣ ਦਾ ਮੌਕਾ ਮਿਲਿਆ। ਦੁਬਈ ਗੋਲਡ ਸੌਕ, ਉੱਤਰ ਵੱਲ ਡੇਰਾ ਬੱਸ ਸਟੈਂਡ ਦੇ ਨੇੜੇ ਹੈ। ਦੁਬਈ ਗੋਲਡ ਸੂਕ ਦੁਨੀਆ ਦੇ ਸੱਭ ਤੋਂ ਵੱਡੇ ਬਾਜ਼ਾਰਾਂ ਵਿੱਚੋ ਂਇੱਕ ਹੈ।

ਇਹ ਬਾਜ਼ਾਰ ਦੁਬਈ ਦੇ ਵਪਾਰਕ ਜ਼ਿਲੇ ਡੇਰਾ ’ਚ ਅਲ ਰਾਸ ਦੇ ਇਲਾਕੇ ’ਚ ਸਥਿਤ ਹੈ। ਇੱਥੇ ਗੋਲਡ ਦੇ ਛੋਟੇ-ਵੱਡੇ ਕਰੀਬਨ 380 ਤੋਂ ਵੱਧ ਰਿਟੇਲਰ ਹਨ। 2020 ਤੱਕ, ਕੁੱਝ ਦੁਕਾਨਾਂ ਚਾਰ ਦਹਾਕੇ ਪੁਰਾਣੀਆਂ ਸਨ। ਇਸ ਬਾਜ਼ਾਰ ’ਚ ਖਾਸ ਤੌਰ ’ਤੇ ਗੋਲਡ, ਪਲੈਟੀਨਮ ਓਤੇ ਡਾਇਮੰਡਜ਼ ਦੀ ਜਿਊਲਰੀ ਮਿਲਦੀ ਹੈ। ਗੋਲਡ ਸੂਕ ਨੂੰ 2-3 ਗੰਟੇ ‘ਚ ਘੁੰਮਿਆ ਜਾ ਸਕਦਾ ਹੈ। ਦੁਬਈ ਗੋਲਡ ਸੂਕ ਜਾਣ ਤੋਂ ਪਹਿਲਾਂ ਆਨਲਾਈਨ ਦਿਨ ‘ਤੇ ਬਾਜ਼ਾਰ ਖੁਲਣ ਦਾ ਟਾਈਮ ਜਰੂਰ ਚੈੱਕ ਕਰ ਲਵੋ।

ਦੁਬਈ ਗੋਲਡ ਸੌਕ ਦਾ ਇਤਿਹਾਸ 1900 ਦੇ ਦਹਾਕੇ ਦੀ ਸ਼ੁਰੂਆਤ ਦਾ ਹੈ, ਜਦੋਂ ਇਸ ਥਾਂ ’ਤੇ ਅਣਪਛਾਤੇ ਲੋਕਲ ਲੋਕਾਂ ਦਾ ਗਹਿਣਿਆਂ ਦੇ ਸਮੂਹ ਦੀਆਂ ਦੁਕਾਨਾਂ ਸਨ। 1940 ’ਚ ਭਾਰਤੀ, ਅਤੇ ਇਰਾਨੀ ਵਪਾਰੀਆਂ ਨੇ ਇਸ ਥਾਂ ’ਤੇ ਸਟਾਲ ਸਟਾਲ ਲਗਾਉਣੇ ਸ਼ੁਰੂ ਕਰ ਦਿੱਤੇ ਅਤੇ ਵਧੇਰੇ ਲੋਕਾਂ ਲਈ ਇੱਕ ਹੱਬ ਬਣਾਉਣਾ ਸ਼ੁਰੂ ਕਰ ਦਿੱਤਾ ਕਿਉਂ ਕਿ ਉਹ ਆਉਂਦੇ- ਜਾਂਦੇ ਸਨ। ਪਰ 1970 ਦੇ ਦਹਾਕੇ ਦੀ ਤੇਲ ਦੀ ਉਛਾਲ ਅਸਲ ਚਮਤਕਾਰ ਸੀ ਜਿਸਨੇ ਦੁਬਈ ਦੇ ਸੋਨਟ ਦੇ ਸੂਕ ਅੱਜ ਵਾਂਗ ਖਿੜਾ ਦਿੱਤਾ। ਬਾਜ਼ਾਰ ਨੂੰ ਸਾਲਾਂ ਦੌਰਾਣ ਕਈ ਬਾਰ ਵਿਸਥਾਰ ਅਤੇ ਮੁਰੰਮਤ ਕੀਤੀ ਗਈ, ਫਿਰ ਵੀ ਇਹ ਅਰਬੀ

ਸੂਕ ਦੇ ਪੁਰਾਣੇ ਅਤੇ ਸੁਹਾਵਣੇ ਮਾਹੌਲ ਨੂੰ ਬਰਕਰਾਰ ਰੱਖਿਆ ਗਿਆ। ਕਿਹਾ ਜਾਂਦਾ ਹ ੈਕਿ ਇਸ ਮਾਰਕੀਟ ਦੇ ਵਿਕਰੇਤਾਵਾਂ ’ਚ ਰੋਜ਼ਾਨਾਂ ਲਗਭਗ 10 ਟਨ ਸੋਨਾ ਵੰਡਿਆ ਜਾਂਦਾ ਹੈ, ਜਿਸਨੂੰ ਕੁੱਝ ਅਤਿਕਥਨੀ ਸਮਝਦੇ ਹਨ। ਪਰ ਵਿਸ਼ਵਵਿਆਪੀ ਖਰੀਦਦਾਰਾਂ ਦੇ ਸਵਾਗਤ ਨੂੰ ਵੇਖਦਿਆਂ ਇਹ ਸੱਚ ਹੋ ਸਕਦਾ ਹੈ।

ਦੁਬਈ ਗੋਲਡ ਸੂਕ ਹੁਣ ਦੁਨੀਆ ਦਾ ਸੱਭ ਤੋਂ ਵਿਅਸਤ ਅਤੇ ਸੱਭ ਤੋਂ ਮਸ਼ਹੂਰ ਗਹਿਣਿਆਂ ਦੇ ਬਾਜ਼ਾਰਾਂ ਵਿੱਚੋ ਇੱਕ ਬਣ ਗਿਆ ਹੈ। ਜੋ ਕਿ ਚਮਕਦਾਰ ਅਤੇ ਸਟਾਈਲਿਸ਼ ਚੀਜ਼ਾਂ, ਲਗਜ਼ਰੀ ਗਹਿਣਿਆਂ, ਮਹਿੰਗੇ ਅਤੇ ਉਸੇ ਸਮੇਂ ਵਿਕਰੀ ਲਈ ਕਿਫਾਇਤੀ ਚੀਜ਼ਾਂ ਦੇ ਰੂਪ ’ਚ ਵਿਲੱਖਣ ਹੈ। ਅੰਦਾਜ਼ਨ ਵਿਸ਼ਵ ਦਾ 20% ਸੋਨਾ ਇਸ ਮਾਰਕੀਟ ’ਚ ਵਪਾਰ ਕਰਦਾ ਹੈ।

ਵਿਸ਼ਵ ਭਰ ’ਚ ਸੋਨੇ ਦੀ ਕੀਮਤ ਨਿਸ਼ਚਿਤ ਹੈ ਅਤੇ ਇਸ ਤੋਂ ਘੱਟ ’ਚ ਵੇਚਿਆ ਵੀ ਨਹੀਂ ਜਾ ਸਕਦਾ। ਸਣਿਆ ਗਿਆ ਹੈ ਕਿ ਏਅਰਪੋਰਟ ਤੇ ਸੋਨਾ ਖਰੀਦਨਾ ਸਸਤਾ ਹੈ। ਹਾਲਾਂਕਿ ਡਿਊਟੀ ਫ੍ਰੀ ਗੋਲਡ ਸਸਤਾ ਨਹੀਂ ਹੈ। ਡਿਸਕਾਉਂਟ ਕੇਵਲ ਮੇਕਿੰਗ ਚਾਰਜ ਜਾਂ ਪ੍ਰੀਮੀਅਮ ਚਾਰਜ ਤੇ ਹੀ ਦਿੱਤਾ ਜਾਂਦਾ ਹੈ। ਗੋਲਡ ਸੋਕ ’ਚ ਬਾਰਗੇਨਿੰਗ, ਦੁਬਈ ’ਚ ਸੋਨੇ ਦੀ ਕੀਮਤ ‘ਵਜ਼ਨ’ ’ਤੇ ਤੈਅ ਕੀਤੀ ਜਾਂਦੀ ਹੈ। ਇੱਕ ਹਦ ਤੱਕ ਤੁਸੀਂ ਸਿਰਫ ਮੇਕਿੰਗ ਚਾਰਜ ਬਾਰੇ ਹੀ ਗੱਲ ਕਰ ਸਕਦੇ ਹੋ।

ਦੁਬਈ ਗੋਲਡ ਸੋਕ ਨੂੰ ਦੁਬਈ ਨਗਰਪਾਲਿਕਾ ਰੇਨੋਵੇਸ਼ਨ ਕਰਨ ਦੀ ਯੋਜਨਾ ਬਣਾ ਰਹੀ ਹੈ। ਕਿਉਂ ਕਿ ਦੁਬਈ ਨਗਰਪਾਲਿਕਾ ਦੁਬਈ ਗੋਲਡ ਸੋਕ ਨੂੰ ਸੈਰ-ਸਪਾਟਾ ਬਣਾਉਣ ਦਾ ਯਤਨ ਕਰ ਰਹੀ ਹੈ। ਦੁਬਈ ਗੋਲਡ ਸੂਕ 64 ਕਿਲੋ ਵਜਨ ਵਾਲੀ ਵਿਸ਼ਵ ਦੀ ਸੱਭ ਤੋਂ ਵੱਡੀ ਰਿੰਗ ਦਾ ਗਿਨੀਜ਼ ਵਰਲਡ ਰਿਕਾਰਡ ਹੈ। ਇਹ ਟੁਕੜਾ ਦੁਬਈ ਸਥਿਤ ਤਾਇਬਾ ਦੀ ਮਲਕੀਅਤ ਹੈ।

ਸਾਲ 2023 ’ਚ, ਯੂਏਈ ’ਚ ਸੋਨੇ ਦੀ ਕੀਮਤ ’ਚ ਗਿਰਾਵਟ ਆਈ। ਇੱਕ ਮਜਬੂਤ ਡਾਲਰ ਅਤੇ ਫੈਡਰਲ ਰਿਜ਼ਰਵ ਦੇ ਮੈਂਬਰਾਂ ਦੁਆਰਾ ਬੇਤੁਕੀ ਟਿਪਣੀਆਂ ਰਾਹੀਂ ਤੋਲਿਆ ਗਿਆ, ਸੋਨੇ ਦੀ ਸਪਾਟ ਕੀਮਤ 0.47% ਦੀ ਗਿਰਾਵਟ ਤੋਂ ਬਾਅਦ ਹੀ ਦੁਬਈ ਗੋਲਡ ’ਚ ਕਮੀ ਹੋ ਗਈ।

ਦੁਬਈ ’ਚ ਸੋਨਾ ਦੂਜੇ ਦੇਸ਼ਾਂ ਦੇ ਮੁਕਾਬਲੇ ਸਸਤਾ ਹੈ। ਗੋਲਡ ਸੋਕ ’ਚ ਸੋਨੇ ਦੇ ਗਹਿਣੇ ਅਤੇ ਗੋਲਡ ਨਾਲ ਬਣੀਆਂ ਵਸਤਾਂ ’ਤੇ ਕੇਵਲ 5% ਵੈਟ ਲਗਾਇਆ ਜਾਂਦਾ ਹੈ। ਦੁਨੀਆ ’ਚ ਸੋਨੇ ਲਈ ਸੱਭ ਤੋਂ ਘੱਟ ਵੈਟ ਦਰਾਂ ’ਚ ਇੱਕ ਹੈ।

ਗੋਲਡ ਦੀਆਂ ਬਣੀਆਂ ਵਸਤਾਂ ਦੀ ਕੁਆਲਿਟੀ ਨੂੰ ਯਕੀਨੀ ਬਣਾਉਣ ਵਾਸਤੇ ਦੁਬਈ ਸਰਕਾਰ ਦੇ ਇਹ ਸੱਭ ਕੰਟ੍ਰੋਲ ’ਚ ਹੈ। ਦੁਬਈ ਤੋਂ ਖਰੀਦਿਆ ਸੋਨੇ ਦੀ ਸ਼ੁੱਧਤਾ ਦੂਜੇ ਦੇਸ਼ਾਂ ਦੇ ਮੁਕਾਬਲੇ ਓੱਤਮ ਹੈ। ਬਾਵਜ਼ੂਦ ਇਸਦੇ ਗੋਲਡ ਦੇ ਗਹਿਣਿਆਂ ਦੀ ਕੀਮਤ ਅਤੇ ਕੈਲਕੁਲੇਸ਼ਨ ਬਾਰੇ ਖਰੀਦਦਾਰ ਨੂੰ ਵੀ ਧਿਆਣ ਰੱਖਣ ਦੀ ਲੋੜ ਹੈ।

ਸ਼ੋਕੀਨ ਅਮੀਰ ਲੋਕ ਵਿਆਹ-ਸ਼ਾਦੀਆਂ ਲਈ ਸਪੈਸ਼ਲ ਦੁਬਈ ਤੋਂ ਆਪਣੀ ਪਸੰਦ ਦੇ ਗੋਲਡ, ਡਾਇਮੰਡ, ਅਤੇ ਪਲੈਟੀਨਮ ਧਾਤੂ ਦੇ ਬਣੇ ਆਲੀਸ਼ਾਨ ਗਹਿਣੇ ਖਰੀਦਦੇ ਹਨ।

ਜੇ ਤੁਸੀਂ ਗੋਲਡ ਨਹੀਂ ਵੀ ਖਰੀਦਨਾ, ਤਾਂ ਕੋਈ ਗੱਲ ਨਹੀਂ। ਇਸ ਦੁਬਈ ਗੋਲਡ ਸੂਕ ਦੀ ਚਮਕ-ਦਮਕ ਅਤੇ ਸ਼ਾਨਦਾਰ ਖਜਾਨੇ ਨੂੰ ਦੇਖ ਕੇ ਹੀ ਮਨ ਖੁਸ਼ ਹੋ ਜਾਂਦਾ ਹੈ। ਇੱਥੇ ਬਿਤਾਇਆ ਸਮਾਂ ਤੁਹਾਡੀ ਜ਼ਿੰਦਗੀ ਦਾ ਕਦੇ ਨਾ ਭੁਲਣ ਵਾਲਾ ਸ਼ਾਨਦਾਰ ਪਲ ਬਣ ਜਾਵੇਗਾ। ਅਗਲੀ ਬਾਰ ਇੱਕ ਵੱਖਰਾ ਅਨੁਭਵ ਸਾਂਝਾ ਕਰਾਂਗੇ।

# ਆਓ ਜੰਗ ਨਹੀਂ ਬਲਕਿ ਅਮਨ ਲਈ ਜੂਝੀਏ


**ਮਲਿਕਾ ਮੰਡ**

860 ਅਰਬਨ ਅਸਟੇਟ, ਕਪੂਰਥਲਾ

ਮੋਬਾਇਲ 9464010906




ਪਹਿਲਗਾਮ ਵਿੱਚ ਕੁਝ ਅੱਤਵਾਦੀਆਂ ਵੱਲੋਂ ਲੋਕਾਂ ਦਾ ਕਤਲ ਕੀਤੇ ਜਾਣ ਤੋਂ ਬਾਅਦ ਬਦਲੇ ਦੀ ਕਾਰਵਾਈ ਵਜੋਂ ਪ੍ਰਚਾਰ ਕੇ ਹਿੰਦੁਸਤਾਨ ਦੀ ਫੌਜ ਨੇ ਪਾਕਿਸਤਾਨ ਵਿਚਲੇ ਆਤੰਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਮਿਜ਼ਾਈਲ ਹਮਲੇ ਕਰਕੇ ਆਪਣੇ ਵੱਲੋਂ ਜੰਗ ਦਾ ਐਲਾਨ ਕਰ ਦਿੱਤਾ ਹੈ। ਨਤੀਜਾਤਨ ਜਵਾਬੀ ਕਾਰਵਾਈ ਕਰਦਿਆਂ ਪਾਕਿਸਤਾਨ ਨੇ ਜੰਮੂ ਕਸ਼ਮੀਰ, ਪੰਜਾਬ ਅਤੇ ਰਾਜਸਥਾਨ ਦਾ ਬਾਰਡਰ ਖੋਲ ਕੇ ਡਰੋਨ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਹਿੰਦੁਸਤਾਨ ਦੇ ਅੰਦਰੋਂ ਹੋਈ ਇਸ ਦਹਿਸ਼ਤਗਰਦ ਕਾਰਵਾਈ ਜਿਸ ਦੇ ਦੋਸ਼ੀ ਵੀ ਅਜੇ ਤੱਕ ਫੜੇ ਨਹੀਂ ਜਾ ਸਕੇ ਦੇ ਪ੍ਰਤੀਕਰਮ ਵਜੋਂ ਗੁਆਂਢੀ ਮੁਲਕ ਤੇ ਹਮਲਾ ਕਰਨ ਵਰਗੇ ਤੱਤ ਭੜੱਤੇ ਫੈਸਲੇ ਅਤੇ ਦੋਹਾਂ ਮੁਲਕਾਂ ਦੀ ਸਿਆਸੀ ਸੂਝ ਤੋਂ ਸੱਖਣੀ ਲੀਡਰਸ਼ਿਪ ਦੁਆਰਾ ਇਸ ਮਸਲੇ ਦਾ ਕੋਈ ਸਹੀ ਹੱਲ ਕੱਢਣ ਦੀ ਬਜਾਏ ਜੰਗ ਵਿੱਚ ਜੁੱਪ ਪੈਣ ਨੇ ਦੋਹਾਂ ਮੁਲਕਾਂ ਦੀ ਅਵਾਮ ਨੂੰ ਇਕ ਤਬਾਹਕੁੰਨ ਪਰਮਾਣੂ ਜੰਗ ਦੇ ਮੁਹਾਨੇ ਤੇ ਲਿਆ ਖੜਾ ਕੀਤਾ ਹੈ।

ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਕੁਝ ਲੋਕਾਂ ਦਾ ਕਤਲ ਬੇਹੱਦ ਮੰਦਭਾਗਾ ਵਰਤਾਰਾ ਹੈ। ਪਰ ਬੇ-ਪਛਾਣ ਅੱਤਵਾਦੀਆਂ ਵੱਲੋਂ ਕੀਤੀ ਇਸ ਗੈਰ ਮਨੁੱਖੀ ਕਾਰਵਾਈ ਨੂੰ ਇੱਕ ਖਾਸ ਫਿਰਕੇ ਅਤੇ ਉਸ ਫਿਰਕੇ ਦੀ ਬਹੁ ਗਿਣਤੀ ਵਾਲੇ ਲੋਕਾਂ ਦੇ ਮੁਲਕ ਖਿਲਾਫ਼ ਵਰਤਣਾ ਬਹੁ ਗਿਣਤੀ ਹਿੰਦੂਆਂ ਦੀ ਵੋਟ ਗੋਲਬੰਦ ਕਰਕੇ ਰਾਜਨੀਤਿਕ ਲਾਭ ਲੈਣ ਵਾਲਾ ਵਰਤਾਰਾ ਬਹੁਤਾ ਪ੍ਰਤੀਤ ਹੁੰਦਾ ਹੈ। ਪਹਿਲਗਾਮ ਹਮਲੇ ਵਿੱਚ ਲੋਕਾਂ ਨੂੰ ਬਚਾਉਂਦਿਆਂ ਕਈ ਗਰੀਬ ਕਸ਼ਮੀਰੀ ਮੁਸਲਮਾਨ ਵੀ ਮਾਰੇ ਗਏ। ਕਤਲ ਹੋਏ ਲੋਕਾਂ ਦੇ ਘਰ ਵਾਲੇ ਬਥੇਰੀ ਦੁਹਾਈ ਪਾਉਂਦੇ ਰਹੇ ਕਿ ਮਾਰਨ ਵਾਲੇ ਅੱਤਵਾਦੀ ਸਨ। ਅੱਤਵਾਦੀਆਂ ਦਾ ਕੋਈ ਧਰਮ ਇਮਾਨ ਨਹੀਂ ਹੁੰਦਾ। ਉਹ ਤਾਂ ਇਨਸਾਨ ਵੀ ਕਹਾਉਣ ਦੇ ਕਾਬਿਲ ਨਹੀਂ ਹੁੰਦੇ। ਇਸ ਅੱਤਵਾਦੀ ਕਾਰਵਾਈ ਨੂੰ ਹਿੰਦੂ-ਮੁਸਲਿਮ ਮੁੱਦਾ ਨਾ ਬਣਾਇਆ ਜਾਵੇ। ਪਰ ਉਨਾਂ ਦੀ ਕਿਸੇ ਇੱਕ ਨਾ ਸੁਣੀ। ਉੱਤੋਂ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕਰਨ ਚ ਮਾਹਿਰ ਟੀ.ਵੀ ਚੈਨਲ ਦੇ ਰਿਪੋਰਟਰ ਜਿਨਾਂ ਨੂੰ ਪੱਤਰਕਾਰ ਘੱਟ ਅਤੇ ਸੀਰੀਅਲਾਂ ਦੇ ਐਕਟਰ ਕਹਿਣਾ ਬਹੁਤਾ ਦਰੁਸਤ ਹੋਵੇਗਾ ਉਹਨਾਂ ਨੇ ਅੱਤਵਾਦੀਆਂ ਦੀ ਇਸ ਕਾਰਵਾਈ ਨੂੰ ਫਿਰਕੂ ਮੁੱਦਾ ਬਣਾਉਣ ਚ ਕੋਈ ਕਸਰ ਨਾ ਰਹਿਣ ਦਿੱਤੀ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਹ ਬੰਦੇ ਕੌਣ ਸਨ, ਕਿਸਨੇ ਭੇਜੇ, ਉਹ ਕਾਰਵਾਈ ਕਰਕੇ ਕਿੱਥੇ ਗਾਇਬ ਹੋ ਗਏ, ਛਾਉਣੀ ਵਿੱਚ ਤਬਦੀਲ ਹੋ ਚੁੱਕੇ ਕਸ਼ਮੀਰ ਵਿੱਚੋਂ ਹੁਣ ਤੱਕ ਫੜੇ ਕਿਉਂ ਨਾ ਗਏ, ਹਿੰਦੁਸਤਾਨ ਦੀਆਂ ਖੁਫੀਆ ਏਜੰਸੀਆਂ, ਫੌਜ, ਇੰਟੈਲੀਜੈਂਸ ਦੀ ਅਸਫਲਤਾ ਬਾਰੇ ਸੋਚਣ ਦੀ ਬਜਾਏ 'ਡਿੱਗੀ ਖੋਤੀ ਤੋਂ ਅਤੇ ਗੁੱਸਾ ਘੁਮਿਆਰ ਤੇ' ਵਾਲੀ ਗੱਲ ਕਰਦਿਆਂ ਹਿੰਦੁਸਤਾਨ ਦੀ ਮੋਦੀ ਸਰਕਾਰ ਨੇ ਬਿਨਾਂ ਕੋਈ ਅੰਤਰਰਾਸ਼ਟਰੀ ਪੜਤਾਲ ਕਰਨ ਦੇ ਪਾਕਿਸਤਾਨ ਦੇ ਗਲ ਪੈਣ ਦੀ ਕੀਤੀ। ਇਹ ਵੀ ਗੌਰਤਲਬ ਹੈ ਕਿ ਪਾਕਿਸਤਾਨ ਨੇ ਜੋ ਕਿ ਆਪ ਅੱਤਵਾਦ ਨਾਲ ਜੂਝ ਰਿਹਾ ਹੈ ਪਹਿਲਗਾਮ ਹਮਲੇ ਵਿੱਚ ਕੋਈ ਵੀ ਹੱਥ ਹੋਣ ਤੋਂ ਸਾਫ ਇਨਕਾਰ ਕੀਤਾ ਸੀ।

ਹਿੰਦੁਸਤਾਨ ਦੇ ਕਈ ਹਿੱਸੇ ਦਹਾਕਿਆਂ ਤੋਂ ਸਿਆਸੀ ਉਥਲ- ਪੁੱਥਲ ਤੋਂ ਪੀੜਿਤ ਹਨ। ਉਲਫਾ ਵਾਲੇ ਅਸਾਮ ਵਿੱਚ ਨਿੱਤ ਹਿੰਸਕ ਕਾਰਵਾਈਆਂ ਕਰਦੇ ਨੇ। ਬਿਹਾਰ, ਉੜੀਸਾ, ਝਾਰਖੰਡ, ਛੱਤੀਸਗੜ੍ਹ ਵਿੱਚ ਵੀ ਮਾਓਵਾਦੀ ਸੈਂਕੜੇ ਬੰਦੇ ਇੱਥੋਂ ਤੱਕ ਕਿ ਸਰਕਾਰੀ ਅਫਸਰਾਂ ਨੂੰ ਵੀ ਕਤਲ ਕਰ ਚੁੱਕੇ ਹਨ। ਸੁਆਲ ਉੱਠਦਾ ਹੈ ਕਿ ਉਸ ਸਭ ਦਾ ਦੋਸ਼ੀ ਠਹਰਾ ਕੇ ਹਿੰਦੁਸਤਾਨ ਨੇ ਅੱਜ ਤੱਕ ਭਲਾ ਕਿੰਨੇ ਕੁ ਮੁਲਕਾਂ ਉੱਤੇ ਚੜਾਈ ਕੀਤੀ ਹੈ ?

ਅਸਲ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਕੁਝ ਕਲਾਕਾਰਾਂ, ਸਾਹਿਤਕਾਰਾਂ ਦੇ ਸਰਗਰਮ ਯਤਨਾਂ ਸਦਕਾ ਅਤੇ ਕਰਤਾਰਪੁਰ ਕੋਰੀਡੋਰ ਖੁੱਲਣ ਕਰਕੇ ਦੋਹਾਂ ਮੁਲਕਾਂ ਦੇ ਸੰਬੰਧ ਸੁਖਾਵੇਂ ਹੋਏ ਸਨ। ਪਰੰਤੂ ਅੱਤਵਾਦੀ ਤਨਜ਼ੀਮਾ ਜਿਨਾਂ ਦੀ ਹੋਂਦ ਹੀ ਦੋਹਾਂ ਮੁਲਕਾਂ ਦਰਮਿਆਨ ਨਫਰਤ ਉਪਜਾਉਣ ਉਪਰ ਟਿਕੀ ਹੈ ਉਹਨਾਂ ਨੂੰ ਅਮਨ ਰਾਸ ਨਹੀਂ ਆਉਂਦਾ। ਆਪਣੀ ਸਾਰਥਕਤਾ ਬਣਾਈ ਰੱਖਣ ਲਈ ਉਹ ਅਜਿਹੀਆਂ ਅਣਮਨੁੱਖੀ ਕਾਰਵਾਈਆਂ ਕਰਦੇ ਰਹਿੰਦੇ ਹਨ ਤਾਂ ਕਿ ਦੋਹਾਂ ਮੁਲਕਾਂ ਦੇ ਸੰਬੰਧ ਖਰਾਬ ਰਹਿਣ। ਪਰੰਤੂ ਅੱਤਵਾਦੀਆਂ ਦੀ ਇਸ ਕਾਰਵਾਈ ਤੋਂ ਬਾਅਦ ਪਾਕਿਸਤਾਨ ਦਿਆਂ ਸ਼ਹਿਰਾਂ ਉਤੇ ਹਿੰਦੁਸਤਾਨੀ ਫੌਜ ਦਾ ਹਮਲਾ ਬਿਲਕੁਲ ਅੱਤਵਾਦੀਆਂ ਦੇ ਹੱਥਾਂ ਵਿੱਚ ਖੇਡਣ ਵਰਗੀ ਗੱਲ ਬਣ ਗਈ ਹੈ। ਜਾਪਦਾ ਹੈ ਹੁਣ ਹਿੰਦੁਸਤਾਨ ਦੀ ਅੰਤਰਰਾਸ਼ਟਰੀ ਨੀਤੀ ਅੱਤਵਾਦੀ ਘੜਿਆ ਕਰਨਗੇ।

ਸਿਆਣੇ ਆਖਦੇ ਨੇ ਕਿ ਜੰਗ ਨੂੰ ਕਦੇ ਆਵਾਜ਼ ਨਹੀਂ ਮਾਰਨੀ ਚਾਹੀਦੀ ਪਰ ਘਰ ਚੱਲ ਕੇ ਆਏ ਹਮਲਾਵਰ ਨੂੰ ਖਾਲੀ ਹੱਥ ਵੀ ਨਹੀਂ ਮੋੜਨਾ ਚਾਹੀਦਾ। ਹਿੰਦੁਸਤਾਨ ਨੇ ਜਾਪਦਾ ਹੈ ਇਸ ਵਾਰ ਜੰਗ ਨੂੰ ਆਪ ਆਵਾਜ਼ ਮਾਰੀ ਹੈ ਜਿਸ ਦਾ ਨਤੀਜਾ ਕਿ ਬੇਹੱਦ ਮਾਰੂ ਸਾਬਿਤ ਹੋਵੇਗਾ।

ਅਸੀਂ ਇਹ ਕਿਵੇਂ ਭੁੱਲ ਸਕਦੇ ਹਾਂ ਕਿ ਜੰਗ ਕਿੰਨਾ ਨਹਿਸ਼ ਵਰਤਾਰਾ ਹੁੰਦੀ ਹੈ। ਜੰਗ ਵਿੱਚ ਜਿੱਤ ਲੜਨ ਵਾਲੀ ਕਿਸੇ ਵੀ ਧਿਰ ਦੀ ਨਹੀਂ ਹੁੰਦੀ ਬਲਕਿ ਹਰ ਧਿਰ ਹਾਰਦੀ ਹੀ ਹੈ। ਜੰਗ ਵਿੱਚ ਇਨਸਾਨੀਅਤ ਮਰਦੀ ਹੈ। ਇਹਦੇ ਵਿੱਚ ਸਾਡੀ ਵਿਰਾਸਤ, ਸਾਡਾ ਇਤਿਹਾਸ, ਉਹ ਸਭ ਜੋ ਸਾਨੂੰ ਪਿਆਰਾ ਹੈ ਸੜ ਕੇ ਸੁਆਹ ਹੋ ਜਾਂਦਾ ਹੈ। ਜੰਗ ਤਾਂ ਖੁਦ ਇੱਕ ਮਸਲਾ ਹੈ ਇਹ ਕਿਸੇ ਮਸਲੇ ਦਾ ਹੱਲ ਕਿਵੇਂ ਹੋ ਸਕਦੀ ਹੈ। ਹਿੰਦ-ਪਾਕ ਹੁਣ ਤੱਕ ਤਿੰਨ ਜੰਗਾਂ ਲੜ ਚੁੱਕੇ ਹਨ। ਜੇ ਜੰਗਾਂ ਨਾਲ ਹੀ ਮਸਲੇ ਹੱਲ ਹੋਣੇ ਹੁੰਦੇ ਤਾਂ ਹੁਣ ਤੱਕ ਹੋ ਚੁੱਕੇ ਹੁੰਦੇ ਗ਼ਾਜ਼ਾ, ਸੀਰੀਆ, ਯੂਕਰੇਨ ਅਜੇ ਤੱਕ ਧੂਅ -ਧੂਅ ਬਲ਼ ਰਹੇ ਹਨ। ਹਿੰਦੁਸਤਾਨ ਓਹਨਾਂ ਦੇ ਤਜਰਬੇ ਤੋਂ ਹੀ ਕੁਝ ਸਿੱਖ ਲੈਂਦਾ ਪਰ ਨਹੀਂ।

ਵੈਸੇ ਜੰਗਾਂ ਬਹੁਤ ਮਾਫਕ ਆਉਂਦੀਆਂ ਨੇ ਕਈ ਧਿਰਾਂ ਨੂੰ। ਕਾਲਾ ਬਾਜ਼ਾਰੀ, ਭੁੱਖਮਰੀ, ਗਰੀਬੀ ਵੱਧਦੀ, ਵਸਤਾਂ ਦੇ ਭਾਅ ਅਸਮਾਨੀ ਚੜਦੇ। ਵਪਾਰੀਆਂ ਲਈ ਜੰਗ ਦਾ ਅਰਥ ਹੈ ਮੁਨਾਫਾ। ਇਹ ਵੀ ਸਾਡੇ ਮੁਲਕ ਦੀ ਬਦਕਿਸਮਤੀ ਹੈ ਕਿ ਇਸ ਤੇ ਅੱਜ ਕਾਰਪੋਰੇਟ ਵਪਾਰੀਆਂ ਦਾ ਕਬਜ਼ਾ ਹੈ। ਹਥਿਆਰ ਵੇਚਣ ਵਾਲੇ ਵਪਾਰੀ ਮੁਲਕ ਬਾਘੀਆਂ ਪਾਉਂਦੇ ਕਿ ਹੁਣ ਸਾਡੇ ਤੋਂ ਹਥਿਆਰ ਖਰੀਦ ਕੇ ਲੜਨਗੇ ਮਰਨਗੇ ਇਹ।

ਜੰਗ ਬੇਹੱਦ ਫਾਇਦੇਮੰਦਾ ਸੌਦਾ ਹੁੰਦੀ ਹੈ ਰਾਜਨੀਤਿਕ ਲੀਡਰਾਂ ਲਈ ਜਿਨਾਂ ਨੇ ਇੱਕ ਤੀਰ ਨਾਲ ਕਈ ਸ਼ਿਕਾਰ ਕਰਨੇ ਹੁੰਦੇ ਨੇ। ਇੱਕ ਪਾਸੇ ਤਾਂ ਬੇਰੁਜ਼ਗਾਰੀ, ਮਹਿੰਗਾਈ, ਗਰੀਬੀ, ਸਿੱਖਿਆ ਸਿਹਤ ਪ੍ਰਬੰਧਾਂ ਦਾ ਨਿਘਾਰ, ਸਰਕਾਰੀ ਭਰਿਸ਼ਟਾਚਾਰ ਪ੍ਰਸ਼ਾਸਨਿਕ ਨਾਕਸੀ ਅਤੇ ਪ੍ਰਦੂਸ਼ਣ ਆਦਿ ਵਰਗੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਿਆ ਰਹਿੰਦਾ ਅਤੇ ਦੂਸਰਾ ਰਾਸ਼ਟਰਵਾਦ ਦੀ ਭਾਵਨਾ ਭੜਕਾ ਕੇ ਅਗਲੀਆਂ ਚੋਣਾਂ ਵਿੱਚ 'ਦੇਸ਼ ਦੇ ਰਕਸ਼ਕ' ਵਾਲੀ ਛਵੀ ਦਾ ਡੰਕਾ ਵਜਾ ਕੇ ਲੋਕਾਂ ਤੋਂ ਵੋਟਾਂ ਲੈਣ ਦਾ ਪ੍ਰਬੰਧ ਹੋ ਜਾਂਦਾ।ਇਹ ਵੀ ਉਨਾ ਹੀ ਸੱਚ ਹੈ ਕਿ ਸਰਕਾਰਾਂ ਲਈ ਲੋਕ ਹੱਡ ਮਾਸ ਦੇ ਇਨਸਾਨ ਨਹੀਂ ਕੇਵਲ ਅੰਕੜੇ ਹੁੰਦੇ ਨੇ, ਇੱਕ ਗਿਣਤੀ। ਸਾਡੀਆਂ ਜ਼ਿੰਦਗੀਆਂ ਇਹਨਾਂ ਲਈ ਕੋਈ ਮਾਇਨੇ ਨਹੀਂ ਰੱਖਦੀਆਂ। ਇਸੇ ਲਈ 'ਆਪਰੇਸ਼ਨ ਸਿੰਧੂਰ' ਕਰਨ ਲੱਗਿਆਂ ਸਰਕਾਰਾਂ ਨੇ ਇਹ ਭੋਰਾ ਨਾ ਸੋਚਿਆ ਕਿ ਇਹਦੇ ਨਾਲ ਹੋਰ ਕਿੰਨੇ ਘਰ ਬਰਬਾਦ ਹੋਣਗੇ, ਹੋਰ ਕਿੰਨੇ ਸਿੰਦੂਰ ਉੱਜੜਨਗੇ।

ਪਾਰਲੀਮੈਂਟ ਵਿੱਚ ਬਹਿ ਕੇ ਭੜਕਾਊ ਬਿਆਨਬਾਜ਼ੀ ਕਰਨ ਵਾਲਿਆਂ ਨੂੰ ਸਾਨੂੰ ਯਾਦ ਕਰਾਉਣਾ ਪਵੇਗਾ ਕਿ ਇਹ ਜੰਗ ਟੀ.ਵੀ ਚੈਨਲਾਂ ਤੇ ਨਹੀਂ ਲੜੀ ਜਾਵੇਗੀ ਬਲਕਿ ਇਹ ਲੜੀ ਜਾਵੇਗੀ ਸਾਡਿਆਂ ਖੇਤਾਂ ਵਿੱਚ, ਇਹਦੇ ਵਿੱਚ ਸੜ ਕੇ ਸਵਾਹ ਹੋਣਗੇ ਸਾਡੇ ਪਿੰਡ ਤੇ ਸ਼ਹਿਰ ਅਤੇ ਬਲਦੀ ਦੇ ਬੁੱਥੇ ਆਉਣਗੇ ਸਧਾਰਨ ਲੋਕ। ਇਸ ਜੰਗ ਦਾ ਸਭ ਤੋਂ ਵੱਧ ਸੇਕ ਝੱਲਣਾ ਪੈਣਾ ਪੰਜਾਬ ਅਤੇ ਜੰਮੂ ਕਸ਼ਮੀਰ ਵਰਗੇ ਸਰਹੱਦੀ ਸੂਬਿਆਂ ਨੂੰ।

ਲੋਕੋ ਇਹ ਸਮਾਂ ਹੈ ਕਿ ਦੇਸ਼ ਦੀ ਆਨ - ਬਾਨ - ਸ਼ਾਨ ਦੇ ਰਾਖੇ ਬਣਨ ਦਾ ਢਕਵੰਜ ਕਰਦੇ ਪਰ ਅੰਦਰੋਂ 'ਫੌਜੀ ਤਾਂ ਮਰਨ ਲਈ ਹੀ ਹੁੰਦੇ ਨੇ 'ਦੀ ਸੋਚ ਰੱਖਣ ਵਾਲੇ ਅਗਨੀਵੀਰ ਵਰਗੀਆਂ ਸਕੀਮਾਂ ਚਲਾਉਣ ਅਤੇ ਫੌਜੀਆਂ ਦੀ ਪੈਨਸ਼ਨ ਤੱਕ ਬੰਦ ਕਰਨ ਵਾਲੇ ਸਿਆਸੀ ਲੀਡਰਾਂ ਨੂੰ ਵਾਸਤਾ ਪਾਈਏ ਕਿ ਸਰਹੱਦ ਦੇ ਦੋਵੇਂ ਬੰਨੇ ਖਲੋਤੇ ਮਾਵਾਂ ਦੇ ਪੁੱਤਾਂ ਤੇ ਰਹਿਮ ਕਰਨ।

ਅੱਜ ਸਾਰੀਆਂ ਸੂਝਵਾਨ ਧਿਰਾਂ, ਜਨਤਕ ਜਥੇਬੰਦੀਆਂ ਅਤੇ ਸਿਆਣੇ ਲੋਕਾਂ ਦੀ ਇਹ ਇਤਿਹਾਸਿਕ ਜਿੰਮੇਵਾਰੀ ਬਣਦੀ ਹੈ ਕਿ ਇਸ ਬੇਲੋੜੀ ਜੰਗ ਦਾ ਵਿਰੋਧ ਕਰਨ ਜੋ ਕਿਸੇ ਵੀ ਤਰ੍ਹਾਂ ਰਾਸ਼ਟਰ ਹਿੱਤ ਵਿੱਚ ਨਹੀਂ ਹੈ। ਆਓ ਸਾਰੇ ਪੰਜਾਬੀ ਰਲ ਕੇ ਅਮਨ ਲਹਿਰ ਉਸਾਰੀਏ, ਆਪਣੀ ਧਰਤੀ ਨੂੰ ਜੰਗ ਦਾ ਅਖਾੜਾ ਬਣਨ ਤੋਂ ਰੋਕੀਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰੀਏ। ਜੇ ਅੱਜ ਵੇਲਾ ਖੁੰਝ ਗਏ ਤਾਂ ਸ਼ਾਇਦ ਸਾਡੇ ਕੋਲ ਕੱਲ ਕੁਝ ਵੀ ਨਾ ਬਚੇ ਜਿਸ ਉਪਰ ਅਸੀਂ ਮਾਣ ਕਰ ਸਕੀਏ।

## ਖੁਸ਼ੀ ਦੀ ਖੁਸ਼ੀ ਕਲਾਕਾਰ ਸ਼ਿੰਗਾਰਦੀ ਸ਼ੀਸ਼ੇ ਨੂੰ ਵਾਜਾਂ ਮਾਰਦੀ



ਨਾਂਅ ਵੀ ਖੁਸ਼ੀ ਤੇ ਰਹਿੰਦੀ ਵੀ ਖੁਸ਼ ਤੇ ਸੈਣੀ ਪਰਿਵਾਰ ਦੀ ਇਹ ਹੋਣਹਾਰ ਕੁੜੀ ਫ਼ਿਲਮ ਨਗਰੀ ਦੀ ਮੇਕ ਅੱਪ ਓਵਰ ਯਾਨੀ ਰੂਪ ਸੱਜਾ ਨਿਰਦੇਸ਼ਕ ਹੈ। ਖੁਸ਼ੀ ਸੈਣੀ ਬਹੁਤ ਸਾਰੀਆਂ ਵੈੱਬ ਸੀਰੀਜ਼ ਦੇ ਨਾਲ ਤੁਗਲਕ ਪ੍ਰੋਡਕਸ਼ਨ ਦੇ ਵੀਡੀਓਜ਼ ਲਈ ਕਲਾਕਾਰ ਸਜਾ ਦਿੰਦੀ ਹੈ। ਖੁਸ਼ੀ ਖੁਦ ਇੱਕ ਸ਼ਾਨਦਾਰ ਮਾਡਲ ਵੀ ਹੈ ਤੇ ਹਸਨ ਦੇ ਨਾਲ ਓਹ ਨਮਤਾ ਜ ਖਾਨ ਨਾਲ ਪਰਦੇ ਦਾ ਸ਼ਿੰਗਾਰ ਬਣਦੀ ਹੈ। ਵੀਡਿਓ "ਹੂਰ" ਵਿੱਚ ਜਚੀ ਖੁਸ਼ੀ ਨੇ ਇਸ ਵਾਰ ਆਪਣੇ ਵਿਆਹ ਦੀ ਸਾਲ ਗਿਰਾਹ ਤੇ ਸੋਲਾਂ ਸ਼ਿੰਗਾਰ ਕਰ ਲਾਵਾਂ ਬਾਅਦ ਸੋਹਰੇ ਘਰ ਆਈ ਨਵੇਲੀ ਦੁਲਹਨ ਦੀ ਦਿੱਖ ਦਿਖਾਈ। ਹੁਣ ਖੁਸ਼ੀ ਸੈਣੀ ਪੰਜਾਬੀ ਫ਼ਿਲਮਾਂ ਦੀ ਮੇਕ ਅੱਪ ਓਵਰ ਤੇ ਐਕਟ੍ਰੈਸ ਬਣਨ ਦਾ ਸੁਪਨਾ ਵੀ ਪੂਰਾ ਕਰੇਗੀ। ਖੁਸ਼ੀ ਦੀ ਖੁਸ਼ੀ , ਸਾਡੀ ਖੁਸ਼ੀ ਤੇ ਓਹਨਾਂ ਕਲਾਕਾਰਾਂ ਦੀ ਖੁਸ਼ੀ ਜਿਹੜੇ ਓਹ ਸਜਾ ਕਿ ਕੈਮਰੇ ਅੱਗੇ ਲਿਆਉਂਦੀ ਹੈ

## ਸ਼੍ਰੀ ਪ੍ਰਕਾਸ਼ ਜੀ ਦੇ ਸੱਤਰ ਮਿਊਜ਼ਿਕ ਚੈਨਲ ਘੁਮਾਣ ਤੇ ਬੰਨੀ ਸ਼ਰਮਾ




ਵਿੰਗਸ ਮਿਊਜ਼ਿਕ ਮੁੰਬਈ ਦਾ ਨਾਮ ਇੰਟਰਨੈੱਟ ਦੁਨੀਆਂ ਦੇ ਸੰਗੀਤ ਪਲੇਟਫਾਰਮ ਤੇ ਹਿੱਟ ਨਾਮ ਹੈ ਤੇ ਇਸ ਦੇ ਸੀਈਓ ਸ਼੍ਰੀ ਪ੍ਰਕਾਸ਼ ਜੀ ਯੂਟਿਊਬ ਤੇ ਮਿਊਜ਼ਿਕ ਦੇ ਸੱਤਰ ਚੈਨਲ ਉਪਰੇਟ ਕਰ ਰਿਕਾਰਡ ਬਣਾ ਰਹੇ ਨੇ। ਆਪਣੇ ਸੁਰ ਸੰਗਮ ਵਾਲੇ ਜਰਨੈਲ ਘੁਮਾਣ ਨੇ ਕਿਹਾ ਕਿ ਮਿਹਨਤਾਂ ਦੇ ਮੁੱਲ ਪਏ ਨੇ ਹਿੰਮਤ ਨਾ ਹਾਰ, ਫਿਰ ਸ਼੍ਰੀ ਪ੍ਰਕਾਸ਼ ਦੀ ਤਰਾਂ ਜੈ ਜੈ ਕਾਰ। ਬੰਨੀ ਸ਼ਰਮਾ ਨੇ ਖਾਸ ਤੌਰ ਤੇ ਸ਼੍ਰੀ ਪ੍ਰਕਾਸ਼ ਨਾਲ ਯੂਟਿਊਬ ਮਿਊਜ਼ਿਕ ਚੈਨਲ ਤੇ ਗੱਲਬਾਤ ਕਰ ਸੰਤੁਸ਼ਟੀ ਪ੍ਰਾਪਤ ਕੀਤੀ ਬੰਨੀ ਸ਼ਰਮਾ ਟੀਵੀ ਦੇ ਦਿੱਗਜ ਨਿਰਮਾਤਾ ਨਿਰਦੇਸ਼ਕ ਨਿੱਜੀ ਪ੍ਰੋਗਰਾਮ ਰਹੇ ਹਨ। ਓਹਨਾਂ ਕਿਹਾ ਕਿ ਸ਼੍ਰੀ ਪ੍ਰਕਾਸ਼ ਨਾਲ ਮਿਲ ਕਿ ਓਹ ਤੇ ਜਰਨੈਲ ਘੁਮਾਣ ਵੀ ਕੋਈ ਵਧੀਆ ਤੇ ਵੱਡਾ ਕੰਮ ਇੰਟਰਨੈੱਟ ਦੁਨੀਆਂ ਤੇ ਕਰਨਗੇ। ਜੈ ਹੋ ਬੰਨੀ ਸ਼ਰਮਾ, ਜਰਨੈਲ ਘੁਮਾਣ ਤੇ ਮਿਊਜ਼ਿਕ ਆਇਕਨ ਸ਼੍ਰੀ ਪ੍ਰਕਾਸ਼।

# • ਪੰਜਾਬੀ ਫ਼ਿਲਮ ਦਰਪਣ •

## ਗੁਰਪ੍ਰੀਤ ਘੁੱਗੀ ਖਿਆਲ ਦੂਜਿਆਂ ਦਾ ਨੇਕੀ ਦੀ ਮਿਸਾਲ



ਗੁਰਪ੍ਰੀਤ ਘੁੱਗੀ ਬਹੁਤ ਹੀ ਨੇਕ ਤੇ ਸਿਆਣਾ ਅਭਿਨੇਤਾ ਹੈ, ਦੂਜਿਆਂ ਦਾ ਭਲਾ ਹੀ ਇਸ ਐਕਟਰ ਦੀ ਨੀਤੀ ਹੈ। ਘੁੱਗੀ ਇਹ ਨਹੀਂ ਕਰਦਾ ਕਿ ਪੈਸੇ ਲਏ ਮੇਰਾ ਕੰਮ ਖਤਮ ਬਲ ਕਿ ਨਿਰਮਾਤਾ ਨਾਲ ਪ੍ਰਚਾਰ ਓਸ ਲਈ ਖੁਦ ਅੱਗੇ ਆ ਸੋਸ਼ਲ ਮੀਡੀਆ ਤੇ ਪ੍ਰਚਾਰ । ਘੁੱਗੀ ਨੇ ਗਿੱਪੀ ਗਰੇਵਾਲ ਨਾਲ ਹਰ ਫ਼ਿਲਮ ਤੇ ਇਹ ਕੀਤਾ ਹੈ। ਘੁੱਗੀ ਨੇ ਤਰਸੇਮ ਜੱਸੜ ਦੀ ਫ਼ਿਲਮ "ਗੁਰੂ ਨਾਨਕ ਜਹਾਜ਼" ਲਈ ਵੱਡਾ ਸਹਿਯੋਗ ਦਿੱਤਾ ਹੈ। ਐਕਟਰ ਓਹ ਹਰਫਨ ਮੌਲਾ ਹੈ, ਪਹਿਚਾਣ ਕਮੇਡੀ ਦੀ ਹੈ ਪਰ ਕਿਰਦਾਰ ਓਹ ਗੰਭੀਰ ਤੇ ਇਤਿਹਾਸਕ ਕਰ ਰਿਹਾ ਹੈ। ਪੰਜਾਬੀ ਫ਼ਿਲਮਾਂ ਦਾ ਇਹ ਅਭਿਨੇਤਾ ਫਿਲਮੀ ਦੁਨੀਆਂ ਨਾਲ ਸੰਬੰਧਿਤ ਪੱਤਰਕਾਰਾਂ ਤੱਕ ਦੀ ਤਨ ਮਨ ਧਨ ਨਾਲ ਸਹਾਇਤਾ ਲੋੜ ਪੈਣ ਤੇ ਕਰਦਾ ਹੈ। ਜ਼ਿੰਦਾਬਾਦ ਘੁੱਗੀ ਸ਼ਾਬਾਸ਼ ਗੁਰਪ੍ਰੀਤ ਸੱਤੇ ਖੈਰਾਂ ਹੋਵਣ ਆਫ਼ਰੀਨ।

## ਸਰਦਾਰ ਸੋਹੀ ਅਭਿਨੈ ਦਾ ਸਰਦਾਰ ਕਾਮਯਾਬੀ ਰੱਥ ਤੇ ਸਵਾਰ



ਸਰਦਾਰ ਸੋਹੀ ਨੇ ਟਿੱਬੇ ਦਾ ਨਾਮ ਬਣਾ ਦਿੱਤਾ ਹੈ ਓਮ ਪੁਰੀ ਸਵਰਗੀ ਜਿਹੇ ਐਕਟਰ ਓਸ ਦੇ ਮੁਰੀਦ ਰਹੇ ਤੇ ਸੁਖਮਿੰਦਰ ਧੰਜਲ ਜਿਹੇ ਨਿਰਦੇਸ਼ਕ ਸੋਹੀ ਅੰਦਰਲੇ ਕਲਾਕਾਰ ਨੂੰ ਸੰਤੁਸ਼ਟ ਕਰਦੇ ਰਹੇ। ਸੋਹੀ ਨੇ ਬਹੁਤ ਸੰਘਰਸ਼ ਕੀਤਾ ਹੈ, ਓਸ ਨੂੰ ਕਦੇ ਫ਼ਿਲਮਜ਼ ਵਾਲੇ ਹਲਕੇ ਵਿੱਚ ਲੈਂਦੇ ਸਨ ਤੇ ਅੱਜ ਓਹ ਪੰਜਾਬੀ ਫ਼ਿਲਮਾਂ ਦਾ ਸਰਦਾਰ ਹੈ। ਪਿਓ, ਚਾਚਾ , ਭਰਾ ਤੇ ਕਈ ਤਰਾਂ ਦੇ ਕਿਰਦਾਰ ਸੋਹੀ ਨੇ ਕੀਤੇ ਹਨ। ਸਰਦਾਰ ਸੋਹੀ ਦੀ ਫ਼ਿਲਮ "ਬਾਗੀ" ਰਾਸ਼ਟਰਪਤੀ ਐਵਾਰਡ ਪ੍ਰਾਪਤ ਫ਼ਿਲਮ ਹੈ। ਮੈਂਡੀ ਤੱਖਰ ਜਿਹੀਆਂ ਨਾਇਕਾਵਾਂ ਵੀ ਸਰਦਾਰ ਸੋਹੀ ਨੂੰ ਅਭਿਨੈ ਦਾ ਸਰਦਾਰ ਆਖਦੀਆਂ ਨੇ ਤੇ ਸੁਭਾਅ ਓਸ ਦਾ ਬਹੁਤ ਮਿਲਣਸਾਰ ਹੈ। ਸਰਦਾਰ ਸੋਹੀ ਪੰਜਾਬੀ ਵੈੱਬ ਸੀਰੀਜ਼ "ਜਰਨੈਲ ਦਾ ਵਾਰੀਅਰ" ਵਿੱਚ ਆ ਕਿ ਕਰਨ ਲੋਰੀ ਦਾ ਨਾਂਅ ਬਣਾਉਣ ਵਿੱਚ ਵੀ ਸਹਾਈ ਹੋਇਆ ਹੈ। ਟਿੱਬੇ ਦੇ ਸਰਦਾਰ, ਐਕਟਿੰਗ ਦੇ ਸ਼ਾਹ ਅਸਵਾਰ ਸਰਦਾਰ ਸੋਹੀ ਦੀ ਲੰਬੀ ਉਮਰ ਹੋਏ ਆਮੀਨ!

## ਰਮਨੀਤੂ ਚੌਧਰੀ ਰੋਜ਼ ਨਵੇਂ ਗਲੈਮਰ ਰੂਪ



ਮੰਨ ਗਏ ਰਮਨੀਤੂ ਚੌਧਰੀ ਨੂੰ ਕਿ ਰੱਬ ਨੇ ਹੁਸਨ ਦਿੱਤਾ ਤਾਂ ਲਾਭ ਲਿਆ ਜਾਏ ਤੇ ਓਹ ਰੋਜ਼ਾਨਾ ਨਵੇਂ ਗਲੈਮਰ ਅਵਤਾਰ ਆਪਣੇ ਸੋਸ਼ਲ ਮੀਡੀਆ ਤੇ ਅੱਪਲੋਡ ਕਰ ਰਹੀ ਹੈ। ਰਮੂ ਖੂਬਸੂਰਤ ਅੱਤ ਦੀ ਹੈ ਤੇ ਓਸ ਦੀ ਜਿਸਮਾਨੀ ਭਾਸ਼ਾ ਗ਼ਜ਼ਬ ਦੀ ਹੈ, ਇਸ ਦਾ ਲਾਭ ਓਸ ਨੂੰ ਐਡ ਫ਼ਿਲਮਾਂ ਦਾ ਬਜ਼ਾਰ ਮਿਲ ਰਿਹਾ ਹੈ। ਲੁਧਿਆਣੇ ਦੀ ਇਸ ਕੁੜੀ ਨੇ ਅਲਤ ਬਾਲਾ ਜੀ ਦੇ ਸੀਰੀਅਲ ਨੂੰ ਕਰ ਕਿ ਦੁਨੀਆਂ ਆਪਣੇ ਵੱਲ ਖਿੱਚ ਲਈ ਹੈ। ਵੈਸੇ ਚੁੰਮਣ ਦ੍ਰਿਸ਼ ਦੇਣ ਤੋਂ ਘਾਬਰ ਚੁੱਕੀ ਰਮੂ ਨੇ ਇਹ ਦੱਸ ਦਿੱਤਾ ਹੈ ਕਿ ਵੇਖੀ ਜਾ ਪਰ ਛੇੜੀ ਨਾ ਤੇ ਓਸ ਦੀ ਮਾਂ ਦਲਜੀਤ ਕੌਰ ਬਹੁਤ ਖੁਸ਼ ਹੈ ਕਿ ਓਹ ਚਾਹ ਕਿ ਵੀ ਆਪਣੇ ਬਲੌਰੀ ਸਰੀਰਕ ਦਿੱਖ ਨੂੰ ਫ਼ਿਲਮਾਂ ਤੱਕ ਨਹੀਂ ਸੀ ਲਿਜਾ ਚੁੱਕੀ ਪਰ ਬੇਟੀ ਰਮੂ ਨੂੰ ਦੇਖ ਓਹ ਖੁਸ਼ ਹੈ ਜਿਹੜੀ ਸਾਊਥ ਦੀ ਸਟਾਰ ਹੈ।

## ਲਾਡੀ ਢਿੱਲੋਂ ਬਣ ਰਿਹੈ ਚੋਟੀ ਦਾ ਨਿਰਦੇਸ਼ਕ "ਜ਼ੁਲਮ ਦੀ ਦਾਸਤਾਨ"

"ਜ਼ੁਲਮ ਦੀ ਦਾਸਤਾਨ" ਯੂਟਿਊਬ ਤੇ ਖੂਬ ਵਾਇਰਲ ਹੈ ਤੇ ਕਾਰਨ ਇਹ "ਮਨੁੱਖਤਾ ਦੀ ਸੇਵਾ" ਹਸਨਪੁਰ ਲੁਧਿਆਣਾ ਵੱਲੋਂ ਜਿਸ



ਤਰਾਂ ਮਾਨਸਿਕ ਲੋਕਾਂ, ਬਿਮਾਰ ਦਿਮਾਗੀ ਤੇ ਹੋਰ ਸਮਾਜ ਵੱਲੋਂ ਸੰਗਲਾਂ ਨਾਲ ਬੱਝੇ ਲੋਕਾਂ ਨੂੰ ਇਲਾਜ ਇਸ ਤੇ ਰਾਮਜੀਤ ਗੌਰਾਇਆ ਨੇ ਲਾਡੀ ਢਿੱਲੋਂ ਕੋਲੋਂ ਫ਼ਿਲਮ ਡਾਇਰੈਕਟ ਕਰਵਾਈ ਹੈ। "ਜ਼ੁਲਮ ਦੀ ਦਾਸਤਾਨ" ਦੀ ਕਾਮਯਾਬੀ ਨੇ ਲਾਡੀ ਨੂੰ ਹੋਰ ਮਜ਼ਬੂਤ ਨਿਰਦੇਸ਼ਕ ਕਰ ਦਿੱਤਾ ਹੈ। ਲਾਡੀ ਢਿੱਲੋਂ ਨੂੰ ਮੁਬਾਰਕਾਂ ਓਸ ਨੂੰ ਇੱਕ ਵੱਡੀ ਫ਼ਿਲਮ ਡਾਇਰੈਕਟ ਕਰਨ ਲਈ ਮਿਲੀ ਹੈ। ਲਾਡੀ ਢਿੱਲੋਂ ਨੇ ਇਸ ਦੀ ਨਾਇਕਾ ਪ੍ਰੀਤ ਔਲਖ ਨੂੰ ਲਿਆ ਹੈ। ਪ੍ਰੀਤਿ ਔਲਖ ਨੇ ਕਿਹਾ ਕਿ ਕਸ਼ਿਸ਼ ਓਸ ਦੇ ਅੰਦਰ ਐਕਟ੍ਰੈਸ ਬਣਨ ਦੀ ਲਾਡੀ ਢਿੱਲੋਂ ਦੀ ਫ਼ਿਲਮ ਕਰੇਗੀ । ਲਾਡੀ ਢਿੱਲੋਂ ਇਸ ਤੋਂ ਪਹਿਲਾਂ "ਸ਼ਿੰਦਾ ਤੇ ਰਾਣੋ" ਫ਼ਿਲਮ ਕਰ ਚੁੱਕੇ ਹਨ ਤੇ "ਜੱਟ ਤੇ ਜੇਕਨ" ਵੀ ਓਹ ਡਾਇਰੈਕਟ ਕਰ ਰਹੇ ਹਨ । ਪ੍ਰੀਤ ਔਲਖ ਨੂੰ ਮੁਬਾਰਕ ਕਿ ਯੁਵਾ ਲੇਖਕ ਤੇ ਨਿਰਦੇਸ਼ਕ ਲਾਡੀ ਢਿੱਲੋਂ ਨਾਲ ਓਹ ਪਾਲੀਵੁੱਡ ਆ ਰਹੀ ਹੈ।

-ਅੰਮ੍ਰਿਤ ਪਵਾਰ

## ਕੰਸਾਸ ਵਿਚ ਵਾਪਰੇ ਭਿਆਨਕ ਸੜਕ ਹਾਦਸੇ ਵਿਚ 2 ਵਿਦਿਆਰਥੀਆਂ ਸਮੇਤ 8 ਮੌਤਾਂ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੰਸਾਸ ਰਾਜ ਵਿਚ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਟੁਲਸਾ, ਓਕਲਾਹੋਮਾ ਦੇ ਪਬਲਿਕ ਸਕੂਲਾਂ ਦੇ ਦੋ ਵਿਦਿਆਰਥੀ, ਇਕ ਸਟਾਫ ਮੈਂਬਰ ਤੇ ਇਕ ਸਾਬਕਾ ਕੋਚ ਸਮੇਤ 8 ਲੋਕਾਂ ਦੀ ਮੌਤ ਹੋ ਜਾਣ ਦੀ ਖਬਰ ਹੈ। ਕੰਸਾਸ ਹਾਈਵੇਅ ਪੈਟਰੋਲ ਕਰੈਸ਼ ਲਾਗ ਅਨੁਸਾਰ ਹਾਦਸਾ ਸ਼ਾਮ 5.43 ਵਜੇ ਦੇ ਆਸ ਪਾਸ ਇਕ ਟਰੱਕ ਤੇ ਕਾਰ ਵਿਚਾਲੇ ਹੋਇਆ। ਟੁਲਸਾ ਪਬਲਿਕ ਸਕੂਲ ਦੇ ਇਕ ਬੁਲਾਰੇ ਅਨੁਸਾਰ ਟਰੱਕ ਨੂੰ ਸਟਾਫ ਮੈਂਬਰ 33 ਸਾਲਾ ਜੈਮੋਨ ਗਿਲਸਟਰੈਪ ਚਲਾ ਰਿਹਾ ਸੀ। ਹਾਦਸੇ ਵਿਚ ਗਿਲਸਟਰੈਪ ਸਮੇਤ ਵਿਦਿਆਰਥੀ ਡੋਨਾਲਡ ਡੀ ਜੇ ਲਾਸਟਰ, ਸਾਬਕਾ ਕੋਚ ਤੇ ਅਧਿਆਪਕ ਵੇਨੇ ਵਾਲਜ ਮਾਰੇ ਗਏ। ਮਾਰੇ ਗਏ ਨੌਵੀਂ ਕਲਾਸ ਦੇ ਵਿਦਿਆਰਥੀ ਦੀ ਪਛਾਣ ਕਿਰੋਨ ਗਿਲਸਟਰੈਪ ਵਜੋਂ ਹੋਈ ਹੈ। ਪੁਲਿਸ ਅਨੁਸਾਰ ਕਾਰ ਵਿਚ ਸਵਾਰ ਮਾਰੇ ਗਏ 4 ਵਿਅਕਤੀਆਂ ਦੀ ਪਛਾਣ ਅਲੈਗਜੈਂਡਰ ਆਰ ਅਰਨਸਟ (37), ਜੌਹਨ ਡੀ ਐਲੀਆਟ (76), ਮੈਡਾਲਿਨ ਆਨ ਐਲੀਆਟ (33) ਤੇ ਨੋਰਲੀਨ ਐਲ ਐਲੀਆਟ (69) ਵਜੋਂ ਹੋਈ ਹੈ।

